

ਸਚਖੰਡ ਵਾਸੀ ਸ. ਰਘਬੀਰ ਸਿੰਘ ਜੀ ਬੀਰ (7 ਅਕਤੂਬਰ 1896 - 14 ਅਪ੍ਰੈਲ 1974) ਜਿਥੇ ਆਪਣੇ ਜੀਵਨ ਕਾਲ ਵਿੱਚ ਦੇਸ਼ ਵਿਦੇਸ਼ ਦੂਰ ਦੂਰ ਤਕ ਪੁਜ ਕੇ ਆਤਮ-ਖੋਜੀਆਂ ਨੂੰ ਆਤਮਾ-ਪਰਮਾਤਮਾ ਬਾਰੇ ਗੰਭੀਰ ਤੇ ਗੂੜ੍ਹ ਵਾਕਫੀ ਦਿਆ ਕਰਦੇ ਸਨ, ਉਥੇ ਉਹਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਉਹਨਾਂ ਲੋਕਾਂ ਨੂੰ ਵੀ ਗੁਰਮਤ ਗਾਡੀ ਰਾਹ ਤੇ ਪਾਇਆ, ਜਿਹੜੇ ਕਿ ਉਹਨਾਂ ਦੇ ਦਰਸਨ ਨਹੀਂ ਕਰ ਸਕੇ। ਉਹਨਾਂ ਦੀ ਛੁਹ ਅੰਦਰ ਜੋ ਵੀ ਆਇਆ, ਉਹ ਨਿਹਾਲ ਹੋ ਕੇ ਗਿਆ। ਸੈਂਕੜੇ ਹੀ ਨਹੀਂ, ਹਜ਼ਾਰਾਂ ਵਿਅਕਤੀਆਂ ਨੂੰ ਬੀਰ ਜੀ ਨੇ ਨਾਮ-ਰਸੀਆ ਬਣਾ ਕੇ ਉਹਨਾਂ ਨੂੰ ਇਕ ਨਵਾਂ ਜੀਵਨ ਦਿੱਤਾ।

ਇਸ ਪੁਸਤਕ ਵਿੱਚ ਲਿਖੀ ਹਰ ਕਹਾਣੀ ਵਿੱਚ ਕੋਈ ਨਾ ਕੋਈ ਰਮਜ਼ ਹੈ ਜੋ ਗੁਰਮਤ ਗਿਆਨ ਨੂੰ ਸਰਲ ਅਤੇ ਰੋਚਕ ਢੰਗ ਨਾਲ ਪਰਗਾਟਾਉਂਦੀ ਹੈ। ਮਨ ਵਿੱਚ ਅਦੁਤੀ ਚਾਅ ਉਠਦਾ ਹੈ ਅਤੇ ਇਕ ਕਹਾਣੀ ਤੋਂ ਬਾਅਦ ਦੂਜੀ ਅਤੇ ਦੂਜੀ ਤੋਂ ਬਾਦ ਤੀਜੀ -- ਸਾਰੀ ਦੀ ਸਾਰੀ ਪੁਸਤਕ ਲਗਾਤਾਰ, ਇਕੋ ਹੀ ਵਾਰੀ, ਪੜ੍ਹਣ ਨੂੰ ਜੀ ਕਰਦਾ ਹੈ।

ਸੰਪਾਦਕ - ਆਤਮ ਪ੍ਰਮਾਤਮ

---

ਪਰਮ -ਆਤਮਾ ਤੇ ਮੇਰਾ ਕੀ ਸਬੰਧ ਹੈ? ਉਹ ਕੀ ਹੈ ਤੇ ਮੈਂ ਕੀ ਹਾਂ?

ਤੁਹਾਡੀ ਅਸਲੀਅਤ ਇਕ ਸਾਗਰ ਹੈ ਅਤੇ ਤੁਸੀਂ ਉਸ ਸਾਗਰ ਦੀ ਇਕ ਲਹਿਰ ਜਾਂ ਬੁਲਬੁਲਹ ਹੋ। ਜਿਵੇਂ ਬੁਲਬੁਲੇ ਨੂੰ ਜਾਂ ਲਹਿਰ ਨੂੰ ਕੋਈ ਸਾਗਰ ਨਾਲੋਂ ਵਖਰਾ ਨਹੀਂ ਕਰ ਸਕਦਾ, ਉਸੇ ਤਰ੍ਹਾਂ ਤੁਹਾਨੂੰ ਅਸਲੀਅਤ ਪਰਮ-ਆਤਮਾ ਨਾਲੋਂ ਕੋਈ ਜੁਦਾ ਨਹੀਂ ਕਰ ਸਕਦਾ।

ਹਰਿ ਹਰਿ ਜਨ ਦੋਊ ਏਕ ਹੈ ਬਿਬ ਬਿਚਾਰ ਕਿਛ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖਹਿ ਸਮਾਹਿ॥

(ਪੰਨਾ 133)

**ਆਤਮ ਸਾਇੰਸ ਟ੍ਰਸਟ**
**A/1 ਕਾਲਿੰਦੀ ਕਾਲੋਨੀ, ਨਵੀਂ ਦਿੱਲੀ-65**

ਰਮਜ਼ੀ ਕਹਾਣੀਆਂ ਰਘਬੀਰ ਸਿੰਘ ਬੀਰ

# ਰਮਜ਼ੀ ਕਹਾਣੀਆਂ

## ਰਘਬੀਰ ਸਿੰਘ ਬੀਰ



## ਆਤਮ ਸਾਇੰਸ ਟ੍ਰਸਟ

A/1 ਕਾਲਿੰਦੀ ਕਾਲੋਨੀ, ਨਵੀਂ ਦਿੱਲੀ-110065

ਸ: ਰਘਬੀਰ ਸਿੰਘ ਜੀ 'ਬੀਰ' ਦੀਆਂ ਮਨ ਨੂੰ ਸ਼ਾਂਤੀ ਤੇ ਆਤਮਾ ਦਾ ਗਿਆਨ ਦੇਣ ਵਾਲੀਆਂ ਮਹਾਨ ਰਚਨਾਵਾਂ ਨੇ ਅਨੇਕਾਂ ਜੀਵਨ ਬਦਲ ਦਿਤੇ ਹਨ। ਆਪ ਜੀ ਵੀ ਮੰਗਵਾ ਕੇ ਲਾਭ ਪ੍ਰਾਪਤ ਕਰੋ।

1. ਅਰਦਾਸ ਸ਼ਕਤੀ
2. ਬੰਦਗੀ ਨਾਮਾ
3. ਬੀਰ ਦੇ ਤੀਰ
4. ਚੜ੍ਹਦੀ ਕਲਾ
5. ਗੁਰਮਤ ਚਾਨਣ
6. ਖਾਲਸਈ ਸ਼ਾਨ
7. ਰਮਜ਼ੀ ਕਹਾਣੀਆਂ
8. ਰਮਜ਼ਾਂ
9. ਸਰਬ ਰੋਗ ਕਾ ਔਖਧ ਨਾ
10. ਸਾਡੇ ਵਿਚਾਰ
11. ਸਾਡੀ ਵਰਤਮਾਨ ਦਸ਼ਾ
12. ਸਫਲ ਜੀਵਨ
13. ਸਿਮਰਨ ਮਹਿਮਾ
14. ਅਨੁਭਵ ਪ੍ਰਕਾਸ਼
15. ਗੁਰਮੁਖ ਜੀਵਨ-ਸ੍ਰ. ਲਹਿਣਾ ਸਿੰਘ
16. ਸਦੀਵੀ ਖੇੜੇ ਸੁਰਜੀਤ ਜੇ ਸਿੰਘ
17. ਵਿਸਮਾਦੀ ਦਸ਼ਾ-ਪ੍ਰੋ: ਬਲਵੰਤ ਸਿੰਘ
18. ਸ਼ੁਕਰਾਨੇ ਸੁਰਜੀਤ ਜੇ ਸਿੰਘ
19. ਸਫਲ ਭਈ ਜਾਤ੍ਰਾ (ਜੀਵਨੀ ਸ੍ਰ: ਰਘਬੀਰ ਸਿੰਘ 'ਬੀਰ'
20. Bandgi Nama-English

### ਪੁਸਤਕਾਂ ਮੰਗਾਉਣ ਦੇ ਹੋਰ ਪਤੇ

- ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ
- ਭਾਈ ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
- ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ
- ਲਾਹੌਰ ਬੁਕ ਸ਼ਾਪ, 2, ਲਾਜਪਤ ਰਾਇ ਮਾਰਕਿਟ, ਲੁਧਿਆਣਾ
- ਪੰਜਾਬੀ ਪ੍ਰਕਾਸ਼ਕ, J6/85, ਰਾਜੌਰੀ ਗਾਰਡਨ, ਨਵੀਂ ਦਿੱਲੀ
- ਭਾਈ ਚਤਰ ਸਿੰਘ ਐਂਡ ਕੰਪਨੀ, ਕੂਚਾ ਜਟਮਲ, ਦਰੀਬਾ, ਦਿੱਲੀ
- ਨੈਸ਼ਨਲ ਬੁਕ ਸ਼ਾਪ, 32-B ਪਲੱਈਅਰ ਗਾਰਡਨ ਮਾਰਕਿਟ, ਚਾਂਦਨੀ ਚੌਕ, ਦਿੱਲੀ
- ਭਾਟੀਆ ਬ੍ਰਦਰਜ਼, ਗੁਰਦੁਆਰਾ ਬੰਗਲਾ ਸਾਹਿਬ, ਨਵੀਂ ਦਿੱਲੀ


ਰਮਜ਼ੀ ਕਹਾਣੀਆਂ ਰਘਬੀਰ ਸਿੰਘ ਬੀਰ

# ਰਮਜ਼ੀ ਕਹਾਣੀਆਂ

ਰਘਬੀਰ ਸਿੰਘ 'ਬੀਰ'

# ਰਮਜ਼ੀ ਕਹਾਣੀਆਂ

*  *

*

ਰਘਬੀਰ ਸਿੰਘ 'ਬੀਰ'

*  *

*  *

*

*

ਆਤਮ ਸਾਇੰਸ ਟਰੱਸਟ

ਉਹਨਾਂ ਗੁਰਮੁਖਾਂ ਦੀ ਭੇਟਾ

ਜਿਨ੍ਹਾਂ ਵਿਚੋਂ ਆਸਤਕਤਾ, ਸਿਦਕ ਅਤੇ ਭਰੋਸੇ ਦੀ ਲਾਟ ਨੂੰ, ਨਾਸਤਕਤਾ ਦਾ ਝੱਖੜ ਅਤੇ ਮਾਦਾ ਪ੍ਰਸਤੀ ਦੀ ਹਨ੍ਹੇਰੀ ਅਜੇ ਤਕ ਨਹੀਂ ਬੁਝਾ ਸਕੇ।

ਸਭ ਹੱਕ ਆਤਮ ਸਾਇੰਸ ਟਰੱਸਟ ਦੇ ਰਾਖਵੇਂ ਹਨ


| | | |
|---|---|---|
| ਪਹਿਲੀ ਵਾਰੀ | — | 1947 |
| ਦੂਸਰੀ ਵਾਰੀ | — | 1953 |
| ਤੀਸਰੀ ਵਾਰੀ | — | 1961 |
| ਚੌਥੀ ਵਾਰੀ | — | 1968 |
| ਪੰਜਵੀਂ ਵਾਰੀ | — | 1975 |
| ਛੇਵੀਂ ਵਾਰੀ | — | 1998 |
| ਸੱਤਵੀਂ ਵਾਰੀ | — | 2005 |

ਮੁੱਲ - 00/-

ਪ੍ਰਕਾਸ਼ਕ :-
ਆਤਮ ਸਾਇੰਸ ਟਰੱਸਟ
1-੧, ਕਾਲਿੰਦੀ ਕਾਲੋਨੀ,
ਨਵੀਂ ਦਿੱਲੀ-110 065

ਕੰਪਿਊਟਰ ਟਾਈਪ ਸੈਂਟਰ ਤੇ ਛਾਪਕ
ਨੈਸ਼ਨਲ ਬੁਕ ਸ਼ਾਪ
ਚਾਂਦਨੀ ਚੌਕ, ਦਿੱਲੀ-110 006


## ਤਤਕਰਾ


1. ਅਨੰਦਪੁਰ
2. ਖੋਜੀ ਦੀ ਨਿਰਾਸਤਾ 3
3. ਅਨਜਾਣ ਆਸਤਕ 4
4. 29-9-43 4
5. 30-9-43 5
6. ਪਾਤਸ਼ਾਹ ਕੈਦੀ 5
7. ਗਿਆਨੀ 6
8. ਸਿਦਕ 6
9. ਇਕ ਪੁਰਾਤਨ ਗ੍ਰੰਥ ਵਿਚੋਂ 6
10. ਸੱਚੋ ਸੱਚ 7
11. ਸ਼ਰਾਫਤ ਦਾ ਫਲ 7
12. ਮੇਰਾ ਇਕ ਮਿੱਤਰ 7
13. ਜੀਵ ਦੀ ਕਹਾਣੀ 7
14. ਸ਼ਹਿਨਸ਼ਾਹ ਕੌਣ ਸੀ? 11
15. ਰੱਬ ਜੀ ਦਾ ਸੁਭਾਉ 11
16. ਮੈਂ ਕੌਣ ਹਾਂ 11
17. ਜ਼ਹਿਮਤ ਕਿ ਰਹਿਮਤ 12
18 ਸਭ ਤੋਂ ਪਹਿਲਾ ਮਿੱਤਰ 13
19. ਰਾਜਾ ਸੁਰਗ ਨੂੰ ਗਿਆਨ ਪ੍ਰਾਪਤੀ 13
20. ਸਦਾ ਸੁਹਾਗ (ਅਨੁ: ਸ੍ਰੀਮਾਨ ਧਰਮ ਅਨੰਤ ਸਿੰਘ ਜੀ) 14
21. ਭਵਜਲ ਤਰਨਾ 17
22. ਪਰ ਉਹ ਮੋਤੀ ਨਾ ਲਿਆ ਸਕਿਆ 17
23. ਇਕ ਸੀ ਮੁੰਡਾ 19

# ਭੂਮਿਕਾ

'ਰਮਜ਼ੀ ਕਹਾਣੀਆਂ' ਦੇ ਰਚੇਤਾ ਭਾਈ ਸਾਹਿਬ ਸ. ਰਘਬੀਰ ਸਿੰਘ ਜੀ 'ਬੀਰ' ਅਧਿਆਤਮਕ ਮੰਡਲਾਂ ਵਿਚ ਵਿਚਰਨ ਵਾਲੇ ਨਿਰਮਲ ਰੂਹ ਦੇ ਮਾਲਕ, ਸਦਾ ਗੁਰੂ ਚਰਨਾਂ ਨਾਲ ਜੁੜ ਕੇ ਵਿਸਮਾਦੀ ਰੰਗ ਮਾਣਦੇ ਰਹੇ। ਉਨ੍ਹਾਂ ਨੇ ਸਤਿਗੁਰੂ ਦੇ ਬਚਨਾਂ ਨੂੰ ਜੀਵਨ ਵਿਚ ਘਟਾਇਆ ਤੇ ਕਮਾਇਆ ਅਤੇ ਜੋ ਅਨੁਭਵ ਪ੍ਰਾਪਤ ਹੋਏ, ਉਨ੍ਹਾਂ ਨੂੰ ਸੱਚੋ-ਸੱਚ ਲਿਖਣ ਦੀ ਦਲੇਰੀ ਕੀਤੀ। ਜਦੋਂ ਅਨੁਭਵ ਮੰਡਲ ਦੇ ਅਨੂਠੇ ਰਸ-ਰੰਗ ਮਾਣੇ, ਤਾਂ ਵੀ ਇਨ੍ਹਾਂ ਦੀ ਸਾਂਝ ਪਾਈ, ਹਉਂ ਜਤਾਣ ਲਈ ਨਹੀਂ, ਸਗੋਂ ਨਿੰਮਰ ਹੋ ਕੇ ਤਾਕਿ ਇਹ ਹੋਰਨਾਂ ਲਈ ਪ੍ਰੇਰਨਾ ਸਰੋਤ ਬਣਨ। ਜੇ ਸੰਸਾਰੀ ਸੋਚ ਨੇ ਆ ਘੇਰਿਆ, ਤਾਂ ਵੀ ਜੋ ਫੁਰਨੇ ਮਨ ਵਿਚ ਪੈਦਾ ਹੋਏ, ਉਹ ਇਨ ਬਿਨ ਪਾਠਕ ਨਾਲ ਸਾਂਝੇ ਕਰਨ ਦੀ ਜੁਰੱਅਤ ਕੀਤੀ। ਇਸ ਪੱਖੋਂ ਉਹ ਨਿਸ਼ਠਾਵਾਨ ਗੁਰਸਿੱਖ ਸਨ ਜਿਨ੍ਹਾਂ ਪ੍ਰਤੀ ਬਾਬਾ ਫਰੀਦ ਜੀ ਕਹਿੰਦੇ ਹਨ -

*ਦਿਲਹੁ ਮੁਹਬਤਿ ਜਿੰਨ ਸੇਈ ਸਚਿਆ ॥*
*ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥* ਅੰਕ - 488

ਆਪ ਜੀ ਨੇ ਪੁਸਤਕ 'ਰਮਜ਼ੀ ਕਹਾਣੀਆਂ' ਉਨ੍ਹਾਂ ਗੁਰਮੁਖਾਂ ਦੀ ਭੇਟਾ ਕੀਤੀ ਹੈ 'ਜਿਨ੍ਹਾਂ ਵਿਚੋਂ ਆਸਤਕਤਾ, ਸਿਦਕ ਅਤੇ ਭਰੋਸੇ ਦੀ ਲਾਟ ਨੂੰ ਨਾਸਤਕਤਾ ਦਾ ਝੱਖੜ ਅਤੇ ਮਾਦਾ ਪਰਸਤੀ ਦੀ ਹਨ੍ਹੇਰੀ ਅਜੇ ਤਕ ਨਹੀਂ ਬੁਝਾ ਸਕੇ। ਸਪਸ਼ਟ ਹੈ ਕਿ ਉਨ੍ਹਾਂ ਦੇ ਲਿਖਣ ਦਾ ਪ੍ਰਯੋਜਨ ਮਾਦਾ-ਪ੍ਰਸਤੀ ਦੇ ਸ਼ੂਕਦੇ ਹੜ੍ਹ ਵਿਚ ਰੁੜ੍ਹੀ ਜਾਂਦੀ ਮਨੁੱਖਤਾ ਨੂੰ ਗੁਰਬਾਣੀ, ਨਾਮ-ਜਪੁ-ਸਿਮਰਨ ਦਾ ਪਰਬਤੀ ਓਹਲਾ ਤੇ ਢਾਰਸ ਦੇਣਾ ਹੈ ਤਾਕਿ ਉਹ ਅੰਦਰ ਵਸਦੀ ਮਹਾਨ-ਸ਼ਕਤੀ ਨਾਲ ਜੁੜ ਕੇ ਜੀਵਨ ਨੂੰ ਅਨੰਦਮਈ ਬਣਾ ਸਕਣ। 'ਬੀਰ ਜੀ' ਸਹੀ ਅਰਥਾਂ ਵਿਚ ਪਰਉਪਕਾਰੀ ਜਨ ਸਨ ਜਿਨ੍ਹਾਂ ਨੇ ਸਾਰਾ ਜੀਵਨ ਪ੍ਰਵਚਨਾਂ ਰਾਹੀਂ, ਲਿਖਤਾਂ ਰਾਹੀਂ ਅਤੇ ਕਰਨੀ ਰਾਹੀਂ ਮਨੁੱਖਤਾ ਨੂੰ ਪ੍ਰਭੂ ਨਾਲ ਜੋੜਿਆਂ, ਨਿਰਾਸ ਹੋਇਆਂ ਨੂੰ ਉਤਸ਼ਾਹ ਦਿਤਾ, 'ਚੜ੍ਹਦੀ ਕਲਾ' ਵਿਚ ਜੀਉਣ ਦੀ ਜਾਚ ਦੱਸੀ। ਪ੍ਰਭੂ ਬੰਦਗੀ ਰਾਹੀ ਅਰਸ਼ੀ ਵਿਸਮਾਦੀ ਰੰਗ ਖੁਦ

ਮਾਣੇ ਤੇ ਆਪਣੇ ਅਨੁਭਵ ਸਭ ਨਾਲ ਸਾਂਝੇ ਕੀਤੇ, ਸਪਸ਼ਟ ਤੇ ਸਰਲ ਢੰਗ ਨਾਲ (ਪੜ੍ਹੋ-**'ਬੰਦਗੀ ਨਾਮਾ'**)। ਜੋ ਆਤਮਕ ਤੇ ਅਧਿਆਤਮਕ ਪ੍ਰਾਪਤੀ ਉਨ੍ਹਾਂ ਨੂੰ ਸਿਮਰਨ ਰਾਹੀਂ ਪ੍ਰਾਪਤ ਹੋਈ, ਉਸ ਦੀ ਸਾਂਝ **'ਸਿਮਰਨ ਮਹਿਮਾ'** ਲਿਖ ਕੇ ਸਾਰੇ ਸੰਸਾਰ ਨਾਲ ਪਾਈ। ਉਨ੍ਹਾਂ ਦੀਆਂ ਸਾਰੀਆਂ ਲਿਖਤਾਂ ਹੀ ਦਿਲ ਦਿਮਾਗ ਨੂੰ ਟੁੰਬਦੀਆਂ ਹਨ, ਇਨ੍ਹਾਂ ਵਿਚ ਗਿਆਨ ਵੀ ਹੈ, ਵਿਗਿਆਨ ਵੀ; ਪਰ ਸਰਵੋਤਮ ਹੈ - ਉਨ੍ਹਾਂ ਦਾ ਨਿੱਜੀ ਅਨੁਭਵ ਜੋ ਪਾਠਕ ਨੂੰ ਟੁੰਬਦਾ ਹੈ, ਸੁਤਿਆਂ ਨੂੰ ਜਗਾਂਦਾ ਹੈ ਅਤੇ ਅੰਦਰ ਵਸਦੇ ਸਿਰਜਨਹਾਰ, ਪਾਲਣਹਾਰ, ਦਿਆਲੂ, ਕ੍ਰਿਪਾਲੂ ਪ੍ਰਭੂ ਨਾਲ ਜੁੜਨ ਲਈ ਪ੍ਰੇਰਿਤ ਕਰਦਾ ਹੈ, ਉਤਸ਼ਾਹ ਬਖਸ਼ਦਾ ਹੈ ਅਤੇ ਮਾਰਗ ਦਰਸ਼ਨ ਕਰਦਾ ਹੈ। ਨਿਰਾਸ, ਨਿੰਮੋਝੂਣ ਹੋਇਆਂ ਨੂੰ ਨਵਾਂ ਜੀਵਨ ਪ੍ਰਾਪਤ ਹੁੰਦਾ ਹੈ। ਇਹੋ ਬੀਰ ਜੀ ਦੀਆਂ ਲਿਖਤਾਂ ਦੀ ਵਿਸ਼ੇਸ਼ਤਾ ਹੈ।

**'ਰਮਜ਼ੀ ਕਹਾਣੀਆਂ'** ਦਾ ਲਿਖਣ ਦਾ ਢੰਗ ਵਿਲੱਖਣ ਹੈ। ਜਿਵੇਂ ਨਾਮ ਤੋਂ ਹੀ ਪ੍ਰਗਟ ਹੈ, ਪੁਸਤਕ ਵਿਚ ਪ੍ਰਾਪਤ ਕਹਾਣੀਆਂ ਕੋਈ ਦੁਨਿਆਵੀ 'ਅਲਫ-ਲੈਲਾ' ਜਾਂ 'ਹੀਰ ਰਾਂਝੇ' ਦੇ ਕਿੱਸੇ ਨਹੀਂ, ਨਾ ਹੀ ਸੰਸਾਰੀ ਵੈਰ, ਵਿਰੋਧ, ਖੋਹ, ਮੋਹ ਦੀਆਂ ਘਟਨਾਵਾਂ ਹਨ, ਸਗੋਂ ਇਹ ਕਹਾਣੀਆਂ ਅਧਿਆਤਮਕ ਕਹਾਣੀਆਂ ਹਨ ਜਿਨ੍ਹਾਂ ਵਿਚ ਆਤਮਕ-ਮਾਰਗ ਨੂੰ ਰਮਜ਼-ਭਰੇ ਨਾਵਾਂ, ਥਾਵਾਂ ਤੇ ਪਾਤਰਾਂ ਨੂੰ ਸਿਰਜ ਕੇ ਰੋਚਕ ਤੇ ਸਰਲ ਢੰਗ ਨਾਲ ਦਰਸਾਇਆ ਹੈ। ਇਹ ਗੱਲ ਪਹਿਲੀ ਕਹਾਣੀ ਦੇ ਆਰੰਭਕ ਸ਼ਬਦਾਂ ਤੋਂ ਹੀ ਪ੍ਰਗਟ ਹੋ ਜਾਂਦੀ ਹੈ, "ਅਨੰਦਪੁਰ ਦੇ ਰਾਜੇ ਦਾ ਨਾਮ ਸੀ ਪ੍ਰਭੂ ਸਿੰਘ। ਇਸ ਦਾ ਇਕ ਮਿੱਤਰ ਮਨਮੁਖ ਸਿੰਘ ਸੀ, ਜੋ ਇਸ ਤੋਂ ਵਿਛੜ ਕੇ ਤ੍ਰਿਸ਼ਨਾਗੜ੍ਹ ਨਾਮੀ ਦੂਸਰੀ ਰਿਆਸਤ ਵਿਚ ਜਾ ਵਸਿਆ ਸੀ।" ਇਹ ਸਾਧਾਰਨ ਮਨਮੁਖਾਂ ਦੀ ਕਹਾਣੀ ਹੈ ਜੋ ਪ੍ਰਭੂ ਦੇ 'ਅਨੰਦਪੁਰ' ਸ਼ਹਿਰ ਨੂੰ ਤਿਆਗ ਕੇ, ਤ੍ਰਿਸ਼ਨਾ ਅਧੀਨ, ਪ੍ਰਭੂ ਤੋਂ ਦੂਰ ਜਾ ਵਸੇ ਹਾਂ। ਪਰ ਪ੍ਰਭੂ ਸਾਨੂੰ ਭੁਲਾਂਦੇ ਨਹੀਂ, ਉਹ ਸਦਾ ਦਇਆਲੂ ਤੇ ਸਦਾ ਮਿਹਰਵਾਨ ਪਿਤਾ ਹਨ, ਉਹ 'ਸੰਤ ਸਿੰਘ ਨਾਮੀ ਸਿਆਣੇ ਵਜ਼ੀਰ ਨੂੰ ਤ੍ਰਿਸ਼ਨਾਗੜ੍ਹ ਰਿਆਸਤ ਵਿਚ ਭੇਜਦੇ ਹਨ ਜੋ ਮਨਮੁਖ ਸਿੰਘ ਦੀ ਸਹਾਇਤਾ ਕਰਕੇ, ਮਾਰਗ ਦਰਸ਼ਨ ਕਰਕੇ ਮੁੜ



ਅਨੰਦਪੁਰ ਦਾ ਵਾਸੀ ਬਣਨ ਵਿਚ ਸਫਲ ਹੁੰਦਾ ਹੈ। ਅਨੰਦਪੁਰ ਪੁੱਜਣ ਵਿਚ ਜੋ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਅਤੇ ਜਿਨ੍ਹਾਂ ਅਦਭੁਤ ਨਜ਼ਾਰਿਆਂ ਦੀਆਂ ਝਲਕਾਂ ਮਿਲਦੀਆਂ ਹਨ, ਉਨ੍ਹਾਂ ਨੂੰ ਬੜੇ ਰੋਚਕ ਢੰਗ ਨਾਲ ਦਰਸਾਇਆ ਹੈ। ਅਸਲ ਵਿਚ ਇਹ ਧਰਮਖੰਡ ਤੋਂ ਸੱਚਖੰਡ ਪੁੱਜਣ ਦਾ ਮਾਰਗ ਹੈ, ਹੂ-ਬ-ਹੂ ਤਾਂ ਨਹੀਂ, ਪਰ ਪ੍ਰਭੂ-ਦਰ ਤਕ ਪੁੱਜਣ ਦੀਆਂ ਕਠਿਨਾਈਆ, ਘਾਲਨਾਵਾਂ ਦਾ ਸਹੀ ਚਿਤਰਨ ਹੈ ਅਤੇ ਮਾਰਗ ਤੇ ਚਲਦਿਆਂ ਜੋ ਕਰਾਮਾਤੀ ਸ਼ਕਤੀਆਂ ਭਰਮਾਂਦੀਆਂ ਹਨ, ਉਨ੍ਹਾਂ ਦਾ ਉਲੇਖ ਵੀ ਬੜਾ ਭਾਵ-ਪੂਰਤ ਹੈ। ਇਹ ਕਹਾਣੀ ਮਨਮੁਖ ਤੋਂ ਗੁਰਮੁਖ ਦੇ ਦਰਜੇ ਤਕ ਪੁੱਜਣ ਦਾ ਮਾਰਗ ਦਰਸ਼ਨ ਕਰਦੀ ਹੈ ਜਿਸ ਨੂੰ ਬੜੇ ਸਹਿਲ ਸੌਖੇ ਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਇੰਜ ਹੀ ਬਾਕੀ ਦੀਆਂ ਕਹਾਣੀਆਂ ਹਨ ਜੋ ਰੂਹਾਨੀ ਰਮਜ਼ਾਂ ਦਰਸਾਂਦੀਆਂ ਹਨ। ਕੁਝ ਕਹਾਣੀਆਂ ਪੁਰਾਤਨ ਗ੍ਰੰਥਾਂ ਵਿਚੋਂ ਵੀ ਲਈਆਂ ਗਈਆਂ ਹਨ ਜਿਵੇਂ ਰਾਜਾ ਸੁਰਗ ਨੂੰ ਗਿਆਨ ਅਤੇ 'ਸਦਾ ਸੁਹਾਗ' ਜੋ 'ਵਸ਼ਿਸ਼ਟ ਯੋਗ' ਵਿਚੋਂ ਹਨ। ਇਨ੍ਹਾਂ ਨੂੰ ਪੜ੍ਹ ਕੇ ਤੱਤ-ਗਿਆਨ ਦੀ ਸੋਝੀ ਹੁੰਦੀ ਹੈ ਜਿਵੇਂ 'ਵਿਵੇਕੀ ਪੁਰਸ਼' ਦੀ ਵਿਆਖਿਆ ਬੜੇ ਸੰਖੇਪ ਸ਼ਬਦਾਂ ਵਿਚ ਕਮਾਲ ਦੀ ਹੋਈ ਹੈ। 'ਵਿਵੇਕ' ਦਾ ਭਾਵ ਹੈ ਉਹ ਸ੍ਰੇਸ਼ਟ ਬੁੱਧੀ ਜੋ 'ਸਤਿ' ਅਤੇ 'ਅਸਤਿ' ਦੀ ਪਛਾਣ ਕਰ ਸਕੇ ਅਤੇ 'ਵਿਵੇਕੀ ਪੁਰਸ਼' ਉਹ ਹੈ ਜੋ 'ਸਤਿ' ਨੂੰ ਗ੍ਰਹਿਣ ਕਰੇ ਅਤੇ 'ਅਸਤਿ' ਦਾ ਤਿਆਗ। ਵਿਵੇਕ ਦੇ ਇਹ ਅਰਥ ਪੜ੍ਹ ਕੇ ਗੁਰਬਾਣੀ ਦੇ ਵਾਕ 'ਦੀਜੈ ਬੁਧਿ ਬਬੇਕਾ' ਦੀ ਸਹੀ ਭਾਵਾਂ ਵਿਚ ਸੋਝੀ ਹੁੰਦੀ ਹੈ।

ਇਥੇ ਸਾਰੀਆਂ ਕਹਾਣੀਆਂ ਦਾ ਪਰੀਚੈ ਦੇਣਾ ਸੰਭਵ ਨਹੀਂ, ਸਾਰੀਆਂ ਕਹਾਣੀਆਂ ਅਗੰਮੀ ਗਾਥਾਵਾਂ ਹਨ ਜੋ ਆਤਮ-ਰੰਗ ਦੇ ਭੇਦ ਖੋਲ੍ਹਦੀਆਂ ਹਨ, ਜਿਥੋਂ ਪੜ੍ਹੋ ਮਾਖਿਓਂ ਮਿਠੀ ਬੋਲੀ ਵਿਚ ਅਨੁਭਵੀ ਦਰਸ਼ਨ ਹੁੰਦੇ ਹਨ। **'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ'** ਕਹਿਣ ਸੁਣਨ ਦੀ ਗੱਲ ਨਹੀਂ, ਮਾਣਨ ਦੀ ਗੱਲ ਹੈ, ਇਹ ਕਹਾਣੀਆਂ ਰਸਦਾਇਕ ਹਨ ਤੇ ਸਾਡਾ ਅਨੁਭਵ ਖੋਲ੍ਹਦੀਆਂ ਹਨ, ਇਹੋ ਇਨ੍ਹਾਂ ਦੀ ਵਡਿਆਈ ਹੈ।

ਮੈਨੂੰ ਪ੍ਰਸੰਨਤਾ ਤੇ ਮਾਣ ਹੈ ਕਿ 'ਆਤਮ-ਸਾਇੰਸ ਟਰੱਸਟ' ਨੇ ਗੁਰਪਰਵਾਸੀ ਸ. ਰਘਬੀਰ ਸਿੰਘ ਜੀ ਦੀਆਂ ਪੁਸਤਕਾਂ ਵਿਚ ਗੁਰਬਾਣੀ ਸੋਧ ਕੇ (ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ ਦੇ ਹਵਾਲੇ ਦੇ ਕੇ) ਨਵੀਆਂ ਐਡੀਸ਼ਨਾਂ ਤਿਆਰ ਕਰਨ ਦਾ ਮਾਣ ਬਖਸ਼ਿਆ ਹੈ। ਇਹ ਸ਼ੁਭ ਕਾਰਜ ਕਰਨ ਨਾਲ ਦਾਸ ਨੂੰ ਬੀਰ ਜੀ ਦੀ ਮਹਾਨ-ਆਤਮਾ ਦੀ ਨਿਕਟਤਾ ਦੀ ਨਿੱਘ ਪ੍ਰਾਪਤ ਹੋਈ ਹੈ, ਅਤਿਅੰਤ ਖੁਸ਼ੀ ਮਿਲੀ ਹੈ ਤੇ ਪੁਸਤਕਾਂ ਵਿਸਥਾਰਪੂਰਬਕ ਪੜ੍ਹਨ ਨਾਲ ਮਹਾਂ ਅਨੰਦ ਪ੍ਰਾਪਤ ਹੋਇਆ ਹੈ। ਗੁਰੂ ਕਰੇ, ਆਪ ਸੁਹਿਰਦ ਪਾਠਕਾਂ ਨੂੰ ਵੀ ਐਸਾ ਹੀ ਅਨੰਦ ਪ੍ਰਾਪਤ ਹੋਵੇ।

5-8-2005

*ਡਾ. ਜਗਜੀਤ ਸਿੰਘ*
*ਪ੍ਰਿੰਸੀਪਲ (ਰੀ.)*
*25, ਫੇਜ਼ 7,*
*ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ*
*ਪਿਨ - 1160061*



# ਅਨੰਦਪੁਰ

ਅਨੰਦਪੁਰ ਦੇ ਰਾਜੇ ਦਾ ਨਾਮ ਸੀ ਪ੍ਰਭੂ ਸਿੰਘ। ਇਸ ਦਾ ਇਕ ਮਿੱਤਰ ਸੀ, ਮਨਮੁਖ ਸਿੰਘ, ਜੋ ਇਸ ਤੋਂ ਵਿਛੜ ਕੇ ਤ੍ਰਿਸ਼ਨਾਗੜ੍ਹ ਨਾਮੀ ਦੂਸਰੀ ਰਿਆਸਤ ਵਿਚ ਜਾ ਵਸਿਆ ਸੀ। ਰਾਜੇ ਪ੍ਰਭੂ ਸਿੰਘ ਨੂੰ ਜਦ ਪਤਾ ਲੱਗਾ ਕਿ ਉਸ ਦਾ ਮਿੱਤਰ ਤ੍ਰਿਸ਼ਨਾਗੜ੍ਹ ਦੀ ਰਿਆਸਤ ਵਿਖੇ ਬੜਾ ਦੁਖੀ, ਲਾਚਾਰ ਤੇ ਨਿਰਧਨ ਹੋ ਗਿਆ ਹੈ ਤਾਂ ਉਸ ਨੇ ਆਪਣੇ ਵਜ਼ੀਰਾਂ ਵਿਚੋਂ ਇਕ ਸ: ਸੰਤ ਸਿੰਘ ਨਾਮੀ ਬੜੇ ਸਿਆਣੇ ਤੇ ਨਮਕਹਲਾਲ ਵਜ਼ੀਰ ਨੂੰ ਆਪਣੇ ਪਾਸ ਬੁਲਾ ਕੇ ਆਖਿਆ ਕਿ ਉਹ ਤ੍ਰਿਸ਼ਨਾਗੜ੍ਹ ਦੀ ਰਿਆਸਤ ਵਿਚ ਜਾ ਕੇ ਰਾਜੇ ਦੇ ਮਿੱਤਰ ਮਨਮੁਖ ਸਿੰਘ ਨੂੰ ਲੱਭੇ ਅਤੇ ਲੱਭ ਕੇ ਅਨੰਦਪੁਰ ਲੈ ਆਵੇ। ਪਰ ਰਾਜੇ ਨੇ ਨਾਲ ਹੀ ਸੰਤ ਸਿੰਘ ਨੂੰ ਇਹ ਭੀ ਆਖਿਆ ਕਿ ਮਨਮੁਖ ਸਿੰਘ ਹੈ ਬੜਾ ਹੰਕਾਰੀ ਤੇ ਜ਼ਿੱਦੀ, ਉਸ ਨੂੰ ਅਨੰਦਪੁਰ ਵਿਖੇ ਤਦਬੀਰ ਜਾਂ ਢੰਗ ਨਾਲ ਲਿਆਉਣਾ ਪਵੇਗਾ, ਇਸ ਵਾਸਤੇ ਸੰਤ ਸਿੰਘ ਨੂੰ ਸ਼ੁਰੂ ਤੋਂ ਹੀ ਬੜੀ ਸਿਆਣਪ ਤੇ ਧੀਰਜ ਨਾਲ ਕੰਮ ਲੈਣਾ ਚਾਹੀਦਾ ਹੈ।

ਸੰਤ ਸਿੰਘ ਰਾਜੇ ਦੀ ਆਗਿਆ ਪ੍ਰਾਪਤ ਕਰਕੇ ਅਨੰਦਪੁਰ ਤੋਂ ਤ੍ਰਿਸ਼ਨਾਗੜ੍ਹ ਦੀ ਰਿਆਸਤ ਨੂੰ ਰਵਾਨਾ ਹੋਇਆ ਅਤੇ ਕੁਝ ਚਿਰ ਦੇ ਲੰਬੇ ਤੇ ਬਿਖੜੇ ਸਫ਼ਰ ਨੂੰ ਤੈਅ ਕਰਨ ਮਗਰੋਂ ਤ੍ਰਿਸ਼ਨਾਗੜ੍ਹ ਰਿਆਸਤ ਵਿਚ ਆਣ ਪਹੁੰਚਿਆ। ਫਿਰ ਥੋੜ੍ਹੀ ਢੂੰਡ ਮਗਰੋਂ ਇਸ ਨੇ ਮਨਮੁਖ ਸਿੰਘ ਦੇ ਟਿਕਾਣੇ ਦਾ ਪਤਾ ਕਰ ਲੀਤਾ ਅਤੇ ਉਸ ਦੇ ਗਵਾਂਢ ਬੜਾ ਚੰਗਾ ਮਕਾਨ ਕਰਾਏ ਤੇ ਲੈ ਕੇ ਕਹਿਣ ਲੱਗਾ।

ਵਜ਼ੀਰ ਸੰਤ ਸਿੰਘ ਨੇ ਆਪਣੇ ਮਕਾਨ ਅੱਗੇ ਬੜਾ ਸੁੰਦਰ ਬਗੀਚਾ ਲਗਵਾਇਆ, ਜਿਸ ਵਿਚ ਹਰ ਤਰ੍ਹਾਂ ਦੇ ਰੰਗ ਬਰੰਗੇ ਸੁਗੰਧੀ ਵਾਲੇ ਫੁੱਲ, ਆਲੇ-ਦਵਾਲੇ ਦੇ ਹਮਸਾਇਆਂ ਨੂੰ ਤੇ ਆਉਂਦੇ ਜਾਂਦੇ ਲੋਕਾਂ ਨੂੰ ਆਪਣੀ ਮਹਿਕ ਨਾਲ ਮਾਲਾ ਮਾਲ ਕਰਦੇ ਰਹਿੰਦੇ। ਜਿਹੜਾ ਸੰਤ ਸਿੰਘ ਦੇ ਬਗੀਚੇ ਅੱਗੋਂ ਲੰਘਦਾ ਉਹੋ ਹੀ ਖਿੜੀ ਫੁਲਵਾੜੀ ਦੀ

ਮਹਿਕ ਤੇ ਸੁੰਦਰਤਾ ਨੂੰ ਦੇਖ ਕੇ ਬਗੀਚੇ ਅੱਗੇ ਖਲੋ ਜਾਂਦਾ ਤੇ ਵਾਹ ਵਾਹ ਕਰਦਾ। ਮਨਮੁਖ ਸਿੰਘ ਵੀ ਜਦ ਘਰੋਂ ਬਾਹਰ ਜਾਣ ਲੱਗੇ ਜਾਂ ਸਾਰੇ ਦਿਨ ਦੇ ਕੰਮ ਧੰਦੇ ਮਗਰੋਂ ਬਾਹਰੋਂ ਘਰ ਨੂੰ ਵਾਪਸ ਆਵੇ ਤਾਂ ਬਗੀਚੇ ਅੱਗੋਂ ਲੰਘਦਾ ਕੁਝ ਚਿਰ ਲਈ ਫੁਲਵਾੜੀ ਦਾ ਅਨੰਦ ਲੈਣ ਲਈ ਖਲੋ ਜਾਂਦਾ ਅਤੇ ਦਿਲ ਵਿਚ ਸੋਚਦਾ ਕਿ ਇਸ ਮਕਾਨ ਵਿਚ ਆ ਕੇ ਕੋਈ ਬੜਾ ਧਨਾਢ ਆਦਮੀ ਰਹਿ ਰਿਹਾ ਜਾਪਦਾ ਹੈ, ਜਿਸ ਨੇ ਐਸਾ ਸੁੰਦਰ ਬਗੀਚਾ ਆਪਣੇ ਟਹਿਲਣ ਲਈ ਬਣਵਾਇਆ ਹੈ। ਇਕ ਦਿਨ ਜਦ ਮਨਮੁਖ ਸਿੰਘ ਇਸ ਬਗੀਚੇ ਅੱਗੋਂ ਲੰਘਦਾ ਕੁਝ ਚਿਰ ਲਈ ਫੁੱਲਾਂ ਦੀ ਮਹਿਕ ਲੈਣ ਖਲੋਤਾ ਤਾਂ ਮਾਲੀ ਨੇ, ਜੋ ਮਨਮੁਖ ਸਿੰਘ ਦੀ ਦਰਵਾਜ਼ੇ ਵਿਚ ਖੜ੍ਹਾ ਇੰਤਜ਼ਾਰ ਕਰ ਰਿਹਾ ਸੀ, ਹੱਥ ਜੋੜ ਕੇ ਆਖਿਆ ਕਿ ਆਪ ਤਾਂ ਸਾਡੇ ਹਮਸਾਏ ਹੋ, ਆਪ ਵਾਸਤੇ ਤਾਂ ਜਦ ਜੀਅ ਚਾਹੇ ਬਗੀਚੇ ਵਿਚ ਆ ਕੇ ਟਹਿਲਣ ਦੀ ਜਾਂ ਬੈਂਚ ਉਤੇ ਬੈਠ ਕੇ ਫੁਲਵਾੜਾ ਦਾ ਅਨੰਦ ਲੈਣ ਦੀ ਖੁਲ੍ਹ ਹੈ। ਜਦ ਜੀਅ ਕਰੇ ਆ ਕੇ ਇਥੇ ਬੈਠਿਆ ਕਰੋ, ਮੇਰਾ ਮਾਲਕ ਆਪ ਦੇ ਕਦੇ ਕਦੇ ਬਗੀਚੇ ਵਿਚ ਆ ਕੇ ਬੈਠਣ ਉਤੇ ਬੜਾ ਪ੍ਰਸੰਨ ਹੋਵੇਗਾ। ਉਸ ਦਾ ਹੁਕਮ ਹੈ ਕਿ ਇਸ ਬਗੀਚੇ ਦਾ ਦਰਵਾਜ਼ਾ ਕਿਸੇ ਵਾਸਤੇ ਵੀ ਬੰਦ ਨਹੀਂ, ਸਗੋਂ ਹਮਸਾਇਆਂ ਨੂੰ ਤਾਂ ਇਹ ਬਗੀਚਾ ਆਪਣਾ ਹੀ ਸਮਝਣਾ ਚਾਹੀਦਾ ਹੈ।

ਮਨਮੁਖ ਸਿੰਘ ਹੁਣ ਕਈ ਵਾਰੀ ਬਗੀਚੇ ਵਿਚ ਆ ਕੇ ਬੈਠਦਾ ਅਤੇ ਮਾਲੀ ਤੋਂ ਉਸ ਦੇ ਮਾਲਕ ਦੀਆਂ ਗੱਲਾਂ ਪੁਛਦਾ। ਇਹ ਸੁਣ ਕੇ ਕਿ ਉਸ ਦਾ ਹਮਸਾਇਆ ਨਾ ਕੇਵਲ ਬੜਾ ਧਨੀ ਹੈ, ਸਗੋਂ ਬੜਾ ਹਮਦਰਦ, ਦੁਖੀਆਂ, ਗਰੀਬਾਂ ਦੇ ਦੁਖ ਵੰਡਾਣ ਵਾਲਾ ਪਰਉਪਕਾਰੀ ਵੀ ਹੈ, ਦਿਲ ਵਿਚ ਸੋਚਦਾ ਕਿ ਇਹ ਐਡਾ ਹੀ ਚੰਗਾ ਹੈ ਤਾਂ ਖਵਰੇ ਮੇਰੀ ਵੀ ਮਦਦ ਕਰੇ ਅਤੇ ਇਸ ਦੇ ਜ਼ਰੀਏ ਮੇਰੀ ਵੀ ਕਿਸਮਤ ਫਿਰ ਪਵੇ। ਮਾਲੀ ਤੋਂ ਹਮਸਾਏ ਦੀਆਂ ਸਿਫਤਾਂ ਸੁਣ ਸੁਣ ਕੇ ਮਨਮੁਖ ਸਿੰਘ ਦੇ ਦਿਲ ਵਿਚ ਆਪਣੇ ਹਮਸਾਏ ਨੂੰ ਮਿਲਣ ਦੀ ਚਾਹ ਪੈਦਾ ਹੋਈ ਅਤੇ ਆਖਣ ਲੱਗਾ - ਜੇ ਤੇਰਾ ਮਾਲਕ ਸੱਚੀ ਮੁਚੀ ਐਡਾ ਚੰਗਾ ਹੈ ਤਾਂ ਕੀ ਤੂੰ ਮੈਨੂੰ ਉਸ ਨਾਲ ਮਿਲਾ ਸਕਦਾ ਹੈਂ? 'ਜੀ ਹਾਂ, ਜਦ ਚਾਹੋ ਮੇਰੇ ਮਾਲਕ ਨੂੰ ਆਪ ਮਿਲ ਸਕਦੇ ਹੋ, ਉਹ ਤਾਂ ਆਪਣੇ ਹਮਸਾਇਆਂ ਨੂੰ, ਆਪਣਾ ਮਿੱਤ੍ਰ ਸਮਝਦਾ ਹੈ, ਤੁਹਾਨੂੰ ਮਿਲ ਕੇ ਬੜਾ ਪ੍ਰਸੰਨ ਹੋਵੇਗਾ, ਮਾਲੀ ਨੇ ਉਤਰ ਦਿਤਾ।



ਕੁਝ ਸਮੇਂ ਪਿਛੋਂ ਸੰਤ ਸਿੰਘ ਪਾਸ ਮਨਮੁਖ ਸਿੰਘ ਆਉਣ ਜਾਣ ਲਗ ਪਿਆ। ਉਸ ਨੇ ਆਪਣੀ ਸਾਰੀ ਵਾਰਤਾ ਸੰਤ ਸਿੰਘ ਨੂੰ ਸੁਣਾਈ ਕਿ ਕਿਸ ਤਰ੍ਹਾਂ ਉਸ ਨੂੰ ਵਪਾਰ ਵਿਚ ਘਾਟੇ ਪੈ ਗਏ, ਜਾਇਦਾਦ ਵਿਕ ਗਈ ਤੇ ਸਿਹਤ ਖਰਾਬ ਹੋ ਗਈ ਅਤੇ ਆਖਰ ਕਮਜ਼ੋਰੀ ਦੀ ਹਾਲਤ ਵਿਚ ਵੀ ਉਸ ਨੂੰ ਆਪਣੇ ਬਾਲ ਬੱਚੇ ਦੇ ਢਿੱਡ ਭਰਨ ਲਈ ਦਿਨ ਰਾਤ ਮਜ਼ਦੂਰੀ ਕਰਨੀ ਪੈਂਦੀ ਸੀ। ਸੰਤ ਸਿੰਘ ਉਸ ਦੀਆਂ ਸਭ ਗੱਲਾਂ ਹਮਦਰਦੀ ਨਾਲ ਸੁਣਦਾ ਤੇ ਧੀਰਜ ਦੇ ਕੇ ਆਖਦਾ ਕਿ ਮਿੱਤਰ ਘਬਰਾ ਨਾ ਤੇ ਫਿਕਰ ਕਰਨਾ ਛੱਡ ਦੇ। ਦੁਨੀਆਂ ਵਿਚ ਪੱਕੇ ਇਰਾਦੇ ਦਾ ਆਦਮੀ ਜੋ ਕਰਨਾ ਚਾਹੇ, ਕੁਦਰਤ ਉਸ ਨੂੰ ਐਸਾ ਕਰਨ ਦੇ ਮੌਕੇ ਆਪੇ ਪੈਦਾ ਕਰ ਦਿੰਦੀ ਹੈ। ਜੇ ਤੂੰ ਵੀ ਆਪਣੀ ਹਾਲਤ ਮੁੜ ਸੁਧਾਰਨਾ ਚਾਹੁੰਦਾ ਹੈਂ ਤਾਂ ਆਪਣੀ ਵਿਗੜੀ ਕਿਸਮਤ ਨੂੰ ਮੁੜ ਸੰਵਾਰ ਸਕਦਾ ਹੈਂ। ਤਕਲੀਫਾਂ ਤੇ ਮੁਸੀਬਤਾਂ ਤੋਂ ਘਬਰਾ ਕੇ ਨਿਰਾਸ ਹੋ ਜਾਣ ਵਾਲਾ ਆਦਮੀ ਮੁਸੀਬਤਾਂ ਦਾ ਸ਼ਿਕਾਰ ਹੋ ਜਾਂਦਾ ਹੈ ਪਰ ਮੁਸੀਬਤਾਂ ਦਾ ਸੂਰਬੀਰਤਾ ਨਾਲ ਮੁਕਾਬਲਾ ਕਰਨ ਵਾਲਾ ਆਦਮੀ ਉਹਨਾਂ ਤੇ ਜਿੱਤ ਪ੍ਰਾਪਤ ਕਰਦਾ ਹੈ। ਸੰਤ ਸਿੰਘ ਨੇ ਮਨਮੁਖ ਸਿੰਘ ਨੂੰ ਇਕ ਦਿਨ ਆਪਣੀ ਕਹਾਣੀ ਵੀ ਸੁਣਾਈ ਕਿ ਉਹ ਖੁਦ ਇਕ ਦਫਾ ਬੜੀਆਂ ਮੁਸੀਬਤਾਂ ਵਿਚ ਫਸ ਗਿਆ ਸੀ। ਐਪਰ ਮੁਸੀਬਤਾਂ ਨੂੰ ਆਪਣੇ ਨਾਲੋਂ ਜ਼ਬਰਦਸਤ ਨਾ ਸਮਝਣ ਕਰਕੇ ਆਖਰ ਉਸ ਨੂੰ ਆਪਣੀਆਂ ਸਭ ਮੁਸੀਬਤਾਂ ਤੇ ਫਤਹਿ ਹਾਸਲ ਹੋਈ। 'ਮੁਸੀਬਤਾਂ', ਸੰਤ ਸਿੰਘ ਆਖਣ ਲੱਗਾ ਤਦ ਤਕ ਮੁਸੀਬਤਾਂ ਰਹਿੰਦੀਆਂ ਹਨ, ਜਦ ਤਕ ਇਨਸਾਨ ਉਹਨਾਂ ਦੀ ਹਸਤੀ ਨੂੰ ਮੰਨੇ, ਪਰ ਜਦ ਇਨਸਾਨ ਮੁਸੀਬਤਾਂ ਦੀ ਹਸਤੀ ਨੂੰ ਤਸਲੀਮ ਨਾ ਕਰੇ, ਉਹਨਾਂ ਨੂੰ ਤੁਛ ਸਮਝੇ, ਤਾਂ ਮੁਸੀਬਤਾਂ, ਮੁਸੀਬਤਾਂ ਨਹੀਂ ਰਹਿੰਦੀਆਂ, ਅਤੇ ਹੌਲੇ ਹੌਲੇ ਗ਼ਾਇਬ ਹੋ ਜਾਂਦੀਆਂ ਹਨ। ਇਨਸਾਨ ਦੇ ਆਪਣੇ ਦ੍ਰਿਸ਼ਟੀਕੋਣ ਵਿਚ ਹੀ ਸਭ ਕੁਝ ਹੈ। ਜਦ ਇਹ ਕਿਸੇ ਕੰਮ ਨੂੰ ਡਾਹਢਾ ਮੁਸ਼ਕਲ ਮੰਨ ਲਏ ਤਾਂ ਉਹ ਡਾਹਢਾ ਮੁਸ਼ਕਲ ਹੋ ਕੇ ਹੀ ਇਸ ਨੂੰ ਭਾਸਦਾ ਹੈ ਪਰ ਜਦ ਇਹ ਉਸੇ ਕੰਮ ਨੂੰ ਮੁਸ਼ਕਲ ਤੇ ਨਾਮੁਮਕਿਨ ਨਾ ਮੰਨੇ ਤਾਂ ਉਹੋ ਕੰਮ ਆਸਾਨ ਬਣ ਜਾਂਦਾ ਹੈ।

ਇਸ ਕਿਸਮ ਦੀਆਂ ਦਿਲ ਨੂੰ ਢਾਰਸ ਦੇਣ ਅਤੇ ਪੱਕਾ ਕਰਨ ਵਾਲੀਆਂ ਗੱਲਾਂ ਸੁਣ ਸੁਣ ਕੇ ਮਨਮੁਖ ਸਿੰਘ ਦੇ ਖਿਆਲਾਂ ਵਿਚ ਤਬਦੀਲੀ ਆਉਣੀ ਸ਼ੁਰੂ ਹੋਈ। ਉਸ ਨੂੰ ਇਝ ਜਾਪਣ ਲੱਗਾ ਕਿ ਜੇ

ਉਹ ਵੀ ਚਾਹੇ ਤਾਂ ਸੰਤ ਸਿੰਘ ਵਾਂਗਰ ਆਪਣੀਆਂ ਮੁਸੀਬਤਾਂ ਤੇ ਕਾਬੂ ਪਾ ਸਕਦਾ ਹੈ ਅਤੇ ਆਪਣੀ ਵਿਗੜੀ ਕਿਸਮਤ ਨੂੰ ਮੁੜ ਸੰਵਾਰ ਸਕਦਾ ਹੈ।

ਸੰਤ ਸਿੰਘ ਦੀ ਸੰਗਤ ਦਾ ਸਭ ਤੋਂ ਪਹਿਲਾ ਅਸਰ ਮਨਮੁਖ ਸਿੰਘ ਤੇ ਇਹ ਹੋਇਆ ਕਿ ਉਹ ਆਪਣੀਆਂ ਮੁਸੀਬਤਾਂ ਨੂੰ ਹੁਣ ਪਹਿਲੇ ਦੀ ਤਰ੍ਹਾਂ ਅਜਿੱਤ ਨਹੀਂ ਸੀ ਸਮਝਦਾ, ਉਸ ਦੇ ਦਿਲ ਵਿਚ ਆਪਣੇ ਪੈਰਾਂ ਤੇ ਖੜ੍ਹਾ ਹੋਣ ਦਾ ਉਤਸ਼ਾਹ ਪੈਦਾ ਹੋਇਆ ਅਤੇ ਆਪਣੇ ਚੰਗੇ ਦਿਨਾਂ ਦਾ ਝੌਲਾ ਉਸ ਦੀਆਂ ਅੱਖਾਂ ਅੱਗੇ ਫਿਰਨ ਲੱਗਾ। ਇਕ ਦਿਨ ਉਸ ਨੇ ਸੰਤ ਸਿੰਘ ਪਾਸ ਜਾ ਕੇ ਆਖਿਆ - ਹੇ ਮਿੱਤਰ! ਤੂੰ ਮੇਰੇ ਦਿਲ ਵਿਚ ਮੁਰਦਾ ਉਮੀਦਾਂ ਨੂੰ ਫਿਰ ਸੁਰਜੀਤ ਕੀਤਾ ਹੈ, ਮੇਰੀਆਂ ਅੱਖਾਂ ਅੱਗੇ ਆਪਣੀ ਵਿਗੜੀ ਸਵਾਰਣ ਦਾ ਨਕਸ਼ਾ ਫੇਰ ਖਿਚਿਆ ਹੈ, ਮੈਂ ਤੇਰਾ ਬੜਾ ਧੰਨਵਾਦੀ ਹਾਂ, ਹੁਣ ਮੈਨੂੰ ਆਸ ਹੈ ਕਿ ਮੈਂ ਬਹੁਤ ਕੁਝ ਕਰ ਸਕਾਂਗਾ।

ਇਸ ਤੋਂ ਕੁਝ ਦਿਨ ਮਗਰੋਂ ਮਨਮੁਖ ਸਿੰਘ ਦੇ ਸ਼ਾਹ ਨੇ, ਜਿਸ ਤੋਂ ਉਹ ਕਿਸੇ ਵੇਲੇ ਰੁਪਿਆ ਲੈ ਕੇ ਕਾਰੋਬਾਰ ਕਰਿਆ ਕਰਦਾ ਸੀ ਅਤੇ ਉਸ ਨੂੰ ਘਾਟੇ ਪੈਣ ਕਰ ਕੇ ਅੱਗੋਂ ਮਨਮੁਖ ਸਿੰਘ ਨੂੰ ਹੋਰ ਰੁਪਿਆ ਦੇਣੋਂ ਇਨਕਾਰ ਕਰ ਦਿਤਾ ਹੋਇਆ ਸੀ, ਮਨਮੁਖ ਸਿੰਘ ਨੂੰ ਬੁਲਾ ਭੇਜਿਆ ਤੇ ਆਖਿਆ ਕਿ ਉਸ ਨੇ ਆਪਣਾ ਖਿਆਲ ਬਦਲ ਦਿਤਾ ਹੈ ਅਤੇ ਹੁਣ ਫੇਰ ਮਨਮੁਖ ਸਿੰਘ ਨੂੰ ਕਾਰੋਬਾਰ ਵਾਸਤੇ ਰੁਪਿਆ ਦੇਣ ਲਈ ਤਿਆਰ ਹੈ। ਮਨਮੁਖ ਸਿੰਘ ਨੂੰ ਬੜਾ ਅਸਚਰਜ ਹੋਇਆ ਅਤੇ ਦਿਲ ਵਿਚ ਸੋਚਣ ਲੱਗਾ ਕਿ ਇਸ ਨੂੰ ਕੀ ਹੋ ਗਿਆ ਹੈ? ਇਹ ਪੈਸੇ ਦਾ ਪੀਰ ਮੈਨੂੰ ਆਪ ਬੁਲਾ ਕੇ ਰੁਪਿਆ ਦੇਣ ਵਾਸਤੇ ਕਿਉਂ ਕਹਿ ਰਿਹਾ ਹੈ? ਪਰ ਭੁੱਖੇ ਨੂੰ ਰੋਟੀ ਮਿਲਣ ਉਤੇ ਇਹ ਖਿਆਲ ਘੱਟ ਹੀ ਆਉਂਦਾ ਹੈ ਕਿ ਇਹ ਕਿਥੋਂ ਤੇ ਕਿਉਂ ਆਈ ਹੈ? ਉਹ ਉਸ ਨੂੰ ਖਾਣ ਦੀ ਕਰਦਾ ਹੈ। ਇਸੇ ਤਰ੍ਹਾਂ ਮਨਮੁਖ ਸਿੰਘ ਨੇ ਸ਼ਾਹ ਨੂੰ ਪੁਛਿਆ, "ਸ਼ਾਹ ਜੀ, ਆਪ ਮੈਨੂੰ ਕਾਰੋਬਾਰ ਵਾਸਤੇ ਕਿਤਨਾ ਰੁਪਿਆ ਉਧਾਰ ਦੇ ਸਕਦੇ ਹੋ?"

ਜਿਤਨਾ ਤੇਰਾ ਜੀਅ ਕਰੇ, ਤੂੰ ਸਾਥੋਂ ਰੁਪਿਆ ਲੈ ਜਾ ਸਕਦਾ ਹੈਂ, ਅਸੀਂ ਤੇਰੇ ਵਰਗੇ ਭਲੇ ਮਾਣਸਾਂ ਵਾਸਤੇ ਰੁਪਏ ਲੈਣ ਦੀ ਹੱਦ ਨਹੀਂ ਰੱਖਦੇ। ਸ਼ਾਹ ਨੇ ਅੱਗੋਂ ਹੱਸ ਕੇ ਜਵਾਬ ਦਿਤਾ।

ਮਨਮੁਖ ਸਿੰਘ ਨੇ ਸ਼ਾਹ ਪਾਸੋਂ ਰੁਪਿਆ ਲੈ ਕੇ, ਮੁੜ ਕਾਰੋਬਾਰ



ਸ਼ੁਰੂ ਕੀਤਾ ਅਤੇ ਥੋੜ੍ਹੇ ਅਰਸੇ ਅੰਦਰ ਹੀ ਅਮੀਰ ਹੋ ਗਿਆ। ਹੁਣ ਉਸ ਦੇ ਘਰ ਵਿਚ ਮੁੜ ਦੌਲਤ ਸੀ, ਇਜ਼ਤ ਸੀ, ਖੁਸ਼ਹਾਲੀ ਸੀ। ਉਸ ਨੇ ਸ਼ਾਹ ਦਾ ਸਾਰਾ ਰੁਪਿਆ ਵਾਪਸ ਕਰ ਦਿਤਾ ਸੀ ਅਤੇ ਆਪਣਾ ਕਾਰੋਬਾਰ ਆਪਣੇ ਰੁਪਏ ਨਾਲ ਹੀ ਚਲਾਉਣ ਲੱਗਾ।

ਇਕ ਦਿਨ ਮਨਮੁਖ ਸਿੰਘ ਨੇ ਸ਼ਾਹ ਪਾਸ ਜਾ ਕੇ ਆਖਿਆ ਕਿ ਸ਼ਾਹ ਜੀ, ਮੇਰੀ ਮੁੜ ਸਵਾਤੀ ਫਿਰ ਜਾਣ ਦਾ ਅਸਲ ਕਾਰਨ ਤੁਸੀਂ ਹੋ, ਤੁਸੀਂ ਜੇਕਰ ਰੁਪਿਆ ਨਾ ਦੇਂਦੇ ਤਾਂ ਮੈਂ ਕਿਸ ਤਰ੍ਹਾਂ ਕਾਰੋਬਾਰ ਕਰਦਾ ਤੇ ਆਪਣੀ ਗਵਾਚੀ ਹੋਈ ਇਜ਼ਤ, ਦੌਲਤ ਤੇ ਜਾਇਦਾਦ ਮੁੜ ਹਾਸਲ ਕਰਦਾ? ਮੈਂ ਆਪ ਦਾ ਇਸ ਉਪਕਾਰ ਲਈ ਬੜਾ ਧੰਨਵਾਦੀ ਹਾਂ, ਮੈਂ ਆਪਣੀ ਖੁਸ਼ਹਾਲੀ ਦਾ ਸਭ ਤੋਂ ਵੱਡਾ ਕਾਰਣ ਆਪ ਨੂੰ ਸਮਝਦਾ ਹਾਂ।

ਸ਼ਾਹ ਨੇ ਮਨਮੁਖ ਸਿੰਘ ਦੀ ਗੱਲ ਨੂੰ ਕਟਦਿਆਂ ਹੋਇਆਂ ਜਵਾਬ ਦਿਤਾ, ਮਨਮੁਖ ਸਿੰਘ! ਤੈਨੂੰ ਇਹ ਭੁਲੇਖਾ ਹੈ ਕਿ ਮੈਂ ਤੈਨੂੰ ਰੁਪਿਆ ਦੇ ਕੇ ਤੇਰੀ ਮਦਦ ਕੀਤੀ। ਤੇਰੀ ਮਾਲੀ ਹਾਲਤ ਇਤਨੀ ਖਰਾਬ ਹੋ ਚੁੱਕੀ ਸੀ ਕਿ ਤੈਨੂੰ ਰੁਪਿਆ ਦੇਣਾ ਮੈਂ ਆਪਣਾ ਧਨ ਖਤਰੇ ਵਿਚ ਫਸਾਣਾ ਸਮਝਦਾ ਸੀ। ਇਹ ਸਭ ਕੁਝ, ਜੋ ਮੈਂ ਕੀਤਾ ਹੈ, ਸਰਦਾਰ ਸੰਤ ਸਿੰਘ ਤੇਰੇ ਗਵਾਂਢੀ ਦੀ ਪ੍ਰੇਰਨਾ ਕਰਕੇ ਕੀਤਾ ਹੈ। ਉਹ ਕਿਸੇ ਰਾਜੇ ਦਾ ਵਜ਼ੀਰ ਹੈ ਤੇ ਇਸ ਦੇਸ ਵਿਚ ਕਿਸੇ ਖਾਸ ਕੰਮ ਲਈ ਆਇਆ ਹੋਇਆ ਹੈ। ਉਸਦੇ ਮੇਰੇ ਪਾਸ ਲੱਖਾਂ ਰੁਪਏ ਜਮ੍ਹਾਂ ਰਹਿੰਦੇ ਹਨ ਅਤੇ ਉਸ ਨੇ ਤੇਰੀ ਜ਼ਮਾਨਤ ਦੇ ਕੇ ਆਖਿਆ ਸੀ ਕਿ ਜੇਕਰ ਤੈਨੂੰ ਘਾਟਾ ਪਵੇਗਾ ਤਾਂ ਇਹ ਉਸ ਦੇ ਰੁਪਏ ਵਿਚੋਂ ਪੂਰਾ ਕੀਤਾ ਜਾਵੇ। ਇਹ ਸਭ ਕੁਝ ਜੋ ਤੇਰੇ ਤੇ ਉਪਕਾਰ ਹੋਇਆ ਹੈ, ਸਰਦਾਰ ਸੰਤ ਸਿੰਘ ਦਾ ਹੈ, ਤੈਨੂੰ ਉਸ ਦਾ ਹੀ ਧੰਨਵਾਦੀ ਹੋਣਾ ਚਾਹੀਦਾ ਹੈ।

ਜਦ ਮਨਮੁਖ ਸਿੰਘ ਨੂੰ ਆਪਣੇ ਗਵਾਂਢੀ ਦੇ ਆਪਣੇ ਨਾਲ ਕੀਤੇ ਐਡੇ ਵੱਡੇ ਉਪਕਾਰ ਦਾ ਪਤਾ ਲੱਗਾ ਤਾਂ ਫੌਰਨ ਸਰਦਾਰ ਸੰਤ ਸਿੰਘ ਦੇ ਮਕਾਨ ਤੇ ਪਹੁੰਚਿਆ। ਅੱਗੇ ਸ: ਸੰਤ ਸਿੰਘ ਜੀ ਆਪਣੇ ਬਗੀਚੇ ਵਿਚ ਬੈਠੇ ਸਤਾਰ ਵਜਾ ਰਹੇ ਸਨ ਤੇ ਬੜੀ ਸੁਰੀਲੀ ਲੈਅ ਵਿਚ ਗਾ ਰਹੇ ਸਨ -

*ਗਉੜੀ ਮਹਲਾ ੫*
*ਅਪਨੇ ਲੋਭ ਕਉ ਕੀਨੋ ਮੀਤੁ॥*
*ਸਗਲ ਮਨੋਰਥ ਮੁਕਤਿ ਪਦੁ ਦੀਤੁ॥*

*ਐਸਾ ਮੀਤੁ ਕਰਹੁ ਸਭੁ ਕੋਇ॥*
*ਜਾ ਤੇ ਬਿਰਥਾ ਕੋਇ ਨ ਹੋਇ॥ ਰਹਾਉ॥*
*ਅਪੁਨੈ ਸੁਆਇ ਰਿਦੈ ਲੈ ਧਾਰਿਆ॥*
*ਦੂਖ ਦਰਦ ਰੋਗ ਸਗਲ ਬਿਦਾਰਿਆ॥*
*ਰਸਨਾ ਗੀਧੀ ਬੋਲਤ ਰਾਮ॥*
*ਪੂਰਨ ਹੋਏ ਸਗਲੇ ਕਾਮ॥*
*ਅਨਿਕ ਬਾਰ ਨਾਨਕ ਬਲਿਹਾਰਾ॥*
*ਸਫਲ ਦਰਸਨੁ ਗੋਬਿੰਦੁ ਹਮਾਰਾ॥* *ਅੰਕ - 195*

ਜਦ ਸ: ਸੰਤ ਸਿੰਘ ਨੇ ਇਹ ਅਰਸ਼ੀ ਸ਼ਬਦ ਖਤਮ ਕੀਤਾ ਤਾਂ ਮਨਮੁਖ ਸਿੰਘ ਨੇ ਹੱਥ ਜੋੜ ਕੇ ਆਖਿਆ, ਮਹਾਰਾਜ! ਮੈਨੂੰ ਸ਼ਾਹ ਨੇ ਸਾਰੀ ਗੱਲ ਦਸ ਦਿਤੀ ਹੈ, ਆਪ ਨੇ ਮੇਰੇ ਤੇ ਪਰਉਪਕਾਰ ਕੀਤਾ ਹੈ, ਮੇਰੀ ਵਿਗੜੀ ਸਵਾਰ ਦਿਤੀ ਹੈ। ਜੋ ਦੌਲਤ, ਇਜ਼ਤ ਤੇ ਸੁਖ ਮੈਂ ਮੁੜ ਹਾਸਲ ਕੀਤੇ ਹਨ, ਉਹ ਸਭ ਕੁਝ ਆਪ ਦੀ ਕਿਰਪਾ ਦਾ ਸਦਕਾ ਹੈ। ਦੱਸੋ ਮੈਂ ਆਪ ਦੀ ਕੀ ਸੇਵਾ ਕਰਾਂ? ਆਪ ਦਾ ਇਹ ਉਪਕਾਰ ਕਿਸ ਤਰ੍ਹਾਂ ਨਾਲ ਅਦਾ ਕਰਾਂ? ਮੇਰਾ ਤਨ, ਮਨ, ਧਨ ਸਭ ਆਪ ਦੀ ਸੇਵਾ ਲਈ ਹਾਜ਼ਰ ਹੈ।

ਸਰਦਾਰ ਸੰਤ ਸਿੰਘ ਨੇ, ਮਨਮੁਖ ਸਿੰਘ ਨੂੰ ਸੱਚੇ ਦਿਲੋਂ ਆਪਣਾ ਸ਼ੁਕਰੀਆ ਕਰਦੇ ਦੇਖ ਕੇ ਆਖਿਆ - ਮਿੱਤਰ ਮੈਂ ਤੇਰੇ ਨਾਲ ਕੋਈ ਉਪਕਾਰ ਨਹੀਂ ਕੀਤਾ, ਕੇਵਲ ਆਪਣੇ ਮਾਲਕ ਦਾ ਤੇਰੇ ਸਬੰਧੀ ਜੋ ਹੁਕਮ ਸੀ, ਉਹੀ ਬਜਾ ਲਿਆਇਆ ਹਾਂ, ਮੈਂ ਰਿਆਸਤ ਅਨੰਦਪੁਰ ਦੇ ਮਹਾਰਾਜ ਪ੍ਰਭੂ ਸਿੰਘ ਦਾ ਵਜ਼ੀਰ ਹਾਂ ਅਤੇ ਉਨ੍ਹਾਂ ਦੇ ਹੁਕਮ ਅਨੁਸਾਰ ਇਥੇ ਤੇਰੇ ਸ਼ਹਿਰ ਵਿਚ ਆਇਆ ਹੋਇਆ ਹਾਂ। ਤੈਨੂੰ ਸ਼ਾਇਦ ਯਾਦ ਨਾ ਹੋਵੇ ਕਿ ਤੂੰ ਤੇ ਮਹਾਰਾਜ ਪ੍ਰਭੂ ਸਿੰਘ ਜੀ ਛੋਟੀ ਉਮਰ ਵਿਚ ਇਕੱਠੇ ਖੇਡਦੇ ਰਹੇ ਹੋ ਅਤੇ ਇਕ ਦੂਸਰੇ ਦੇ ਬੜੇ ਮਿੱਤਰ ਸੀ ਪਰ ਤੂੰ ਅਜੇ ਬੱਚਾ ਹੀ ਸੀ ਜਦ ਤੇਰੇ ਪਿਤਾ ਨੇ ਅਨੰਦਪੁਰ ਦੀ ਰਿਆਸਤ ਛੱਡ ਕੇ ਤ੍ਰਿਸ਼ਨਾਗੜ੍ਹ ਦੀ ਰਿਆਸਤ ਵਿਚ ਆ ਕੇ ਰਿਹਾਇਸ਼ ਅਖਤਿਆਰ ਕਰ ਲੀਤੀ ਅਤੇ ਹਾਲਾਤ ਬਦਲ ਜਾਣ ਕਰ ਕੇ ਤੈਨੂੰ ਆਪਣੇ ਬਚਪਨ ਦਾ ਅਸਲੀ ਤੇ ਪਹਿਲਾ ਮਿਤਰ ਵੀ ਭੁੱਲ ਗਿਆ ਪਰ ਤੇਰੇ ਮਿੱਤਰ ਨੇ ਤੈਨੂੰ ਨਹੀਂ ਭੁਲਾਇਆ। ਉਸ ਨੇ ਮੈਨੂੰ ਤੇਰੀ ਖੋਜ ਵਿਚ ਇਥੇ ਭੇਜਿਆ ਹੈ ਤਾਕਿ ਤੈਨੂੰ ਲੱਭ ਕੇ ਸੁਖੀ ਬਨਾਣ ਵਿਚ ਜੋ ਕੁਝ ਵੀ ਕਰ ਸਕਾਂ, ਕਰਾਂ ਤੇ ਅਖੀਰ ਵਿਚ ਤੈਨੂੰ ਆਪਣੇ



ਨਾਲ ਅਨੰਦਪੁਰ ਵਿਚ ਮਹਾਰਾਜ ਦੇ ਪਾਸ ਲੈ ਚੱਲਾਂ। ਜਦ ਮੈਂ ਆ ਕੇ ਤੇਰੀ ਖਰਾਬ ਮਾਲੀ ਹਾਲਤ ਵੇਖੀ ਤੇ ਤੇਰੇ ਪਰਿਵਾਰ ਨੂੰ ਦੁਖੀ ਜੀਵਨ ਬਤੀਤ ਕਰਦਾ ਦੇਖਿਆ, ਤਾਂ ਉਸ ਵੇਲੇ ਤੈਨੂੰ ਅਨੰਦਪੁਰ ਜਾਣ ਵਾਸਤੇ ਇਸ ਲਈ ਨਾ ਆਖਿਆ ਕਿ ਤੂੰ ਆਪਣੇ ਪਰਿਵਾਰ ਨੂੰ ਦੁਖਾਂ ਤਕਲੀਫਾਂ ਵਿਚ ਛੱਡ ਕੇ ਸ਼ਾਇਦ ਮੇਰੇ ਨਾਲ ਚੱਲਣ ਲਈ ਤਿਆਰ ਨਾ ਹੋਵੇਂ, ਇਸ ਲਈ ਤੇਰੀ ਜ਼ਮਾਨਤ ਦਿਤੀ। ਹੁਣ ਤੇਰੇ ਕਾਰੋਬਾਰ ਦੀ ਤਰੱਕੀ ਹੋਣ ਕਰ ਕੇ ਤੇਰੀ ਦੁਨਿਆਵੀ ਜ਼ਿੰਦਗੀ ਸੁਖੀ ਹੋ ਗਈ ਹੈ, ਹੁਣ ਮੈਂ ਤੈਨੂੰ ਆਪਣੇ ਮਾਲਕ ਦਾ ਅਸਲ ਪੈਗਾਮ ਦਿੰਦਾ ਹਾਂ। ਉਹ ਚਾਹੁੰਦਾ ਹੈ ਕਿ ਤੂੰ ਮੁੜ ਅਨੰਦਪੁਰ ਦੀ ਰਿਆਸਤ ਵਿਚ ਆ ਜਾਵੇਂ ਅਤੇ ਉਸ ਦੇ ਨਜ਼ਦੀਕ ਉਸੇ ਤਰ੍ਹਾਂ ਰਹੇਂ ਜਿਵੇਂ ਬਚਪਨ ਵਿਚ ਤੁਸੀਂ ਇਕ ਦੂਸਰੇ ਦੇ ਨਜ਼ਦੀਕ ਪਰਮ ਖੁਸ਼ ਤੇ ਪਰਮ ਸੁਖ ਦੀ ਹਾਲਤ ਵਿਚ ਰਹਿੰਦੇ ਸੀ।

ਮਨਮੁਖ ਸਿੰਘ ਨੇ ਜਦ ਸੰਤ ਸਿੰਘ ਤੋਂ ਇਹ ਸਾਰੀ ਵਾਰਤਾ ਸੁਣੀ ਤਾਂ ਹੱਥ ਜੋੜ ਕੇ ਬੋਲਿਆ, ਮਹਾਰਾਜ ਪ੍ਰਭੂ ਸਿੰਘ ਜੀ ਦੀ ਬੜੀ ਕਿਰਪਾ ਹੈ ਜੋ ਉਨ੍ਹਾਂ ਨੇ ਮੇਰੇ ਵਾਸਤੇ ਇਤਨਾ ਕੁਝ ਕੀਤਾ ਹੈ, ਪਰ ਮੈਨੂੰ ਤਾਂ ਕੁਝ ਯਾਦ ਨਹੀਂ ਆਉਂਦਾ ਕਿ ਛੋਟੇ ਹੁੰਦੇ ਮੈਂ ਮਹਾਰਾਜਾ ਸਾਹਿਬ ਨਾਲ ਖੇਡਦਾ ਹੁੰਦਾ ਸੀ। ਤ੍ਰਿਸ਼ਨਾਗੜ੍ਹ ਵਿਚ ਆ ਕੇ ਮੇਰੇ ਪਿਤਾ 'ਹੰਕਾਰ' ਅਤੇ ਮੇਰੀ ਮਾਤਾ 'ਮਾਯਾ' ਨੇ ਹੀ ਮੈਨੂੰ ਪਾਲਿਆ ਤੇ ਵੱਡਾ ਕੀਤਾ, ਪਰ ਉਹਨਾਂ ਨੇ ਮੈਨੂੰ ਮੇਰੇ ਬਚਪਨ ਦੇ ਮਿੱਤਰ ਰਾਜਾ ਪ੍ਰਭੂ ਸਿੰਘ ਦੀ ਬਾਬਤ ਤਾਂ ਕੁਝ ਨਹੀਂ ਦੱਸਿਆ.....ਮੈਨੂੰ ਇਹ ਜ਼ਰੂਰ ਯਾਦ ਹੈ ਕਿ ਛੋਟੇ ਹੁੰਦਿਆਂ ਅਸੀਂ ਕਿਸੇ ਬੜੀ ਚੰਗੀ ਜਗ੍ਹਾ ਤੇ ਰਹਿੰਦੇ ਹੁੰਦੇ ਸੀ ਜਿਥੇ ਸਾਨੂੰ ਸਭ ਸੁਖ ਪ੍ਰਾਪਤ ਸਨ ਅਤੇ ਜਿਥੇ ਮੈਂ ਹੋਰ ਦੂਸਰੇ ਬਾਲਕਾਂ ਨਾਲ ਖੇਡਦਾ ਹੁੰਦਾ ਸੀ ਪਰ ਇਹ ਯਾਦ ਨਹੀਂ ਕਿ ਉਹ ਬਾਲਕ ਕੌਣ ਸਨ.....ਸ਼ਾਇਦ ਉਨ੍ਹਾਂ ਵਿਚ ਹੀ ਕੋਈ ਰਾਜਾ ਪ੍ਰਭੂ ਸਿੰਘ ਹੋਵੇ।

'ਹਾਂ ਉਸ ਵੇਲੇ ਮਹਾਰਾਜ ਪ੍ਰਭੂ ਸਿੰਘ ਬਾਲਕ ਅਵਸਥਾ ਵਿਚ ਸਨ, ਅਸੀਂ ਉਹਨਾਂ ਨੂੰ ਰਾਜਕੁਮਾਰ ਆਖਦੇ ਸੀ, ਪਰ ਹੁਣ ਉਹ ਮਹਾਰਾਜ ਹਨ ਅਤੇ ਆਪ ਨੂੰ ਯਾਦ ਕਰਦੇ ਹਨ, ਕੀ ਤੁਸੀਂ ਮੇਰੇ ਨਾਲ ਚੱਲੋਗੇ?'

ਜੀ ਹਾਂ, ਆਪ ਨਾਲ ਆਪਣੇ ਉਸ ਮਿੱਤਰ ਨੂੰ ਮਿਲਣ ਵਾਸਤੇ ਜ਼ਰੂਰ ਚਲਾਂਗਾ ਜਿਸ ਨੇ ਮੇਰੇ ਭੁੱਲਣ ਉਤੇ ਵੀ ਮੈਨੂੰ ਨਹੀਂ ਭੁਲਾਇਆ,

ਜਿਸ ਨੇ ਆਪ ਨੂੰ ਮੇਰੀ ਤਲਾਸ਼ ਵਿਚ ਅਨੰਦਪੁਰ ਤੋਂ ਤ੍ਰਿਸ਼ਨਾਗੜ੍ਹ ਵਿਚ ਭੇਜਿਆ ਅਤੇ ਜਿਸ ਮਿੱਤਰ ਨੇ ਆਪ ਦੇ ਰਾਹੀਂ ਮੇਰੀ ਦੁਖੀ ਜ਼ਿੰਦਗੀ ਨੂੰ ਸੁਖ ਵਿਚ ਬਦਲ ਦਿਤਾ ਹੈ।

ਸੰਤ ਸਿੰਘ - ਅਗਰ ਆਪ ਦੇ ਦਿਲ ਵਿਚ ਮਹਾਰਾਜ ਪ੍ਰਭੂ ਸਿੰਘ ਨੂੰ ਮਿਲਣ ਦਾ ਸੱਚੀ ਮੁਚੀ ਚਾਉ ਉਪਜਿਆ ਹੈ ਤਾਂ ਮੇਰੀ ਵਲੋਂ ਆਪ ਨੂੰ ਵਧਾਈ ਹੋਵੇ ਕਿਉਂਕਿ ਆਪ ਧੰਨ ਭਾਗੋ ਹੋ, ਆਪ ਦੀ ਜਿਵੇਂ ਬਾਹਰ ਦੀ ਜ਼ਿੰਦਗੀ ਸੁਖੀ ਹੋ ਗਈ ਹੈ, ਉਸੇ ਤਰ੍ਹਾਂ ਅਨੰਦਪੁਰ ਵਿਚੇ ਪਹੁੰਚ ਕੇ ਆਪ ਦਾ ਮਨ ਤੇ ਆਤਮਾ ਵੀ ਸੁਖੀ ਹੋ ਜਾਣਗੇ। ਤੁਸੀਂ ਮਹਾਰਾਜ ਪ੍ਰਭੂ ਸਿੰਘ ਦੇ ਮਿੱਤਰ ਦੀ ਹੈਸੀਅਤ ਵਿਚ ਉਨ੍ਹਾਂ ਦੀ ਸਾਰੀ ਰਿਆਸਤ ਤੇ ਰਾਜ ਕਰੋਗੇ। ਕੀ ਮੈਂ ਅੱਜ ਤੋਂ ਮਨਮੁਖ ਸਿੰਘ ਦੀ ਬਜਾਏ ਆਪ ਨੂੰ ਹੋਰ ਕਿਸੇ ਨਾਮ ਤੋਂ ਬੁਲਾ ਸਕਦਾ ਹਾਂ?

ਮਨਮੁਖ ਸਿੰਘ - ਜੀ ਮੇਰਾ ਹੋਰ ਕੀ ਨਾਮ ਰੱਖਣਾ ਚਾਹੁੰਦੇ ਹੋ?

ਸੰਤ ਸਿੰਘ - ਮੈਂ ਆਪ ਨੂੰ ਅੱਜ ਤੋਂ ਗੁਰਮੁਖ ਸਿੰਘ ਕਹਿ ਕੇ ਬੁਲਾਵਾਂਗਾ। ਇਹ ਮਨਮੁਖ ਸਿੰਘ ਨਾਮ ਸਾਡੇ ਅਨੰਦਪੁਰਖ ਦੀ ਰਿਆਸਤ ਵਿਚ ਬੜਾ ਅਸ਼ੁਭ ਗਿਣਿਆ ਜਾਂਦਾ ਹੈ।

ਮਨਮੁਖ ਸਿੰਘ ਨੇ ਹੱਥ ਜੋੜ ਕੇ ਆਖਿਆ, ਆਪ ਦੇ ਮੇਰੇ ਤੇ ਇਤਨੇ ਉਪਕਾਰ ਹਨ ਕਿ ਮੈਂ ਆਪ ਦੇ ਸਾਮ੍ਹਣੇ 'ਨਾਂਹ' ਨਹੀਂ ਕਹਿ ਸਕਦਾ। ਜੋ ਜੀਅ ਕਰੇ, ਮੈਨੂੰ ਕਹਿ ਕੇ ਬੁਲਾਵੋ, ਮੈਨੂੰ ਮਨਜ਼ੂਰ ਹੈ।

ਸੰਤ ਸਿੰਘ - ਗੁਰਮੁਖ ਸਿੰਘ ਜੀ, ਤਦ ਫੇਰ ਤੁਸੀਂ ਅਨੰਦਪੁਰ ਚੱਲਣ ਦੀ ਤਿਆਰੀ ਅਰੰਭ ਦੇਵੋ। ਜਦ ਆਪ ਦੀ ਤਿਆਰੀ ਪੂਰੀ ਹੋ ਜਾਵੇਗੀ ਤਦ ਮੈਂ ਆਪ ਨੂੰ ਉਥੇ ਲੈ ਚਲਾਂਗਾ। ਅਨੰਦਪੁਰ ਦੀ ਰਿਆਸਤ, ਤ੍ਰਿਸ਼ਨਾਗੜ੍ਹ ਦੀ ਰਿਆਸਤ ਨਾਲੋਂ ਬਹੁਤ ਉਪਰ ਪਹਾੜਾਂ ਵਿਚ ਹੈ। ਰਸਤੇ ਵਿਚ ਬੜੀ ਚੜ੍ਹਾਈ ਚੜ੍ਹਨੀ ਪਵੇਗੀ, ਕਈ ਸੰਘਣੇ ਜੰਗਲ ਅਤੇ ਉਹਨਾਂ ਵਿਚ ਰਹਿਣ ਵਾਲੇ ਦਰਿੰਦੇ ਮਿਲਣਗੇ, ਕਈ ਨਦੀ ਨਾਲੇ ਲੰਘਣੇ ਪੈਣਗੇ, ਇਹ ਸਫਰ ਬੜਾ ਬਿਖੜਾ ਹੈ। ਇਸ ਲਈ ਇਸ ਸਫਰ ਦੀ ਪੂਰੀ ਤਿਆਰੀ ਕਰ ਕੇ ਹੀ ਚੱਲਣਾ ਚਾਹੀਦਾ ਹੈ। ਪਰ ਘਬਰਾਉਣਾ ਨਹੀਂ, ਮੈਂ ਕਈ ਵਾਰੀ ਇਸ ਰਸਤੇ ਥਾਣੀਂ ਆਇਆ ਗਿਆ ਹਾਂ, ਆਪ ਦੇ ਨਾਲ ਚੱਲਾਂਗਾ - ਇਸ ਲਈ ਚਿੰਤਾ ਕੀ ਕੋਈ ਗੱਲ ਨਹੀਂ। ਜਦ ਆਪ ਦੀ ਤਿਆਰੀ ਪੂਰੀ ਹੋ ਜਾਵੇ, ਅਸੀਂ ਦੋਵੇਂ ਅਨੰਦਪੁਰ ਦਾ ਸਫ਼ਰ ਸ਼ੁਰੂ ਕਰ ਦੇਵਾਂਗੇ।



ਪਹਿਲੇ ਪਹਿਲ ਤਾਂ ਸੰਤ ਸਿੰਘ ਤੇ ਗੁਰਮੁਖ ਸਿੰਘ ਨੇ ਰੇਲ ਗੱਡੀ ਦਾ ਸਫ਼ਰ ਕੀਤਾ, ਫੇਰ ਘੋੜਾ ਗੱਡੀ ਦਾ, ਫੇਰ ਘੋੜੇ ਤੇ ਖੱਚਰਾਂ ਦੇ ਜ਼ਰੀਏ ਕੁਝ ਵਾਟ ਕੱਟੀ, ਐਪਰ ਅੱਗੇ ਜਾ ਕੇ ਸੜਕ ਇਤਨੀ ਛੋਟੀ ਹੋ ਗਈ ਕਿ ਮਸਾਂ ਇਕ ਆਦਮੀ ਹੀ ਚਲ ਸਕਦਾ ਸੀ। ਘੋੜੇ ਖੱਚਰਾਂ ਦਾ ਕੰਮ ਵੀ ਨਾ ਰਿਹਾ। ਇਹਨਾਂ ਦੋਹਾਂ ਨੂੰ ਪੈਦਲ ਹੀ ਤੁਰਨਾ ਪਿਆ ਅਤੇ ਸਾਰਾ ਸਾਰਾ ਦਿਨ ਤੁਰਦਿਆਂ ਗੁਜ਼ਰ ਜਾਵੇ ਅਤੇ ਥੱਕ ਟੁੱਟ ਕੇ ਸ਼ਾਮ ਨੂੰ ਜੰਗਲ ਵਿਚ ਹੀ ਰਾਤ ਕੱਟਣੀ ਪਵੇ। ਗੁਰਮੁਖ ਸਿੰਘ ਕਈ ਵਾਰ ਇਤਨਾ ਥੱਕ ਜਾਂਦਾ ਕਿ ਦਿਲ ਵਿਚ ਸੋਚਦਾ ਕਿ ਜੇ ਮੈਨੂੰ ਪਹਿਲੇ ਪਤਾ ਹੁੰਦਾ ਕਿ ਅਨੰਦਪੁਰ ਦਾ ਸਫਰ ਇਤਨਾ ਬਿਖੜਾ ਹੈ ਤਾਂ ਸ਼ਾਇਦ ਆਉਂਦਾ ਹੀ ਨਾ। ਪਰ ਸੰਤ ਸਿੰਘ ਉਸ ਦੇ ਚਿਹਰੇ ਦੀ ਉਦਾਸੀ ਤੱਕ ਕੇ ਉਸ ਨੂੰ ਸਦਾ ਧੀਰਜ ਦੇਂਦਾ ਤੇ ਆਖਦਾ ਆਪ ਤਾਂ ਜਵਾਨ ਹੋ, ਦੇਖੋ ਮੈਂ ਤੁਹਾਡੇ ਨਾਲੋਂ ਵਡੇਰੀ ਉਮਰ ਦਾ ਬੰਦਾ ਹੋ ਕੇ ਵੀ ਨਾ ਥੱਕਦਾ ਹਾਂ, ਨਾ ਘਬਰਾਂਦਾ ਹਾਂ, ਇਹ ਸਫ਼ਰ ਪਹਿਲੇ ਹਿੱਸਿਆਂ ਵਿਚ ਇਸੇ ਤਰ੍ਹਾਂ ਬਿਖੜਾ ਜਾਪਦਾ ਹੈ ਅਤੇ ਜਦ ਮੈਂ ਵੀ ਪਹਿਲੇ ਪਹਿਲ ਇਸ ਨੂੰ ਤੈਅ ਕੀਤਾ ਤਾਂ ਤੁਹਾਡੇ ਵਾਂਗਰ ਹੀ ਮੇਰਾ ਵੀ ਹਾਲ ਹੁੰਦਾ ਸੀ ਪਰ ਸਫ਼ਰ ਦੇ ਪਹਿਲੇ ਹਿੱਸੇ ਨੂੰ ਕੱਟ ਲੈਣ ਨਾਲ ਅਗਲਾ ਹਿੱਸਾ ਬੜਾ ਸੁਹਾਵਣਾ ਤੇ ਅਨੰਦ-ਦਾਇਕ ਹੋਵੇਗਾ। ਉਸ ਵੇਲੇ ਤੁਸੀਂ ਖ਼ੁਸ਼ ਹੋਵੋਗੇ ਕਿ ਤੁਸੀਂ ਇਹ ਸਫ਼ਰ ਅਰੰਭ ਕੀਤਾ। ਕਈ ਵਾਰੀ ਗੁਰਮੁਖ ਸਿੰਘ ਅਤੇ ਸੰਤ ਸਿੰਘ ਦੀ ਆਪਸ ਵਿਚ ਇਸ ਤਰ੍ਹਾਂ ਦੀ ਗੱਲਬਾਤ ਹੁੰਦੀ।

ਗੁਰਮੁਖ ਸਿੰਘ - ਆਪ ਆਖਦੇ ਹੋ ਕਿ ਅਨੰਦਪੁਰ ਦਾ ਰਾਜਾ ਪ੍ਰਭੂ ਸਿੰਘ ਬੜਾ ਚੰਗਾ ਹੈ ਅਤੇ ਜਿਹੜਾ ਉਸ ਨੂੰ ਮਿਲਣ ਲਈ ਆਵੇ ਉਸ ਵਾਸਤੇ ਬੜੀਆਂ ਰਸਤੇ ਦੀਆਂ ਸਹੂਲਤਾਂ ਪੈਦਾ ਕਰਦਾ ਹੈ ਪਰ ਉਸ ਮੇਰੇ ਲਈ ਤਾਂ ਕੋਈ ਸਹੂਲਤ ਪੈਦਾ ਨਹੀਂ ਕੀਤੀ ਜਾਪਦੀ? ਦੇਖੋ ਮੇਰੇ ਪੈਰਾਂ ਵਿਚ ਛਾਲੇ ਤੇ ਸਰੀਰ ਦਾ ਜੋੜ ਜੋੜ ਹੰਬਿਆ ਪਿਆ ਹੈ, ਪੈਦਲ ਤੁਰਨਾ ਪੈਂਦਾ ਹੈ, ਇਤਨਾ ਚੜ੍ਹਾਈ ਵਿਚ ਕਿਤੇ ਬੈਠ ਕੇ ਸਾਹ ਲੈਣ ਦਾ ਇੰਤਜ਼ਾਮ ਨਹੀਂ। ਮੇਰੇ ਲਈ ਤਾਂ ਰਾਜਾ ਸਾਹਿਬ ਵਲੋਂ ਕਿਸੇ ਸਹੂਲਤ ਦਾ ਪ੍ਰਬੰਧ ਨਹੀਂ ਕੀਤਾ ਗਿਆ ਜਾਪਦਾ?

ਸੰਤ ਸਿੰਘ - ਰਾਜਾ ਪ੍ਰਭੂ ਸਿੰਘ ਜੀ ਦਾ ਇਹ ਅਸੂਲ ਹੈ ਕਿ ਉਸ ਨੂੰ ਮਿਲਣ ਆਉਣ ਵਾਲੇ ਮਿੱਤਰ ਆਪ ਆਪਣੀ ਹਿੰਮਤ ਨਾਲ ਆਪਣੇ ਪੈਰਾਂ ਤੇ ਚੱਲ ਕੇ ਆਉਣ ਅਤੇ ਸਫ਼ਰ ਦੀ ਹਰ ਇਕ ਇੰਚ

ਆਪ ਤੁਰਨ। ਇਸ ਵਿਚ ਉਹ ਕਿਸੇ ਦਾ ਲਿਹਾਜ਼ ਨਹੀਂ ਕਰਦੇ, ਪਰ ਆਪਣੇ ਮਿਲਣ ਆਉਣ ਵਾਲੇ ਮਿੱਤਰਾਂ ਦੀ ਸਹਾਇਤਾ ਕਰਦੇ ਹਨ ਕਿ ਉਹਨਾਂ ਨੂੰ ਲਿਆਉਣ ਵਾਸਤੇ ਅਤੇ ਸਫ਼ਰ ਦੀਆਂ ਸਾਰੀਆਂ ਮੰਜ਼ਲਾਂ ਵਿਚੋਂ ਲੰਘਣ ਵੇਲੇ ਉਹਨਾਂ ਦੇ ਨਾਲ ਰਹਿਣ ਵਾਸਤੇ ਤਜਰਬੇਕਾਰ ਤੇ ਸਫ਼ਰ ਦੇ ਟੋਟੇ ਟੋਟੇ ਤੋਂ ਜਾਣੂ, ਵਜ਼ੀਰਾਂ, ਮੁਸਾਹਿਬਾਂ ਨੂੰ ਭੇਜ ਦਿੰਦੇ ਹਨ। ਇਹ ਠੀਕ ਹੈ ਕਿ ਆਪ ਤੁਰਦੇ ਥੱਕ ਜਾਂਦੇ ਹੋ, ਆਪ ਦਾ ਕਿਤੇ ਕਿਤੇ ਪੈਰ ਵੀ ਨੀਵੇਂ ਉਚੇ ਹੋ ਜਾਂਦਾ ਹੈ, ਠੋਹਕਰਾਂ ਵੀ ਲਗਦੀਆਂ ਹਨ, ਨਿਰਾਸਤਾ ਵੀ ਆਉਂਦੀ ਹੈ, ਪਰ ਮੇਰੇ ਨਾਲ ਹੋਣ ਕਰਕੇ, ਆਪ ਸਫ਼ਰ ਦਾ ਕਠਨ ਹਿੱਸਾ ਤੈਅ ਵੀ ਤਾਂ ਕਰ ਰਹੇ ਹੋ। ਇਹ ਥਕਾਵਟ ਅੱਗੇ ਚੱਲ ਕੇ ਦੂਰ ਹੋ ਜਾਵੇਗੀ। ਸਫਰ ਦੇ ਅਗਲੇ ਹਿਸੇ ਬੜੇ ਸੁਹਾਵਣੇ ਹਨ, ਇਥੋਂ ਤੱਕ ਸੁਹਾਵਣੇ ਹਨ ਕਿ ਕਈ ਮੁਸਾਫ਼ਰ ਉਹਨਾਂ ਨੂੰ ਅਨੰਦਪੁਰ ਸਮਝ ਕੇ ਅਗਾਹਾਂ ਜਾਣਾ ਹੀ ਨਹੀਂ ਚਾਹੁੰਦੇ। ਜਿਥੇ ਤੁਹਾਨੂੰ ਇਹਨਾਂ ਤਕਲੀਫਾਂ ਤੋਂ ਥਕਾਵਟ ਤੋਂ ਘਬਰਾਣਾ ਨਹੀਂ ਚਾਹੀਦਾ, ਉਤੇ ਆਪ ਨੂੰ ਸਫ਼ਰ ਦੇ ਅਗਲੇ ਸੁਹਾਵਣੇ ਹਿੱਸਿਆਂ ਵਿਚੋਂ ਲੰਘਣ ਵੇਲੇ ਦਿਲ ਨੂੰ ਭਰਮਣ ਤੋਂ ਰੋਕਣਾ ਪਵੇਗਾ। ਮੈਂ ਆਪ ਨੂੰ ਹੁਣੇ ਤੋਂ ਹੀ ਖ਼ਬਰਦਾਰ ਕਰਨਾ ਚਾਹੁੰਦਾ ਹਾਂ।

## ੨

ਗੁਰਮੁਖ ਸਿੰਘ ਦਾ, ਸਫ਼ਰ ਦੀਆਂ ਅਗਲੀਆਂ ਸੁਹਾਵਣੀਆਂ ਮੰਜ਼ਲਾਂ ਦਾ ਹਾਲ ਸੁਣ ਕੇ, ਪਿਛਲਾ ਥਕੇਵਾਂ ਕੁਝ ਘਟ ਜਾਂਦਾ ਅਤੇ ਸਫ਼ਰ ਕਾਇਮ ਰੱਖਣ ਦਾ ਉਤਸ਼ਾਹ ਵਧ ਜਾਂਦਾ। ਸੰਤ ਸਿੰਘ ਉਸ ਨੂੰ ਇਸੇ ਤਰ੍ਹਾਂ ਦਿਲਬਰੀਆਂ ਦੇਂਦਾ ਤੇ ਹੌਸਲਾ ਵਧਾਂਦਾ ਆਪਣੇ ਨਾਲ ਅਗਾਂਹ ਦੀ ਅਗਾਂਹ, ਉਚੇ ਹੀ ਉਚੇ ਲੈ ਜਾਂਦਾ ਗਿਆ। ਇਕ ਦਿਨ ਕੀ ਦੇਖਦੇ ਹਨ ਕਿ ਇਕ ਪਹਾੜ ਦੀ ਉਚਾਈ ਖਤਮ ਹੋਣ ਵਿਚ ਅਤੇ ਦੂਸਰੇ ਉਸ ਤੋਂ ਉਚੇ ਪਹਾੜ ਦੀ ਚੜ੍ਹਾਈ ਸ਼ੁਰੂ ਹੋਣ ਦੇ ਵਿਚਕਾਰ ਇਕ ਬੜਾ ਸੁੰਦਰ ਬਗੀਚਾ ਤੇ ਬਗੀਚੇ ਵਿਚ ਸੁੰਦਰ ਬੰਗਲਾ ਬਣਿਆ ਹੋਇਆ ਹੈ। ਗੁਰਮੁਖ ਸਿੰਘ ਦੀ ਐਸਾ ਰਮਣੀਕ ਅਸਥਾਨ ਵੇਖ ਕੇ ਜਾਨ ਵਿਚ ਜਾਨ ਆਈ ਅਤੇ ਸੰਤ ਸਿੰਘ ਦੇ ਬਚਨਾਂ ਉਤੇ ਵਧੇਰੇ ਵਿਸ਼ਵਾਸ਼ ਜੰਮਿਆ। ਉਸ ਨੇ ਸੋਚਿਆ ਕਿ ਸ਼ੁਕਰ ਹੈ ਸਫ਼ਰ ਦਾ ਸਭ ਤੋਂ ਕਠਨ ਹਿੱਸਾ ਤਾਂ ਖਤਮ ਹੋਇਆ ਹੈ। ਸੰਤ ਸਿੰਘ ਤੇ ਗੁਰਮੁਖ ਸਿੰਘ ਦੋਵੇਂ ਇਸ ਬਗੀਚੇ ਵਿਚ ਦਾਖ਼ਲ ਹੋਏ। ਅੱਗੋਂ ਮਾਲੀਆਂ ਨੇ ਸੰਤ ਸਿੰਘ ਨੂੰ ਪਛਾਣ ਕੇ, ਬੜਾ ਆਦਰ ਕੀਤਾ ਅਤੇ ਬੰਗਲੇ ਵਿਚ ਨਾਲ



ਲੈ ਗਏ। ਗੁਰਮੁਖ ਸਿੰਘ ਦੀ ਖਾਤਰ ਹੋਣੀ ਸ਼ੁਰੂ ਹੋਈ। ਜੋ ਖਾਣ ਪੀਣ ਨੂੰ ਮੰਗੇ ਹਾਜ਼ਰ ਹੋ ਜਾਂਦਾ, ਆਰਾਮ ਕਰਨ ਨੂੰ ਮਖਮਲ ਦੇ ਗੁਦਗੁਦੇ ਗਦੇਲੇ, ਸੈਰ ਕਰਨ ਨੂੰ ਸੋਹਣਾ ਪਹਾੜੀ ਨਜ਼ਾਰਾ ਤੇ ਬਗੀਚੇ ਦੀ ਸੈਰ। ਗੁਰਮੁਖ ਸਿੰਘ ਨੇ ਇਸ ਅਸਥਾਨ ਦੇ ਵਸਨੀਕਾਂ ਵਿਚ ਇਕ ਇਹ ਬੜੀ ਅਜੀਬ ਗੱਲ ਦੇਖੀ ਕਿ ਉਹ ਉਸ ਦੇ ਮੂੰਹੋਂ ਜੋ ਕੁਝ ਨਿਕਲਦਾ ਫੌਰਨ ਹਾਜ਼ਰ ਕਰ ਦੇਂਦੇ। ਇਗ ਜਾਪਦਾ ਸੀ ਕਿ ਉਸ ਮਹਲ ਦੇ ਸਾਰੇ ਆਦਮੀ ਤਾੜਦੇ ਤੇ ਉਡੀਕਦੇ ਰਹਿੰਦੇ ਕਿ ਗੁਰਮੁਖ ਸਿੰਘ ਕਦੋਂ ਕੋਈ ਚੀਜ਼ ਮੂੰਹੋਂ ਮੰਗੇ ਤੇ ਉਹ ਹਾਜ਼ਰ ਕਰਨ।

ਬਗੀਚੇ ਵਿਚ ਟਹਿਲਦਿਆਂ ਇਕ ਦਿਨ ਗੁਰਮੁਖ ਸਿੰਘ ਦੀ ਬੰਗਲੇ ਦੀ ਡਿਉੜ੍ਹੀ ਉਤੇ ਲਿਖੇ ਮੋਟੇ ਅੱਖਰਾਂ ਵਲ ਨਜ਼ਰ ਪਈ। ਜਾਂ ਉਸ ਨੇ ਕੋਲ ਜਾ ਕੇ ਚੰਗੀ ਤਰ੍ਹਾਂ ਦੇਖਿਆ ਤਾਂ ਉਸ ਨੂੰ ਪਤਾ ਲੱਗਾ ਕਿ ਇਹ ਤਾਂ ਉਸ ਦੀ ਆਪਣੀ ਮਾਤ ਭਾਸ਼ਾ ਵਿਚ ਲਿਖੇ ਇਸ ਪ੍ਰਕਾਰ ਦੇ ਅੱਖਰ ਹਨ -

*ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ*
*ਬਾਰਿਕੁ ਮੁਖਿ ਮਾਂਗੈ ਸੋ ਦੇਨਾ॥* *ਅੰਕ - 1266*

ਗੁਰਮੁਖ ਸਿੰਘ ਨੂੰ ਹੁਣ ਇਹ ਸਮਝ ਆਈ ਕਿ ਕਿਉਂ ਉਸ ਬੰਗਲੇ ਵਿਚ ਆਏ ਮੁਸਾਫ਼ਰਾਂ ਦੀ ਉਸ ਬੰਗਲੇ ਦੇ ਨੌਕਰਾਂ ਚਾਕਰਾਂ ਵਲੋਂ ਇਤਨੀ ਖਾਤਰ ਤਵਾਜ਼ਿਆ ਕੀਤੀ ਜਾਂਦੀ ਹੈ? ਕਿਉਂ ਇਤਨਾ ਖਿਆਲ ਰੱਖਿਆ ਜਾਂਦਾ ਹੈ? ਉਸ ਨੇ ਸੰਤ ਸਿੰਘ ਨਾਲ ਵੀ ਅਗਲੇ ਭਲਕ ਇਹ ਗੱਲ ਕੀਤੀ ਜਿਸ ਦੇ ਉਤਰ ਵਿਚ ਸੰਤ ਸਿੰਘ ਨੇ ਆਖਿਆ ਕਿ ਹਾਂ ਗੁਰਮੁਖ ਸਿੰਘ ਜੀ, ਅਨੰਦਪੁਰ ਨੂੰ ਜਾਣ ਵਾਲੇ ਸਾਰੇ ਮੁਸਾਫਰਾਂ ਨੂੰ ਸਫ਼ਰ ਦੀ ਪਹਿਲੀ ਕਠਨ ਮੰਜ਼ਿਲ (ਜੋ ਕਿ ਆਪ ਨੇ ਤੈਅ ਕਰ ਲਈ ਹੈ) ਤੈਅ ਕਰ ਲੈਣ ਉਤੇ ਪਹਿਲੇ ਇਸ ਪੜਾਅ ਉਤੇ ਆਉਣਾ ਪੈਂਦਾ ਹੈ। ਇਥੇ ਆ ਕੇ ਸਾਹ ਤੇ ਅਨੰਦ ਲੈਣ ਮਗਰੋਂ ਕਈ ਮੁਸਾਫਰ ਤਾਂ ਅੱਗੇ ਜਾਣਾ ਹੀ ਭੁੱਲ ਜਾਂਦੇ ਹਨ ਪਰ ਕਈ ਮੁਸਾਫ਼ਰ ਇਸ ਨੂੰ ਅਨੰਦਪੁਰ ਦੇ ਸਫ਼ਰ ਦਾ ਇਕ ਮਾਮੂਲੀ ਪੜਾਅ ਸਮਝ ਕੇ ਆਪਣਾ ਸਫ਼ਰ ਕਾਇਮ ਰਖਦੇ ਹਨ। ਤੁਸੀਂ ਦੱਸੋ ਹੁਣ ਤੁਹਾਡਾ ਕੀ ਖਿਆਲ ਹੈ? ਜੇਕਰ ਆਪ ਦਾ ਖਿਆਲ ਵੀ ਇਥੇ ਹੀ ਟਿਕ ਜਾਣ ਦਾ ਹੋਵੇ ਤਾਂ ਮੈਨੂੰ ਮਹਾਰਾਜ ਪ੍ਰਭੂ ਸਿੰਘ ਜੀ ਵਲੋਂ ਆਗਿਆ ਹੈ ਕਿ ਆਪ ਨੂੰ ਇਥੇ ਹੀ ਛੱਡ ਦੇਵਾਂ ਅਤੇ ਅੱਗੇ ਜਾਣ ਲਈ ਮਜ਼ਬੂਰ ਨਾ ਕਰਾਂ।

ਗੁਰਮੁਖ ਸਿੰਘ ਨੇ ਆਪਣੇ ਦਿਲ ਵਿਚ ਵਿਚਾਰਿਆ ਕਿ ਜਿਸ ਮਹਾਰਾਜਾ ਪ੍ਰਭੂ ਸਿੰਘ ਨੇ ਆਪਣਾ ਵਜ਼ੀਰ ਭੇਜ ਕੇ ਮੇਰੀ ਤ੍ਰਿਸ਼ਨਾਗੜ੍ਹ ਵਿਖੇ ਬੁਰੀ ਤੇ ਲਾਚਾਰ ਹਾਲਤ ਨੂੰ ਸੁਧਾਰਿਆ ਅਤੇ ਫਿਰ ਸੰਤ ਸਿੰਘ ਦੇ ਜ਼ਰੀਏ ਮੈਨੂੰ ਆਪਣੀ ਰਾਜਧਾਨੀ 'ਅਨੰਦਪੁਰ' ਵਿਖੇ ਆਉਣ ਦਾ ਸੱਦਾ ਦਿਤਾ ਉਸ ਮਹਾਰਾਜ ਨੂੰ ਮਿਲਣ ਲਈ ਸਫ਼ਰ ਅਰੰਭ ਕੇ ਅਤੇ ਸਫ਼ਰ ਦਾ ਇਤਨਾ ਕਠਨ ਹਿੱਸਾ ਤ੍ਰੈਅ ਕਰ ਕੇ ਹੁਣ ਆਪਣਾ ਖਿਆਲ ਬਦਲ ਦੇਣਾ ਮੇਰੇ ਲਈ ਮੁਨਾਸਬ ਨਹੀਂ। ਮਹਾਰਾਜ ਪ੍ਰਭੂ ਸਿੰਘ ਜਦ ਸੁਣਨਗੇ ਕਿ ਮੈਂ ਉਹਨਾਂ ਵਲ ਆਉਂਦਾ-ਆਉਂਦਾ ਰਸਤੇ ਵਿਚ ਲੀਨ ਹੋ ਕੇ, ਅੱਗੇ ਆਉਣਾ ਤੇ ਉਹਨਾਂ ਨੂੰ ਮਿਲਣਾ ਭੁੱਲ ਗਿਆ, ਤਾਂ ਉਹ ਮੇਰੀ ਬਾਬਤ ਕੀ ਖਿਆਲ ਕਰਨਗੇ? ਪਰ ਗੁਰਮੁਖ ਸਿੰਘ ਨੂੰ ਫਿਰ ਇਹ ਖਿਆਲ ਆਇਆ ਕਿ ਜੀਵਨ ਦਾ ਮਨੋਰਥ ਤਾਂ ਇਹੀ ਹੈ ਕਿ ਆਦਮੀ ਜੋ ਮੂੰਹੋਂ ਮੰਗੇ ਉਸ ਨੂੰ ਉਹੋ ਕੁਝ ਮਿਲੇ ਅਤੇ ਇਸ ਅਸਥਾਨ ਉਤੇ ਮੈਨੂੰ ਇਹ ਸਭ ਕੁਝ ਮਿਲ ਗਿਆ ਹੈ। ਮੈਂ ਜੋ ਮੂੰਹੋਂ ਮੰਗਦਾ ਹਾਂ ਸੋ ਕੁਝ ਹਾਜ਼ਰ ਹੋ ਜਾਂਦਾ ਹੈ. ਇਸ ਲਈ ਇਸ ਤੋਂ ਅੱਗੇ ਹੋਰ ਜਾਣ ਦੀ ਕੀ ਲੋੜ ਹੈ? ਅਗਾਂਹ ਇਸ ਤੋਂ ਵਧ ਹੋਰ ਹੋਣਾ ਹੀ ਕੀ ਹੈ? ਇਸ ਲਈ ਉਸ ਨੇ ਸੰਤ ਸਿੰਘ ਨੂੰ ਅਗਲੇ ਦਿਨ ਜਾ ਕੇ ਆਖਿਆ ਕਿ ਤੁਸੀਂ ਕੱਲ੍ਹ ਜਿਹੜੀ ਗੱਲ ਆਖੀ ਸੀ ਕਿ ਜੇ ਮੈਂ ਇਥੇ ਰਹਿਣਾ ਚਾਹਵਾਂ, ਤਾਂ ਤੁਸੀਂ ਮਹਾਰਾਜ ਪ੍ਰਭੂ ਸਿੰਘ ਦੀ ਆਗਿਆ ਅਨੁਸਾਰ, ਮੈਨੂੰ ਅਗਾਂਹ ਲੈ ਜਾਣ ਵਾਸਤੇ ਮਜਬੂਰ ਨਹੀਂ ਕਰੋਗੇ, ਮੈਂ ਉਸ ਸਬੰਧੀ ਵਿਚਾਰ ਕੀਤੀ ਹੈ ਅਤੇ ਇਸ ਫੈਸਲੇ ਤੇ ਪਹੁੰਚਿਆ ਹਾਂ ਕਿ ਇਥੇ ਹੀ ਟਿਕਿਆ ਰਹਾਂ ਤੇ ਅੱਗੇ ਨਾ ਜਾਵਾਂ ਕਿਉਂਕਿ ਜਿਸ ਅਸਥਾਨ ਤੇ ਮੈਂ ਜੋ ਮੰਗਾਂ ਮੈਨੂੰ ਮਿਲ ਸਕਦਾ ਹੈ, ਤਾਂ ਇਸ ਤੋਂ ਅੱਗੇ ਹੋਰ ਹੋਣਾ ਹੀ ਕੀ ਹੈ? ਤੁਸੀਂ ਮਹਾਰਾਜ ਸਾਹਿਬ ਨੂੰ ਮੇਰੇ ਵਲੋਂ ਧੰਨਵਾਦ ਕਰ ਦੇਣਾ ਅਤੇ ਆਖਣਾ ਕਿ ਮੈਂ ਉਹਨਾਂ ਦੀਆਂ ਮਿਹਰਬਾਨੀਆਂ ਦਾ ਕਦੀ ਇਵਜ਼ਾਨਾ ਨਹੀਂ ਦੇ ਸਕਾਂਗਾ ਅਤੇ ਇਥੇ ਰਹਿੰਦਾ ਹੋਇਆ ਉਹਨਾਂ ਦਾ ਸਦਾ ਮਸ਼ਕੂਰ ਰਹਾਂਗਾ।

ਸੰਤ ਸਿੰਘ ਨੇ ਗੁਰਮੁਖ ਸਿੰਘ ਦੀ ਗੱਲ ਬੜੇ ਧੀਰਜ ਨਾਲ ਸੁਣੀ ਅਤੇ ਆਖਿਆ ਕਿ ਮਿੱਤਰ! ਜੇ ਤੂੰ ਐਸਾ ਹੀ ਚਾਹੁੰਦਾ ਹੈਂ ਤਾਂ ਤੇਰੀ ਖ਼ੁਸ਼ੀ, ਤੈਨੂੰ ਅੱਗੇ ਜਾਣ ਵਾਸਤੇ ਮਜ਼ਬੂਰ ਨਹੀਂ ਕਰਦਾ, ਪਰ ਤੇਰਾ ਜਿਹੜਾ ਇਹ ਖਿਆਲ ਹੈ ਕਿ ਕਿਉਂਕਿ ਤੈਨੂੰ ਇਥੇ ਜੋ ਕੁਝ ਤੂੰ ਮੂੰਹੋਂ ਮੰਗੇਂ, ਉਹੋ ਕੁਝ ਮਿਲ ਜਾਂਦਾ ਹੈ, ਇਸ ਲਈ ਇਸ ਤੋਂ ਅੱਗੇ ਕੁਝ



ਨਹੀਂ ਹੋਣਾ, ਇਹ ਠੀਕ ਨਹੀਂ। ਜਿਸ ਰਾਜੇ ਦੀ ਰਾਜਧਾਨੀ ਦੇ ਰਸਤੇ ਵਿਚ ਇਹ ਪਹਿਲਾ ਪੜਾਅ ਇਤਨਾ ਸੁੰਦਰ ਤੇ ਰਮਣੀਕ ਹੈ, ਉਸਦੀ ਰਾਜਧਾਨੀ ਅਤੇ ਉਸ ਰਾਜਧਾਨੀ ਦਾ ਰਾਜਾ ਆਪ ਕਿਤਨੇ ਚੰਗੇ ਤੇ ਅਸਚਰਜ ਹੋਣਗੇ? ਤੂੰ ਜ਼ਰਾ ਇਹ ਸੋਚ। ਇਸ ਪੜ੍ਹਾਅ ਉਤੇ ਪਹੁੰਚ ਕੇ ਇਹ ਸਮਝਣਾ ਕਿ ਇਸ ਤੋਂ ਚੰਗਾ ਹੋਰ ਕੋਈ ਅਸਥਾਨ ਨਹੀਂ ਹੋ ਸਕੇਗਾ, ਇਹ ਤੇਰੀ ਨਾਵਾਕਫੀਅਤ ਕਰਕੇ ਹੈ। ਮੈਂ ਤੁਹਾਨੂੰ ਪਹਿਲਾਂ ਹੀ ਹੁਸ਼ਿਆਰ ਤੇ ਖਬਰਦਾਰ ਕਰ ਦਿਤਾ ਸੀ ਕਿ ਅਨੰਦਪੁਰ ਦੇ ਰਸਤੇ ਵਿਚ ਬੜੇ-ਬੜੇ ਸੁੰਦਰ ਅਸਥਾਨ ਆਉਣਗੇ ਅਤੇ ਤੁਹਾਨੂੰ ਭਰਮਾਣਗੇ, ਪਰ ਤੁਸੀਂ ਸਫਰ ਨੂੰ ਕਾਇਮ ਰੱਖਣਾ ਅਤੇ ਕਿਸੇ ਅਸਥਾਨ ਨੂੰ ਆਪਣਾ ਅਖੀਰਲਾ ਨਿਸ਼ਾਨਾ ਨਾ ਸਮਝਣਾ। ਹੁਣ ਵੀ ਮੇਰੀ ਬੇਨਤੀ ਇਹੋ ਹੈ ਕਿ ਤੁਸੀਂ ਜਿਸ ਸਫ਼ਰ ਨੂੰ ਸ਼ੁਰੂ ਕੀਤਾ ਹੈ, ਉਸ ਨੂੰ ਕਾਇਮ ਰੱਖੋ ਅਤੇ ਮੇਰੇ ਨਾਲ ਚੱਲੋ, ਅੱਗੇ ਆਪ ਦੀ ਖੁਸ਼ੀ।

ਗੁਰਮੁਖ ਸਿੰਘ ਦੇ ਦਿਲ ਦੀ ਬੜੀ ਅਜੀਬ ਹਾਲਤ ਸੀ। ਕਦੀ ਤਾਂ ਚਾਹੇ ਕਿ ਸੰਤ ਸਿੰਘ ਨੂੰ ਅੱਗੇ ਜਾਣ ਦੇਵੇ ਅਤੇ ਆਪ ਉਥੇ ਹੀ ਰਹਿ ਕੇ ਸੁਖ ਭੋਗੇ। ਕਦੀ ਚਾਹੇ ਕਿ ਇਸ ਤਰ੍ਹਾਂ ਕਰਨ ਵਿਚ ਮਹਾਰਾਜ ਕੀ ਆਖਣਗੇ ਅਤੇ ਜਿਸ ਮਹਾਰਾਜ ਦਾ ਇਕ ਬੰਗਲਾ ਐਡਾ ਸੁਹਾਵਣਾ ਹੈ, ਉਸ ਦਾ ਆਪਣਾ ਦਰਬਾਰ ਤੇ ਰਾਜਧਾਨੀ ਕਿਤਨੇ ਸੋਹਣੇ ਤੇ ਚੰਗੇ ਹੋਣਗੇ?

ਅਖ਼ੀਰ ਗੁਰਮੁਖ ਸਿੰਘ ਨੇ ਸੰਤ ਸਿੰਘ ਦੇ ਅੱਗੇ ਹੱਥ ਜੋੜ ਕੇ ਆਖਿਆ, ਆਪ ਸੱਚ ਕਹਿੰਦੇ ਹੋ, ਮੇਰਾ ਰਸਤੇ ਵਿਚ ਹੀ ਅਟਕ ਜਾਣਾ ਕਿਸੇ ਤਰ੍ਹਾਂ ਮੁਨਾਸਬ ਨਹੀਂ। ਇਹ ਮੇਰੀ ਗਲਤੀ ਤੇ ਕਮ-ਅਕਲੀ ਹੈ ਕਿ ਮੈਂ ਸਫ਼ਰ ਦੇ ਇਕ ਪੜਾਅ ਨੂੰ ਆਖਰੀ ਮੰਜ਼ਿਲ ਸਮਝਾਂ। ਮੈਂ ਆਪ ਨਾਲ ਜ਼ਰੂਰ ਅੱਗੇ ਚਲਾਂਗਾ, ਤੁਸੀਂ ਮੇਰੀ ਕਮਜ਼ੋਰੀ ਦਾ ਖਿਆਲ ਨਾ ਕਰਨਾ, ਮੈਂ ਚੱਲਣ ਲਈ ਹਾਜ਼ਰ ਹਾਂ, ਤਿਆਰ ਹਾਂ, ਉਠੋ ਛੇਤੀ ਚੱਲੋ ਕਿਤੇ ਮੇਰੀ ਕਮਜ਼ੋਰੀ ਮੇਰੇ ਤੇ ਫੇਰ ਗ਼ਲਬਾ ਨਾ ਪਾ ਲਵੇ।

## ੩

ਹੁਣ ਸੰਤ ਸਿੰਘ ਦੇ ਮਗਰ ਗੁਰਮੁਖ ਸਿੰਘ, ਅਗਲੇ ਪਹਾੜਾਂ ਤੇ ਘਾਟੀਆਂ ਨੂੰ ਚੀਰਦਾ ਜਾ ਰਿਹਾ ਸੀ। ਜਿਉਂ ਜਿਉਂ ਉਹ ਉਚੇ ਜਾਂਦੇ, ਤਿਉਂ ਤਿਉਂ ਹਵਾ ਹਲਕੀ ਹੁੰਦੀ ਜਾਂਦੀ ਤੇ ਪਿਛੇ ਕੀਤਾ ਸਫ਼ਰ ਇਕ ਸੁਫਨਾ ਜਿਹਾ ਜਾਪਦਾ ਅਤੇ ਛੋਟੀ ਜੇਹੀ ਪਗਡੰਡੀ, ਜਿਸ ਉਤੇ ਉਹ

ਇਕੱਲੇ-ਇਕੱਲੇ ਇਕ ਦੂਜੇ ਦੇ ਮਗਰ ਚੜ੍ਹ ਰਹੇ ਸੀ, ਇਕ ਸੱਪ ਦੀ ਤਰ੍ਹਾਂ ਵਲ ਖਾਂਦੀ ਹੋਈ ਪਹਾੜ ਦੀ ਚੋਟੀ ਤੋਂ ਪਹਾੜ ਦੇ ਦਾਮਨ ਅਤੇ ਉਸ ਤੋਂ ਵੀ ਹੇਠਾਂ ਤ੍ਰਿਸ਼ਨਾਗੜ੍ਹ ਦੀ ਰਿਆਸਤ ਤਕ ਜਾਂਦੀ ਦਿਸਦੀ ਸੀ। ਇਸ ਪਗਡੰਡੀ ਨੂੰ ਦੇਖ ਕੇ ਗੁਰਮੁਖ ਸਿੰਘ ਨੇ ਸੰਤ ਸਿੰਘ ਨੂੰ ਪੁਛਿਆ -

ਗੁਰਮੁਖ ਸਿੰਘ - ਮਹਾਰਾਜ। ਮੇਰੇ ਦਿਲ ਵਿਚ ਇਹ ਸ਼ੰਕਾ ਪੈਦਾ ਹੁੰਦੀ ਹੈ ਕਿ ਅਨੰਦਪੁਰ ਦੀ ਇਤਨੀ ਵੱਡੀ ਰਿਆਸਤ ਅਤੇ ਉਸ ਦਾ ਇਤਨਾ ਵੱਡਾ ਰਾਜਾ, ਪਰ ਉਸ ਨੂੰ ਜਾਣ ਵਾਲੀ ਕੇਵਲ ਸੌੜੀ ਜਿਹੀ ਇਹ ਇਕੋ ਪਗਡੰਡੀ, ਇਸ ਦਾ ਕੀ ਕਾਰਣ ਹੋ ਸਕਦਾ ਹੈ?

ਸੰਤ ਸਿੰਘ - ਇਹ ਪਗਡੰਡੀ ਜੋ ਆਪ ਦੇਖਦੇ ਹੋ, ਇਸ ਨੂੰ 'ਸਿਮਰਨ ਦੀ ਸੜਕ' ਆਖਦੇ ਹਨ, ਇਸ ਉਤੇ ਹਰ ਇਕ ਇਕੱਲਾ ਇਕੱਲਾ ਹੀ ਤੁਰ ਸਕਦਾ ਹੈ। ਸੌੜੀ ਹੋਣ ਕਰ ਕੇ ਇਸ ਉਤੇ ਯੱਕੇ, ਗੱਡੇ ਜਾਂ ਮੋਟਰਾਂ ਨਹੀਂ ਚਲ ਸਕਦੀਆਂ। ਤ੍ਰਿਸ਼ਨਾਗੜ੍ਹ ਦੀ ਰਿਆਸਤ ਵੀ ਅਨੰਦਪੁਰ ਦੀ ਰਿਆਸਤ ਦੇ ਮਾਤਹਿਤ ਹੈ ਅਤੇ ਉਥੋਂ ਦਾ ਰਾਜਾ ਮਨ ਸਿੰਘ, ਅਨੰਦਪੁਰ ਦੇ ਮਹਾਰਾਜਾ ਪ੍ਰਭੂ ਸਿੰਘ ਨੂੰ ਸਾਲਾਨਾ ਖਰਾਜ ਦੇਂਦਾ ਤੇ ਹਮੇਸ਼ਾਂ ਈਨ ਮੰਨਦਾ ਹੈ। ਅਨੰਦਪੁਰ ਦੀ ਰਿਆਸਤ ਇਤਨੀ ਸੁੰਦਰ ਤੇ ਚੰਗੀ ਹੈ ਕਿ ਜੇਕਰ ਇਸ ਦਾ ਆਦਮੀ-ਰਸਤਾ ਬਹੁਤ ਚੌੜਾ ਰੱਖਿਆ ਜਾਵੇ ਅਤੇ ਸਾਫ਼ ਤੇ ਪਧਰਾ ਹੋਵੇ ਤਾਂ ਤ੍ਰਿਸ਼ਨਾਗੜ੍ਹ ਦੀ ਸਾਰੀ ਖਲਕਤ, ਤ੍ਰਿਸ਼ਨਾਗੜ੍ਹ ਨੂੰ ਛੱਡ ਕੇ ਅਨੰਦਪੁਰ ਹੀ ਆ ਵਸੇ। ਇਸ ਗੱਲ ਦਾ ਰਾਜਾ ਮਨ ਸਿੰਘ ਨੂੰ ਪਤਾ ਹੈ, ਇਸ ਲਈ ਉਸ ਨੇ ਮਹਾਰਾਜ ਪ੍ਰਭੂ ਸਿੰਘ ਪਾਸੋਂ ਇਹ ਰਿਆਇਤ ਲੀਤੀ ਹੋਈ ਹੈ ਕਿ ਤ੍ਰਿਸ਼ਨਾਗੜ੍ਹ ਅਤੇ ਅਨੰਦਪੁਰ ਦੇ ਵਿਚਕਾਰ ਦੀ ਸੜਕ ਸੌੜੀ ਤੇ ਬੜੀ ਗੁੰਝਲਦਾਰ ਰਹੇਗੀ? ਇਸ ਉਤੇ ਘੋੜੇ ਗੱਡੀਆਂ, ਮੋਟਰਾਂ-ਲਾਰੀਆਂ ਨਹੀਂ ਚੱਲ ਸਕਣਗੀਆਂ ਅਤੇ ਇਕੱਲਾ-ਇਕੱਲਾ ਆਦਮੀ ਵੀ ਬੜੀ ਮੁਸ਼ਕਲ ਨਾਲ ਚੱਲ ਸਕੇਗਾ। ਉਸ ਨੂੰ ਉਦੋਂ ਤਕ ਰਸਤਾ ਠੀਕ ਨਹੀਂ ਲੱਭੇਗਾ ਜਦ ਤੱਕ ਉਸ ਦੇ ਨਾਲ ਕੋਈ ਰਸਤੇ ਦਾ ਜਾਣੂ ਰਹਿਨੁਮਾਈ ਕਰਨ ਵਾਲਾ ਨਾ ਹੋਵੇ। ਇਸ ਲਈ ਇਸ 'ਸਿਮਰਨ ਦੀ ਸੜਕ' ਉਤੇ ਤੁਰਨ ਵਾਲੇ ਕੋਈ ਵਿਰਲੇ ਪਾਂਧੀ ਹੁੰਦੇ ਹਨ। ਤ੍ਰਿਸ਼ਨਾਗੜ੍ਹ ਦੇ ਬਹੁਤ ਲੋਕਾਂ ਨੂੰ ਇਸ ਸੜਕ ਦਾ ਪਤਾ ਹੀ ਨਹੀਂ, ਉਹ ਅਨੰਦਪੁਰ ਦੀ ਰਿਆਸਤ ਐਵੇਂ ਇਕ ਸੁਫਨੇ ਦੀ ਨਗਰੀ ਸਮਝਦੇ ਹਨ, ਜਿਥੇ ਆਉਣ ਦੀ ਨਾ ਉਹ ਕਦੀ ਖਾਹਿਸ਼ ਕਰਦੇ ਹਨ ਨਾ ਖੇਚਲ। ਤ੍ਰਿਸ਼ਨਾਗੜ੍ਹ ਤੋਂ ਕੇਵਲ



ਉਹ ਆਦਮੀ ਹੀ ਅਨੰਦਪੁਰ ਆ ਸਕਦਾ ਹੈ ਜਿਸ ਨੂੰ ਮਹਾਰਾਜ ਪ੍ਰਭੂ ਸਿੰਘ ਆਪ ਬੁਲਾਣਾ ਚਾਹੁਣ। ਉਸ ਦੀ ਅਗਵਾਈ ਵਾਸਤੇ ਮਹਾਰਾਜਾ ਪ੍ਰਭੂ ਸਿੰਘ ਆਪਣੇ ਕਿਸੇ ਅਹਿਲਕਾਰ ਨੂੰ ਭੇਜ ਦੇਂਦੇ ਹਨ ਅਤੇ ਉਹ ਉਸ ਆਦਮੀ ਨੂੰ 'ਸਿਮਰਨ ਦੀ ਸੜਕ' ਦਵਾਰਾ ਲੈ ਆਉਂਦਾ ਹੈ, ਜਿਸ ਤਰ੍ਹਾਂ ਕਿ ਮੈਂ ਤੁਹਾਨੂੰ ਲੈ ਆ ਰਿਹਾ ਹਾਂ। ਇਸ 'ਸਿਮਰਨ ਦੀ ਪਗਡੰਡੀ' ਤੋਂ ਇਲਾਵਾ ਅਨੰਦਪੁਰ ਨੂੰ ਜਾਣ ਦਾ ਹੋਰ ਕੋਈ ਰਸਤਾ ਨਹੀਂ। ਇਹ ਕਹਿ ਕੇ ਸੰਤ ਸਿੰਘ ਨੇ ਸੁਰੀਲੀ ਆਵਾਜ਼ ਵਿਚ ਅਰਸ਼ੀ ਬਾਣੀ ਪੜ੍ਹੀ -

*ਕਹੁ ਨਾਨਕ ਇਹੁ ਤਤੁ ਬੀਚਾਰਾ॥*
*ਬਿਨੁ ਹਰਿ ਭਜਨ ਨਾਹੀ ਛੁਟਕਾਰਾ॥* *ਅੰਕ - 188*

## 8

ਕਈ ਦਿਨਾਂ ਦਾ ਬਿਖੜਾ ਸਫ਼ਰ ਤੈਅ ਕਰਨ ਮਗਰੋਂ ਉਸ ਪਹਾੜ ਦੀ ਚੜ੍ਹਾਈ, ਜਿਸ ਉਤੇ ਇਹ ਦੋਵੇਂ ਪਾਂਧੀ ਚੜ੍ਹ ਰਹੇ ਸਨ, ਖਤਮ ਹੋਈ ਅਤੇ ਇਕ ਪਧਰੇ, ਸੋਹਣੇ ਤੇ ਰਮਣੀਕ, ਮੈਦਾਨ ਵਿਚ ਬੜਾ ਆਲੀਸ਼ਾਨ ਰਾਜ-ਮਹੱਲ ਨਜ਼ਰ ਆਇਆ। ਗੁਰਮੁਖ ਸਿੰਘ ਹੁਣ ਸਫ਼ਰ ਦੀ ਸਖਤੀ ਤੋਂ ਤੰਗ ਆ ਗਿਆ ਸੀ, ਉਸ ਦੇ ਪੈਰਾਂ ਨੂੰ ਰਸਤੇ ਦੇ ਪੱਥਰਾਂ ਨੇ ਖੂਬ ਜ਼ਖਮੀ ਕਰ ਦਿਤਾ ਸੀ ਅਤੇ ਉਸ ਦੀ ਥਕਾਵਟ ਦੀ ਹੱਦ ਹੋ ਗਈ ਸੀ। ਇਸ ਆਲੀਸ਼ਾਨ ਰਾਜ ਮਹੱਲ ਅਤੇ ਉਸ ਦੇ ਇਰਦ-ਗਿਰਦ ਦੇ ਮਨਮੋਹਣੇ ਨਜ਼ਾਰੇ ਨੂੰ ਵੇਖ ਕੇ ਗੁਰਮੁਖ ਸਿੰਘ ਨੇ ਸ਼ੁਕਰ ਕੀਤਾ ਤੇ ਸੰਤ ਸਿੰਘ ਨੂੰ ਆਖਿਆ, ਮਹਾਰਾਜ। ਕੀ ਅਸੀਂ ਅਨੰਦਪੁਰ ਵਿਖੇ ਆ ਗਏ ਹਾਂ? ਅਤੇ ਕੀ ਇਹ ਰਾਜ ਮਹੱਲ ਮਹਾਰਾਜ ਪ੍ਰਭੂ ਸਿੰਘ ਜੀ ਦਾ ਹੈ?

ਸੰਤ ਸਿੰਘ - ਗੁਰਮੁਖ ਸਿੰਘ ਜੀ। ਇਹ ਅਸਥਾਨ ਅਨੰਦਪੁਰ ਦੇ ਰਸਤੇ ਦਾ ਆਖਰੀ ਪੜਾਅ ਹੈ, ਇਸ ਤੋਂ ਬਾਅਦ ਅਸੀਂ ਉਸ ਬਰਫ ਨਾਲ ਢਕੀ ਪਹਾੜ ਦੀ ਚੋਟੀ ਵੱਲ ਜਾਣਾ ਹੈ, ਜਿਥੇ ਮਹਾਰਾਜ ਪ੍ਰਭੂ ਸਿੰਘ ਜੀ ਬਿਰਾਜਦੇ ਹਨ। ਆਪ ਥੱਕੇ ਹੋਏ ਹੋ, ਅਗਰ ਚਾਹੋ ਤਾਂ ਇਸ ਰਾਜ ਮਹੱਲ ਵਿਚ ਆਰਾਮ ਕਰ ਸਕਦੇ ਹੋ? ਪਰ ਦੇਖਣਾ ਇਹ ਅਸਥਾਨ ਬੜਾ ਸੁਹਾਵਣਾ ਹੈ, ਕਿਤੇ ਇਥੇ ਹੀ ਦਿਲ ਨਾ ਲਗਾ ਬੈਠਣਾ, ਅਸਾਂ ਅੱਗੇ ਹੁਣ ਆਪਣੇ ਸਫ਼ਰ ਦੀ ਆਖ਼ਰੀ ਚੜ੍ਹਾਈ ਕਰਨੀ ਹੈ।

ਗੁਰਮੁਖ ਸਿੰਘ - ਠੀਕ ਹੈ ਮਹਾਰਾਜ, ਮੈਂ ਥਕਾਨ ਉਤਾਰਨ

ਮਗਰੋਂ ਜ਼ਰੂਰ ਆਪ ਜੀ ਦੇ ਨਾਲ ਚਲਾਂਗਾ ਅਤੇ ਸਫ਼ਰ ਦਾ ਆਖ਼ਰੀ ਹਿੱਸਾ ਤੈਅ ਕਰਾਂਗਾ।

ਇਸ ਸ਼ਾਹੀ ਮਹੱਲ ਵਿਚ ਸੰਤ ਸਿੰਘ ਤੇ ਗੁਰਮੁਖ ਸਿੰਘ ਦੋਵੇਂ ਦਾਖ਼ਲ ਹੋਏ। ਪਰ ਗੁਰਮੁਖ ਸਿੰਘ ਇਹ ਦੇਖ ਕੇ ਹੈਰਾਨ ਹੋਇਆ ਕਿ ਇਸ ਮਹੱਲ ਵਿਚ, ਨੌਕਰ-ਚਾਕਰ, ਮਾਲੀ, ਦਰਬਾਨ ਭਾਵੇਂ ਕੋਈ ਨਹੀਂ ਸੀ, ਪਰ ਤਾਂ ਵੀ ਮਹੱਲ ਬੜੇ ਸ਼ਾਹੀ ਤਰੀਕੇ ਵਿਚ ਸਜਿਆ ਹੋਇਆ ਤੇ ਸਾਫ਼ ਸੁਥਰੀ ਹਾਲਤ ਵਿਚ ਸੀ। ਗੁਰਮੁਖ ਸਿੰਘ ਜਿਸ ਤਰਫ ਜਾਂਦਾ ਦਰਵਾਜ਼ੇ ਆਪਣੇ ਆਪ ਖੁਲ੍ਹ ਜਾਂਦੇ, ਜਿਸ ਚੀਜ਼ ਦਾ ਖ਼ਿਆਲ ਕਰਦਾ, ਉਸ ਦੇ ਸਾਮ੍ਹਣੇ ਆਪਣੇ ਆਪ ਹਾਜ਼ਰ ਹੋ ਜਾਂਦੀ। ਪਰ ਉਹ ਬੜਾ ਥੱਕਿਆ ਹੋਇਆ ਸੀ, ਜਾਂਦਾ ਹੀ ਰੇਸ਼ਮੀ ਗਦੇਲਿਆਂ ਵਾਲੇ ਪਲੰਘ ਉਤੇ ਘੂਕ ਸੌਂ ਗਿਆ। ਕੁਝ ਚਿਰ ਮਗਰੋਂ ਜਦ ਉਸ ਦੀ ਜਾਗ ਖੁਲ੍ਹੀ ਤਾਂ ਉਸ ਨੂੰ ਭੁੱਖ ਮਹਿਸੂਸ ਹੋਈ ਅਤੇ ਦਿਲ ਵਿਚ ਤਰ੍ਹਾਂ-ਤਰ੍ਹਾਂ ਦੇ ਖਾਣੇ ਖਾਣ ਦਾ ਖਿਆਲ ਆਇਆ। ਖਿਆਲ ਆਉਂਦਿਆਂ ਸਾਰ ਕੀ ਦੇਖਦਾ ਹੈ ਕਿ ਉਹ ਤਰ੍ਹਾਂ-ਤਰ੍ਹਾਂ ਦੇ ਖਾਣੇ ਤੇ ਫਲਾਂ ਨਾਲ ਲੱਦੀ ਹੋਈ ਮੇਜ਼ ਤੇ ਬੈਠਾ ਹੋਇਆ ਹੈ। ਗੁਰਮੁਖ ਸਿੰਘ ਇਸ ਕੌਤਕ ਨੂੰ ਦੇਖ ਕੇ ਬੜਾ ਹੈਰਾਨ ਹੋਇਆ। ਉਸ ਦੀ ਐਸੀ ਹਾਲਤ ਦੇਖ ਕੇ ਸੰਤ ਸਿੰਘ ਨੇ ਪਿਛੋਂ ਦੀ ਆ ਕੇ ਉਸ ਦੇ ਮੋਢੇ ਤੇ ਹੱਥ ਧਰ ਕੇ ਆਖਿਆ, "ਗੁਰਮੁਖ ਸਿੰਘ ਜੀ ਹੈਰਾਨ ਨਾ ਹੋਵੋ, ਇਸ ਮਹੱਲ ਵਿਚ ਪਹੁੰਚ ਕੇ ਇਨਸਾਨ ਦੇ ਦਿਲ ਵਿਚ ਜੋ ਵੀ ਖਿਆਲ ਆਵੇ, ਅੱਖ ਦੇ ਫੋਰ ਵਿਚ ਪੂਰਾ ਹੋ ਜਾਂਦਾ ਹੈ। ਮਹਾਰਾਜ ਪ੍ਰਭੂ ਸਿੰਘ ਜੀ ਦੀ ਆਗਿਆ ਹੈ ਕਿ ਜੋ ਮੇਰਾ ਮਿੱਤਰ ਇਸ ਮਹੱਲ ਵਿਚ ਆ ਕੇ ਠਹਿਰੇ, ਉਸ ਨੂੰ ਆਪਣੇ ਆਰਾਮ ਤੇ ਸੁਖ ਵਾਸਤੇ ਮੂੰਹੋਂ ਮੰਗਣਾ ਨਹੀਂ ਪਵੇਗਾ, ਸਿਰਫ ਇਛਿਆ ਹੀ ਕਰਨੀ ਪਵੇਗੀ ਅਤੇ ਉਹ ਇਛਿਆ ਫੌਰਨ ਪੂਰੀ ਹੋ ਜਾਵੇਗੀ। ਇਸ ਮਹੱਲ ਦੀਆਂ ਬੁਨਿਆਦਾਂ ਵਿਚ ਐਸੇ ਆਤਮਕ ਅਸੂਲ ਰੱਖੇ ਗਏ ਹਨ ਜਿਨ੍ਹਾਂ ਕਰਕੇ ਇਨਸਾਨ ਦੀਆਂ ਇਛਿਆਵਾਂ ਹੀ ਅਸਲੀਅਤ ਬਣ ਕੇ ਉਸ ਦੇ ਸਾਮ੍ਹਣੇ ਆ ਜਾਂਦੀਆਂ ਹਨ। ਵੈਸੇ ਤਾਂ ਜਿਥੇ ਕਿਤੇ ਦੁਨੀਆਂ ਵਿਚ ਇਨਸਾਨ ਦੀਆਂ ਖਾਹਿਸ਼ਾਂ ਪੂਰੀਆਂ ਹੁੰਦੀਆਂ ਹੀ ਰਹਿੰਦੀਆਂ ਹਨ, ਇਨਸਾਨ ਜੋ ਚਾਹੁੰਦਾ ਹੈ ਸਮਾਂ ਪਾ ਕੇ ਉਸ ਨੂੰ ਉਹ ਕੁਝ ਮਿਲਦਾ ਹੈ, ਪਰ ਹਲਤੀ ਜਾਂ ਜੀਵਨ ਦੇ ਹੇਠਲੇ ਅਸਥਾਨਾਂ ਵਿਚ ਇਨਸਾਨ ਨੂੰ ਆਪਣੀ ਇਛਿਆ ਦੀ ਪੂਰਤੀ ਵਾਸਤੇ ਯਤਨ ਕਰਨਾ ਪੈਂਦਾ ਹੈ, ਪਰ ਅਨੰਦਪੁਰ ਦੇ ਰਸਤੇ ਤੇ ਇਸ ਆਖਰੀ ਪੜਾਅ



ਉਤੇ ਪਹੁੰਚ ਕੇ ਇਨਸਾਨ ਦੀਆਂ ਇਛਿਆਵਾ ਬਗ਼ੈਰ ਯਤਨ ਦੇ ਪੂਰੀਆਂ ਹੁੰਦੀਆਂ ਹਨ। ਆਪ ਜਦ ਤਕ ਇਸ ਮਹਲ ਵਿਚ ਰਹੋਗੇ, ਜੋ ਸੰਕਲਪ ਧਾਰੋਗੇ ਪੂਰਾ ਹੋਵੇਗਾ। ਇਸ ਅਸਥਾਨ ਵਿਚ ਪਹੁੰਚ ਕੇ ਇਨਸਾਨ ਵਾਸਤੇ ਦੇਸ਼ (space) ਤੇ ਕਾਲ (time) ਦੀ ਕੈਦ ਨਹੀਂ ਰਹਿੰਦੀ। ਤੁਸੀਂ ਜਿਸ ਮਿੱਤਰ ਨੂੰ ਯਾਦ ਕਰੋਗੇ ਤੁਹਾਡੇ ਪਾਸ ਆ ਜਾਵੇਗਾ, ਜੋ ਪਦਾਰਥ ਚਾਹੋਗੇ, ਸਾਮ੍ਹਣੇ ਹਾਜ਼ਰ ਹੋ ਜਾਵੇਗਾ। ਜੇਕਰ ਰਾਜਾ ਬਣ ਕੇ ਰਹਿਣਾ ਚਾਹੋਗੇ ਤਾਂ ਰਾਜ ਦਰਬਾਰ, ਮਹੱਲ, ਫੌਜਾਂ, ਲਸ਼ਕਰ, ਸਭ ਸ਼ਾਹੀ ਠਾਠ ਤੁਰੰਤ ਬਣ ਜਾਵੇਗਾ। ਜੇ ਚਾਹੋਗੇ ਕਿ ਹਜ਼ਾਰਾਂ ਬਰਸ ਦੀ ਲੰਮੀ ਉਮਰ ਹੋ ਜਾਵੇ ਤਾਂ ਐਸਾ ਹੀ ਹੋ ਜਾਵੇਗਾ। ਜੇਕਰ ਚਾਹੋਗੇ ਤਾਂ ਇੰਦਰ ਦਾ ਅਖਾੜਾ ਸਣੇ ਆਪਣੀ ਦੈਵੀ ਸ਼ਾਨ-ਸ਼ੌਕਤ ਦੇ ਆਪ ਦੇ ਦਿਲ ਪਰਚਾਵੇ ਵਾਸਤੇ ਆਪ ਦੇ ਚਰਨਾਂ ਵਿਚ ਹਾਜ਼ਰ ਹੋ ਜਾਵੇਗਾ। ਸਾਰੀ ਕਾਇਨਾਤ ਜਾਂ ਰਚਨਾ ਅੰਦਰ ਉਸ ਤੋਂ ਵੱਡਾ ਸੁਖਦਾਈ ਕੋਈ ਅਸਥਾਨ ਇਨਸਾਨ ਦੇ ਕਿਆਸ ਵਿਚ ਨਹੀਂ ਆ ਸਕਦਾ, ਕਿ ਉਹ ਜੋ ਚਾਹੇ ਬਗ਼ੈਰ ਯਤਨ ਜਾਂ ਤਰੱਦਦ ਦੇ ਫੌਰਨ ਹੋ ਜਾਵੇ। ਅਨੰਦਪੁਰ ਦੇ ਰਸਤੇ ਉਤੇ ਇਨਸਾਨ ਲਈ ਇਹ ਆਖਰੀ ਪੜ੍ਹਾਅ ਹੈ। ਇਥੇ ਆਪ ਜਿਤਨਾ ਚਿਰ ਦਿਲ ਕਰੇ ਰਹਿ ਸਕਦੇ ਹੋ। ਐਪਰ ਇਹ ਯਾਦ ਰੱਖਣਾ ਕਿ ਇਹ ਇਕ ਪੜਾਅ ਹੈ ਅਤੇ ਆਖਰੀ ਮੰਜ਼ਿਲ, ਜਿਥੇ ਰਾਜਾ ਪ੍ਰਭੂ ਸਿੰਘ ਜੀ ਆਪ ਬਿਰਾਜਦੇ ਹਨ, ਉਹ ਅਗਾਹਾਂ ਹੈ ਅਤੇ ਮੈਂ ਆਪ ਨੂੰ ਉਥੇ ਲੈ ਜਾਣਾ ਚਾਹੁੰਦਾ ਹਾਂ।

ਗੁਰਮੁਖ ਸਿੰਘ ਨੇ ਸੰਤ ਸਿੰਘ ਦੇ ਅੱਗੇ ਬੜੇ ਅਦਬ ਨਾਲ ਹੱਥ ਜੋੜ ਕੇ ਆਖਿਆ, ਮਹਾਰਾਜ! ਮੈਂ ਆਪ ਦਾ ਅਤੀ ਧੰਨਵਾਦੀ ਹਾਂ ਕਿ ਆਪ ਨੇ ਮੈਨੂੰ ਕਿਸ ਮੰਦ ਅਵਸਥਾ ਤੋਂ ਇਸ ਉਚ ਅਵਸਥਾ ਤਕ ਪੁਚਾਇਆ ਹੈ, ਮੈਂ ਇਸ ਅਜੀਬ ਅਵਸਥਾ ਵਿਚ ਜਿਥੇ ਆਪ ਨੇ ਮੈਨੂੰ ਲਿਆ ਟਿਕਾਇਆ ਹੈ, ਕੁਝ ਚਿਰ ਰਹਿ ਕੇ ਇਸ ਨੂੰ ਚੰਗੀ ਤਰ੍ਹਾਂ ਵੇਖਣਾ ਅਤੇ ਸਮਝਣਾ ਚਾਹੁੰਦਾ ਹਾਂ ਅਤੇ ਫਿਰ ਇਸ ਅਸਥਾਨ ਤੋਂ ਅੱਗੇ ਜਿਥੇ ਆਪ ਮੈਨੂੰ ਲੈ ਜਾਣਾ ਚਾਹੁੰਦੇ ਹੋ, ਜ਼ਰੂਰ ਚਲਾਂਗਾ।

ਹੁਣ ਗੁਰਮੁਖ ਸਿੰਘ ਇਸ ਨਵੇਂ ਮਹੱਲ ਦਾ ਵਾਸੀ ਸੀ। ਜੋ ਚਾਹੁੰਦਾ ਸੀ, ਉਸੇ ਵੇਲੇ ਹਾਜ਼ਰ ਹੋ ਜਾਂਦਾ ਸੀ। ਜਿਸ ਚੀਜ਼ ਦਾ ਖ਼ਿਆਲ ਕਰਦਾ ਸੀ ਫੌਰਨ ਹੂਬਹੂ ਸਾਮ੍ਹਣੇ ਆ ਜਾਂਦੀ। ਇਸ ਨੇ ਆਪਣੇ ਪਰਿਵਾਰ ਦੀ ਇਛਿਆ ਕੀਤੀ, ਉਹ ਸਾਰੇ ਦਾ ਸਾਰਾ ਜਿਉਂ ਦਾ ਤਿਉਂ ਪਾਸ ਆ ਗਿਆ। ਇਸ ਨੇ ਰਾਜ ਦੀ ਇਛਿਆ ਕੀਤੀ,

ਸਭ ਰਾਜਸੀ ਠਾਠ ਬਾਠ ਪੈਦਾ ਹੋ ਗਿਆ। ਹੁਣ ਰਾਜਿਆਂ ਵਾਂਗ ਰਹਿੰਦਾ ਸੀ, ਜਿਧਰ ਜਾਂਦਾ ਦੁਨੀਆਂ ਸਲਾਮਾਂ ਕਰਦੀ, ਜਿਸ ਮੁਲਕ ਉਤੇ ਚੜ੍ਹਾਈ ਦੀ ਧਮਕੀ ਦੇਂਦਾ ਉਹੋ ਹੀ ਉਸ ਦੀ ਈਨ ਮੰਨ ਲੈਂਦਾ। ਇਸ ਦੀ ਇਛਿਆ ਅਨੁਸਾਰ ਉਸ ਦਾ ਸਰੀਰ ਬੜਾ ਬਲਵਾਨ ਤੇ ਅਰੋਗ ਹੋ ਗਿਆ। ਉਸ ਦੀ ਪਰਜਾ ਬੜੀ ਖੁਸ਼ਹਾਲ ਤੇ ਸੁਖੀ ਸੀ, ਉਸ ਨੇ ਪਰਜਾ ਦੀ ਭਲਾਈ ਲਈ ਬੜੀਆਂ ਬੜੀਆਂ ਯੋਜਨਾਵਾਂ ਲਾਗੂ ਕੀਤੀਆਂ। ਉਸ ਦਾ ਇਹ ਨਤੀਜਾ ਹੋਇਆ ਕਿ ਪਰਜਾ ਉਸ ਨੂੰ ਦਿਲੋਂ ਪਿਆਰ ਕਰਦੀ ਸੀ। ਉਹ ਸਭ ਨਾਲ ਪੂਰਾ ਇਨਸਾਫ ਕਰਦਾ ਤੇ ਨਿਰਭੈ ਹੋ ਕੇ ਦੋਸ਼ੀਆਂ ਨੂੰ ਦੰਡ ਅਤੇ ਨਿਰਦੋਸ਼ਿਆਂ ਨੂੰ ਸਹਾਰਾ ਦਿੰਦਾ। ਸੁਖਾਂ ਦੇ ਸਾਰੇ ਤੇ ਪੂਰੇ ਸਾਮਾਨ ਉਸ ਦੇ ਪਾਸ ਮੌਜੂਦ ਸਨ। ਰਾਜ ਸੀ, ਹੁਕਮ ਸੀ, ਮਹੱਲ ਸਨ, ਅਹਿਲਕਾਰ, ਵਜ਼ੀਰ, ਜਰਨੈਲ, ਫੌਜਾਂ ਦੇ ਲਸ਼ਕਰ ਸਨ, ਇਜ਼ਤ ਸੀ, ਅਰੋਗਤਾ ਸੀ, ਧਰਮੀ ਤੇ ਨੇਕ ਸੁਭਾਵ ਸੀ, ਬਾਲ ਬੱਚੇ ਤੇ ਗ੍ਰਿਹਸਥ ਦਾ ਪੂਰਾ ਸੁਖੀ ਜੀਵਨ ਸੀ। ਇਕ ਦਿਨ ਗੁਰਮੁਖ ਸਿੰਘ ਨੂੰ ਇਹ ਖਿਆਲ ਆਇਆ ਕਿ ਮੇਰੀ ਮਾਨਸਕ ਤਾਕਤ ਤਾਂ ਇਤਨੀ ਵਧ ਗਈ ਹੈ ਕਿ ਮੈਨੂੰ ਹੋਰ ਸੁਝਦਾ ਹੀ ਨਹੀਂ, ਕਿ ਮੈਂ ਅੱਗੇ ਕੀ ਚਾਹਾਂ ਪਰ ਇਹ ਸਭ ਕੁਝ ਰਾਜ ਭੋਗ ਆਦਿ ਪਦਾਰਥਕ (material) ਚੀਜ਼ਾਂ ਹਨ। ਮੇਰੇ ਵਿਚ ਮਾਨਸਕ ਸ਼ਕਤੀਆਂ ਦੇ ਨਾਲ-ਨਾਲ ਆਤਮਕ ਸ਼ਕਤੀਆਂ ਵੀ ਹੋਣੀਆਂ ਚਾਹੀਦੀਆਂ ਹਨ। ਉਸ ਦੇ ਇਤਨਾ ਸੋਚਣ ਨਾਲ ਹੀ ਉਸ ਨੇ ਮਹਿਸੂਸ ਕਰਨਾ ਸ਼ੁਰੂ ਕੀਤਾ ਕਿ ਉਸ ਅੰਦਰ ਬੜੀਆਂ ਆਤਮਕ ਸ਼ਕਤੀਆਂ ਆ ਗਈਆਂ. ਹਨ। ਉਸ ਨੇ ਚਾਹਿਆ ਕਿ ਉਸ ਦਾ ਸਰੀਰ ਸੌ ਫੁੱਟ ਦਾ ਲੰਮਾ ਤੇ ੨੫ ਫੁੱਟ ਦਾ ਚੌੜਾ ਹੋ ਜਾਵੇ, ਉਸ ਦੇ ਦੇਖਦਿਆਂ ਦੇਖਦਿਆਂ ਉਹ ਦੇਵ ਕੱਦ ਹੋ ਗਿਆ, ਉਸ ਨੇ ਫੇਰ ਚਾਹਿਆ ਕਿ ਮੈਂ ਅਸਮਾਨ ਵਿਚ ਉਡ ਸਕਾਂ, ਉਸ ਦਾ ਜਿਸਮ ਇਤਨਾ ਹਲਕਾ ਹੋ ਗਿਆ ਕਿ ਉਸ ਨੇ ਆਸਮਾਨ ਵਿਚ ਉਡਣਾ ਸ਼ੁਰੂ ਕਰ ਦਿਤਾ, ਉਸ ਨੇ ਫੇਰ ਚਾਹਿਆ ਕਿ ਉਸ ਦਾ ਮੁੜ ਆਪਣਾ ਰਾਜੇ ਵਾਲਾ ਹੀ ਸਰੀਰ ਹੋ ਜਾਵੇ, ਉਹ ਉਸੇ ਤਰ੍ਹਾਂ ਹੋ ਗਿਆ। ਉਸ ਨੇ ਫਿਰ ਚਾਹਿਆ ਕਿ ਮੈਂ ਅੰਤਰਜਾਮੀ ਹੋ ਜਾਵਾਂ, ਉਸ ਦੇ ਦਿਮਾਗ ਦੇ ਕੁਝ ਐਸੇ ਪਰਦੇ ਚੁਕੇ ਗਏ ਕਿ ਉਹ ਜਿਸ ਆਦਮੀ ਵਲ ਤਕਦਾ ਉਸ ਦੇ ਦਿਲ ਦੀ ਸਾਰੀ ਤਸਵੀਰ ਉਸ ਦੇ ਦਿਮਾਗ ਸਾਮ੍ਹਣੇ ਆ ਜਾਂਦੀ ਤੇ ਉਹ ਜਾਣ ਜਾਂਦਾ ਕਿ ਉਸ ਦੇ ਦਿਲ ਵਿਚ ਕੀ ਖਿਆਲ ਆ ਰਹੇ ਹਨ।



ਹੁਣ ਗੁਰਮੁਖ ਸਿੰਘ ਦੁਨਿਆਵੀ ਅਤੇ ਆਤਮਕ ਤੌਰ ਤੇ ਪੂਰਨ ਸੀ। ਦੁਨੀਆਂ ਦੇ ਪੂਰੇ ਸੁਖ ਅਤੇ ਰਿੱਧੀਆਂ ਸਿੱਧੀਆਂ ਉਸ ਦੀਆਂ ਦਾਸੀਆਂ ਸਨ। ਉਸ ਨੂੰ ਹੁਣ ਇਹ ਖਿਆਲ ਆਇਆ ਕਿ ਸੰਤ ਸਿੰਘ ਜੋ ਮੇਰੀ ਉਡੀਕ ਵਿਚ ਬੈਠਾ ਹੈ, ਉਸ ਨੂੰ ਜਾ ਕੇ ਮੈਂ ਆਖ ਦੇਵਾਂ ਕਿ ਤੁਸੀਂ ਜਾਵੋ, ਮੈਂ ਆਪ ਦੇ ਨਾਲ ਅੱਗੇ ਜਾਣ ਵਾਸਤੇ ਤਿਆਰ ਨਹੀਂ। ਨਾਲ ਹੀ ਉਸ ਨੂੰ ਆਪਣੇ ਕੀਤੇ ਇਕਰਾਰ ਦੀ ਯਾਦ ਸ਼ਰਮ ਦਿਲਾਂਦੀ, ਪਰ ਉਹ ਆਪਣੇ ਆਪ ਨੂੰ ਪੂਰਨ ਸੁਖੀ ਸਮਝਦਾ ਸੀ ਅਤੇ ਅੱਗੇ ਜਾਣ ਵਿਚ ਸਿਵਾਏ ਨੁਕਸਾਨ ਦੇ ਕੋਈ ਫ਼ਾਇਦਾ ਨਹੀਂ ਸੀ ਦੇਖਦਾ। ਇਸ ਖਿਆਲ ਨਾਲ ਗੁਰਮੁਖ ਸਿੰਘ ਇਕ ਦਿਨ ਸੰਤ ਸਿੰਘ ਦੇ ਕਮਰੇ ਵਿਚ ਦਾਖਲ ਹੋਇਆ ਕਿ ਉਸ ਨੂੰ ਸਾਫ ਸਾਫ਼ ਕਹਿ ਦੇਵੇ ਕਿ ਉਸ ਦਾ ਅੱਗੇ ਜਾਣ ਦਾ ਕੋਈ ਇਰਾਦਾ ਨਹੀਂ।

ਸੰਤ ਸਿੰਘ ਜੀ ਦੇ ਕਮਰੇ ਵਿਚ ਸਿਤਾਰ ਵਜ ਰਹੀ ਸੀ ਅਤੇ ਮਿੱਠੀ ਮਿੱਠੀ ਧੁਨ ਵਿਚ ਉਹ ਇਹ ਮਹਾਂਵਾਕ ਗਾ ਰਿਹਾ ਸੀ –

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*<br>
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*<br>
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ ॥*<br>
*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*<br>
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ਰਹਾਉ ॥*<br>
*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥*<br>
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*<br>
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥*<br>
*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*<br>
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*<br>
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥*<br>
*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥*<br>
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*<br>
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥*

*ਅੰਕ - 14*

ਗੁਰਮੁਖ ਸਿੰਘ ਨੂੰ ਕਮਰੇ ਅੰਦਰ ਆਉਂਦਿਆਂ ਦੇਖ ਕੇ ਵੀ ਸੰਤ ਸਿੰਘ ਜੀ ਆਪਣੇ ਰੰਗ ਵਿਚ ਰਤੇ ਕੀਰਤਨ ਵਿਚ ਜੁੜੇ ਰਹੇ। ਉਸ ਕਮਰੇ ਵਿਚ ਵੜਦਿਆਂ ਹੀ ਗੁਰਮੁਖ ਸਿੰਘ ਨੇ ਐਸੀ ਸ਼ਾਂਤੀ, ਅਨੰਦ

ਤੇ ਅਡੋਲਤਾ ਮਹਿਸੂਸ ਕੀਤੀ, ਜੋ ਉਸ ਨੂੰ ਆਪਣੇ ਰਾਜੇ ਵਾਲੇ ਪੂਰਨ ਸੁਖੀ ਜੀਵਨ ਵਿਚ ਵੀ ਨਸੀਬ ਨਹੀਂ ਸੀ ਹੋਈ। ਘੜੀ ਘੜੀ ਪਿਛੋਂ ਜਦ ਸੰਤ ਸਿੰਘ ਜੀ ਇਹ ਤੁਕ ਪੜ੍ਹਦੇ -

*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*

*ਅੰਕ - 14*

ਤਾਂ ਗੁਰਮੁਖ ਸਿੰਘ ਨੂੰ ਸੰਤ ਸਿੰਘ ਜੀ ਨਾਲ, ਅਨੰਦਪੁਰ ਦੇ ਆਖਰੀ ਸਫ਼ਰ ਨੂੰ ਕਾਇਮ ਰੱਖਣ ਦਾ ਕੀਤਾ ਇਕਰਾਰ, ਹਲੂਣੇ ਦੇ ਕੇ ਆਖਦਾ ਜਾਪੇ ਕਿ ਤੂੰ ਇਸ ਮਹਲ ਵਿਚ ਆਉਣ ਵੇਲੇ ਸੰਤ ਸਿੰਘ ਨੂੰ ਕੀ ਆਖਿਆ ਸੀ ਤੇ ਹੁਣ ਕੀ ਕਹਿਣ ਆਇਆ ਹੈਂ? ਸੰਤ ਸਿੰਘ ਨੇ ਜੋ ਤਰਕ ਮਾਰੀ ਸੀ ਕਿ ਦੇਖਣਾ ਕਿਤੇ ਇਥੇ ਹੀ ਦਿਲ ਨਾ ਲਗ ਜਾਵੇ, ਉਹ ਸੱਚ ਨਿਕਲੀ ਨਾ! ਸੰਤ ਸਿੰਘ ਦੀ ਨਿਗ੍ਹਾ ਵਿਚ ਹੁਣ ਤੇਰੀ ਕੀ ਕੀਮਤ ਰਹਿ ਜਾਏਗੀ? ਮਹਾਰਾਜ ਪ੍ਰਭੂ ਸਿੰਘ ਤੇਰੀ ਇਹ ਦਸ਼ਾ ਦੇਖ ਕੇ ਕੀ ਆਖਣਗੇ? ਜਿਤਨਾ ਚਿਰ ਸੰਤ ਸਿੰਘ ਜੀ ਦੀ ਸਤਾਰ ਵਜਦੀ ਤੇ ਉਪਰੋਕਤ ਮਹਾਂਵਾਕਾਂ ਦਾ ਕੀਰਤਨ ਹੁੰਦਾ ਰਿਹਾ, ਗੁਰਮੁਖ ਸਿੰਘ ਇਹਨਾਂ ਨੂੰ ਗਹੁ ਨਾਲ ਸੁਣਦਾ ਤੇ ਵਿਚਾਰਦਾ ਰਿਹਾ। ਕੁਝ ਚਿਰ ਮਗਰੋਂ ਕੀਰਤਨ ਖਤਮ ਹੋਇਆ ਅਤੇ ਸੰਤ ਸਿੰਘ ਜੀ ਨੇ ਗੁਰਮੁਖ ਸਿੰਘ ਨੂੰ ਹੱਸ ਕੇ ਆਖਿਆ -

ਗੁਰਮੁਖ ਸਿੰਘ ਜੀ, ਥਕੇਵਾਂ ਅਜੇ ਲੱਥਾ ਹੈ ਕਿ ਨਹੀਂ? ਮੈਂ ਆਪ ਦੀ ਉਡੀਕ ਵਿਚ ਹਾਂ, ਜਦ ਆਪ ਅੱਗੇ ਚੱਲਣ ਲਈ ਤਿਆਰ ਹੋ ਜਾਵੋ, ਅਗਲਾ ਸਫਰ ਅਰੰਭਿਆ ਜਾਵੇ।

ਗੁਰਮੁਖ ਸਿੰਘ - ਸੰਤ ਸਿੰਘ ਜੀ, ਤੁਸੀਂ ਸੱਚ ਆਖਦੇ ਸੀ ਕਿ ਇਹ ਅਸਥਾਨ ਬੜਾ ਸੁਹਾਵਣਾ ਹੈ, ਕਿਤੇ ਇਥੇ ਹੀ ਮੇਰਾ ਦਿਲ ਨਾ ਲਗ ਜਾਵੇ। ਸੋ ਉਹੀ ਗੱਲ ਹੋਈ ਹੈ, ਮੇਰਾ ਜੀਅ ਤਾਂ ਇਥੇ ਇਤਨਾ ਲੱਗਾ ਹੈ ਕਿ ਅੱਗੇ ਜਾਣ ਨੂੰ ਕਰਦਾ ਹੀ ਨਹੀਂ। ਮੈਂ ਹੈਰਾਨ ਹਾਂ ਕਿ ਤੁਸੀਂ ਮੈਨੂੰ ਇਸ ਅਸਥਾਨ ਤੋਂ ਉਚੇ ਕਿਥੇ ਲੈ ਜਾਣਾ ਚਾਹੁੰਦੇ ਹੋ? ਇਸ ਤੋਂ ਉਚਾ ਤਾਂ ਹੋਰ ਕੋਈ ਅਸਥਾਨ ਹੋ ਹੀ ਨਹੀਂ ਸਕਦਾ। ਇਸ ਅਸਥਾਨ ਵਿਚ ਮੇਰੇ ਸੰਕਲਪ ਫੌਰਨ ਪ੍ਰਤੱਖ ਰੂਪ ਧਾਰਦੇ ਹਨ, ਮੇਰੇ ਮਨ ਵਿਚ ਖਾਹਿਸ਼ ਪੈਦਾ ਪਿਛੋਂ ਹੁੰਦੀ ਹੈ ਤੇ ਪੂਰੀ ਪਹਿਲੋਂ ਹੋ ਜਾਂਦੀ ਹੈ। ਇਸ ਅਸਥਾਨ ਵਿਚ ਤਾਂ ਮੰਗਣ ਦੀ ਲੋੜ ਵੀ ਨਹੀਂ। ਪਿਛਲੇ ਅਸਥਾਨ ਵਿਚ ਮੈਨੂੰ ਮੰਗਣਾ ਪੈਂਦਾ ਸੀ, ਪਰ ਉਸ ਮੰਗ ਨੂੰ ਪੂਰਿਆਂ ਕਰਨਾ ਉਸ ਮਹਲ ਦੇ ਸੇਵਾਦਾਰਾਂ ਦੇ ਅਖਤਿਆਰ ਵਿਚ ਸੀ, ਭਾਵੇਂ



ਉਹ ਮੇਰੀ ਤੁਰੰਤ ਮੰਗ ਪੂਰੀ ਕਰ ਦੇਂਦੇ ਸੀ ਅਤੇ ਕਦੀ 'ਨਾਂਹ' ਨਹੀਂ ਸੀ ਕਰਦੇ, ਪਰ ਜੇ ਉਹ ਨਾਂਹ ਕਰਨਾ ਚਾਹੁੰਦੇ ਤਾਂ ਐਸਾ ਕਰ ਸਕਦੇ ਸੀ। ਪਰ ਇਸ ਅਸਥਾਨ ਵਿਚ ਤਾਂ ਮੈਨੂੰ ਮੰਗਣ ਦੀ ਮੁਥਾਜੀ ਨਹੀਂ, ਮੈਨੂੰ ਆਪਣੀਆਂ ਮੰਗਾਂ ਪੂਰੀਆਂ ਕਰਾਣ ਲਈ ਕਿਸੇ ਨੌਕਰ ਚਾਕਰ ਦੀ ਜ਼ਰੂਰਤ ਨਹੀਂ। ਮੇਰੇ ਦਿਲ ਵਿਚ ਖਿਆਲ ਉਪਜਦਾ ਹੈ ਤੇ ਝੱਟ ਉਹ ਖਿਆਲ ਸਤ ਹੋ ਕੇ ਮੇਰੇ ਸਾਮ੍ਹਣੇ ਆ ਜਾਂਦਾ ਹੈ। ਹੁਣ ਮੈਂ ਜਿਸ ਤਰ੍ਹਾਂ ਦੀ ਚਾਹਾਂ ਆਪ ਆਪਣੀ ਸ੍ਰਿਸ਼ਟੀ ਰਚ ਸਕਦਾ ਹਾਂ, ਅਤੇ ਉਸ ਵਿਚ ਜੋ ਕੁਝ ਬਣ ਕੇ ਰਹਿਣਾ ਚਾਹਾਂ ਉਹ ਕੁਝ ਬਣ ਕੇ ਰਹਿ ਸਕਦਾ ਹਾਂ। ਮੈਨੂੰ ਤਾਂ ਇਹੋ ਹੀ ਅਨੰਦਪੁਰ ਭਾਸਦਾ ਹੈ। ਮੈਂ ਅੱਗੇ ਕਿਉਂ ਜਾਵਾਂ? ਜੇ ਇਸ ਤੋਂ ਅਗੇ ਇਸ ਤੋਂ ਚੰਗੇ ਅਸਥਾਨ ਹੋਣ ਦੀ ਗੁੰਜਾਇਸ਼ ਹੀ ਨਹੀਂ ਤਾਂ ਫੇਰ ਅੱਗੇ ਜਾਣ ਦੀ ਕੀ ਲੋੜ ਹੈ? ਸੱਚ ਪੁਛੋ ਤਾਂ ਮੈਂ ਆਪ ਨੂੰ ਇਹੋ ਕਹਿਣ ਆਇਆ ਸੀ ਕਿ ਮੈਂ ਅੱਗੇ ਨਹੀਂ ਜਾਣਾ ਚਾਹੁੰਦਾ, ਕਿਉਂਕਿ ਮੈਨੂੰ ਇਸ ਤੋਂ ਪਰ੍ਹੇ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ। ਉਹ ਬਰਫ਼ ਨਾਲ ਲੁਕੀ ਪਹਾੜ ਦੀ ਚੋਟੀ ਜਿਥੇ ਤੁਸੀਂ ਮੈਨੂੰ ਲੈ ਜਾਣਾ ਚਾਹੁੰਦੇ ਹੋ, ਮੈਨੂੰ ਰੁਖੀ ਚੀਜ਼ ਤੇ ਸੁੰਨ ਮਸੁੰਨ ਜਿਹੀ ਅਵਸਥਾ ਪ੍ਰਤੀਤ ਹੁੰਦੀ ਹੈ। ਮੈਂ ਉਥੇ ਜਾ ਕੇ ਕੀ ਕਰਾਂਗਾ? ਤੁਸੀਂ ਮੇਰੇ ਪ੍ਰਭੂ ਸਿੰਘ ਜੀ ਦਾ ਲੱਖ ਲੱਖ ਧੰਨਵਾਦ ਕਰ ਦੇਣਾ ਜਿਸ ਨੇ ਮੇਰੀ ਹਾਲਤ ਵਿਚ ਇਤਨੀ ਭਾਰੀ ਤਬਦੀਲੀ ਆਪ ਦੇ ਸਤਿਸੰਗ ਤੇ ਰਹਿਨੁਮਾਈ ਨਾਲ ਲਿਆਂਦੀ ਹੈ। ਪਰ ਮੈਂ ਜੋ ਕੁਝ ਚਾਹੁੰਦਾ ਸੀ ਉਹ ਮੈਨੂੰ ਮਿਲ ਗਿਆ ਹੈ। ਅੱਗੇ ਮੈਨੂੰ ਹੋਰ ਕੁਝ ਦਿਖਾਈ ਹੀ ਨਹੀਂ ਦੇਂਦਾ। ਇਸ ਲਈ ਜੋ ਕੁਝ ਮਿਲ ਗਿਆ ਹੈ ਉਸ ਨੂੰ ਛੱਡ ਕੇ ਜੋ ਅਜੇ ਦਿਖਾਈ ਹੀ ਨਹੀਂ ਦੇਂਦਾ, ਉਸ ਵਲ ਕਿਉਂ ਦੌੜਾਂ? ਕਿਉਂ ਨਾ ਇਸਨੂੰ ਚੰਗੀ ਤਰ੍ਹਾਂ ਭੋਗਾਂ?

ਸੰਤ ਸਿੰਘ - ਗੁਰਮੁਖ ਸਿੰਘ ਜੀ, ਮੈਂ ਤੁਹਾਨੂੰ ਪਿਛਲੇ ਪੜਾਅ ਉਤੇ ਵੀ ਦੱਸਿਆ ਸੀ ਅਤੇ ਹੁਣ ਫਿਰ ਚੰਗੀ ਤਰ੍ਹਾਂ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਆਪ ਨੂੰ ਮਜਬੂਰ ਕਰ ਕੇ ਅੱਗੇ ਲੈ ਜਾਣ ਦੀ ਮੈਨੂੰ ਮਹਾਰਾਜ ਪ੍ਰਭੂ ਸਿੰਘ ਜੀ ਵਲੋਂ ਆਗਿਆ ਨਹੀਂ। ਇਹ ਆਪ ਦੀ ਖੁਸ਼ੀ ਦੀ ਖੇਡ ਹੈ, ਜੀਅ ਕਰੇ ਤਾਂ ਇਸੇ ਅਸਥਾਨ ਤੇ ਟਿਕੇ ਰਹੋ, ਜੀਅ ਕਰੇ ਤਾਂ ਮੁੜ ਤ੍ਰਿਸ਼ਨਾਗੜ੍ਹ ਵਿਖੇ ਵੀ ਜਾ ਸਕਦੇ ਹੋ, ਆਪ ਨੂੰ ਕੋਈ ਰੋਕ ਨਹੀਂ ਸਕਦਾ। ਮੇਰਾ ਫਰਜ਼ ਆਪ ਨੂੰ ਸਫ਼ਰ ਦੀ ਹਰ ਮੰਜ਼ਲ ਸਬੰਧੀ ਪੂਰੀ ਵਾਕਫੀਅਤ ਕਰਾ ਦੇਣਾ ਹੈ, ਸਫ਼ਰ ਨੂੰ ਅਗਾਂਹ ਕਾਇਮ ਰੱਖਣ ਜਾਂ ਪਿਛਾਂਹ ਨੂੰ ਮੁੜ ਜਾਣ ਦਾ ਆਪ ਨੂੰ ਪੂਰਾ ਅਖਤਿਆਰ ਹੈ। ਆਪ

ਦਾ ਜਦ ਜੀਅ ਕਰੇ ਤਦ ਹੀ ਅਗਾਂਹ ਚੱਲਣਾ, ਜਾਂ ਜੇ ਦਿਲ ਨਾ ਕਰੇ ਤਾਂ ਇਥੇ ਹੀ ਟਿਕੇ ਰਹਿਣਾ। ਪਰ ਆਪ ਨੇ ਜੋ ਇਸ ਅਸਥਾਨ ਦੇ ਹੱਕ ਵਿਚ ਅਤੇ ਇਥੇ ਹੀ ਰਹਿਣ ਦੇ ਹੱਕ ਵਿਚ ਦਲੀਲਾਂ ਦਿਤੀਆਂ ਹਨ, ਉਹ ਇਸ ਕਰ ਕੇ ਠੀਕ ਨਹੀਂ, ਕਿਉਂਕਿ ਆਪ ਡਿਠੇ ਦਾ ਅਣਡਿੱਠੇ ਨਾਲ ਮੁਕਾਬਲਾ ਕਰ ਰਹੇ ਹੋ। ਜੋ ਸਫ਼ਰ ਆਪ ਨੇ ਤੈਅ ਹੀ ਨਹੀਂ ਕੀਤਾ, ਤਾਂ ਉਸ ਦਾ ਆਪਣਾ ਤੈਅ ਕਰ ਚੁੱਕੇ ਸਫ਼ਰ ਨਾਲ ਮੁਕਾਬਲਾ ਕਿਵੇਂ ਕਰ ਸਕਦੇ ਹੋ? ਜੋ ਚੀਜ਼ ਤੁਸੀਂ ਦੇਖੀ ਹੀ ਨਹੀਂ, ਉਸ ਸਬੰਧ ਐਵੇਂ ਅੰਦਾਜ਼ੇ ਲਗਾਣ ਵਿਚ ਬੜਾ ਟਪਲਾ ਲਗ ਸਕਦਾ ਹੈ। ਆਪ ਇਹ ਤਾਂ ਸੋਚੋ ਕਿ ਜੇ ਇਹੀ ਅਸਥਾਨ ਸਭ ਤੋਂ ਚੰਗਾ ਤੇ ਸੁਹਾਵਣਾ ਹੋਵੇ ਤਾਂ ਇਸ ਦੇ ਮਾਲਕ, ਮਹਾਰਾਜ ਪ੍ਰਭੂ ਸਿੰਘ ਜੀ ਆਪ ਹੀ ਸਦਾ ਇਥੇ ਕਿਉਂ ਨਾ ਰਹਿਣ? ਉਹਨਾਂ ਦਾ ਇਥੇ ਨਾ ਰਹਿਣਾ ਅਤੇ ਇਸ ਤੋਂ ਅੱਗੋ ਹੋਰ ਉਚਾਈ ਤੇ ਬਿਰਾਜਣਾ ਹੀ ਸਿੱਧ ਕਰਦਾ ਹੈ ਕਿ ਇਸ ਨਾਲੋਂ ਅਗਲਾ ਅਸਥਾਨ ਜ਼ਰੂਰ ਚੰਗਾ ਹੈ। ਆਪ ਨੂੰ ਜੋ ਅਸਥਾਨ ਇਥੋਂ ਬਰਫ਼ ਨਾਲ ਲੁਕੀ ਰੁਖੀ ਤੇ ਸੁੰਨ ਘਾਟੀ ਨਜ਼ਰ ਆਉਂਦੀ ਹੈ, ਉਹ ਉਥੇ ਪਹੁੰਚ ਕੇ ਐਸੀ ਨਹੀਂ ਰਹਿੰਦੀ, ਕੇਵਲ ਦੂਰੋਂ ਆਦਮੀ ਨੂੰ ਇੰਜ ਪ੍ਰਤੀਤ ਹੁੰਦੀ ਹੈ। ਭਾਵੇਂ ਆਪ ਮੇਰੀ ਗੱਲ ਇਸ ਅਵਸਥਾ ਵਿਚ ਚੰਗੀ ਤਰ੍ਹਾਂ ਨਾ ਸਮਝ ਸਕੋ, ਪਰ ਫਿਰ ਵੀ ਮੈਂ ਆਪ· ਨੂੰ ਅਗਲੇ ਅਸਥਾਨ ਦੀ ਕੁਝ ਉੱਚਤਾ, ਮਹੱਤਤਾ ਇਕ ਮਿਸਾਲ ਦੇ ਕੇ ਸਮਝਾਣ ਦੀ ਕੋਸ਼ਿਸ਼ ਕਰਦਾ ਹਾਂ?

ਇਕ ਸੀ ਰਾਜਾ, ਉਸ ਦਾ ਇਕ ਸੀ ਪੁੱਤਰ। ਪੁੱਤਰ ਜਵਾਨ ਹੋ ਗਿਆ, ਬੜਾ ਲਾਇਕ ਤੇ ਹੋਣਹਾਰ ਨਿਕਲਿਆ। ਰਾਜੇ ਨੇ ਉਸ ਨੂੰ ਪਹਿਲੇ ਆਪਣੀ ਰਿਆਸਤ ਦੇ ਇਕ ਸ਼ਹਿਰ ਉਤੇ ਰਾਜ ਕਰਨ ਵਾਸਤੇ ਇਜਾਜ਼ਤ ਦਿਤੀ, ਪਰ ਜਦ ਪੁੱਤਰ ਹੋਰ ਵੱਡਾ ਹੋਇਆ ਤਾਂ ਰਾਜੇ ਨੇ ਉਸ ਨੂੰ ਆਪਣੇ ਇਕ ਸੂਬੇ ਉਤੇ ਰਾਜ ਕਰਨ ਦਾ ਅਖਤਿਆਰ ਦੇ ਦਿਤਾ। ਪੁੱਤਰ ਆਪਣੇ ਪਿਤਾ ਦੀਆਂ ਕੇਂਦਰੀ ਤਾਕਤਾਂ-ਲਸ਼ਕਰ, ਖਜ਼ਾਨੇ, ਵਜ਼ੀਰਾਂ ਮੁਸਾਹਿਬਾਂ ਦੇ ਆਸਰੇ ਕੁਝ ਚਿਰ ਸੂਬੇ ਦਾ ਵੀ ਚੰਗਾ ਸੋਹਣਾ ਰਾਜ ਪ੍ਰਬੰਧ ਤੋਰਦਾ ਰਿਹਾ। ਅਖੀਰ ਜਦ ਪੁੱਤਰ, ਰਾਜੇ ਦੇ ਆਪ ਬਰਾਬਰ ਦਾ ਹੋਇਆ, ਰਾਜੇ ਨੇ ਉਸ ਨੂੰ ਆਪਣੇ ਪਾਸ ਬੁਲਾਇਆ ਅਤੇ ਸਾਰੇ ਵਜ਼ੀਰਾਂ ਮੁਸਾਹਿਬਾਂ ਨੂੰ ਆਖਿਆ ਕਿ ਅੱਜ ਤੋਂ ਮਗਰੋਂ ਮੇਰਾ ਪੁੱਤਰ ਮੇਰੀ ਥਾਂ ਤੇ ਰਾਜ ਕਰੇਗਾ। ਅੱਜ ਤੋਂ ਤੁਸੀਂ ਸਾਰੇ ਇਸ ਦੀ ਪਰਜਾ ਹੋ। ਮੇਰੇ ਅਤੇ ਇਸ ਦੇ ਵਿਚਕਾਰ



ਕੋਈ ਫ਼ਰਕ ਨਹੀਂ ਰਿਹਾ। ਇਸ ਨੂੰ ਮੇਰਾ ਹੀ ਰੂਪ ਸਮਝਣਾ। ਇਸ ਦੇ ਮਗਰੋਂ ਸਭ ਫੌਜਾਂ ਲਸ਼ਕਰ, ਅਦਾਲਤਾਂ, ਰਾਜ ਪ੍ਰਬੰਧ ਦੇ ਕੁਲ੍ਹ ਮਹਿਕਮੇ, ਰਾਜੇ ਵਲੋਂ ਉਸ ਦੇ ਪੁੱਤਰ ਦੇ ਸਪੁਰਦ ਕੀਤੇ ਗਏ। ਗੁਰਮੁਖ ਸਿੰਘ ਜੀ, ਹੁਣ ਦੱਸੋ ਕਿ ਉਸ ਰਾਜੇ ਦੇ ਪੁੱਤਰ ਦੀ ਕਿਹੜੀ ਅਵਸਥਾ ਚੰਗੀ ਸੀ? ਇਕ ਸ਼ਹਿਰ ਉਤੇ ਰਾਜ ਕਰਨ ਵਾਲੀ ਜਾਂ ਅਖੀਰਲੀ ਅਵਸਥਾ ਜਿਸ ਵਿਚ ਪਿਤਾ ਪੁੱਤਰ ਦਾ ਆਪਸ ਵਿਚ ਕੋਈ ਭੇਦ ਨਹੀਂ ਸੀ ਰਿਹਾ?

ਗੁਰਮੁਖ ਸਿੰਘ - ਮਹਾਰਾਜ ਇਸ ਦਾ ਜਵਾਬ ਤੇ ਸਾਫ਼ ਹੀ ਹੈ ਕਿ ਰਾਜੇ ਦੇ ਪੁੱਤਰ ਦੀ ਅਖੀਰਲੀ ਅਵਸਥਾ ਜਦ ਉਸ ਵਿਚ ਤੇ ਉਸ ਦੇ ਪਿਤਾ ਵਿਚ ਕੋਈ ਫ਼ਰਕ ਨਹੀਂ ਸੀ, ਚੰਗੀ ਸੀ, ਪਰ ਇਸ ਅਵਸਥਾ ਦੇ ਸਾਡੇ ਸਫ਼ਰ ਨਾਲ ਕੀ ਸਬੰਧ?

ਸੰਤ ਸਿੰਘ - ਇਸ ਮਿਸਾਲ ਦਾ ਸਾਡੇ ਸਫ਼ਰ ਨਾਲ ਇਹ ਸਬੰਧ ਹੈ ਕਿ ਤੁਸੀਂ ਇਕ ਸ਼ਹਿਰ ਉਤੇ ਜਾਂ ਇਕ ਸੂਬੇ ਉਤੇ ਦਿਤੇ ਗਏ ਰਾਜ ਨੂੰ ਹੀ ਸਾਰੇ ਦੇਸ਼ ਦਾ ਰਾਜ ਸਮਝ ਰਹੇ ਹੋ। ਇਹ ਦੋ ਪੜਾਅ ਜੋ ਤੁਸੀਂ ਆਪਣੇ ਸਫ਼ਰ ਵਿਚ ਵੇਖੇ ਹਨ ਅਤੇ ਜਿਨ੍ਹਾਂ ਉਤੇ ਮੋਹਿਤ ਹੋਏ ਹੋ, ਅਤੇ ਜਿਨ੍ਹਾਂ ਨੂੰ ਸਭ ਕੁਝ ਸਮਝ ਰਹੇ ਹੋ, ਇਹ ਤੁਹਾਡੀ ਭੁੱਲ ਹੈ। ਅੱਗੇ ਚਲ ਕੇ ਤੁਹਾਡੀ ਇਸ ਭੁਲੇਖੇ ਤੋਂ ਅੱਖ ਖੁਲ੍ਹੇਗੀ ਪਰ ਜੇਕਰ ਇਥੇ ਹੀ ਟਿਕੇ ਰਹੋਗੇ ਤਾਂ ਜੋ ਦ੍ਰਿਸ਼ ਦੇਖ ਰਹੇ ਹੋ ਇਹੋ ਹੀ ਆਖਰੀ ਦ੍ਰਿਸ਼ ਪ੍ਰਤੀਤ ਹੋਵੇਗਾ।

ਗੁਰਮੁਖ ਸਿੰਘ ਨੂੰ ਸੰਤ ਸਿੰਘ ਦੇ ਬਚਨਾਂ ਉਤੇ ਸ਼ੁਰੂ ਤੋਂ ਹੀ ਬੜਾ ਯਕੀਨ ਬੱਝ ਚੁੱਕਿਆ ਸੀ, ਉਸ ਨੇ ਸੰਤ ਸਿੰਘ ਨੂੰ ਸਦਾ ਆਪਣਾ ਹਮਦਰਦ ਤੇ ਸ਼ੁਭਚਿੰਤਕ ਦੇਖਿਆ ਸੀ, ਇਸ ਲਈ ਗੁਰਮੁਖ ਸਿੰਘ ਦੇ ਦਿਲ ਵਿਚ ਖਿਆਲ ਆਇਆ ਕਿ ਸੰਤ ਸਿੰਘ ਆਖਦਾ ਤਾਂ ਠੀਕ ਹੈ। ਜੋ ਸਫਰ ਅਜੇ ਮੈਂ ਤੈਅ ਹੀ ਨਹੀਂ ਕੀਤਾ ਉਸ ਸਬੰਧੀ ਮੈਂ ਕਿਵੇਂ ਕੋਈ ਰਾਏ ਕਾਇਮ ਕਰ ਸਕਦਾ ਹਾਂ। ਸੰਤ ਸਿੰਘ ਨੇ ਸਫ਼ਰ ਦੀਆਂ ਅਗਲੀਆਂ ਤੇ ਪਿਛਲੀਆਂ ਸਭ ਮੰਜ਼ਿਲਾਂ ਦੇਖੀਆਂ ਹਨ ਅਤੇ ਇਸੇ ਖਿਆਲ ਵਿਚ ਸਫ਼ਰ ਦਾ ਅਗਲਾ ਹਿੱਸਾ ਪਿਛਲੇ ਸਭ ਹਿੱਸਿਆਂ ਨਾਲੋਂ ਸੁਹਾਵਣਾ ਹੈ, ਇਸ ਲਈ ਨੇਕ ਨੀਯਤ ਮੁਸਾਫ਼ਰ ਨੂੰ ਸੰਤ ਸਿੰਘ ਦੀ ਸਲਾਹ ਅਨੁਸਾਰ ਹੀ ਚਲਣਾ ਲਾਜ਼ਮੀ ਹੈ।

ਗੁਰਮੁਖ ਸਿੰਘ ਨੀਵੀਂ ਪਾਈ ਦਿਲ ਵਿਚ ਕੁਝ ਸੋਚ ਰਿਹਾ ਸੀ। ਉਸ ਨੂੰ ਇਸ ਅਸਥਾਨ ਵਿਚ ਤੱਕੀ ਮੌਜ ਸਭ ਯਾਦ ਸੀ, ਆਪਣੇ

ਬਾਲ ਬੱਚਿਆਂ ਸਮੇਤ ਭੋਗਿਆ ਸਭ ਰਾਜ ਚੇਤੇ ਸੀ। ਅੱਗੇ ਹਨ੍ਹੇਰਾ ਘੁੱਪ ਦਿਸਦਾ ਸੀ, ਸਭ ਕੁਝ ਛੱਡ ਕੇ ਇਕੱਲਿਆਂ ਸੰਤ ਸਿੰਘ ਦੇ ਮਗਰ ਟੁਰਨਾ ਬੜਾ ਕਠਨ ਜਾਪਦਾ ਸੀ। ਪਤਾ ਨਹੀਂ ਅੱਗੇ ਕੀ ਹੋਵੇ, ਇਹ ਅਵਸਥਾ ਵੀ ਹੱਥੋਂ ਜਾਂਦੀ ਰਹੇ ਤੇ ਅਗਲੀ ਮੰਜ਼ਿਲ ਦੀ ਸਿੱਧੀ ਚੜ੍ਹਾਈ ਵੀ ਨਾ ਚੜ੍ਹੀ ਜਾਵੇ, ਜੇ ਕਿਤੇ ਪੈਰ ਫਿਸਲ ਗਿਆ ਤਾਂ ਆਲੇ ਦੁਆਲੇ ਦੀਆਂ ਡੂੰਘੀਆਂ ਖੱਡਾਂ ਵਿਚ ਡਿੱਗ ਕੇ ਪਾਸੇ ਭੱਜ ਜਾਣਗੇ.....ਕੀ ਕਰਾਂ? ਗੱਲ ਸੰਤ ਸਿੰਘ ਦੀ ਵੀ ਠੀਕ ਹੈ। ਜਦ ਉਹ ਆਖਦਾ ਹੈ ਕਿ ਅਗਲਾ ਸਫਰ ਪਿਛੇ ਨਾਲੋਂ ਵੀ ਚੰਗਾ ਹੈ ਤਾਂ ਮੇਰਾ ਧਰਮ ਹੈ ਆਪਣੇ ਤਜਰਬੇਕਾਰ ਮਿੱਤਰ ਦੇ ਬਚਨਾਂ ਤੇ ਯਕੀਨ ਕਰਾਂ....।

ਸੰਤ ਸਿੰਘ - ਜੇ ਆਖੋ ਤਾਂ ਮੈਂ ਹੋਰ ਠਹਿਰ ਜਾਂਦਾ ਹਾਂ ਤੁਸੀਂ ਕੁਝ ਚਿਰ ਇਸ ਅਸਥਾਨ ਵਿਚ ਹੋਰ ਟਿਕੇ ਰਹੋ ਅਤੇ ਮੇਰੀ ਬੇਨਤੀ ਉਤੇ ਵਿਚਾਰ ਕਰ ਲਵੋ। ਜਿਵੇਂ ਫਿਰ ਆਪ ਦਾ ਫੈਸਲਾ ਹੋਵੇਗਾ ਉਵੇਂ ਹੀ ਕਰ ਲਿਆ ਜਾਵੇਗਾ। ਸੰਤ ਸਿੰਘ ਦੀ ਆਵਾਜ਼ ਸੁਣ ਕੇ ਗੁਰਮੁਖ ਸਿੰਘ ਨੇ ਅੱਖਾਂ ਚੁੱਕ ਕੇ ਸੰਤ ਸਿੰਘ ਦੇ ਚਿਹਰੇ ਵਲ ਤੱਕਿਆ ਤਾਂ ਉਸ ਵਿਚ ਉਸ ਨੂੰ ਅਜੀਬ ਦ੍ਰਿਸ਼ ਨਜ਼ਰ ਆਇਆ - ਉਹਨਾਂ ਅੱਖਾਂ ਦੇ ਸ਼ੀਸ਼ਿਆਂ ਦੇ ਮਗਰ ਉਸ ਨੂੰ ਸੰਤ ਸਿੰਘ ਦੀ ਨੂਰੀ ਆਤਮਾ ਦਿਸੀ - ਜਿਸ ਵਿਚ ਖੇੜਾ ਸੀ, ਅਡੋਲਤਾ ਸੀ, ਤੇਜ ਸੀ, ਸ਼ਕਤੀ, ਪ੍ਰੇਮ ਅਤੇ ਸੀਤਲਤਾ ਸੀ।

ਗੁਰਮੁਖ ਸਿੰਘ ਨੇ ਸੰਤ ਸਿੰਘ ਦੀਆਂ ਅੱਖਾਂ ਥਾਣੀਂ ਉਸ ਦੇ ਅੰਦਰ ਬਿਰਾਜ ਰਹੀ ਪਾਤਸ਼ਾਹੀ ਦੇ ਦਰਸ਼ਨ ਕਰਨ ਮਗਰੋਂ ਆਪਣੀ ਹਾਲਤ ਵਲ ਵਿਚਾਰ ਭਰੀ ਨਿਗ੍ਹਾਹ ਨਾਲ ਤੱਕਿਆ ਤਾਂ ਆਪਣੀ ਅਤੇ ਸੰਤ ਸਿੰਘ ਦੀ ਹਾਲਤ ਵਿਚ ਬੜਾ ਫਰਕ ਦੇਖਿਆ। ਉਸ ਦੀ ਆਤਮਾ ਅੰਦਰੋਂ ਪੁਕਾਰ ਕੇ ਆਖਦੀ ਜਾਪੀ ਕਿ ਤੈਨੂੰ ਇਹ ਸਮਾਂ ਫਿਰ ਨਹੀਂ ਮਿਲੇਗਾ। ਫੜ ਲੈ ਸੰਤ ਸਿੰਘ ਦਾ ਪੱਲਾ, ਘੁੱਟ ਕੇ ਜੱਫੀ ਪਾ ਲੈ ਸੰਤ ਸਿੰਘ ਦੇ ਪੈਰਾਂ ਨੂੰ, ਜਾਣ ਨਾ ਦੇਹ ਇਸ ਮਹਾਂਪੁਰਖ ਨੂੰ ਇਕੱਲਿਆਂ, ਸਭ ਕੁਝ ਛੱਡ ਕੇ ਇਸ ਦੇ ਮਗਰ ਤੁਰ ਪਉ.....ਭੌਂ ਕੇ ਨਾ ਤੱਕੀਂ ਪਿਛਾਂਹ ਵਲ, ਕਿਤੇ ਫਿਰ ਤੂੰ ਕਮਜ਼ੋਰ ਹੋ ਜਾਵੇਂ, ਉਠ, ਹੁਣੇ ਉਠ ਤੇ ਸੰਤ ਸਿੰਘ ਨਾਲ ਆਪਣਾ ਅਖੀਰਲਾ ਸਫ਼ਰ ਤੈਅ ਕਰ ਸੁਟ।

## ੫

ਗੁਰਮੁਖ ਸਿੰਘ ਤੇ ਸੰਤ ਸਿੰਘ ਫਿਰ ਪਹਾੜਾਂ ਨੂੰ ਕੱਟਦੇ ਪੱਥਰਾਂ



ਤੇ ਤੁਰਦੇ ਕਿਸੇ ਮਹਾਨ ਉਚੀ ਚੜ੍ਹਾਈ ਤੇ ਚੜ੍ਹ ਰਹੇ ਸਨ। ਕਈ ਦਿਨ ਸਫ਼ਰ ਕਰਦਿਆਂ ਗੁਜ਼ਾਰ ਚੁੱਕੇ ਸਨ। ਹੁਣ ਗੁਰਮੁਖ ਸਿੰਘ ਨੂੰ ਹੇਠਲੇ ਅਸਥਾਨ ਤੇ ਉਹਨਾਂ ਤੇ ਰਹਿ ਕੇ ਭੋਗੇ ਸੁਖ ਸੁਫ਼ਨੇ ਵਿਚ ਤੱਕੇ ਪਰਛਾਵੇਂ ਜਹੇ ਜਾਪਦੇ ਸੀ ਅਤੇ ਉਤਲੀ ਹਵਾ ਦੇ ਕੁੱਰੇ ਵਿਚ ਜਿਉਂ ਜਿਉਂ ਉਹ ਚੜ੍ਹਦਾ ਸੀ, ਉਸ ਨੂੰ ਹੇਠਲੀਆਂ ਮੰਜ਼ਿਲਾਂ ਦੀ ਯਾਦ ਭੁਲਦੀ ਜਾਂਦੀ ਸੀ ਅਤੇ ਆਲੇ-ਦੁਆਲੇ ਦੀ ਸੀਤਲਤਾ ਸ਼ਾਂਤੀ ਉਸ ਦੇ ਮਨ ਨੂੰ ਡਾਢੇ ਠਹਿਰਾਅ ਤੇ ਸਹਿਜ ਵਿਚ ਲਿਆ ਰਹੀ ਸੀ। ਇਸ ਸਹਿਜ ਅਵਸਥਾ ਵਿਚ ਗੁਰਮੁਖ ਸਿੰਘ ਨੂੰ ਸੰਤ ਸਿੰਘ ਨੇ ਆਖਿਆ-

ਗੁਰਮੁਖ ਸਿੰਘ ਜੀ, ਹੁਣ ਤੁਸੀਂ ਕਾਫੀ ਚੜ੍ਹਾਈ ਚੜ੍ਹ ਲਈ ਹੈ ਅਤੇ ਅਨੰਦਪੁਰ ਦੇ ਕਾਫ਼ੀ ਨਜ਼ਦੀਕ ਅਪੜ ਗਏ ਹੋ। ਹੁਣ ਤੁਹਾਨੂੰ ਕੇਵਲ ਉਹ ਦਿਸਦੀਆਂ ਤਿੰਨ ਘਾਟੀਆਂ ਚੜ੍ਹਨੀਆਂ ਹਨ, ਜਿਨ੍ਹਾਂ ਦੇ ਪਰਲੇ ਪਾਸੇ ਤੋਂ ਅਨੰਦਪੁਰ ਦਾ ਇਲਾਕਾ ਸ਼ੁਰੂ ਹੋਵੇਗਾ। ਇਹਨਾਂ ਤਿੰਨਾਂ ਘਾਟੀਆਂ ਦੇ ਅਸਾਂ ਇਸ ਪ੍ਰਕਾਰ ਨਾਮ ਰੱਖੇ ਹੋਏ ਹਨ -

੧. ਇਛਿਆ-ਤਿਆਗ ਘਾਟੀ
੨. ਮਤ-ਤਿਆਗ ਘਾਟੀ
੩. ਆਪਾ-ਤਿਆਗ ਘਾਟੀ

ਅਨੰਦਪੁਰ ਦੇ ਨਜ਼ਦੀਕ ਪਹੁੰਚ ਕੇ ਹਰ ਇਕ ਮੁਸਾਫ਼ਰ ਲਈ ਇਹਨਾਂ ਘਾਟੀਆਂ ਨੂੰ ਲੰਘਣਾ ਜ਼ਰੂਰੀ ਹੈ। ਕਿਉਂਕਿ ਅਨੰਦਪੁਰ ਇਹਨਾਂ ਘਾਟੀਆਂ ਨੂੰ ਲੰਘੇ ਬਗੈਰ ਨਹੀਂ ਦਿਸ ਸਕਦਾ।

੧. ਇਛਿਆ-ਤਿਆਗ ਘਾਟੀ ਵਿਚੋਂ ਲੰਘਣ ਵਾਲਿਆਂ ਨੂੰ ਆਪਣੀ ਇਛਿਆ ਦੇ ਬੋਝ ਨੂੰ ਸਿਰੋਂ ਸੁੱਟਣਾ ਪੈਂਦਾ ਹੈ, ਕਿਉਂਕਿ ਅਨੰਦਪੁਰ ਕੇਵਲ ਉਹ ਹੀ ਪਹੁੰਚ ਸਕਦੇ ਹਨ ਜਿਨ੍ਹਾਂ ਕੋਲ ਆਪਣਾ ਕੋਈ ਸਾਮਾਨ ਨਾ ਹੋਵੇ। ਚੜ੍ਹਾਈ ਕਿਉਂਕਿ ਬਿਲਕੁਲ ਸਿੱਧੀ ਹੈ, ਬੋਝ ਹੋਣ ਨਾਲ ਚੜ੍ਹੀ ਨਹੀਂ ਜਾਂਦੀ, ਇਸ ਲਈ ਆਪਣੀਆਂ ਸਭ ਇਛਿਆਵਾਂ ਨੂੰ ਤਿਆਗ ਦੇਵੋ। ਜਦ ਤੁਸੀਂ ਇਛਿਆਵਾਂ ਨੂੰ ਤਿਆਗੋਗੇ ਤਾਂ ਹੀ ਤੁਹਾਨੂੰ ਪਤਾ ਲੱਗੇਗਾ ਕਿ ਤੁਹਾਡੇ ਸਿਰ ਉਤੇ ਇਛਿਆਵਾਂ ਦਾ ਕਿਤਨਾ ਭਾਰਾ ਬੋਝ ਸੀ। ਪਿਛਲੇ ਅਸਥਾਨ ਉਤੇ ਆਪਣੇ ਆਪ ਨੂੰ ਬੜੇ ਸੁਖੀ ਮੰਨ ਬੈਠੇ ਸੀ ਕਿਉਂਕਿ ਉਸ ਅਸਥਾਨ ਉਤੇ ਜੋ ਇਛਿਆ ਕਰਦੇ ਸੀ, ਸੋਈ ਫੌਰਨ ਪੂਰੀ ਹੁੰਦੀ ਸੀ। ਐਪਰ ਉਥੇ ਤੁਹਾਨੂੰ ਆਪਣੇ ਆਪ ਨੂੰ ਸੁਖੀ ਬਨਾਣ ਲਈ ਆਪਣੀ ਇਛਿਆ ਦਾ ਸਹਾਰਾ ਲੈਣਾ ਪੈਂਦਾ ਸੀ। ਤੁਹਾਡਾ ਸੁਖ ਇਛਿਆ ਦੇ ਆਸਰੇ ਸੀ, ਇਛਿਆ

ਕਰਨ ਨਾਲ ਪ੍ਰਾਪਤ ਹੁੰਦਾ ਸੀ। ਤੁਸੀਂ ਸੁਖੀ ਹੋਣ ਲਈ ਇਛਿਆ ਦੇ ਮੁਥਾਜ ਤੇ ਗੁਲਾਮ ਸੀ। ਜਦ ਤੁਸੀਂ ਇਛਿਆ-ਤਿਆਗ ਘਾਟੀ ਵਿਚੋਂ ਦੀ ਲੰਘ ਜਾਵੋਗੇ ਤਦ ਤੁਸੀਂ ਮਹਿਸੂਸ ਕਰੋਗੇ ਕਿ ਇਸ ਇਛਿਆਵਾਂ ਦੇ ਸੂਖਸ਼ਮ ਬੋਝ ਨੇ ਤੁਹਾਡੀ ਆਤਮਾ ਨੂੰ ਕਿਤਨੇ ਸਮੇਂ ਤੋਂ ਕਿਤਨਾ ਦਬਾਇਆ ਹੋਇਆ ਸੀ।

ਗੁਰਮੁਖ ਸਿੰਘ ਜਦ ਸੰਤ ਸਿੰਘ ਦੇ ਮਗਰ ਮਗਰ ਇਛਿਆ-ਤਿਆਗ ਘਾਟੀ ਲੰਘ ਗਿਆ ਤਾਂ ਉਸ ਨੇ ਪਹਿਲੀ ਵਾਰ ਮਹਿਸੂਸ ਕੀਤਾ ਕਿ ਸੱਚੀ-ਮੁਚੀਂ ਉਹ ਬਹੁਤ ਹਲਕਾ ਹੋ ਗਿਆ ਹੈ। ਉਸ ਦੀ ਆਤਮਾ ਨੇ ਇਕ ਅਜੀਬ ਇਲਾਹੀ ਖੁਸ਼ੀ ਮਹਿਸੂਸ ਕੀਤੀ। ਉਸ ਦਾ ਜੋ ਭੁਲੇਖਾ ਸੀ ਕਿ ਜੇਕਰ ਇਛਿਆ ਨਾ ਰਹੇ ਤਾਂ ਇਨਸਾਨ ਹੀ ਨਹੀਂ ਰਹਿੰਦਾ, ਇਕ ਛਿਨ ਵਿਚ ਦੂਰ ਹੋ ਗਿਆ। ਉਸ ਨੇ ਪ੍ਰਤੀਤ ਕੀਤਾ ਕਿ ਇਛਿਆ ਇਕ ਖਿਡੌਣਾ ਸੀ ਜਿਸ ਨਾਲ ਉਸੇ ਦੀ ਆਤਮਾ ਮੁੱਦਤਾਂ ਤੋਂ ਖੇਡ ਰਹੀ ਸੀ, ਐਪਰ ਇਸ ਖਿਡੌਣੇ ਨੂੰ ਤਿਆਗਣ ਨਾਲ ਉਸ ਦੀ ਆਤਮਾ ਜਿਉਂ ਦੀ ਤਿਉਂ ਕਾਇਮ ਹੈ। ਸਿਰਫ ਖਿਡੌਣੇ ਦਾ ਬੋਝ ਜੋ ਉਸ ਨੂੰ ਜਨਮ ਜਨਮਾਂਤਰਾਂ ਤੋਂ ਦਬਾਈ ਚਲਿਆ ਆ ਰਿਹਾ ਸੀ ਉਹ ਉਸ ਦੇ ਸਿਰ ਤੋਂ ਲੱਥ ਗਿਆ ਹੈ। ਹੁਣ ਗੁਰਮੁਖ ਸਿੰਘ ਆਪਣੇ ਆਪ ਨੂੰ ਡਾਹਢਾ ਹਲਕਾ ਪ੍ਰਤੀਤ ਕਰ ਰਿਹਾ ਸੀ ਅਤੇ ਅਗਲੀ ਘਾਟੀ ਤੇ ਚੜ੍ਹਨ ਲਈ ਬਿਲਕੁਲ ਤਿਆਰ ਸੀ।

੨. ਇਛਿਆ-ਤਿਆਗ ਘਾਟੀ ਦੇ ਲੰਘਣ ਮਗਰੋਂ ਦੂਸਰੀ ਘਾਟੀ, ਮਤ-ਤਿਆਗ ਘਾਟੀ ਦੀ ਚੜ੍ਹਾਈ ਸ਼ੁਰੂ ਹੋਈ। ਇਸ ਘਾਟੀ ਤੋਂ ਲੰਘਦਿਆਂ ਹੋਇਆਂ ਸੰਤ ਸਿੰਘ ਨੇ ਗੁਰਮੁਖ ਸਿੰਘ ਨੂੰ ਦੱਸਿਆ ਕਿ ਇਸ ਘਾਟੀ ਤੋਂ ਲੰਘਣ ਵੇਲੇ ਸਭ ਨੂੰ ਆਪਣੀ ਹਰ ਪ੍ਰਕਾਰ ਦੀ ਮੱਤ, ਜਾਂ ਰਾਇ ਪਿਛੇ ਛੱਡਣੀ ਪੈਂਦੀ ਹੈ। ਰਾਇ ਜਾਂ ਮੱਤ ਵੀ ਸੂਖਸ਼ਮ ਬੋਝ ਹਨ, ਜਿਹੜੇ ਆਤਮਾ ਨੂੰ ਦਬਾਈ ਰਖਦੇ ਅਤੇ ਸੱਚ ਤਕ ਅਪੜਨੋਂ ਰੋਕਦੇ ਰਹਿੰਦੇ ਹਨ। ਗੁਰਮੁਖ ਸਿੰਘ ਇਸ ਘਾਟੀ ਤੋਂ ਲੰਘਦਾ ਮਹਿਸੂਸ ਕਰ ਰਿਹਾ ਸੀ ਕਿ ਉਸ ਦੀਆਂ ਸਾਰੀਆਂ ਰਾਵਾਂ, ਸਾਰੇ, ਨਿਸ਼ਚੇ, ਸਭ ਦੇ ਸਭ ਥੜੇ ਥੋਥੇ ਤੇ ਅਪੂਰਨ ਹਨ। ਉਹ ਦੂਸਰੇ ਇਨਸਾਨਾਂ ਨੂੰ ਗਲਤੀਆਂ ਕਰਦਿਆਂ ਦੇਖ ਕੇ ਜੋ ਆਪਣੀ ਰਾਇ ਵਿਚ ਉਹਨਾਂ ਨੂੰ ਤਰਸਯੋਗ ਹਾਲਤ ਵਿਚ ਫਸਿਆ ਸਮਝਦਾ ਸੀ, ਉਹ ਗਲਤੀ ਸੀ। ਉਸ ਨੇ ਜੋ ਆਪਣੀ ਰਾਇ ਅਨੁਸਾਰ ਲੋਕਾਂ ਵਿਚ ਚੰਗੇ ਮੰਦੇ ਦੀਆਂ ਵੰਡੀਆਂ ਪਾਈਆਂ ਹੋਈਆਂ ਸਨ, ਉਹ ਸਭ ਗਲਤ ਸੀ। ਇਸ ਘਾਟੀ



ਤੇ ਖਲੋ ਕੇ ਉਸ ਨੂੰ ਇਜ ਨਜ਼ਰ ਆਇਆ ਕਿ ਦੁਨੀਆਂ ਵਿਚ ਤਾਂ ਕੋਈ ਪੁਰਸ਼ ਗਲਤੀ ਜਾਂ ਮਾੜਾ ਕੰਮ ਕਰ ਹੀ ਨਹੀਂ ਰਿਹਾ, ਸਗੋਂ ਹਰ ਇਕ ਪੁਰਸ਼ ਆਪਣੀ ਅਵਸਥਾ ਤੇ ਵਿਤ ਅਨੁਸਾਰ ਉਨਤੀ ਜਾਂ ਤਰੱਕੀ ਵਲ ਤੁਰ ਰਿਹਾ ਹੈ। ਇਨਸਾਨ ਦੀਆਂ ਸਭ ਦੁਰਘਟਨਾਵਾਂ ਵਿਚ ਵੀ ਰੱਬੀ ਪਰੇਮ ਦਾ ਸੁਨਿਹਰੀ ਅਸੂਲ ਕੰਮ ਕਰ ਰਿਹਾ ਹੈ। ਇਨਸਾਨ ਨੂੰ ਸਭ ਸਜ਼ਾਵਾਂ ਰੱਬੀ ਪਰੇਮ ਦੇ ਅਸੂਲ ਨੂੰ ਭੰਗ ਕਰਨ ਕਰਕੇ ਮਿਲਦੀਆਂ ਹਨ, ਜਦ ਇਨਸਾਨ ਨੂੰ ਆਪਣੀਆਂ ਗਲਤੀਆਂ ਦੀ ਸਮਝ ਆ ਜਾਵੇ, ਉਸੇ ਵੇਲੇ ਹੀ ਰੱਬੀ ਪ੍ਰੇਮ ਉਸ ਨੂੰ ਚੁੰਮ ਲੈਂਦਾ ਹੈ ਤੇ ਅਗਲੀ ਅਵਸਥਾ ਵਿਚ ਲੈ ਜਾ ਖੜ੍ਹਾ ਕਰਦਾ ਹੈ। ਇਥੇ ਉਸ ਨੂੰ ਇਹ ਵੀ ਪਤਾ ਲੱਗਾ ਕਿ ਉਸ ਦੀਆਂ ਤ੍ਰਿਸ਼ਨਾਗੜ੍ਹ ਵਿਚ ਉਠਾਈਆਂ ਸਭ ਤਕਲੀਫਾਂ ਉਸ ਦੇ ਰੱਬੀ ਪ੍ਰੇਮ ਦੇ ਅਸੂਲ ਵਲੋਂ ਬੇਪਰਵਾਹੀ ਕਰਕੇ ਹੀ ਸਨ ਅਤੇ ਜਦ ਉਸ ਨੂੰ ਆਪਣੀ ਮੰਦ ਦਸ਼ਾ ਤੋਂ ਅੱਤ ਲਜਿਆ ਤੇ ਘ੍ਰਿਣਾ ਪੈਦਾ ਹੋਈ, ਰੱਬੀ ਪ੍ਰੇਮ ਦੇ ਅਸੂਲ ਨੇ ਉਸ ਨੂੰ ਸੰਤ ਸਿੰਘ ਦਾ ਮੇਲ ਕਰਵਾ ਦਿਤਾ। ਉਸ ਦੇ ਅਨੰਦਪੁਰ ਤਕ ਸਾਰੇ ਸਫ਼ਰ ਵਿਚ ਰੱਬੀ ਪਰੇਮ ਹੀ ਉਸ ਦੀ ਸੰਤ ਸਿੰਘ ਰਾਹੀਂ ਸਹਾਇਤਾ ਕਰ ਰਿਹਾ ਸੀ। ਗੁਰਮੁਖ ਸਿੰਘ ਦਾ ਇਥੇ ਇਹ ਵੀ ਭੁਲੇਖਾ ਦੂਰ ਹੋ ਗਿਆ ਅਤੇ ਉਸ ਨੇ ਮਹਿਸੂਸ ਕੀਤਾ ਕਿ ਭਾਵੇਂ ਉਹ ਆਪ ਹੀ ਅਨੰਦਪੁਰ ਦੇ ਸਫ਼ਰ ਨੂੰ ਤੈਅ ਕਰ ਕੇ ਅਨੰਦਪੁਰ ਦੇ ਨੇੜੇ ਪਹੁੰਚਿਆ ਹੈ, ਐਪਰ ਇਸ ਸਫ਼ਰ ਦਾ ਕੋਈ ਐਸਾ ਹਿੱਸਾ ਨਹੀਂ ਸੀ ਜੋ ਉਹ ਸੰਤ ਸਿੰਘ ਦੀ ਸਹਾਇਤਾ ਤੇ ਦਿਲਬਰੀ ਤੋਂ ਬਗੈਰ ਤੈਅ ਕਰ ਸਕਦਾ ਸੀ। ਜੇਕਰ ਉਸ ਦਾ ਹੱਥ ਸੰਤ ਸਿੰਘ ਨੇ ਨਾ ਫੜਿਆ ਹੁੰਦਾ ਤਾਂ ਉਸ ਦਾ ਅਨੰਦਪੁਰ ਵਲ ਸਫ਼ਰ ਕਰ ਸਕਣਾ ਅਸੰਭਵ ਸੀ। ਇਹ ਸਭ ਕੁਝ ਮਹਾਰਾਜ ਪ੍ਰਭੂ ਸਿੰਘ ਨੇ ਹੀ ਉਸ ਲਈ ਸੰਤ ਸਿੰਘ ਨੂੰ ਭੇਜ ਕੇ ਕੀਤਾ ਸੀ। ਇਸ ਵੇਲੇ ਗੁਰਮੁਖ ਸਿੰਘ ਸਹਿਜ ਸੁਭਾਅ ਹੀ ਇਹਨਾਂ ਮਹਾਂਵਾਕਾਂ ਦੀ ਸਚਾਈ ਸਮਝ ਗਿਆ -

*ਬਾਹ ਪਕਰਿ ਲੀਨੋ ਕਰਿ ਅਪਨਾ॥*
*ਹਰਿ ਹਰਿ ਕਥਾ ਸਦਾ ਜਪੁ ਜਪਨਾ॥* ਅੰਕ - 184

*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ॥* ਅੰਕ - 1218

*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*

*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥* *ਅੰਕ - 167*

੩. ਸੰਤ ਸਿੰਘ ਨੇ ਗੁਰਮੁਖ ਸਿੰਘ ਨੂੰ ਹੁਣ ਤੀਸਰੀ ਆਪਾ-ਤਿਆਗ ਘਾਟੀ ਤੇ ਚੜ੍ਹਣ ਲਈ ਆਖਿਆ ਅਤੇ ਦੱਸਿਆ ਕਿ ਇਸ ਘਾਟੀ ਦੇ ਦੂਸਰੇ ਪਾਸੇ ਅਨੰਦਪੁਰ ਨਜ਼ਰ ਆਵੇਗਾ। ਇਸ ਘਾਟੀ ਵਿਚੋਂ ਲੰਘਣ ਵੇਲੇ ਮਹਾਰਾਜ ਪ੍ਰਭੂ ਸਿੰਘ ਨੂੰ ਮਿਲਣ ਆਏ ਬੰਦੇ ਆਪਣਾ ਆਪਾ ਵੀ ਤਿਆਗ ਦੇਂਦੇ ਹਨ। ਇਹ ਆਪੇ ਦਾ ਤਿਆਗ ਹੀ ਮਹਾਰਾਜ ਪ੍ਰਭੂ ਸਿੰਘ ਦਾ ਮਿਲਾਪ ਬਣ ਜਾਂਦਾ ਹੈ। ਆਪਾ ਜਾਂ ਇਨਸਾਨ ਦੀ ਹਉਮੈ ਹੀ ਇਨਸਾਨ ਅਤੇ ਉਸ ਦੇ ਮਾਲਕ ਦੇ ਦਰਮਿਆਨ ਇਕ ਭਾਰਾ ਪੜਦਾ ਹੈ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥* *ਅੰਕ - 1263*

ਆਪਾ ਜਾਂ ਹਉਮੈ ਦੇ ਤਿਆਗਣ ਨਾਲ ਗੁਰਮੁਖ ਸਿੰਘ ਹੁਣ ਇਕ 'ਆਤਮਾ' ਸੀ। ਉਸ ਦੀ ਸਭ ਮੈਲ, ਸਭ ਭਰਮ, ਸ਼ੰਕੇ, ਨਿਸ਼ਚੇ, ਰਾਵਾਂ ਦਾ ਬੋਝ ਉਸ ਦੇ ਸਿਰੋਂ ਉਤਰ ਚੁਕਾ ਸੀ, ਜਦ ਗੁਰਮੁਖ ਸਿੰਘ ਨੇ ਇਸ ਅਵਸਥਾ ਵਿਚੋਂ ਸੰਤ ਸਿੰਘ ਦੇ ਇਸ਼ਾਰੇ ਉਤੇ ਅਨੰਦਪੁਰ ਵਲ ਤੱਕਿਆ ਤਾਂ ਕੀ ਦੇਖਦਾ ਹੈ ਕਿ ਇਕ ਮਹਾਨ ਤੇਜ ਵਾਲਾ ਪੁਰਸ਼ ਉਸ ਵਲ ਤੱਕ ਤੱਕ ਕੇ ਮੁਸਕਰਾ ਰਿਹਾ ਹੈ। ਸੰਤ ਸਿੰਘ ਨੇ ਅੱਗੇ ਵਧ ਕੇ ਉਸ ਮਹਾਨ ਹਸਤੀ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਗੁਰਮੁਖ ਸਿੰਘ ਨੂੰ ਆਖਿਆ ਕਿ ਇਹ ਮਹਾਰਾਜ ਪ੍ਰਭੂ ਸਿੰਘ ਜੀ ਹਨ ਜੋ ਦੇਖੋ ਆਪ ਨੂੰ ਲੈਣ ਲਈ ਖੁਦ ਚਲ ਕੇ ਆ ਗਏ ਹਨ। ਗੁਰਮੁਖ ਸਿੰਘ ਹੁਣ ਇਸ ਮਹਾਨ ਤੇਜਮਈ ਰਾਜੇ ਵਲ ਤੱਕ ਰਿਹਾ ਸੀ ਅਤੇ ਡਾਹਢਾ ਹੈਰਾਨ ਹੋ ਰਿਹਾ ਸੀ। ਇਤਨੇ ਨੂੰ ਸੰਤ ਸਿੰਘ ਨੇ ਆਪਣੇ ਪਾਸੋਂ ਇਕ ਸ਼ੀਸ਼ਾ ਕੱਢ ਕੇ ਗੁਰਮੁਖ ਸਿੰਘ ਨੂੰ ਫੜਾਇਆ ਅਤੇ ਆਖਿਆ 'ਗੁਰਮੁਖ ਪਿਆਰੇ, ਇਸ ਸ਼ੀਸ਼ੇ ਵਿਚ ਆਪਣਾ ਚਿਹਰਾ ਦੇਖੋ ਅਤੇ ਫਿਰ ਰਾਜਾ ਸਾਹਿਬ ਦੇ ਚਿਹਰੇ ਵਲ ਤਕੋ।' ਜਦ ਗੁਰਮੁਖ ਸਿੰਘ ਨੇ ਉਸ ਸ਼ੀਸ਼ੇ ਵਿਚ ਤੱਕਿਆ ਤਾਂ ਅਤਿ ਅਸਚਰਜ ਹੋਇਆ, ਕਿਉਂਕਿ ਉਸ ਨੂੰ ਸ਼ੀਸ਼ੇ ਵਿਚ ਜੋ ਆਪਣਾ ਚਿਹਰਾ ਦਿਸਦਾ ਸੀ ਉਹ ਐਨ ਹੂ-ਬ-ਹੂ ਮਹਾਰਾਜ ਪ੍ਰਭੂ ਸਿੰਘ ਦੇ ਚਿਹਰੇ ਵਰਗਾ ਸੀ। ਉਸ ਨੂੰ ਆਪਣੇ ਚਿਹਰੇ ਅਤੇ ਰਾਜਾ ਸਾਹਿਬ ਦੇ ਚਿਹਰੇ ਵਿਚ ਕੋਈ ਜ਼ਰਾ ਜਿੰਨਾ ਫ਼ਰਕ ਨਹੀਂ ਸੀ ਦਿਸਦਾ। ਗੁਰਮੁਖ ਸਿੰਘ ਦੀ ਇਸ ਅਸਚਰਜਤਾ ਦੀ ਹਾਲਤ ਨੂੰ ਵੇਖ ਕੇ ਸੰਤ ਸਿੰਘ ਨੇ ਉਸ ਦੇ ਕੰਨ ਵਿਚ ਇਹ ਮਹਾਂਵਾਕ



ਸੁਣਾਇਆ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਮਨਿ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥* *ਅੰਕ - 441*

ਮਹਾਰਾਜ ਪ੍ਰਭੂ ਸਿੰਘ ਨੇ ਹੁਣ ਗੁਰਮੁਖ ਸਿੰਘ ਨੂੰ ਅੱਗੇ ਵਧ ਕੇ ਜੱਫੀ ਵਿਚ ਲੈ ਲੀਤਾ।

*ਗੁਰਮੁਖਿ ਦਰਗਹ ਮੰਨੀਅਹਿ*
*ਹਰਿ ਆਪਿ ਲਏ ਗਲਿ ਲਾਇ॥* *ਅੰਕ - 42*

ਇਸ ਅਗੰਮੀ ਛੂਹ ਨੇ ਗੁਰਮੁਖ ਸਿੰਘ ਦੀ ਸਾਰੀ ਸਫ਼ਰ ਦੀ ਥਕਾਨ ਇਕ ਛਿਨ ਵਿਚ ਦੂਰ ਕਰ ਦਿਤੀ। ਇਹ ਉਹ ਛੂਹ ਸੀ ਜਿਸ ਦਾ ਅਨੰਦ ਗੁਰਮੁਖ ਸਿੰਘ ਦੇ ਤਜਰਬੇ ਵਿਚ ਅੱਜ ਤੱਕ ਕਦੀ ਆਇਆ ਹੀ ਨਹੀਂ ਸੀ। ਗੁਰਮੁਖ ਸਿੰਘ ਦੀਆਂ ਅੱਖਾਂ ਵਿਚੋਂ ਤ੍ਰਿਪ ਤ੍ਰਿਪ ਖੁਸ਼ੀ ਦੇ ਅੱਥਰੂ ਟਪਕ ਰਹੇ ਸਨ ਅਤੇ ਉਹ ਇਕ ਨਵੇਂ ਜੀਵਨ ਦੇ ਹੁਲਾਰੇ ਲੈ ਰਿਹਾ ਸੀ। ਮਹਾਰਾਜ ਪ੍ਰਭੂ ਸਿੰਘ ਗੁਰਮੁਖ ਸਿੰਘ ਦੀ ਬਾਂਹ ਵਿਚ ਬਾਂਹ ਪਾਈ ਆਪਣੇ ਅਦੁੱਤੀ ਸ਼ਾਹੀ ਮਹੱਲ ਵਿਚ ਪਹੁੰਚੇ। ਅੱਗੇ ਦਰਬਾਰ ਸਜਿਆ ਹੋਇਆ ਸੀ, ਜਿਸ ਦੀ ਸਜਧਜ ਬਿਆਨ ਕਰਨ ਤੋਂ ਬਾਹਰ ਸੀ। ਮਹਾਰਾਜਾ ਸਾਹਿਬ ਨੇ ਗੁਰਮੁਖ ਸਿੰਘ ਨੂੰ ਆਪਣੇ ਸਿੰਘਾਸਣ ਤੇ ਆਪਣੇ ਨਾਲ ਬਿਠਾਇਆ ਅਤੇ ਅਪੱਛਰਾਂ ਨੇ ਡਾਹਢੀ ਸੁਰੀਲੀ ਧੁਨੀ ਵਿਚ ਧਨਾਸਰੀ ਰਾਗ ਗਾਇਆ -

*ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ॥*
*ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ॥*
*ਤੁਮ ਘਰਿ ਆਵਹੁ ਮੇਰੇ ਮੀਤ॥*
*ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ॥ ਰਹਾਉ॥*
*ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ॥*
*ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ॥*
*ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ॥*
*ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ॥*
*ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ॥*
*ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ॥* *ਅੰਕ - 678*

ਜਦ ਗੁਰਮੁਖ ਸਿੰਘ ਨੂੰ ਅਨੰਦਪੁਰ ਵਿਖੇ ਮਹਾਰਾਜ ਪ੍ਰਭੂ ਸਿੰਘ

ਦੀ ਸੰਗਤ ਵਿਚ ਰਹਿੰਦਿਆਂ ਕੁਝ ਸਮਾਂ ਬੀਤ ਗਿਆ ਤਾਂ ਇਕ ਦਿਨ ਮਹਾਰਾਜਾ ਸਾਹਿਬ ਨੇ ਗੁਰਮੁਖ ਸਿੰਘ ਨੂੰ ਬੜੇ ਪਿਆਰ ਨਾਲ ਆਖਿਆ, ਗੁਰਮੁਖ ਸਿੰਘ ਜੀ ਸਾਡਾ ਦਿਲ ਤਾਂ ਨਹੀਂ ਕਰਦਾ ਕਿ ਆਪ ਨੂੰ ਇਹ ਗੱਲ ਆਖੀਏ, ਪਰ ਜਗਤ ਦੀ ਭਲਾਈ ਲਈ ਆਖਣੀ ਹੀ ਪੈਂਦੀ ਹੈ। ਚੰਗਾ ਹੋਵੇ ਜੇ ਆਪ ਕੁਝ ਚਿਰ ਤ੍ਰਿਸ਼ਨਾਗੜ੍ਹ ਦੀ ਰਿਆਸਤ ਵਿਚ ਜਾ ਕੇ ਰਹੋ। ਉਥੇ ਅਜੇ ਵੀ ਸਾਡੇ ਕਈ ਐਸੇ ਮਿੱਤਰ ਰਹਿੰਦੇ ਹਨ, ਜਿਨ੍ਹਾਂ ਦੀਆਂ ਆਤਮਾਵਾਂ ਤ੍ਰਿਸ਼ਨਾਗੜ੍ਹ ਤੋਂ ਉਪਰਾਮ ਹੋ ਚੁੱਕੀਆਂ ਹਨ। ਉਹ ਅਨੰਦਪੁਰ ਆਉਣਾ ਲੋੜਦੇ ਹਨ ਪਰ ਉਹਨਾਂ ਨੂੰ ਅਨੰਦਪੁਰ ਦੀ ਦੱਸ ਪਾਉਣ ਵਾਲਾ ਅਤੇ ਇਥੋਂ ਤਕ ਨਾਲ ਲਿਆਉਣ ਵਾਲਾ ਕੋਈ ਨਹੀਂ। ਤੁਸੀਂ ਉਥੇ ਜਾਵੋ ਅਤੇ ਉਹਨਾਂ ਲੋਕਾਂ ਨੂੰ, ਜਿਨ੍ਹਾਂ ਦਾ ਦਿਲ ਤ੍ਰਿਸ਼ਨਾਗੜ੍ਹ ਵਿਚ ਨਹੀਂ ਲਗਦਾ, ਅਨੰਦਪੁਰ ਦਾ ਪਤਾ ਦੇਵੋ। ਨਾਲੇ ਆਪਣੇ ਬਾਲ-ਬੱਚਿਆਂ ਅਤੇ ਮਿੱਤਰਾਂ ਦੋਸਤਾਂ ਨੂੰ ਅਨੰਦਪੁਰ ਵਿਖੇ ਆਉਣ ਦੇ ਯੋਗ ਬਣਾਵੋ। ਹੁਣ ਤੁਹਾਨੂੰ ਆਪ ਅਨੰਦਪੁਰ ਆਉਣਾ ਉਕਾ ਹੀ ਮੁਸ਼ਕਲ ਨਹੀਂ ਹੋਵੇਗਾ। ਜਦ ਚਾਹੋਗੇ ਛਿਨ ਪਲ ਵਿਚ 'ਨਾਮ' ਦੇ ਪਰਾਂ ਤੇ ਉਡ ਕੇ ਅਨੰਦਪੁਰ ਆ ਕੇ ਸਾਨੂੰ ਮਿਲ ਜਾਇਆ ਕਰੋਗੇ। ਅਸੀਂ ਅਤੇ ਸਾਡੀਆਂ ਸਭ ਸ਼ਕਤੀਆਂ ਆਪ ਦੇ ਅੰਗ-ਸੰਗ ਰਹਿਣਗੀਆਂ।

ਹੁਕਮ ਅੱਗੇ ਸਿਰ ਝੁਕਾਂਦਿਆਂ ਗੁਰਮੁਖ ਸਿੰਘ ਨੇ ਮਹਾਰਾਜ ਪ੍ਰਭੂ ਸਿੰਘ ਦੇ ਚਰਨਾਂ ਤੇ ਨਮਸਕਾਰ ਕੀਤੀ ਅਤੇ ਤ੍ਰਿਸ਼ਨਾਗੜ੍ਹ ਨੂੰ ਮੋੜੇ ਪਾਏ। ਆਪ ਦੇ ਤ੍ਰਿਸ਼ਨਾਗੜ੍ਹ ਵਿਖੇ ਆ ਕੇ ਰਹਿਣ ਦੇ ਕੁਝ ਚਿਰ ਮਗਰੋਂ ਲੋਕੀਂ ਆਪ ਸਬੰਧੀ ਆਖਣ ਲਗ ਪਏ।

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਅੰਕ - 749*



# ਖੋਜੀ ਦੀ ਨਿਰਾਸਤਾ

੧

ਇਕ ਖੋਜੀ ਨੂੰ ਇਕ ਵਾਰੀ ਆਬਾਦੀ ਤੋਂ ਦੂਰ ਜੰਗਲ ਬੀਆਬਾਨ ਵਿਚ ਬੜਾ ਭਾਰਾ ਖਜ਼ਾਨਾ ਲੱਭਾ। ਇਹ ਖਜ਼ਾਨਾ ਹੀਰੇ ਲਾਲ ਅਤੇ ਹੋਰ ਜਵਾਹਰਾਤਾਂ ਨਾਲ ਭਰਪੂਰ ਸੀ। ਖੋਜੀ ਵੇਖ ਕੇ ਬੜਾ ਪ੍ਰਸੰਨ ਹੋਇਆ ਅਤੇ ਆਪਣੇ ਵਿੱਤ ਅਨੁਸਾਰ ਜਦ ਉਸ ਨੇ ਇਕ ਪੰਡ ਜਵਾਹਰਾਤਾਂ ਦੀ ਖਜ਼ਾਨੇ ਵਿਚੋਂ ਕੱਢ ਕੇ ਬੰਨ੍ਹ ਲਈ ਤਾਂ ਇਹ ਦੇਖ ਕੇ ਬੜਾ ਹੈਰਾਨ ਹੋਇਆ ਕਿ ਜਿਸ ਥਾਂ ਤੋਂ ਉਸ ਨੇ ਜਵਾਹਰਾਤ ਕੱਢੇ ਸਨ ਉਹ ਮੁੜ ਜਵਾਹਰਾਤਾਂ ਨਾਲ ਹੀ ਪੂਰੀ ਹੋ ਗਈ। ਖੋਜੀ ਦੀ ਹੈਰਾਨੀ ਵਧੀ ਅਤੇ ਉਸ ਨੇ ਤਜਰਬੇ ਦੇ ਤੌਰ ਤੇ ਉਸ ਖਜ਼ਾਨੇ ਵਿਚੋਂ ਹੋਰ ਜਵਾਹਰਾਤ ਕੱਢ ਕੱਢ ਕੇ ਕਈ ਵੱਖੋ-ਵੱਖਰੀਆਂ ਢੇਰੀਆਂ ਲਾ ਦਿਤੀਆਂ ਪਰ ਉਸ ਦੇ ਦੇਖਦੇ-ਦੇਖਦੇ ਹੀ ਖਜ਼ਾਨਾ ਮੁੜ ਭਰਪੂਰ ਹੋ ਗਿਆ, ਸਭ ਖੱਪੇ ਆਪਣੇ ਆਪ ਹੀ ਜਵਾਹਰਾਤਾਂ ਨਾਲ ਪੂਰੇ ਗਏ।

ਜਦ ਖੋਜੀ ਨੂੰ ਯਕੀਨ ਆ ਗਿਆ ਕਿ ਇਹ ਖਜ਼ਾਨਾ ਵਰਤਿਆਂ ਮੁਕ ਨਹੀਂ ਸਕਦਾ ਅਤੇ ਇਸ ਵਿਚੋਂ ਜਿਤਨੇ ਜਵਾਹਰਾਤ ਕੱਢੀਏ ਮੁੜ ਆਪਣੇ ਆਪ ਭਰ ਜਾਂਦਾ ਹੈ ਉਸ ਦੇ ਦਿਲ ਵਿਚ ਖਿਆਲ ਆਇਆ ਕਿ ਕਿਉਂ ਨਾ ਮੈਂ ਇਸ ਖਜ਼ਾਨੇ ਦਾ ਪਤਾ ਆਪਣੇ ਸਾਰੇ ਦੇਸ਼ ਵਾਸੀਆਂ ਨੂੰ ਜਾ ਕੇ ਦੇਵਾਂ ਤਾਕਿ ਮੇਰਾ ਦੇਸ਼ ਅਮੀਰ ਤੇ ਸੁਖੀ ਹੋ ਜਾਵੇ। ਜਦ ਮੇਰਾ ਦੇਸ਼ ਅਮੀਰ ਤੇ ਸੁਖੀ ਹੋ ਗਿਆ ਫਿਰ ਹੋਰ ਦੇਸ਼ਾਂ ਨੂੰ ਇਸ ਖਜ਼ਾਨੇ ਦਾ ਪਤਾ ਦਿਤਾ ਜਾਵੇਗਾ, ਤਦ ਸਾਰਾ ਸੰਸਾਰ ਹੀ ਅਮੀਰ ਤੇ ਸੁਖੀ ਹੋ ਜਾਵੇਗਾ।

ਇਹ ਜੰਗਲ ਬੜਾ ਸੰਘਣਾ ਅਤੇ ਚਹੁੰ ਪਾਸਿਆਂ ਤੋਂ ਪਹਾੜਾਂ ਨਾਲ ਘਿਰਿਆ ਹੋਇਆ ਸੀ। ਇਥੋਂ ਤਕ ਪਹੁੰਚਣ ਦੀ ਕੋਈ ਸੜਕ ਨਹੀਂ ਸੀ। ਇੰਜ ਜਾਪਦਾ ਸੀ ਕਿ ਉਥੇ ਸਦੀਆਂ ਤੋਂ ਕੋਈ ਇਨਸਾਨ ਆਇਆ ਹੀ ਨਹੀਂ। ਜੰਗਲ ਵਿਚ ਬੜੇ-ਬੜੇ ਭਿਆਨਕ ਦਰਿੰਦੇ, ਸ਼ੇਰ, ਚੀਤੇ, ਹਾਥੀ, ਰਿੱਛ, ਅਜ਼ਦਹੇ ਰਹਿੰਦੇ ਸਨ। ਜੰਗਲ ਦੇ ਇਰਦ-ਗਿਰਦ ਦੇ ਪਹਾੜ ਅਸਮਾਨ ਤੱਕ ਉਚੇ ਅਤੇ ਐਸੀ ਸਿਧੀ ਢਲਵਾਣ ਵਾਲੇ

ਸਨ ਕਿ ਉਹਨਾਂ ਉਤੇ ਚੜ੍ਹ ਸਕਣਾ ਅਸੰਭਵ ਜਾਪਦਾ ਸੀ।

ਖੋਜੀ ਦੀ ਖਜ਼ਾਨੇ ਲੱਭਣ ਦੀ ਸਾਰੀ ਖ਼ੁਸ਼ੀ ਫਿੱਕੀ ਪੈ ਗਈ ਜਦ ਉਸ ਨੇ ਵਿਚਾਰਿਆ ਕਿ ਉਥੇ ਤਕ ਅਪੜ ਕੇ ਉਸ ਖਜ਼ਾਨੇ ਨੂੰ ਹਾਸਲ ਕਰਨਾ ਉਸ ਦੇ ਦੇਸ਼ ਵਾਸੀਆਂ ਲਈ ਡਾਹਢਾ ਕਠਨ ਹੋਵੇਗਾ, ਕਿਉਂਕਿ ਐਸੇ ਉਚੇ ਪਹਾੜ ਤੇ ਚੜ੍ਹਨਾ ਅਤੇ ਐਸੇ ਸੰਘਣੇ ਜੰਗਲਾਂ ਨੂੰ ਲੰਘਣਾ ਹਰ ਇਕ ਇਨਸਾਨ ਲਈ ਅਸੰਭਵ ਸੀ। ਪਰ ਉਹ ਖੋਜੀ ਸੀ। ਆਪਣੀ ਲਗਨ ਦਾ ਡਾਹਢਾ ਪੱਕਾ, ਜੋ ਇਰਾਦਾ-ਧਾਰਦਾ ਪੂਰਾ ਕਰ ਕੇ ਹੀ ਛੱਡਦਾ। ਉਸ ਨੇ ਉਸ ਖਜ਼ਾਨੇ ਦੇ ਕੰਢੇ ਤੇ ਬਹਿ ਕੇ ਇਹ ਇਰਾਦਾ ਕੀਤਾ ਕਿ ਭਾਵੇਂ ਮੇਰੀ ਅਗਲੀ ਸਾਰੀ ਉਮਰ ਇਸ ਖਜ਼ਾਨੇ ਤੋਂ ਆਪਣੇ ਦੇਸ਼ ਤਕ ਰਸਤਾ ਬਨਾਣ ਵਿਚ ਬੀਤ ਜਾਵੇ, ਮੈਂ ਆਮ ਲੋਕਾਂ ਵਾਸਤੇ ਇਥੋਂ ਤਕ ਪਹੁੰਚਣਾ ਆਸਾਨ ਕਰਕੇ ਚੈਨ ਲਵਾਂਗਾ।

ਇਕ ਪੰਡ ਜਵਾਹਰਾਤਾਂ ਦੀ ਸਿਰ ਤੇ ਚੁੱਕ ਕੇ ਇਹ ਖੋਜੀ ਹੌਲੀ ਹੌਲੀ ਕਈ ਮਹੀਨਿਆਂ ਵਿਚ ਰਸਤੇ ਦੀਆਂ ਸਖਤ ਤਕਲੀਫ਼ਾਂ ਬਰਦਾਸ਼ਤ ਕਰਦਾ, ਮੁੜ ਆਪਣੇ ਦੇਸ਼ ਪਹੁੰਚਿਆ। ਸਭ ਤੋਂ ਵੱਡੇ ਜੌਹਰੀ ਪਾਸ ਜਦ ਉਸ ਨੇ ਜਾ ਕੇ ਆਪਣਾ ਇਕ ਹੀਰਾ ਵੇਚਣ ਲਈ ਪੇਸ਼ ਕੀਤਾ ਤਾਂ ਉਹ ਜੌਹਰੀ ਬੜਾ ਹੈਰਾਨ ਹੋਇਆ ਕਿਉਂਕਿ ਐਸਾ ਹੀਰਾ ਤਾਂ ਉਸ ਨੇ ਕਦੀ ਦੇਖਿਆ ਹੀ ਨਹੀਂ ਸੀ, ਮੁੱਲ ਕੀ ਦੇਂਦਾ। ਉਸ ਨੇ ਉਸ ਖੋਜੀ ਦੇ ਚਰਨਾਂ ਤੇ ਸਿਰ ਰੱਖ ਦਿਤਾ ਅਤੇ ਆਖਿਆ, ਮਹਾਂਪੁਰਸ਼, ਇਸ ਹੀਰੇ ਦਾ ਮੁੱਲ ਦੇਣ ਦੀ ਮੇਰੀ ਪਾਇਆਂ ਨਹੀਂ, ਮੇਰੇ ਪਾਸ ਜੋ ਕੁਝ ਹੈ ਸੋ ਆਪ ਇਸ ਹੀਰੇ ਦਾ ਦਰਸ਼ਨ ਕਰਵਾਈ ਮੰਗੋ ਤਾਂ ਹਾਜ਼ਰ ਹੈ। ਐਪਰ ਉਸ ਖੋਜੀ ਦੇ ਘਰ ਐਸੇ ਹੀਰਿਆਂ ਦੀ ਪੰਡ ਭਰੀ ਪਈ ਸੀ ਅਤੇ ਉਸ ਨੂੰ ਐਸੇ ਹਰਿਆਂ ਦੀ ਕਾਨ ਦਾ ਪਤਾ ਲਗ ਚੁੱਕਾ ਸੀ, ਇਸ ਲਈ ਉਸ ਨੇ ਹੱਸ ਕੇ ਜੌਹਰੀ ਨੂੰ ਆਖਿਆ, ਐ ਜੌਹਰੀ, ਜੇ ਤੇਰੇ ਪਾਸ ਇਸ ਹੀਰੇ ਦਾ ਮੁੱਲ ਨਹੀਂ, ਤਾਂ ਤੂੰ ਇਹ ਹੀਰਾ ਐਵੇਂ ਰੱਖ ਕੇ ਮੈਨੂੰ ਇਤਨਾ ਧਨ ਦੇ ਦੇ ਜਿਸ ਨਾਲ ਮੈਂ ਆਪਣੇ ਦੇਸ਼ ਤੋਂ ਇਸ ਵਰਗੇ ਬੇਅੰਤ ਹੀਰਿਆਂ ਤੇ ਜਵਾਹਰਾਤਾਂ ਦੀ ਕਾਨ ਤਕ ਰਸਤਾ ਬਨਵਾਣਾ ਅਰੰਭ ਸਕਾਂ, ਤਾਕਿ ਮੇਰੇ ਦੇਸ਼ ਵਾਸੀ ਉਥੋਂ ਹੀਰੇ ਜਵਾਹਰਾਤ ਲਿਆ ਲਿਆ ਕੇ ਅਮੀਰ ਤੇ ਸੁਖੀ ਹੋ ਜਾਣ ਅਤੇ ਆਪ ਸੁਖੀ ਹੋ ਕੇ ਸਾਰੇ ਸੰਸਾਰ ਨੂੰ ਸੁਖੀ ਬਣਾ ਦੇਣ। ਜੌਹਰੀ ਨੇ ਆਖਿਆ ਮਹਾਂਪੁਰਸ਼, ਇਸ ਹੀਰੇ ਦਾ ਮੁੱਲ ਕੋਈ ਬਾਦਸ਼ਾਹ ਵੀ



ਨਹੀਂ ਦੇ ਸਕਦਾ, ਐਪਰ ਜੇ ਤੂੰ ਮਿਹਰਬਾਨ ਹੋ ਕੇ ਇਹ ਹੀਰਾ ਮੈਨੂੰ ਬਖਸ਼ਦਾ ਹੈਂ, ਤਾਂ ਮੈਂ ਦੋ ਲੱਖ ਰੁਪਿਆ ਕੇਵਲ ਇਸ ਲਈ ਤੈਨੂੰ ਦੇਂਦਾ ਹਾਂ ਕਿ ਸ਼ਾਇਦ ਇਹ ਰੁਪਿਆ ਤੇਰੇ ਉਪਕਾਰੀ ਇਰਾਦੇ ਦੀ ਸਫਲਤਾ ਵਿਚ ਕੋਈ ਸਹਾਇਤਾ ਕਰ ਸਕੇ।

ਦੋ ਲੱਖ ਰੁਪਿਆ ਲੈ ਕੇ, ਖੋਜੀ ਨੇ ਬੜੇ ਬੜੇ ਇੰਜਨੀਅਰਾਂ ਨੂੰ ਬੁਲਾਇਆ, ਆਪਣੀ ਸਾਰੀ ਸਕੀਮ ਦੱਸੀ ਤੇ ਆਪਣੇ ਦੇਸ਼ ਤੋਂ ਖਜ਼ਾਨੇ ਤਕ ਦਾ ਰਸਤਾ ਬਨਵਾਣਾ ਸ਼ੁਰੂ ਕੀਤਾ। ਖੋਜੀ ਪਾਸ ਜਦ ਰੁਪਿਆ ਮੁਕੀ ਜਾਂਦਾ, ਉਹ ਆਪਣੀ ਪੰਡ ਵਿਚੋਂ ਇਕ ਜਵਾਹਰਾਤ ਕੱਢ ਕੇ ਦੇਸ਼ ਦੇ ਕਿਸੇ ਧਨਾਢ ਪਾਸ ਵੇਚ ਕੇ ਲੱਖਾਂ ਰੁਪਏ ਲੈ ਆਉਂਦਾ ਤੇ ਖਜ਼ਾਨੇ ਤਕ ਜਾਣ ਵਾਲੀ ਸੜਕ ਬਨਾਣੀ ਜਾਰੀ ਰਖਦਾ। ਇਸ ਸੜਕ ਦੇ ਤਿਆਰ ਕਰਨ ਵਿਚ ਕਈ ਦਰਿਆਵਾਂ, ਨਦੀਆਂ, ਨਾਲਿਆਂ ਤੇ ਪੁਲ ਬਨਾਣੇ ਪਏ। ਦਸ ਦਸ, ਪੰਦਰ੍ਹਾਂ ਪੰਦਰ੍ਹਾਂ ਮੀਲ ਉਤੇ ਮੁਸਾਫਰਾਂ ਦੇ ਠਹਿਰਣ ਲਈ ਪੜਾਅ ਤੇ ਸਰਾਵਾਂ ਬਣਵਾਈਆਂ, ਪਹਾੜਾਂ ਨੂੰ ਕਟਵਾ ਕਟਵਾ ਕੇ ਤੇ ਜੰਗਲਾਂ ਨੂੰ ਚੀਰ ਚੀਰ ਕੇ ਛੋਟੀ ਜਿਹੀ ਪਗਡੰਡੀ ਬਣਵਾਈ ਗਈ ਜਿਸ ਉਤੇ ਇਨਸਾਨ ਤੁਰ ਕੇ ਉਸ ਖਜ਼ਾਨੇ ਤਕ ਪਹੁੰਚ ਸਕੇ ਜੋ ਖਜ਼ਾਨਾ ਵਰਤਿਆਂ ਮੁਕਦਾ ਨਹੀਂ ਸੀ।

ਹੁਣ ਖੋਜੀ ਨੇ ਸੋਚਿਆ ਕਿ ਮੈਂ ਖਜ਼ਾਨੇ ਤਕ ਦੀ ਸੜਕ ਤਾਂ ਬਣਵਾ ਦਿਤੀ ਹੈ ਐਪਰ ਇਹ ਸੜਕ ਕਿਉਂਕਿ ਬੜੇ ਪਹਾੜਾਂ, ਜੰਗਲਾਂ ਤੇ ਧਰਤੀ ਦੇ ਬਿਖੜੇ ਹਿਸਿਆਂ ਵਿਚੋਂ ਲੰਘਦੀ ਹੈ, ਇਸ ਵਾਸਤੇ ਇਸ ਸੜਕ ਤੇ ਚੱਲਣ ਵਾਲੇ ਆਪਣੇ ਦੇਸ਼ ਵਾਸੀਆਂ ਦੀ ਪੂਰੀ-ਪੂਰੀ ਰਹਿਨੁਮਾਈ ਲਈ ਇਕ ਪੁਸਤਕ ਤਿਆਰ ਕਰਾਂ, ਜਿਸ ਵਿਚ ਖਜ਼ਾਨੇ ਤੱਕ ਪਹੁੰਚਣ ਲਈ ਰਸਤੇ ਦੇ ਸਾਰੇ ਹਾਲ, ਸਾਰੀਆਂ ਤਕਲੀਫਾਂ ਤੇ ਉਹਨਾਂ ਤਕਲੀਫਾਂ ਦੇ ਉਪਾਅ ਦਰਜ ਕਰ ਦੇਵਾਂ, ਤਾਂ ਕਿ ਮੇਰੇ ਦੇਸ਼ ਵਾਸੀ ਤੇ ਉਹਨਾਂ ਦੀ ਔਲਾਦ ਸਦਾ ਇਸ ਅਮੁੱਕ ਖਜ਼ਾਨੇ ਤੋਂ ਧਨ ਲਿਆ ਲਿਆ ਕੇ ਅਮੀਰ ਤੇ ਸੁਖੀ ਬਣੀ ਰਹੇ। ਬੜੀ ਮਿਹਨਤ ਨਾਲ ਖੋਜੀ ਨੇ ਖਜ਼ਾਨੇ ਸਬੰਧੀ ਇਕ ਪੁਸਤਕ ਤਿਆਰ ਕੀਤੀ ਜਿਸ ਵਿਚ ਖਜ਼ਾਨੇ ਤਕ ਪਹੁੰਚਣ ਦੀਆਂ ਸਭ ਹਿਦਾਇਤਾਂ ਦਰਜ ਸਨ। ਇਸ ਪੁਸਤਕ ਨੂੰ ਖੋਜੀ ਨੇ ਬੜੀ ਰੀਝ ਨਾਲ ਛਪਵਾਇਆ ਅਤੇ ਦੇਸ਼ ਦੇ ਰਾਜੇ ਤੋਂ ਲੈ ਕੇ ਹਰ ਇਕ ਕੰਗਾਲ ਦੇ ਘਰ ਤਕ ਇਹ ਪੁਸਤਕ ਮੁਫਤ ਪਹੁੰਚਾ ਦਿਤੀ।

ਖੋਜੀ ਨੂੰ ਖਜ਼ਾਨੇ ਤਕ ਸੜਕ ਬਨਾਣ ਤੇ ਉਸ ਸਬੰਧੀ ਪੁਸਤਕ

ਛਪਵਾ ਕੇ ਵੰਡਣ ਵਿਚ ਕਈ ਸਾਲ ਲਗ ਗਏ। ਇਤਨੀ ਮਿਹਨਤ ਨਾਲ ਕੀਤੇ ਕੰਮ ਨੂੰ ਸਿਰੇ ਚੜ੍ਹਾ ਕੇ, ਹੁਣ ਅਰਾਮ ਤੇ ਸ਼ਾਂਤੀ ਦਾ ਜੀਵਨ ਬਤੀਤ ਕਰਨ ਦੇ ਖਿਆਲ ਨਾਲ ਉਸ ਨੇ ਖਜ਼ਾਨੇ ਦੇ ਨਜ਼ਦੀਕ ਪਹਾੜਾਂ ਦੇ ਦਾਮਨ ਵਿਚ ਵਿਚ ਆਪਣਾ ਘਰ ਬਣਵਾਇਆ ਅਤੇ ਲੱਗਾ ਉਸ ਘਰ ਵਿਚ ਆਪਣੇ ਕੁਝ ਮਿੱਤਰਾਂ ਸਮੇਤ ਅਨੰਦ ਨਾਲ ਰਹਿਣ। ਇਸ ਤਰ੍ਹਾਂ ਰਹਿੰਦਿਆਂ ਉਸ ਨੂੰ ਕਈ ਮੁਦਤਾਂ ਬੀਤ ਗਈਆਂ।

## ੨

ਹੁਣ ਖੋਜੀ ਬੁੱਢਾ ਹੋ ਗਿਆ ਸੀ, ਉਸ ਦੇ ਕਾਲੇ ਵਾਲ ਸਫੇਦ ਹੋ ਚੁੱਕੇ ਸਨ। ਉਸ ਦੇ ਉਪਕਾਰ ਭਰੇ ਜੀਵਨ ਨੇ ਉਸ ਦੇ ਦਿਲ ਨੂੰ ਸੰਤੁਸ਼ਟ ਤੇ ਚਿਹਰੇ ਨੂੰ ਨੂਰਾਨੀ ਬਣਾ ਦਿਤਾ ਸੀ। ਪਰਬਤਾਂ ਦੀ ਇਕਾਂਤ ਖੋਜੀ ਨੂੰ ਇਤਨੀ ਭਾਉਂਦੀ ਸੀ ਕਿ ਹੁਣ ਉਹ ਉਸ ਇਕਾਂਤ ਦਾ ਸਦਾ ਲਈ ਰੂਪ ਬਣ ਜਾਣਾ ਚਾਹੁੰਦਾ ਸੀ। ਉਸ ਨੂੰ ਉਸ ਇਕਾਂਤ ਤੇ ਸ਼ਾਂਤੀ ਸਾਮ੍ਹਣੇ, ਆਪਣੇ ਸਰੀਰ ਦਾ ਹਿਲਣਾ ਜੁਲਣਾ, ਸਰੀਰ ਅੰਦਰ ਹਰ ਵੇਲੇ ਹਰਕਤ ਦਾ ਜਾਰੀ ਰਹਿਣਾ, ਭੁੱਖ ਪਿਆਸ ਦਾ ਰੋਜ਼ ਆ ਕੇ ਹਲੂਣੇ ਦੇਣਾ, ਤਬੀਅਤ ਉਤੇ ਬੋਝ ਜਾਪਦਾ ਸੀ ਅਤੇ ਉਹ ਚਾਹੁੰਦਾ ਸੀ ਕਿ ਹੁਣ ਸਰੀਰ ਦੀ ਕੈਦ ਤੋਂ ਆਜ਼ਾਦ ਹੋ ਕੇ ਪਹਾੜਾਂ ਦੀ ਸ਼ਾਂਤੀ ਵਿਚ ਸਮਾਅ ਜਾਵੇ। ਪਰ ਅਜੇ ਵੀ ਸੰਕਲਪ ਉਸ ਦੇ ਮਨ ਵਿਚ ਫੁਰਦਾ ਰਹਿੰਦਾ ਅਤੇ ਉਹ ਕਦੀ ਕਦੀ ਚਾਹੁੰਦਾ ਕਿ ਪਹਾੜਾਂ ਤੋਂ ਉਤਰ ਕੇ ਇਕ ਵਾਰੀ ਆਪਣੇ ਦੇਸ਼ ਦਾ ਦੌਰਾ ਕਰੇ ਅਤੇ ਆਪਣੀ ਅੱਖੀਂ ਆਪਣੇ ਦੇਸ਼ ਦੀ ਅਮੀਰੀ ਤੇ ਖੁਸ਼ਹਾਲੀ ਨੂੰ ਦੇਖੇ ਜੋ ਕਿ ਉਸ ਦੇ ਦੇਸ਼ ਵਾਸੀਆਂ ਨੇ ਅਮੁੱਕ ਖਜ਼ਾਨੇ ਤੋਂ ਦੌਲਤ ਲਿਆ ਲਿਆ ਕੇ, ਆਪਣੇ ਦੇਸ਼ ਦੀ ਨੁਕਰ ਨੁਕਰ ਵਿਚ ਖਿਲਾਰ ਲੀਤੀ ਹੋਣੀ ਹੈ। ਇਸ ਲਈ ਪਰਮ ਅਨੰਦ ਵਿਚ ਸਮਾਅ ਜਾਣ ਤੋਂ ਪਹਿਲੇ ਖੋਜੀ ਨੇ ਆਪਣਾ ਭੇਸ ਬਦਲ ਕੇ ਕੁਝ ਮਿੱਤਰਾਂ ਸਮੇਤ ਪਹਾੜਾਂ ਤੋਂ ਉਤਰ ਆਪਣੇ ਦੇਸ਼ ਵਲ ਆਇਆ।

ਪਹਿਲੇ ਪਹਿਲ ਰਸਤੇ ਵਿਚ ਪਿੰਡਾਂ ਵਿਚ ਜਦ ਖੋਜੀ ਨੇ ਦੇਸ਼ ਦੀ ਸੁਧਰੀ ਹਾਲਤ ਦਾ ਕੋਈ ਨਿਸ਼ਾਨ ਨਾ ਦੇਖਿਆ ਤਾਂ ਦਿਲ ਵਿਚ ਹੈਰਾਨ ਹੋਇਆ ਕਿ ਇਤਨੇ ਚਿਰ ਵਿਚ ਦੇਸ਼ ਦੀ ਅਮੀਰੀ ਦਾ ਅਸਰ ਪਿੰਡਾਂ ਉਤੇ ਕਿਉਂ ਨਾ ਪਿਆ? ਪਰ ਫਿਰ ਉਸ ਨੂੰ ਖਿਆਲ ਆਇਆ



ਕਿ ਸ਼ਾਇਦ ਉਸ ਦੇ ਦੇਸ਼ ਵਾਸੀਆਂ ਨੇ ਉਨਤੀ ਦਾ ਕੰਮ ਵੱਡੇ-ਵੱਡੇ ਸ਼ਹਿਰਾਂ ਤੋਂ ਅਰੰਭਿਆ ਹੋਵੇ, ਇਸ ਲਈ ਉਹ ਆਪਣੇ ਦੇਸ਼ ਦੀ ਰਾਜਧਾਨੀ ਵਿਚ ਆਇਆ ਤਾਕਿ ਉਥੇ ਆ ਕੇ ਉਹ ਦੇਸ਼ ਦੀ ਉਨਤੀ ਦਾ ਸਾਰਾ ਨਕਸ਼ਾ ਆਪ ਵੇਖ ਕੇ ਤਸੱਲੀ ਕਰੇ।

ਰਾਜਧਾਨੀ ਵਿਚ ਵੜਦਿਆਂ ਹੀ ਖੋਜੀ ਨੇ ਸੜਕਾਂ, ਬਾਜ਼ਾਰਾਂ, ਗਲੀਆਂ, ਮਹੱਲਿਆਂ ਵਿਚ ਫਿਰਨਾ ਸ਼ੁਰੂ ਕੀਤਾ, ਪਰ ਉਸ ਨੂੰ ਸਭ ਕੁਝ ਉਹੋ ਪੁਰਾਣਾ ਨਕਸ਼ਾ ਹੀ ਨਜ਼ਰ ਆਇਆ, ਸਭ ਬਾਜ਼ਾਰ ਉਸੇ ਤਰ੍ਹਾਂ ਹੀ ਤੰਗ ਤੇ ਮੈਲੇ ਸਨ, ਜਿਵੇਂ ਕਿ ਕਈ ਸਾਲ ਪਹਿਲਾਂ ਖੋਜੀ ਨੇ ਦੇਖੇ ਸਨ। ਸਭ ਲੋਕੀ ਉਸੇ ਪੁਰਾਣੀ ਖਸਤਾ ਹਾਲਤ ਵਿਚ ਨਜ਼ਰ ਆਉਂਦੇ ਸਨ। ਰੋਗ, ਭੁਖ, ਚਿੰਤਾ, ਫਿਕਰ ਸਭ ਲੋਕਾਂ ਦੇ ਚਿਹਰਿਆਂ ਤੇ ਪਹਿਲੇ ਸਮਿਆਂ ਵਾਂਗਰ ਹੀ ਪ੍ਰਗਟ ਸਨ। ਖੋਜੀ ਬੜਾ ਹੈਰਾਨ ਸੀ ਕਿ ਮੇਰੇ ਦੇਸ਼ ਵਾਸੀਆਂ ਨੇ ਇਤਨੇ ਵਰ੍ਹਿਆਂ ਅੰਦਰ ਤਾਂ ਬੇਸ਼ੁਮਾਰ ਧਨ ਉਸ ਅਮੁੱਕ ਖਜ਼ਾਨੇ ਵਿਚੋਂ ਲੈ ਆਂਦਾ ਹੋਣਾ ਹੈ, ਪਰ ਉਹ ਇਸ ਧਨ ਨੂੰ ਲਿਆ ਕੇ ਕਰਦੇ ਕੀ ਰਹੇ ਹਨ? ਜਿਸ ਦੇਸ਼ ਵਿਚ ਬੇਸ਼ੁਮਾਰ ਧਨ ਹੋਵੇ, ਉਥੋਂ ਦਾ ਹੁਲੀਆ ਹੀ ਬਦਲ ਜਾਣਾ ਚਾਹੀਦਾ ਹੈ, ਪਰ ਮੈਂ ਸਭ ਕੁਝ ਪੁਰਾਣੀ ਖਸਤਾ ਹਾਲਤ ਵਿਚ ਹੀ ਦੇਖ ਰਿਹਾ ਹਾਂ।

ਬਾਜ਼ਾਰਾਂ ਵਿਚ ਮੰਗਤੇ ਉਸੇ ਤਰ੍ਹਾਂ ਭੀਖ ਮੰਗਦੇ ਸਨ। ਹਕੀਮਾਂ, ਵੈਦਾਂ ਦੇ ਬੂਹਿਆਂ ਉਤੇ ਉਸੇ ਤਰ੍ਹਾਂ ਰੋਗੀ ਰੁਲ ਰਹੇ ਸਨ, ਮਜ਼ਦੂਰ ਪੇਸ਼ਾ ਲੋਕਾਂ ਨੂੰ ਉਸੇ ਤਰ੍ਹਾਂ ਸਾਰਾ ਦਿਨ ਕੰਮ ਕਰਨ ਮਗਰੋਂ ਰੱਜਵੀਂ ਰੋਟੀ ਨਸੀਬ ਨਹੀਂ ਸੀ ਹੁੰਦੀ, ਜਿਵੇਂ ਕਿ ਉਸ ਦੇ ਧਨ ਦਾ ਖਜ਼ਾਨੇ ਲੱਭਣ ਤੋਂ ਪਹਿਲੇ ਸੀ। ਇਹ ਹਾਲਤ ਆਪਣੇ ਦੇਸ਼ ਦੀ ਦੇਖ ਕੇ ਖੋਜੀ ਦੁਖੀ ਹੋ ਰਿਹਾ ਸੀ ਤੇ ਗਲੀਆਂ ਬਾਜ਼ਾਰਾਂ ਵਿਚੋਂ ਨਿਰਾਸਤਾ ਭਰੀਆਂ ਨਜ਼ਰਾਂ ਨਾਲ ਚੋਹੀਂ ਪਾਸੀਂ ਆਪਣੀ ਉਮਰ ਭਰ ਦੀ ਕੀਤੀ ਮਿਹਨਤ ਦਾ ਫਲ ਢੂੰਡ ਰਿਹਾ ਸੀ।

## ੩

ਭਾਵੇਂ ਖੋਜੀ ਨੇ ਭੇਸ ਬਦਲਿਆ ਹੋਇਆ ਸੀ, ਪਰ ਕੁਝ ਚਿਰ ਬਜ਼ਾਰਾਂ ਵਿਚ ਫਿਰਨ ਮਗਰੋਂ, ਉਸ ਨੂੰ ਇਕ ਦੋ ਆਦਮੀਆਂ ਨੇ ਪਛਾਣ ਹੀ ਲਿਆ। ਬੱਸ ਫੇਰ ਕੀ ਸੀ, ਕੰਨ-ਮਕੰਨੀ ਖੋਜੀ ਦੇ ਰਾਜਧਾਨੀ ਵਿਚ ਆਉਣ ਦੀ ਖਬਰ ਸਾਰੇ ਸ਼ਹਿਰ ਵਿਚ ਫੈਲ ਗਈ। ਜਿਧਰ ਖੋਜੀ ਜਾਂਦਾ, ਹਜ਼ਾਰਾਂ ਆਦਮੀ ਉਸ ਨੂੰ ਦੇਖਣ ਆਉਂਦੇ ਅਤੇ

ਫੁੱਲਾਂ ਦੇ ਹਾਰ ਉਸ ਦੇ ਗਲ ਵਿਚ ਪਾਂਦੇ। ਇਕ ਸੇਠ ਨੂੰ ਜਦ ਪਤਾ ਲੱਗਾ ਕਿ ਖੋਜੀ ਰਾਜਧਾਨੀ ਵਿਚ ਹੈ ਤਾਂ ਉਸ ਨੇ ਆਪਣੀ ਚਾਰ ਘੋੜਿਆਂ ਵਾਲੀ ਗੱਡੀ ਲਿਆ ਕੇ ਖੋਜੀ ਦੇ ਸਾਮ੍ਹਣੇ ਹਾਜ਼ਰ ਕੀਤੀ ਅਤੇ ਹੱਥ ਜੋੜ ਕੇ ਆਖਿਆ - ਮਹਾਰਾਜ, ਆਪ ਪੈਦਲ ਨਾ ਚੱਲੋ, ਮੇਰੀ ਗੱਡੀ ਵਿਚ ਸਵਾਰ ਹੋ ਕੇ ਮੈਨੂੰ ਨਿਹਾਲ ਕਰੋ ਤੇ ਮੇਰੀ ਗੱਡੀ ਨੂੰ ਪਵਿੱਤਰ ਕਰੋ। ਹੁਣ ਖੋਜੀ ਚਹੁੰ ਘੋੜਿਆਂ ਵਾਲੀ ਗੱਡੀ ਵਿਚ ਫੁੱਲਾਂ ਨਾਲ ਲੱਦਿਆ ਹੋਇਆ ਬੈਠਾ ਸੀ, ਪਿਛੇ ਚੌਰ ਝੁਲਦੇ ਸਨ ਅਤੇ ਹਜ਼ਾਰਾਂ ਆਦਮੀ ਇਸ ਗੱਡੀ ਦੇ ਅੱਗੇ ਪਿਛੇ ਸਨ ਅਤੇ ਇਹ ਜਲੂਸ ਰਾਜਧਾਨੀ ਦੇ ਬਜ਼ਾਰਾਂ ਵਿਚੋਂ ਲੰਘ ਰਿਹਾ ਸੀ। ਕੋਠਿਆਂ ਦੀਆਂ ਛੱਤਾਂ ਤੇ ਬਾਰੀਆਂ ਵਿਚੋਂ ਲੋਕੀਂ ਫੁੱਲਾਂ ਦੀ ਬਰਖਾ ਕਰਦੇ ਸਨ। ਖੋਜੀ ਦੀ ਗੱਡੀ ਫੁੱਲਾਂ ਨਾਲ ਇਤਨੀ ਭਰੀ ਹੋਈ ਸੀ ਕਿ ਖੋਜੀ ਦਾ ਮੂੰਹ ਤੇ ਅੱਖਾਂ ਹੀ ਮਸਾਂ ਦਰਸ਼ਨ ਕਰਨ ਵਾਲਿਆਂ ਨੂੰ ਦਿਸਦੀਆਂ ਸਨ। ਜਦ ਜਲੂਸ ਦੇਸ਼ ਦੇ ਰਾਜੇ ਦੇ ਮਹਿਲ ਅੱਗੇ ਪਹੁੰਚਿਆ ਤਾਂ ਬਕਾਇਦਾ ਤੌਰ ਤੇ ਖੋਜੀ ਨੂੰ ਸ਼ਾਹੀ ਫੌਜ ਨੇ ਸਲਾਮੀ ਦਿਤੀ। ਰਾਜੇ ਨੇ ਸਣੇ ਪਰਿਵਾਰ ਮਹਿਲ ਤੋਂ ਬਾਹਰ ਆ ਕੇ ਖੋਜੀ ਨੂੰ ਨਮਸ਼ਕਾਰ ਕੀਤੀ ਅਤੇ ਹੱਥ ਜੋੜ ਕੇ ਆਖਿਆ, ਮਹਾਰਾਜ ਆਪ ਨੇ ਉਸ ਖਜ਼ਾਨੇ ਦਾ ਸਾਨੂੰ ਪਤਾ ਦਿਤਾ ਹੈ, ਜੋ ਕਦੀ ਮੁਕਦਾ ਹੀ ਨਹੀਂ, ਜਿਸ ਦੇ ਸਾਮ੍ਹਣੇ ਸਾਡੇ ਖਜ਼ਾਨੇ ਤੁਛ ਹਨ, ਇਸ ਲਈ ਆਪ ਰਾਜਿਆਂ ਦੇ ਰਾਜਾ ਅਤੇ ਸ਼ਾਹਾਂ ਦੇ ਸ਼ਾਹ ਹੋ, ਬਲਕਿ ਆਪ ਦੇ ਸਾਮ੍ਹਣੇ ਦੁਨੀਆਂ ਦੇ ਮਹਾਰਾਜੇ ਤੇ ਸ਼ਹਿਨਸ਼ਾਹ ਨੀਵੇਂ ਹਨ, ਕਿਉਂਕਿ ਉਹਨਾਂ ਦੇ ਖਜ਼ਾਨੇ ਵਰਤਿਆਂ ਮੁਕ ਸਕਦੇ ਹਨ, ਪਰ ਆਪ ਦਾ ਖਜ਼ਾਨਾ ਤਾਂ ਅਮੁੱਕ ਹੈ। ਇਹ ਦੁਨਿਆਵੀ ਮਹਾਰਾਜੇ ਤੇ ਸਹਿਨਸ਼ਾਹ ਝੂਠੇ ਹਨ, ਨਾਸ਼ਵੰਦ ਹਨ, ਪਰ ਆਪ ਸੱਚੇ ਮਹਾਰਾਜੇ ਜਾਂ ਸੱਚੇ ਪਾਤਸ਼ਾਹ ਹੋ। ਆਪ ਨੂੰ ਮੇਰੀ, ਮੇਰੇ ਪਰਿਵਾਰ, ਮੇਰੇ ਦੇਸ਼, ਮੇਰੀ ਪਰਜਾ ਸਭ ਦੀ ਨਮਸ਼ਕਾਰ ਹੈ, ਆਪ ਧੰਨ ਹੋ। ਮੇਰੇ ਮਹੱਲ ਵਿਚ ਆਪ ਚੱਲ ਕੇ ਕੁਝ ਚਿਰ ਪਧਾਰੋ, ਕੁਝ ਦਿਨਾਂ ਨੂੰ ਸਾਰੇ ਦੇਸ਼ ਵਲੋਂ ਆਪ ਨੂੰ ਬਾਕਾਇਦਾ 'ਜੀ ਆਇਆਂ' ਆਖਿਆ ਜਾਵੇਗਾ ਅਤੇ ਸਾਰੇ ਦੇਸ਼ ਵਲੋਂ ਆਪ ਜੀ ਦੀ ਸੇਵਾ ਵਿਚ ਮਾਨ-ਪੱਤਰ ਪੇਸ਼ ਕੀਤਾ ਜਾਵੇਗਾ।

ਖੋਜੀ ਪਹਿਲੇ ਇਹ ਦੇਖ ਕੇ ਹੈਰਾਨ ਹੋਇਆ ਸੀ ਕਿ ਉਹਦੇ ਦੇਸ਼ ਵਾਸੀ ਇਤਨੇ ਅਰਸੇ ਅੰਦਰ ਸੁਖੀ ਅਮੀਰ ਕਿਉਂ ਨਹੀਂ ਹੋਏ? ਹੁਣ ਇਹ



ਦੇਖ ਕੇ ਹੈਰਾਨ ਹੋ ਰਿਹਾ ਸੀ ਕਿ ਉਸ ਦੇ ਦੇਸ਼ ਵਾਸੀ ਉਸ ਦੀ ਇਤਨੀ ਇਜ਼ਤ ਕਿਉਂ ਕਰ ਰਹੇ ਹਨ?

## ੪

ਕੁਝ ਦਿਨਾਂ ਤੋਂ ਬਾਅਦ ਦੇਸ ਦੇ ਰਾਜੇ ਦੇ ਪ੍ਰਬੰਧ ਹੇਠ ਖੋਜੀ ਦੇ ਯੋਗ ਸਤਿਕਾਰ ਲਈ ਬੜਾ ਆਲੀਸ਼ਾਨ ਪੰਡਾਲ ਸਜਾਇਆ ਗਿਆ ਅਤੇ ਇਸ ਦੇ ਚਾਰੇ ਦਰਵਾਜ਼ੇ ਖੂਬ ਸ਼ਿੰਗਾਰੇ ਗਏ। ਇਕ ਤੇ ਲਿਖਿਆ ਗਿਆ 'ਦੇਸ਼ ਵਲੋਂ ਖੋਜੀ ਨੂੰ ਜੀ ਆਇਆਂ' ਦੂਜੇ ਤੇ ਲਿਖਿਆ ਗਿਆ 'ਦੇਸ ਨੂੰ ਖੋਜੀ ਤੇ ਮਾਣ ਹੈ' ਤੀਜੇ ਤੇ ਲਿਖਿਆ ਗਿਆ, 'ਖੋਜੀ ਜਿਹਾ ਮਹਾਂਪੁਰਸ਼ ਸੰਸਾਰ ਤੇ ਨਾ ਜਨਮਿਆ ਤੇ ਨਾ ਜਨਮੇਗਾ' ਚੌਥੇ ਤੇ ਲਿਖਿਆ ਗਿਆ 'ਖੋਜੀ ਧੰਨ ਹੈ'। ਰਾਜ ਮਹੱਲ ਤੋਂ ਪੰਡਾਲ ਤਕ ਸੜਕ ਧੁਆ ਕੇ ਉਸ ਤੇ ਕਾਲੀਨ ਗਲੀਚੇ ਵਿਛਾਏ ਗਏ।

ਨੀਅਤ ਕੀਤੇ ਸਮੇਂ ਉਤੇ ਖੋਜੀ ਦੀ ਸਵਾਰੀ ਸ਼ਾਹੀ ਮਹੱਲ ਤੋਂ ਡਾਹਢੀ ਸ਼ਾਨ-ਸ਼ੌਕਤ ਨਾਲ ਨਿਕਲੀ। ਦੇਸ਼ ਦਾ ਰਾਜਾ, ਰਾਜੇ ਦੇ ਵਜ਼ੀਰ, ਅਹਿਲਕਾਰ, ਫੌਜੀ ਅਫਸਰ ਖੋਜੀ ਦੀ ਪਾਲਕੀ ਨੂੰ ਮੋਢਿਆਂ ਤੇ ਚੁਕੀ ਜਾ ਰਹੇ ਸਨ। ਪਾਲਕੀ ਦੇ ਅੱਗੇ ਰਾਜੇ ਦੀਆਂ ਫੌਜਾਂ, ਪਲਟਨਾਂ ਤੇ ਰਸਾਲੇ ਸਨ, ਜਿਨ੍ਹਾਂ ਦੇ ਅੱਗੇ ਕਈ ਕਿਸਮ ਦੇ ਵਾਜੇ ਵਜ ਰਹੇ ਸਨ। ਖੋਜੀ ਦੀ ਪਾਲਕੀ ਦੇ ਪਿਛੇ ਦੇਸ਼ ਦੀਆਂ ਸਭ ਵੱਡੀਆਂ-ਵੱਡੀਆਂ ਸਭਾ ਸੁਸਾਇਟੀਆਂ ਦੇ ਪ੍ਰਤੀਨਿਧ ਹੱਥਾਂ ਵਿਚ ਆਪੋ-ਆਪਣੀ ਸੁਸਾਇਟੀ ਦੇ ਝੰਡੇ ਲਈ 'ਖੋਜੀ ਦੀ ਜੈ' 'ਖੋਜੀ ਧੰਨ ਹੈ' ਦੇ ਨਾਅਰ ਲਗਾਂਦੇ ਜਾ ਰਹੇ ਸਨ। ਸੜਕ ਦੇ ਦੋਹਾਂ ਪਾਸਿਆਂ ਤੋਂ ਖੋਜੀ ਦੀ ਪਾਲਕੀ ਉਤੇ ਦੇਸ਼ ਦੀਆਂ ਇਸਤ੍ਰੀਆਂ ਫੁੱਲਾਂ ਦੀ ਵਰਖਾ ਕਰ ਰਹੀਆਂ ਸਨ।

ਬੜੀ ਸਜ ਧਜ ਨਾਲ ਖੋਜੀ ਦੀ ਸਵਾਰੀ ਜਦ ਪੰਡਾਲ ਵਿਚ ਪਹੁੰਚੀ ਤਾਂ ਕਿਲ੍ਹੇ ਤੋਂ ਤੋਪਾਂ ਦੇ ਫ਼ਾਇਰ ਖੋਜੀ ਦੀ ਸਲਾਮੀ ਵਜੋਂ ਕੀਤੇ ਗਏ। ਪੰਡਾਲ ਵਿਚ ਸ਼ਾਹਾਨਾ ਠਾਠ ਦੀ ਸਜੀ ਸੋਨੇ ਦੀ ਕੁਰਸੀ ਤੇ ਖੋਜੀ ਨੂੰ ਬਿਠਾਇਆ ਗਿਆ ਅਤੇ ਦੇਸ਼ ਦੇ ਉਚ ਘਰਾਣਿਆਂ ਦੀਆਂ ਇਸਤ੍ਰੀਆਂ ਵਲੋਂ ਖੋਜੀ ਦੀ ਆਰਤੀ ਤੇ ਪੂਜਾ ਕੀਤੀ ਗਈ। ਦੇਸ਼ ਦੀ ਮਹਾਰਾਣੀ ਵਲੋਂ 'ਖੋਜੀ ਧੰਨ ਹੈ', 'ਖੋਜੀ ਦਾ ਦੇਸ਼ ਧੰਨ ਹੈ', 'ਖੋਜੀ ਦੇ ਦੇਸ਼ ਵਾਸੀ ਧੰਨ ਹਨ' ਦੇ ਜੈਕਾਰੇ ਲਗਾਏ। ਉਪਰੰਤ ਦੇਸ਼ ਦੇ ਸਭ ਤੋਂ ਵੱਡੇ ਪੰਡਤ ਵਲੋਂ ਖੋਜੀ ਦੀ ਸੇਵਾ ਵਿਚ ਹੇਠ ਲਿਖਿਆ ਮਾਣ-

ਪੱਤਰ ਪੜ੍ਹਿਆ ਗਿਆ -

'ਦੇਸ਼ ਤੇ ਕੌਮ ਦੀ ਸ਼ਾਨ, ਪਰਮ ਉਪਕਾਰੀ, ਪੂਜਨੀਕ ਤੇ ਸਤਿਕਾਰ ਯੋਗ ਖੋਜੀ ਜੀਓ।"

ਅਮੁੱਕ ਅਤੇ ਅਥਾਹ ਖਜ਼ਾਨੇ ਨੂੰ ਲੱਭ ਕੇ, ਉਸ ਤੱਕ ਸੁੰਦਰ ਰਸਤਾ ਬਨਾਣ ਅਤੇ ਉਸ ਰਸਤੇ ਦੇ ਸਾਰੇ ਹਾਲ, ਸਾਰੇ ਭੇਦ ਤੇ ਹਿਦਾਇਤਾਂ ਦੇਸ਼ ਭਾਸ਼ਾ ਵਿਚ ਪੁਸਤਕ ਦੀ ਸ਼ਕਲ ਅੰਦਰ ਛਪਵਾ ਕੇ ਸਾਰੇ ਦੇਸ਼ ਵਾਸੀਆਂ ਤੱਕ ਪਹੁੰਚਾਣ ਦੀ ਜੋ ਆਪ ਨੇ ਖੇਚਲ, ਕ੍ਰਿਪਾ ਅਤੇ ਉਪਕਾਰ ਕੀਤਾ ਹੈ ਉਸ ਦੇ ਧੰਨਵਾਦ ਨੂੰ ਜ਼ਾਹਿਰ ਕਰਨ ਹਿਤ ਆਪ ਦੇ ਦੇਸ਼ ਦਾ ਰਾਜਾ ਤੇ ਪਰਜਾ ਅੱਜ ਆਪ ਦੀ ਸੇਵਾ ਵਿੱਚ ਇਕੱਤਰ ਹੋਏ ਹਨ। ਅਸਲ ਵਿਚ ਤਾਂ ਜੋ ਉਪਕਾਰ ਤੇ ਕ੍ਰਿਪਾਲਤਾ ਆਪ ਨੇ ਸਾਡੇ ਤੇ ਕੀਤੀ ਹੈ ਉਸਦਾ ਧੰਨਵਾਦ ਕਿਸੇ ਤਰ੍ਹਾਂ ਵੀ ਨਹੀਂ ਕੀਤਾ ਜਾ ਸਕਦਾ, ਐਪਰ ਫਿਰ ਵੀ ਇਸ ਸਬੰਧ ਵਿਚ ਕੁਝ ਦਿਲੀ ਜਜ਼ਬਾਤ ਨੂੰ ਪ੍ਰਗਟ ਕਰਨ ਦਾ ਯਤਨ, ਇਸ ਸਮਾਗਮ ਦਵਾਰਾ ਕੀਤਾ ਗਿਆ ਹੈ।

ਜਦ ਤੋਂ ਸ੍ਰਿਸ਼ਟੀ ਰਚੀ ਗਈ, ਅੱਗੇ ਕਿਸੇ ਪੁਰਸ਼ ਨੇ ਸੰਸਾਰ ਦੀ ਆਪ: ਜੈਸੀ ਸੇਵਾ ਨਹੀਂ ਕੀਤੀ। ਅੱਜ ਤਕ ਇਨਸਾਨ ਨੂੰ ਇਨਸਾਨ ਵਲੋਂ ਜੋ ਕੁਝ ਮਿਲਦਾ ਰਿਹਾ, ਉਹ ਕੇਵਲ ਨਾਮ ਤੇ ਗਿਣਤੀ ਦੀਆਂ ਹੱਦਾਂ ਵਿਚ ਸੀ, ਇਸ ਲਈ ਮੁੱਕ ਜਾਣ ਵਾਲਾ ਜਾਂ ਨਾਸ ਹੋ ਜਾਣ ਵਾਲਾ ਸੀ, ਪਰ ਆਪ ਦੀ ਪਵਿੱਤ੍ਰ ਪੁਸਤਕ ਵਿਚ ਦੱਸਿਆ ਗਿਆ ਹੈ ਕਿ ਆਪ ਨੇ ਜੋ ਖਜ਼ਾਨਾ ਲੱਭਾ ਹੈ, ਉਸ ਨੂੰ ਜਿਤਨਾ ਵਰਤੋ ਉਤਨਾ ਹੀ ਹੋਰ ਭਰ ਜਾਂਦਾ ਹੈ, ਇਸ ਲਈ ਆਪ ਦਾ ਖਜ਼ਾਨਾ ਅਮੁੱਕ ਤੇ ਅਥਾਹ ਹੈ। ਸੰਸਾਰ ਅਤੇ ਸੰਸਾਰੀ ਲੋਕਾਂ ਦੇ ਇਸ ਤੋਂ ਵੱਡੇ ਕੀ ਭਾਗ ਹੋ ਸਕਦੇ ਹਨ ਕਿ ਉਹਨਾਂ ਵਿਚ ਆਪ ਜੈਸਾ ਮਹਾਂਪੁਰਸ਼ ਪੈਦਾ ਹੋਵੇ ਅਤੇ ਉਹਨਾਂ ਨੂੰ ਇਕ ਐਸੇ ਖਜ਼ਾਨੇ ਦਾ ਪਤਾ ਦੇਵੇ ਜੋ ਵਰਤਿਆਂ ਮੁਕਦਾ ਨਹੀਂ। ਸਾਡੇ ਦੇਸ਼ ਦੇ ਵੱਡੇ-ਵੱਡੇ ਜੌਹਰੀ ਇਸ ਬਾਤ ਦੀ ਗਵਾਹੀ ਦੇਂਦੇ ਹਨ ਕਿ ਜੋ ਜਵਾਹਰਰਾਤ ਆਪ ਨੇ ਆਪਣੇ ਅਮੁੱਲ ਖਜ਼ਾਨੇ ਤੋਂ ਲਿਆ ਕੇ ਉਹਨਾਂ ਨੂੰ ਦਿਤੇ ਹਨ, ਉਹਨਾਂ ਵਰਗੇ ਜਵਾਹਰਾਤ ਸਾਡੀ ਧਰਤੀ ਤੇ ਪੈਦਾ ਹੀ ਘਟ ਹੁੰਦੇ ਹਨ। ਇਸ ਲਈ ਸਾਡੇ ਦੇਸ ਤੇ ਸਾਡੀ ਕੌਮ ਨੂੰ ਮਾਣ ਹੈ ਕਿ ਆਪ ਵਰਗਾ ਮਹਾਂਪੁਰਸ਼ ਸਾਡੇ ਵਿਚੋਂ ਪੈਦਾ ਹੋਇਆ, ਆਪ ਦੇ ਮਾਤਾ ਅਤੇ ਪਿਤਾ ਧੰਨ ਹਨ, ਜਿਨ੍ਹਾਂ ਆਪ ਜੈਸੇ ਉਪਕਾਰੀ ਨੂੰ ਜਨਮ ਦਿਤਾ।

ਸਤਿਕਾਰਯੋਗ ਖੋਜੀ ਜੀਓ, ਆਪ ਇਹ ਸੁਣ ਕੇ ਖੁਸ਼ ਹੋਵੋਗੇ



ਕਿ ਆਪ ਦੇ ਦੇਸ਼ ਵਾਸੀ ਆਪ ਦੀ ਕਿਤਨੀ ਕਦਰ ਕਰਦੇ ਹਨ। ਆਪ ਦੀ ਲਿਖੀ ਪੁਸਤਕ ਨੂੰ ਆਪ ਵਰਗਾ ਹੀ ਪਵਿੱਤਰ ਤੇ ਪੂਜਨੀਕ ਸਮਝਿਆ ਜਾਂਦਾ ਹੈ। ਆਪ ਦੀ ਪਵਿੱਤਰ ਪੁਸਤਕ ਦੀ ਘਰ ਘਰ ਵਿਚ ਪੂਜਾ ਹੁੰਦੀ ਹੈ ਅਤੇ ਇੰਝ ਜਾਪਦਾ ਹੈ ਕਿ ਆਪ ਆਪਣੀ ਪੁਸਤਕ ਦੇ ਰਾਹੀਂ ਸਦਾ ਸਾਡੇ ਦਿਲਾਂ ਵਿਚ ਵਸਦੇ ਹੋ। ਆਪ ਦੀ ਪੁਸਤਕ ਅੱਗੇ ਅਸੀਂ ਫੁੱਲ ਚੜ੍ਹਾਂਦੇ ਹਾਂ, ਧੂਪ ਜਗਾਂਦੇ ਹਾਂ, ਚੌਰ ਕਰਦੇ ਹਾਂ ਅਤੇ ਉਸ ਨੂੰ ਰੇਸ਼ਮੀ ਅਤੇ ਸਰਦੀਆਂ ਵਿਚ ਮਖ਼ਮਲੀ ਪੁਸ਼ਾਕਾਂ ਆਪ ਦੀ ਪੁਸਤਕ ਨੂੰ ਪਹਿਨਾਈਆਂ ਜਾਂਦੀਆਂ ਹਨ, ਗੱਲ ਕੀ ਆਪ ਦੀ ਪੁਸਤਕ ਦੀ ਅਸੀਂ ਉਸੇ ਤਰ੍ਹਾਂ ਇਜ਼ਤ ਕਰਦੇ ਹਾਂ ਜਿਵੇਂ ਕਿ ਸਾਨੂੰ ਆਪ ਦੀ ਇਜ਼ਤ ਹੈ। ਆਪ ਦੀ ਪੁਸਤਕ ਵਿਚ ਦੱਸੇ ਰਸਤੇ ਨੂੰ ਅਸੀਂ ਦੁਨੀਆਂ ਦੇ ਕੁਲ ਰਸਤਿਆਂ ਤੋਂ ਪਵਿੱਤਰ ਤੇ ਚੰਗਾ ਰਸਤਾ ਸਮਝਦੇ ਹਾਂ। ਜੋ ਪੁਰਸ਼ ਆਪ ਦੀ ਪੁਸਤਕ ਜਾਂ ਆਪ ਦੇ ਰਸਤੇ ਨੂੰ ਸਾਡੇ ਵਾਂਗਰ ਹੀ ਪੂਜਣ ਅਤੇ ਸਤਿਕਾਰ ਕਰਨ ਲਈ ਤਿਆਰ ਨਾ ਹੋਵੇ, ਅਸੀਂ ਉਸਨੂੰ ਮਹਾਂ ਭੁੱਲਿਆ ਹੋਇਆ, ਅਭਾਗਾ ਤੇ ਨੀਚ ਇਨਸਾਨ ਸਮਝਦੇ ਹਾਂ। ਆਪ ਦਾ ਜਨਮ ਦਿਨ ਅਤੇ ਆਪ ਦੀ ਪੁਸਤਕ ਦੇ ਲਿਖੇ ਜਾਣ ਦੇ ਦਿਨ ਨੂੰ ਅਸੀਂ ਮਹਾਂ ਪਵਿੱਤਰ ਦਿਹਾੜੇ ਸਮਝਦੇ ਹਾਂ। ਉਸ ਦਿਨ ਅਸੀਂ ਸਭ ਇਕੱਤਰ ਹੋ ਕੇ ਆਪ ਦੀ ਜੀਵਨ ਕਥਾ ਦੋਹਰਾਂਦੇ ਹਾਂ ਅਤੇ ਸਭ ਨੂੰ ਦਸਦੇ ਹਾਂ ਕਿ ਕਿਵੇਂ ਆਪ ਨੂੰ ਅਮੁੱਕ ਖਜ਼ਾਨਾ ਪ੍ਰਾਪਤ ਹੋਇਆ, ਕਿਵੇਂ ਆਪ ਨੇ ਅਨੇਕਾਂ ਪ੍ਰਕਾਰ ਦੇ ਕਸ਼ਟ ਸਹਾਰ ਕੇ ਉਸ ਖਜ਼ਾਨੇ ਤਕ ਪਹੁੰਚਣ ਦਾ ਰਸਤਾ ਤਿਆਰ ਕੀਤਾ, ਕਿਵੇਂ ਆਪ ਨੇ ਉਸ ਰਸਤੇ ਸਬੰਧੀ ਪੂਰੀ ਜਾਣ ਪਛਾਣ ਕਰਵਾਣ ਵਾਲੀ ਪਵਿੱਤਰ ਪੁਸਤਕ ਰਚੀ ਅਤੇ ਕਿਵੇਂ ਉਸ ਪੁਸਤਕ ਨੂੰ ਪੜ੍ਹਨ ਦਾ ਊਚ ਨੀਚ, ਰਾਜਾ ਪਰਜਾ, ਇਸ਼ਤਰੀ ਮਰਦ ਨੂੰ ਇਕੋ ਜਿਹਾ ਅਧਿਕਾਰ ਦਿਤਾ। ਇਹਨਾਂ ਸਿਫ਼ਤਾਂ ਵਾਲਾ ਇਨਸਾਨ ਸਾਡੀ ਸਮਝ ਵਿਚ ਕੋਈ ਵਲੀ ਪੈਗੰਬਰ ਜਾਂ ਅਵਤਾਰ ਹੀ ਹੋ ਸਕਦਾ ਹੈ, ਇਸ ਲਈ ਅਸੀਂ ਆਪ ਨੂੰ ਇਨਸਾਨ ਨਹੀਂ, ਅਵਤਾਰ ਮੰਨਦੇ ਹਾਂ ਅਤੇ ਅਵਤਾਰ ਵੀ ਉਹ ਜਿਸ ਨੇ ਪਹਿਲੇ ਸਭ ਅਵਤਾਰਾਂ ਨੂੰ ਮਾਤ ਪਾ ਦਿਤਾ ਹੋਵੇ। ਸੱਚ ਪੁਛੋ ਤਾਂ ਸਾਡੇ ਵਿਚੋਂ ਬਹੁਤ ਸਾਰਿਆਂ ਦਾ ਨਿਸ਼ਚਾ ਹੈ ਕਿ ਤੁਸੀਂ ਖ਼ੁਦ ਈਸ਼ਵਰ ਹੋ ਅਤੇ ਸਾਨੂੰ ਪਾਪੀਆਂ ਨੂੰ ਅਮੁੱਕ ਖਜ਼ਾਨੇ ਦਾ ਪਤਾ ਦੇ ਕੇ ਤਾਰਨ ਆਏ ਹੋ।

ਪਰਮ ਪੂਜਨੀਕ ਈਸ਼ਵਰ ਸਰੂਪ ਖੋਜੀ ਜੀਓ, ਅਸੀਂ ਇਹ ਗੱਲ

ਕਈ ਦਿਖਾਵੇ ਦੇ ਤੌਰ ਤੇ ਨਹੀਂ ਆਖਦੇ, ਕਿਉਂਕਿ ਪਿਛੇ ਕਈ ਵਾਰੀ ਅਮਲੀ ਤੌਰ ਤੇ ਕਰ ਚੁੱਕੇ ਹਾਂ ਅਤੇ ਅੱਗੇ ਨੂੰ ਲੋੜ ਆਉਣ ਤੇ ਫਿਰ ਕਰਨ ਨੂੰ ਤਿਆਰ ਹਾਂ, ਕਿ ਆਪ ਦੇ ਨਾਮ ਉਤੋਂ ਅਸੀਂ ਤਨ ਮਨ ਧਨ ਵਾਰਨ ਤੇ ਲੜਨ ਮਰਨ ਲਈ ਤਿਆਰ ਹਾਂ। ਜੋ ਪੁਰਸ਼ ਆਪ ਨੂੰ ਪੂਰਾ ਪੂਰਾ ਸਤਿਕਾਰ ਨਾਂਹ ਦੇਵੇ, ਉਸ ਨੂੰ ਅੱਤ ਮਾੜਾ ਸਮਝਦੇ ਹਾਂ। ਜੋ ਪੁਰਸ਼ ਆਪ ਦੀ ਸ਼ਾਨ ਵਿਚ ਗੁਸਤਾਖੀ ਦਾ ਹਰਫ਼ ਆਖੇ, ਉਸ ਨੂੰ ਅਸੀਂ ਸਖ਼ਤ ਸਜ਼ਾ ਦੇਂਦੇ ਹਾਂ ਅਤੇ ਜੋ ਸ਼ਖਸ ਆਪ ਨੂੰ ਪੂਰਨ ਅਵਤਾਰ ਨਾ ਸਮਝੇ ਅਤੇ ਕਿਸੇ ਹੋਰ ਅਵਤਾਰ ਦੀ ਪੂਜਾ ਕਰਨੀ ਚਾਹੇ, ਉਸ ਨੂੰ ਅਸੀਂ ਆਪਣੇ ਦੇਸ਼ ਵਿਚ ਹੀ ਨਹੀਂ ਰਹਿਣ ਦਿੰਦੇ।

ਅੰਤ ਵਿਚ ਅਸੀਂ ਆਪ ਨੂੰ ਭਰੋਸਾ ਦਿਵਾਂਦੇ ਹਾਂ ਕਿ ਜਦ ਤਕ ਸਾਡਾ ਦੇਸ ਤੇ ਇਸ ਵਿਚ ਸਾਡੀ ਕੌਮ ਵਸਦੀ ਹੈ, ਤਦ ਤਕ ਅਸੀਂ ਸਿਵਾਏ ਤੁਹਾਡੇ ਹੋਰ ਕਿਸੇ ਨੂੰ ਆਪਣਾ ਪੂਜਨੀਕ ਨਹੀਂ ਬਣਾਵਾਂਗੇ, ਆਪ ਦੀ ਪਵਿੱਤਰ ਪੁਸਤਕ ਦੀ ਸਾਡੇ ਵਿਚ ਉਸੇ ਤਰ੍ਹਾਂ ਪੂਜਾ ਹੁੰਦੀ ਰਹੇਗੀ, ਜਿਸ ਤਰ੍ਹਾਂ ਕਿਸੇ ਦੇਹਧਾਰੀ ਅਵਤਾਰ ਦੀ ਹੋ ਸਕਦੀ ਹੈ। ਸਾਡਾ ਤਨ ਮਨ ਧਨ ਸਭ ਆਪ ਦੇ ਅਰਪਣ ਹੋਵੇਗਾ। ਸਾਡੇ ਧੰਨ ਭਾਗ ਹਨ ਜੋ ਆਪ ਨੇ ਆਪਣੀ ਪਿਛਲੀ ਉਮਰ ਵਿਚ ਸਾਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ ਹੈ। ਅਸੀਂ ਮੁਦਤਾਂ ਤੋਂ ਕੋਸ਼ਿਸ਼ ਕਰ ਰਹੇ ਸੀ ਕਿ ਆਪ ਨੂੰ ਲੱਭ ਕੇ, ਪਬਲਿਕ ਵਿਚ ਲਿਆ ਕੇ, ਸਮੁੱਚੇ ਦੇਸ਼ ਵਲੋਂ ਸਤਿਕਾਰ ਕਰੀਏ ਪਰ ਸਾਡੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਆਪ ਦਾ ਅਸਥਾਨ ਅਸੀਂ ਨਾ ਲੱਭ ਸਕੇ। ਸ਼ੁਕਰ ਹੈ ਜੋ ਸਾਨੂੰ ਆਪ ਦੇ ਦਰਸ਼ਨ ਹੋ ਗਏ ਅਤੇ ਅਸੀਂ ਆਪਣੇ ਦਿਲਾਂ ਦੀ ਸ਼ਰਧਾ-ਭਗਤੀ ਆਪ ਦੇ ਚਰਨਾਂ ਵਿਚ ਪੇਸ਼ ਕਰ ਸਕੇ। ਆਪ ਦਾ ਪਰੇਮ ਤੇ ਸਤਿਕਾਰ ਆਪ ਦੇ ਦੇਸ਼ ਵਾਸੀਆਂ ਦੇ ਦਿਲਾਂ ਵਿਚ ਹਰ ਸਮੇਂ ਠਾਠਾਂ ਮਾਰਦਾ ਰਹੇਗਾ, ਸਾਡੇ ਲੂੰ ਲੂੰ ਵਿਚੋਂ ਸਦਾ ਇਹੋ ਧੁਨੀ ਨਿਕਲਦੀ ਰਹੇਗੀ - 'ਸਾਡਾ ਖੋਜੀ ਧੰਨ ਹੈ, ਸਾਡੇ ਖੋਜੀ ਦੀ ਜੈ ਹੋਵੇ।'

ਆਪ ਦੇ ਦਰਸ਼ਨਾਂ ਨੂੰ ਮੁਦਤਾਂ ਤੋਂ ਤਰਸਣ ਵਾਲੇ, ਆਪ ਦੇ ਸ਼ਰਧਾਲੂ, ਆਪ ਦੇ ਭਗਤ ਅਤੇ ਆਪ ਉਤੇ ਸਦਾ ਮਾਣ ਕਰਨ ਵਾਲੇ ਅਸੀਂ ਹਾਂ, ਆਪ ਦੇ ਦੇਸ਼ ਵਾਸੀ।

ਜਦ ਇਹ ਮਾਨ-ਪੱਤਰ ਦੇਸ਼ ਦੇ ਪੰਡਤ ਵਲੋਂ ਪੜ੍ਹਿਆ ਗਿਆ ਤਾਂ ਪੰਡਾਲ ਦੇ ਦੋਹਾਂ ਪਾਸਿਆਂ ਤੋਂ 'ਸਾਡੇ ਖੋਜੀ ਦੀ ਜੈ' ਦੇ ਜੈਕਾਰੇ ਗੂੰਜੇ ਤੇ ਫੁੱਲਾਂ ਦੀ ਇਤਨੀ ਵਰਖਾ ਹੋਈ ਕਿ ਪੰਡਾਲ ਦਾ ਫਰਸ਼ ਫੁਲਾਂ



ਦੀ ਸੁਹਾਵਣੀ ਸੇਜ ਬਣ ਗਿਆ। ਦੇਸ਼ ਦੇ ਰਾਜੇ ਨੇ ਹੁਣ ਉਠ ਕੇ ਖੋਜੀ ਨੂੰ ਸਾਰੇ ਦੇਸ਼ ਵਲੋਂ ਤੇ ਦੇਸ਼ ਦੀਆਂ ਅਨੇਕ ਸਭਾ ਸੁਸਾਇਟੀਆਂ ਵਲੋਂ 'ਜੀ ਆਇਆਂ' ਆਖਿਆ ਅਤੇ ਬੇਨਤੀ ਕੀਤੀ ਕਿ ਖੋਜੀ ਵੀ ਦੇਸ ਵਾਸੀਆਂ ਦੇ ਮਾਨ ਪੱਤਰ ਦੇ ਉਤਰ ਵਿਚ ਆਪਣੇ ਪਵਿੱਤਰ ਮਹਾਂਵਾਕ ਸੁਣਾ ਕੇ ਦੇਸ ਵਾਸੀਆਂ ਦੇ ਹਿਰਦਿਆਂ ਨੂੰ ਠੰਢ ਪਾਵੇ।

ਰਾਜੇ ਦੀ ਇਸ ਬੇਨਤੀ ਦੇ ਨਾਲ ਹੀ ਸਾਰੇ ਪਾਸਿਆਂ ਤੋਂ ਆਵਾਜ਼ਾਂ ਔਣੀਆਂ ਸ਼ੁਰੂ ਹੋਈਆਂ ਕਿ ਜ਼ਰੂਰ ਜ਼ਰੂਰ, ਸਾਡੇ ਖੋਜੀ ਜੀ ਜ਼ਰੂਰ ਬੋਲਣ, ਅਸੀਂ ਖੋਜੀ ਜੀ ਦੀ ਗੱਲ ਸੁਣਨ ਲਈ ਤਰਸ ਰਹੇ ਹਾਂ।

ਜਦ ਤੋਂ ਖੋਜੀ ਆਪਣੇ ਦੇਸ ਵਿਚ ਆਇਆ ਸੀ, ਉਸ ਨੇ ਆਪਣੀ ਜ਼ੁਬਾਨ ਤੋਂ ਬਹੁਤ ਥੋੜੇ ਸ਼ਬਦ ਨਿਕਲਣ ਦਿਤੇ ਹਨ, ਉਹ ਸਭ ਮਾਮਲੇ ਨੂੰ ਗਹੁ ਨਾਲ ਦੇਖ ਕੇ ਵਿਚਾਰ ਰਿਹਾ ਸੀ।

ਹੁਣ ਸਾਰਿਆਂ ਪਾਸਿਆਂ ਤੋਂ ਜਦ ਜ਼ੋਰ ਦਿਤਾ ਗਿਆ ਕਿ ਖੋਜੀ ਵੀ ਦੇਸ ਵਾਸੀਆਂ ਨੂੰ ਸੰਬੋਧਨ ਕਰ ਕੇ ਆਪਣੇ ਦਿਲ ਦੇ ਖ਼ਿਆਲ ਪ੍ਰਗਟ ਕਰੇ ਤਾਂ ਖੋਜੀ ਨੇ ਆਪਣੇ ਨਾਲ ਦੇ ਇਕ ਮਿੱਤਰ ਰਾਹੀਂ ਇਹ ਅਖਵਾਇਆ -

ਪਿਆਰੇ ਦੇਸ ਵਾਸੀਓ!

ਆਪ ਵਲੋਂ ਕੀਤੀ ਗਈ ਆਓ ਭਗਤ ਨੂੰ ਦੇਖ ਕੇ ਮੇਰੇ ਦਿਲ ਵਿਚ ਅਨੇਕ ਪ੍ਰਕਾਰ ਦੇ ਖ਼ਿਆਲ ਉਪਜ ਰਹੇ ਹਨ, ਜਿਨ੍ਹਾਂ ਨੂੰ ਮੈਂ ਚਾਹੁੰਦਾ ਹਾਂ ਕਿ ਚੰਗੀ ਤਰ੍ਹਾਂ ਲਿਖ ਕੇ ਆਪ ਦੀ ਸੇਵਾ ਵਿਚ ਪੇਸ਼ ਕਰਾਂ, ਇਸ ਵਾਸਤੇ ਕਿਰਪਾ ਕਰਕੇ ਮੈਨੂੰ ਕੁਝ ਦਿਨਾਂ ਦੀ ਮੁਹਲਤ ਦੇ ਕੇ ਕ੍ਰਿਤਾਰਥ ਕਰੋ, ਧੰਨਵਾਦੀ ਹੋਵਾਂਗਾ।

ਸਭ ਪਾਸਿਆਂ ਤੋਂ ਆਵਾਜ਼ਾਂ ਆਈਆਂ, ਸਾਡਾ ਤਨ, ਮਨ, ਧਨ ਖੋਜੀ ਲਈ ਹਾਜ਼ਰ ਹੈ, ਇਹ ਜੋ ਆਖੇ ਪਰਵਾਨ ਹੈ। ਉਸ ਦਿਨ ਦਾ ਸਮਾਗਮ ਖੋਜੀ ਦੇ ਜਲੂਸ ਨੂੰ ਬੜੀ ਸਜ ਧਜ ਤੇ ਜੈਕਾਰਿਆਂ ਨਾਲ ਮੁੜ ਰਾਜ ਮਹਿਲ ਤਕ ਪੁਚਾਣ ਉਤੇ ਸਮਾਪਤ ਹੋਇਆ।

ਕੁਝ ਦਿਨਾਂ ਮਗਰੋਂ ਦੇਸ ਦੇ ਲੱਖਾਂ ਵਸਨੀਕਾਂ ਦੇ ਹੱਥਾਂ ਵਿਚ ਖੋਜੀ ਦਾ ਇਹ ਲਿਖਤੀ ਬਿਆਨ ਫੜਿਆ ਦਿਸਦਾ ਸੀ -

ਮੇਰੇ ਪਿਆਰੇ ਦੇਸ ਵਾਸੀਓ -

ਮੇਰੇ ਆਉਣ ਉਤੇ ਤੁਸਾਂ ਜੋ ਮੇਰਾ ਸਤਿਕਾਰ ਕੀਤਾ, ਉਸ ਦਾ ਮੈਂ ਧੰਨਵਾਦੀ ਹਾਂ। ਉਸ ਮਾਨ-ਪੱਤਰ ਦਾ ਜੋ ਆਪ ਨੇ ਸਮੁੱਚੇ ਦੇਸ਼ ਵਲੋਂ ਖਾਸ ਪੰਡਾਲ ਵਿਖੇ ਲੱਖਾਂ ਦੀ ਗਿਣਤੀ ਵਿਚ ਇਕੱਤਰ ਹੋ ਕੇ

ਮੈਨੂੰ ਦਿਤਾ, ਉਸ ਦਾ ਵੀ ਮੈਂ ਅਤੀ ਧੰਨਵਾਦੀ ਹਾਂ। ਇਸ ਮਾਨ-ਪੱਤਰ ਦੇ ਉਤਰ ਵਿਚ ਆਪ ਨੇ ਜੋ ਮੰਗ ਕੀਤੀ ਹੈ ਕਿ ਮੈਂ ਆਪਣੇ ਹਿਰਦੇ ਦੇ ਖ਼ਿਆਲ ਪ੍ਰਗਟ ਕਰਾਂ, ਇਹ ਮੰਗ ਜੇ ਨਾ ਕਰਦੇ ਤਾਂ ਚੰਗਾ ਸੀ, ਕਿਉਂਕਿ ਮੈਂ ਆਪਣੇ ਖ਼ਿਆਲ ਆਪਣੇ ਨਾਲ ਹੀ ਵਾਪਸ ਲੈ ਜਾਣੇ ਚਾਹੁੰਦਾ ਸੀ, ਪਰ ਹੁਣ ਤੁਹਾਡੀ ਮੰਗ ਉਤੇ ਅਤੇ ਉਸ ਸਬੰਧੀ ਤੁਹਾਡੇ ਨਾਲ ਕੀਤੇ ਇਕਰਾਰ ਮੁਜਬ ਮੈਨੂੰ ਆਪਣੇ ਦਿਲੀ ਖ਼ਿਆਲ ਪ੍ਰਗਟ ਕਰਨੇ ਪਏ ਹਨ। ਜੇਕਰ ਇਹ ਖ਼ਿਆਲ ਆਪ ਨੂੰ ਖ਼ੁਸ਼ ਨਾ ਕਰ ਸਕਣ, ਤਾਂ ਮੈਨੂੰ ਇਸ ਲਈ ਖਿਮਾਂ ਬਖਸ਼ਣੀ ਕਿਉਂਕਿ ਇਹ ਖ਼ਿਆਲ ਉਸ ਹਿਰਦੇ ਵਿਚੋਂ ਨਿਕਲੇ ਹਨ, ਜੋ ਆਪਣੇ ਦੇਸ ਵਾਸੀਆਂ ਦੀ ਸੇਵਾ ਤੇ ਉਨਤੀ ਲਈ ਸਦਾ ਤੜਫਦਾ ਰਿਹਾ ਹੈ। ਮੈਂ ਜਦ ਜਵਾਨੀ ਦੀ ਉਮਰ ਵਿਚ ਅਮੁੱਕ ਖਜ਼ਾਨਾ ਲੱਭਿਆ ਤਾਂ ਮੇਰੇ ਦਿਲ ਵਿਚ ਇਹ ਸੱਧਰ ਉਠੀ ਕਿ ਬਜਾਏ ਆਪਣੀ ਔਲਾਦ ਦੇ ਕਿਉਂ ਨਾ ਇਹ ਖਜ਼ਾਨਾ ਆਪਣੇ ਦੇਸ ਵਾਸੀਆਂ ਦੀ ਭੇਟਾ ਕੀਤਾ ਜਾਵੇ, ਜਿਸ ਨਾਲ ਉਹਨਾਂ ਦੀ ਸਦੀਆਂ ਦੀ ਗਰੀਬੀ ਦੂਰ ਹੋਵੇ ਅਤੇ ਦੁਨਿਆਵੀ ਜ਼ਰੂਰਤਾਂ ਤੋਂ ਆਜ਼ਾਦ ਹੋ ਕੇ ਉਹ ਸਦਾ ਅਮੀਰ ਤੇ ਸੁਖੀ ਬਣਜਾਣ। ਇਸ ਆਸ਼ੇ ਨੂੰ ਅੱਖਾਂ ਅੱਗੇ ਰੱਖ ਕੇ ਮੈਂ ਕਈ ਵਰ੍ਹਿਆਂ ਦੀ ਲਗਾਤਾਰ ਮਿਹਨਤ ਨਾਲ ਆਪਣੇ ਦੇਸ ਤੋਂ ਉਕਤ ਖਜ਼ਾਨੇ ਤਕ ਸੜਕ ਤਿਆਰ ਕਰਵਾਈ ਅਤੇ ਇਸ ਸੜਕ ਸਬੰਧੀ ਪੂਰੇ ਹਾਲ ਆਪਣੀ ਪੁਸਤਕ ਵਿਚ ਦਰਜ ਕਰ ਕੇ, ਨੀਵੇਂ, ਉਚੇ ਆਪਣੇ ਪਰਾਏ ਦਾ ਖ਼ਿਆਲ ਨਾ ਕਰਦਿਆਂ, ਸਭ ਦੇਸ ਵਾਸੀਆਂ ਤਕ ਇਹ ਪੁਸਤਕ ਪਹੁੰਚਾਈ। ਮੇਰੀ ਸਾਰੀ ਕੋਸ਼ਿਸ਼ ਦਾ ਮਨੋਰਥ ਆਪਣੇ ਦੇਸ ਨੂੰ ਗਰੀਬੀ ਤੇ ਦੁਖਾਂ ਤੋਂ ਆਜ਼ਾਦ ਕਰ ਕੇ ਅਮੀਰੀ ਤੇ ਬੇਪਰਵਾਹੀ ਦੀ ਟੀਸੀ ਤੇ ਚੜ੍ਹਿਆ ਦੇਖਣਾ ਸੀ। ਇਹ ਸਭ ਕਰਨ ਮਗਰੋਂ ਮੈਂ ਅਮੁੱਕ ਖਜ਼ਾਨੇ ਦੇ ਨਜ਼ਦੀਕ ਦੇ ਪਹਾੜਾਂ ਵਿਖੇ ਰਹਿਣ ਦਾ ਅਸਥਾਨ ਬਣਾਇਆ ਤਾਕਿ ਬਾਕੀ ਦੀ ਆਯੂ ਉਥੇ ਹੀ ਬਤੀਤ ਕਰਾਂ, ਪੂਰਨ ਸੁੱਖਾਂ ਦੇ ਕਾਰਨ ਮੈਨੂੰ ਆਯੂ ਦੀਆਂ ਘੜੀਆਂ ਗੁਜ਼ਰਦਿਆਂ ਦਾ ਪਤਾ ਨਾ ਲੱਗਾ। ਹੁਣ ਜਦ ਸਰੀਰ ਛੱਡ ਕੇ ਪਹਾੜਾਂ ਦੀ ਸਹਿਜ ਭਰੀ ਇਕਾਂਤ ਵਿਚ ਸਮਾਅ ਜਾਣ ਦੀ ਇਛਿਆ ਮੇਰੇ ਦਿਲ ਵਿਚ ਤੀਬਰ ਹੋਈ ਤਾਂ ਕੇਵਲ ਇਕ ਸੰਕਲਪ ਸੀ, ਜਿਸ ਨੇ ਮੈਨੂੰ ਅਜਿਹਾ ਕਰਨੋਂ ਰੋਕਿਆ ਅਤੇ ਉਹ ਸੀ ਕਿ ਆਪਣੇ ਦੇਸ ਦੀ ਸੁਧਰੀ ਤੇ ਸੁਖੀ ਹਾਲਤ ਨੂੰ ਸਰੀਰ ਤਿਆਗਣ ਤੋਂ ਪਹਿਲੇ ਇਕ ਵਾਰ ਆਪਣੀਆਂ ਅੱਖਾਂ ਨਾਲ ਆ ਕੇ ਦੇਖਾਂ, ਪਰ ਮੈਂ



ਆ ਕੇ ਦੇਸ਼ ਦੀ ਹਾਲਤ ਉਸੇ ਦੀ ਉਸੇ ਤਰ੍ਹਾਂ ਦੇਖੀ ਹੈ। ਭੁੱਖ, ਥੁੜ, ਚਿੰਤਾ, ਫ਼ਿਕਰ, ਬੀਮਾਰੀ, ਅਵਿਦਿਆ, ਵੈਰ-ਵਿਰੋਧ, ਈਰਖਾ, ਝਗੜੇ ਜੋ ਗਰੀਬੀ ਦੀਆਂ ਨਿਸ਼ਾਨੀਆਂ ਹਨ, ਉਹ ਜਿਉਂ ਦੀਆਂ ਜਿਉਂ ਪਹਿਲੇ ਦੀ ਤਰ੍ਹਾਂ ਦੇਸ ਵਿਚ ਮੌਜੂਦ ਦਿਸੀਆਂ ਹਨ। ਖ਼ੁਸ਼ਹਾਲੀ, ਬੇ-ਫ਼ਿਕਰੀ, ਸੰਤੋਖ, ਅਰੋਗਤਾ, ਵਿਦਿਆ, ਪਰੇਮ, ਮਿਲਾਪ ਅਤੇ ਇਤਫ਼ਾਕ ਜੋ ਗਰੀਬੀ ਦੇ ਨਾ ਹੋਣ ਦੇ ਚਿੰਨ੍ਹ ਹਨ, ਉਹਨਾਂ ਨੂੰ ਕਿਤੇ ਕਿਤੇ ਡਾਢੀ ਡਾਵਾਂਡੋਲ ਹਾਲਤ ਵਿਚ ਵਕਤ ਕੱਟੀ ਕਰਦੇ ਵੇਖਿਆ ਹੈ।

ਇਸ ਦੇ ਉਲਟ ਮੈਂ ਕਈ ਇਕ ਐਸੀਆਂ ਨਵੀਆਂ ਗੱਲਾਂ ਆਪਣੇ ਦੇਸ਼ ਵਾਸੀਆਂ ਵਿਚ ਆ ਕੇ ਵੇਖੀਆਂ ਨੇ। ਮੇਰੀ ਅਮੁੱਕ ਖਜ਼ਾਨੇ ਸਬੰਧੀ ਪੁਸਤਕ ਨੂੰ ਪੜ੍ਹ ਕੇ, ਉਥੋਂ ਦੌਲਤ ਲਿਆ ਲਿਆ ਕੇ ਅਮੀਰ ਤੇ ਸੁਖੀ ਬਣਨ ਦੀ ਉਸ ਵਿਚ ਦਸੇ ਰਸਤੇ ਤੇ ਤੁਰਨ ਦੀ ਬਜਾਏ ਉਸ ਤੇ ਫੁੱਲ ਚੜ੍ਹਾਨੇ ਸ਼ੁਰੂ ਕਰ ਦਿਤੇ ਹਨ। ਮੇਰੇ ਅਤੇ ਮੇਰੀ ਪੁਸਤਕ ਦੇ ਨਾਮ ਉਤੇ ਕਈ ਸੰਸਥਾਵਾਂ ਸੁਸਾਇਟੀਆਂ ਕਾਇਮ ਹੋ ਗਈਆਂ ਹਨ, ਜਿਨ੍ਹਾਂ ਦਾ ਮਨੋਰਥ ਮੇਰੇ ਦੱਸੇ ਖਜ਼ਾਨੇ ਤੋਂ ਲਾਭ ਉਠਾਣ ਦੀ ਬਜਾਏ, ਇਹ ਕਰਨਾ ਹੈ ਕਿ ਮੈਂ ਇਕ ਆਮ ਆਦਮੀ ਨਹੀਂ, ਸਗੋਂ ਅਵਤਾਰ ਹਾਂ, ਈਸ਼ਵਰ ਹਾਂ ਅਤੇ ਮੇਰੀ ਖ਼ੁਸ਼ੀ ਵਾਸਤੇ ਮੇਰੀ ਪੂਜਾ ਹੋਣੀ ਚਾਹੀਦੀ ਹੈ। ਜੋ ਸ਼ਖਸ ਮੈਨੂੰ ਇਨਸਾਨ ਆਖੇ, ਜਾਂ ਪੂਜਾ ਕਰਨੀ ਪਸੰਦ ਨਾ ਕਰੇ, ਉਸ ਦਾ ਸਿਰ ਤੋੜਨ ਲਈ ਮੇਰੇ ਦੇਸ ਵਾਸੀ ਤਿਆਰ ਹਨ, ਪਰ ਜੋ ਦੌਲਤ ਹਾਸਲ ਕਰ ਕੇ ਸੁਖੀ ਵਸਣ ਦਾ ਤਰੀਕਾ ਮੈਂ ਸਾਰੀ ਉਮਰ ਦੀ ਘਾਲਣਾ ਘਾਲਣ ਮਗਰੋਂ ਦੇਸ ਵਾਸੀਆਂ ਦੀ ਸੇਵਾ ਵਿਚ ਪੇਸ਼ ਕੀਤਾ ਸੀ, ਉਸ ਵਲ ਕਿਸੇ ਨੇ ਧਿਆਨ ਨਹੀਂ ਦਿਤਾ। ਕੀ ਮੈਂ ਇਹ ਸਾਰੀ ਘਾਲਣਾ ਇਸ ਵਾਸਤੇ ਘਾਲੀ ਸੀ ਕਿ ਮੇਰੀ ਪੁਸਤਕ ਜਾਂ ਮੇਰੀ ਮੂਰਤੀ ਪੂਜਾ ਹੋਣੀ ਸ਼ੁਰੂ ਹੋ ਜਾਵੇ? ਇਸ ਪੂਜਾ ਤੋਂ ਮੈਨੂੰ, ਮੇਰੇ ਦੇਸ ਨੂੰ, ਮੇਰੇ ਦੇਸ ਵਾਸੀਆਂ ਨੂੰ ਕਿਸੇ ਨੂੰ ਲਾਭ ਪਹੁੰਚ ਸਕਦਾ ਹੈ? ਮੇਰੀ ਖ਼ੁਸ਼ੀ ਆਪਣੇ ਦੇਸ਼ ਵਾਸੀਆਂ ਨੂੰ ਅਮੀਰ ਤੇ ਸੁਖੀ ਵੇਖਣ ਵਿਚ ਸੀ, ਆਪਣੀ ਪੂਜਾ ਕਰਾਣ ਵਿਚ ਨਹੀਂ ਸੀ। ਮੇਰੇ ਦੇਸ ਵਾਸੀਆਂ ਨੇ ਅਮੀਰ ਤੇ ਸੁਖੀ ਬਣਨ ਦੀ ਥਾਂ ਮੇਰੀ ਪੂਜਾ ਅਰੰਭ ਕੇ ਕਿਸ ਨੂੰ ਖ਼ੁਸ਼ ਕੀਤਾ ਹੈ? ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਮੇਰੇ ਦੇਸ ਵਾਸੀਆਂ ਨੂੰ ਮੇਰੇ ਨਾਲ ਪਿਆਰ ਹੈ ਅਤੇ ਉਹਨਾਂ ਦੇ ਦਿਲ ਵਿਚ ਮੇਰੀ ਇਜ਼ਤ ਹੈ, ਪਰ ਮੈਂ ਇਹ ਵੀ ਕਹਿਣੋਂ ਨਹੀਂ ਰਹਿ ਸਕਦਾ ਕਿ ਉਹਨਾਂ ਨੇ ਇਸ ਪਿਆਰ ਤੇ ਇਜ਼ਤ ਨੂੰ ਐਸੇ ਤਰੀਕੇ ਵਿਚ ਜ਼ਾਹਿਰ

ਕੀਤਾ ਹੈ, ਜਿਸ ਤੋਂ ਨਾ ਮੈਨੂੰ ਤੇ ਨਾ ਉਹਨਾਂ ਨੂੰ ਕੋਈ ਲਾਭ ਪਹੁੰਚਿਆ ਹੈ।

ਮੈਂ ਹੁਣ ਮੁੜ ਆਪਣੇ ਅਮੁੱਕ ਖਜ਼ਾਨੇ ਦੇ ਨੇੜੇ ਪਹਾੜਾਂ ਵਲ ਜਾ ਰਿਹਾ ਹਾਂ, ਮੈਂ ਆਪਣੇ ਬਿਰਧ ਸਰੀਰ ਨੂੰ ਹੋਰ ਜ਼ਿਆਦਾ ਅਰਸੇ ਵਾਸਤੇ ਕਾਇਮ ਨਹੀਂ ਰੱਖਣਾ ਚਾਹੁੰਦਾ। ਇਸ ਨੂੰ ਪਹਾੜਾਂ ਦੀ ਅਕਹਿ ਸ਼ਾਂਤੀ ਵਿਚ ਅਲੋਪ ਕਰ ਦੇਵਾਂਗਾ, ਪਰ ਮੇਰੀ ਆਤਮਾ, ਸ੍ਰਿਸ਼ਟੀ ਦੀ ਪਰਮ-ਆਤਮਾ ਨਾਲ ਇਕ ਮਿਕ ਹੋ ਕੇ, ਆਪਣੇ ਦੇਸ ਤੇ ਛਾ ਜਾਵੇਗੀ ਅਤੇ ਇਸ ਉਡੀਕ ਵਿਚ ਰਹੇਗੀ ਕਿ ਕਦ ਮੇਰੇ ਦੇਸ਼ ਵਾਸੀ ਅਮੀਰ ਤੇ ਸੁਖੀ ਬਣਦੇ ਹਨ। ਅਗਰ ਮੇਰੇ ਦੇਸ ਵਾਸੀਆਂ ਦੇ ਦਿਲ ਵਿਚ ਸੱਚੀ ਮੁੱਚੀ ਮੇਰੇ ਸਬੰਧੀ ਪਿਆਰ ਤੇ ਇਜ਼ਤ ਹੈ, ਤਾਂ ਉਨ੍ਹਾਂ ਨੂੰ ਮੇਰੀ ਲਿਖੀ ਪੁਸਤਕ ਨੂੰ ਪੜ੍ਹਨਾ, ਵਿਚਾਰਨਾ, ਉਸ ਵਿਚ ਦੱਸੀਆਂ ਹਦਾਇਤਾਂ ਅਨੁਸਾਰ ਸਫ਼ਰ ਕਰਕੇ ਅਮੁੱਕ ਖਜ਼ਾਨੇ ਤਕ ਪਹੁੰਚਣਾ, ਉਸ ਖਜ਼ਾਨੇ ਵਿਚੋਂ ਜ਼ਰੂਰਤ ਅਨੁਸਾਰ ਦੌਲਤ ਲਿਆ ਕੇ ਅਮੀਰ ਤੇ ਸੁਖੀ ਬਣਨਾ ਚਾਹੀਦਾ ਹੈ। ਮੇਰੀ ਆਤਮਾ ਆਪਣੀ ਜਾਂ ਆਪਣੀ ਪੁਸਤਕ ਦੀ ਪੂਜਾ ਕਰਵਾ ਕੇ ਕਦੀ ਸੁਖੀ ਨਹੀਂ ਹੋ ਸਕਦੀ, ਉਹ ਆਪਣੇ ਦੇਸ ਵਾਸੀਆਂ ਨੂੰ ਆਪਣੇ ਵਰਗਾ ਅਮੀਰ ਤੇ ਸੁਖੀ ਵਸਦਿਆਂ ਵੇਖ ਕੇ ਹੀ ਸੁਖੀ ਹੋਵੇਗੀ ਅਤੇ ਉਸ ਦਿਨ ਤਕ ਆਪਣੇ ਦੇਸ਼ ਨਮਿਤ ਕੀਤੀ ਸੇਵੀ ਤੇ ਘਾਲਣਾ ਨੂੰ ਸਫਲ ਨਹੀਂ ਸਮਝੇਗੀ, ਜਦ ਤਕ ਸਾਰਾ ਦੇਸ ਅਮੀਰ ਤੇ ਸੁਖੀ ਨਾ ਹੋ ਜਾਵੇ।

**ਦੇਸ ਵਾਸੀਆਂ ਦਾ ਸੇਵਕ ਤੇ ਸ਼ੁਭਚਿੰਤਕ**
**'ਖੋਜੀ'**



# ਅਨਜਾਣ ਆਸਤਕ

ਕਿਸੇ ਜੰਗਲ ਵਿਚ ਇਕ ਬੱਬਰ ਸ਼ੇਰ ਰਹਿੰਦਾ ਸੀ, ਸਾਰੇ ਜੰਗਲ ਦੇ ਜੀਅ-ਜੰਤ ਉਸ ਤੋਂ ਡਰਦੇ ਤੇ ਉਸ ਨੂੰ ਆਪਣਾ ਰਾਜਾ ਮੰਨਦੇ ਸੀ। ਇਕ ਦਿਨ ਸ਼ੇਰ ਦੇ ਪੈਰ ਵਿਚ ਸ਼ਿਕਾਰ ਖੇਡਦਿਆਂ ਇਕ ਲੰਬਾ ਤੇ ਤਿੱਖਾ ਕੰਢਾ ਚੁਭ ਗਿਆ, ਜਿਸ ਨਾਲ ਉਸ ਨੂੰ ਬੜੀ ਪੀੜ ਹੋਈ ਤੇ ਲੰਗੜਾ ਕੇ ਟੁਰਨਾ ਪਿਆ। ਬਰਸਾਤ ਦਾ ਮੌਸਮ ਹੋਣ ਕਰਕੇ ਕੁਝ ਦਿਨਾਂ ਵਿਚ ਪੈਰ ਪੱਕ ਕੇ ਸੁਜ ਗਿਆ। ਇਥੋਂ ਤਕ ਕਿ ਸ਼ੇਰ ਨੂੰ ਤੁਰਨਾ ਮੁਸ਼ਕਲ ਹੋ ਗਿਆ।

ਇਸੇ ਜੰਗਲ ਵਿਚ ਇਕ ਸਾਧੂ ਆਣ ਨਿਕਲਿਆ। ਸ਼ੇਰ ਨੇ ਆਪਣੀ ਲਾਚਾਰੀ ਦੀ ਹਾਲਤ ਵਿਚ ਸੋਚਿਆ ਕਿ ਮੇਰੇ ਜ਼ਖਮ ਨੂੰ ਜੇ ਕੋਈ ਰਾਜ਼ੀ ਕਰ ਸਕਦਾ ਹੈ ਤਾਂ ਇਹ ਇਨਸਾਨ ਹੈ। ਇਹ ਸੋਚ ਕੇ ਉਹ ਸ਼ੇਰ ਲੰਗੜਾਂਦਾ-ਲੰਗੜਾਂਦਾ, ਗਰਦਨ ਨੀਵੀਂ ਸੁਟੀ, ਹੌਲੀ ਹੌਲੀ ਉਸ ਸਾਧੂ ਪਾਸ ਪੁੱਜਾ ਜਦ ਕਿ ਉਹ ਅੱਖਾਂ ਮੀਟ ਕੇ ਸਮਾਧੀ ਲਗਾਈ ਬੈਠਾ ਸੀ, ਤੇ ਉਸ ਦੇ ਪੈਰਾਂ ਵਿਚ ਲੰਮਾ ਪੈ ਗਿਆ।

ਜਦ ਸਾਧੂ ਦੀ ਸਮਾਧੀ ਤੋਂ ਅੱਖ ਖੁਲ੍ਹੀ ਤਾਂ ਉਸ ਨੇ ਆਪਣੇ ਅੱਗੇ ਸ਼ੇਰ ਨੂੰ ਨਿਢਾਲ ਪਿਆ ਤੱਕਿਆ। ਪਹਿਲੇ ਸਾਧੂ ਡਰ ਗਿਆ ਪਰ ਜਦ ਸ਼ੇਰ ਹਿਲਿਆ ਜੁਲਿਆ ਨਾ, ਤਾਂ ਸਾਧੂ ਨੇ ਗਹੁ ਨਾਲ ਉਸ ਦੇ ਅੰਗਾਂ ਵਲ ਡਿੱਠਾ ਅਤੇ ਝਟ ਸਮਝ ਗਿਆ ਕਿ ਸ਼ੇਰ ਆਪਣੇ ਇਕ ਪੈਰ ਦੇ ਡਾਢੇ ਸੁਜੇ ਹੋਣ ਕਰ ਕੇ ਬੀਮਾਰ ਹੈ। ਸਾਧੂ ਨੂੰ ਆਪਣਾ ਬਿਰਦ ਯਾਦ ਆਇਆ ਤੇ ਉਸ ਨੇ ਸ਼ੇਰ ਦੇ ਪੈਰ ਵਿਚੋਂ ਮਲਕੜੇ ਜਿਹੇ ਕੰਡਾ ਕੱਢ ਸੁਟਿਆ ਤੇ ਖੂਨ ਤੇ ਪਾਕ ਨੂੰ ਸਾਫ ਕਰ ਕੇ ਆਪਣੇ ਕਪੜੇ ਨੂੰ ਪਾੜ ਕੇ ਪੈਰ ਤੇ ਪੱਟੀ ਬੰਨ੍ਹ ਦਿਤੀ।

ਕੰਢੇ ਦੇ ਨਿਕਲਣ ਤੇ ਪੱਟੀ ਬੰਨ੍ਹਣ ਨਾਲ ਸ਼ੇਰ ਦਾ ਅੱਧਾ ਦੁਖ ਤਾਂ ਉਸੇ ਵੇਲੇ ਜਾਂਦਾ ਰਿਹਾ ਅਤੇ ਬਾਕੀ ਦੀ ਤਕਲੀਫ ਦੋ ਚਾਰ ਦਿਨ ਦੀ ਸਾਧੂ ਦੀ ਸੇਵਾ ਨਾਲ ਦੂਰ ਹੋ ਗਈ।

ਹੁਣ ਸ਼ੇਰ ਨੌ-ਬਰ-ਨੌ ਸੀ, ਜੰਗਲ ਵਿਚ ਛਾਲਾਂ ਮਾਰਦਾ ਤੇ ਉਸ ਜੰਗਲ ਵਿਚ ਰਹਿਣ ਵਾਲੇ ਜਾਨਵਰਾਂ ਤੋਂ ਆਪਣੀ ਈਨ ਮੰਨਵਾਂਦਾ ਸੀ ਪਰ ਸਾਧੂ ਨੂੰ ਕੁਝ ਨਹੀਂ ਸੀ ਆਖਦਾ।

ਜਦ ਸਾਧੂ ਆਪਣੀ ਕੁਟੀਆ ਅੱਗੇ ਬੈਠਾ ਹੋਵੇ ਤਾਂ ਸ਼ੇਰ ਦੌੜਿਆ ਦੌੜਿਆ ਆਉਂਦਾ ਤੇ ਸਾਧੂ ਦੇ ਕੋਲ ਆ ਕੇ ਬੈਠ ਜਾਂਦਾ। ਕਦੀ ਕਦੀ ਸਾਧੂ ਦੇ ਚਰਨਾਂ ਉਤੇ ਆਪਣੀ ਗੁੱਛੇਦਾਰ ਵਾਲਾਂ ਭਰੀ ਗਰਦਨ ਰੱਖ ਦਿੰਦਾ ਅਤੇ ਸਾਧੂ ਦੇ ਹੱਥਾਂ ਨੂੰ ਆਪਣੇ ਸਿਰ ਤੇ ਫਿਰਦੇ ਦੇਖ ਕੇ ਡਾਹਢਾ ਖੁਸ਼ ਹੁੰਦਾ।

ਹੌਲੀ ਹੌਲੀ ਸ਼ੇਰ ਦੀ ਸਾਧੂ ਨਾਲ ਇਤਨੀ ਦੋਸਤੀ ਹੋ ਗਈ ਕਿ ਉਹ ਹਮੇਸ਼ਾ ਸਾਧੂ ਦੀ ਕੁਟੀਆ ਦੇ ਆਲੇ-ਦੁਆਲੇ ਹੀ ਪਹਿਰਾ ਦਿੰਦਾ। ਸ਼ਿਕਾਰ ਖੇਡਣ ਭਾਵੇਂ ਕਿਤਨੀ ਦੂਰ ਜਾਵੇ, ਮੁੜ ਸਾਧੂ ਦੇ ਕੋਲ ਪੁੱਜ ਜਾਂਦਾ। ਕਿਸੇ ਹੋਰ ਜਾਨਵਰ ਦੀ ਕੀ ਮਜ਼ਾਲ ਸੀ ਕਿ ਸਾਧੂ ਦੀ ਕੁਟੀਆ ਦੇ ਨੇੜੇ ਵੀ ਆ ਜਾਵੇ। ਕੋਈ ਹਿਰਨ ਜਾਂ ਜੰਗਲੀ ਨੀਲ ਗਾਏ ਆਦਿ ਕਦੀ ਸਾਧੂ ਦੀ ਕੁਟੀਆਂ ਦੇ ਕੋਲੋਂ ਲੰਘ ਵੀ ਜਾਵੇ ਤਾਂ ਸ਼ੇਰ ਉਹਨਾਂ ਨੂੰ ਪਾੜ ਸੁਟਦਾ।

ਹੌਲੀ ਹੌਲੀ ਜੰਗਲ ਦੇ ਸਭ ਜਾਨਵਰਾਂ ਦੇ ਦਿਲ ਵਿਚ ਉਸ ਸ਼ੇਰ ਨਾਲੋਂ ਵਧ ਉਸ ਸਾਧੂ ਦੀ ਕੁਟੀਆ ਦਾ ਭੈ ਬੈਠ ਗਿਆ। ਉਹ ਸਮਝਣ ਲੱਗੇ ਕਿ ਸਾਧੂ ਕੋਈ ਸ਼ੇਰ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਤੇ ਡਰਾਵਣੀ ਚੀਜ਼ ਹੈ ਕਿਉਂਕਿ ਸ਼ੇਰ ਜਿਹਾ ਤਾਕਤਵਾਰ ਤੇ ਖ਼ੂਨੀ ਜਾਨਵਰ ਵੀ ਉਸ ਸਾਧੂ ਦੀ ਕੁਟੀਆ ਦੀ ਰਾਖੀ ਕਰਦਾ ਹੈ ਅਤੇ ਉਥੇ ਕਿਸੇ ਜੀਅ ਜੰਤ ਨੂੰ ਫਟਕਣ ਨਹੀਂ ਦਿੰਦਾ।

ਸਾਧੂ ਬੜੀ ਨਿਰਮਲ ਆਤਮਾ ਸੀ। ਸਦਾ ਬੰਦਗੀ ਵਿਚ ਸਮਾਂ ਗੁਜ਼ਾਰਦਾ ਅਤੇ ਕਈ ਕਈ ਦਿਨ ਉਸ ਦੀ ਸਮਾਧੀ ਨਹੀਂ ਸੀ ਖੁਲ੍ਹਦੀ। ਜਦ ਕਦੀ ਸਮਾਧੀ ਖੁਲ੍ਹੇ ਤਾਂ ਉਹ ਆਪਣੇ ਆਲੇ-ਦੁਆਲੇ ਸ਼ੇਰ ਨੂੰ ਹੀ ਛਲਾਂਗਾਂ ਮਾਰਦਾ ਵੇਖੇ। ਕਈ ਵਾਰੀ ਉਸ ਦੇ ਦਿਲ ਵਿਚ ਖਿਆਲ ਵੀ ਆਇਆ ਕਿ ਜੰਗਲ ਵਿਚ ਹੋਰ ਵੀ ਕਈ ਜਾਨਵਰ ਹੋਣੇ ਚਾਹੀਦੇ ਹਨ ਪਰ ਉਸ ਜੰਗਲ ਵਿਚ ਉਸ ਨੂੰ ਆਪਣੀ ਝੌਂਪੜੀ ਦੇ ਲਾਗੇ ਕਦੀ ਕੋਈ ਜਾਨਵਰ ਨਹੀਂ ਸੀ ਦਿਸਿਆ। ਪਰ ਫਿਰ ਉਹ ਇਹ ਵਿਚਾਰੇ ਕਿ ਕਿਉਂਕਿ ਉਹ ਆਪ ਕੁਟੀਆ ਤੋਂ ਦੂਰ ਜੰਗਲ ਵਿਚ ਨਹੀਂ ਜਾਂਦਾ, ਇਸ ਕਰ ਕੇ ਉਸ ਨੂੰ ਜੰਗਲ ਦੇ ਹੋਰ ਜਾਨਵਰ ਨਹੀਂ ਦਿਸਦੇ।



ਕੁਝ ਚਿਰ ਇਸੇ ਤਰ੍ਹਾਂ ਲੰਘ ਗਿਆ। ਇਕ ਦਿਨ ਉਹ ਸਾਧੂ ਆਪਣੀ ਮੌਜ ਵਿਚ ਅੱਖਾਂ ਮੀਟੀ ਲੰਮਾ ਪਿਆ ਹੋਇਆ ਸੀ ਅਤੇ ਸ਼ੇਰ ਉਸ ਤੋਂ ਥੋੜ੍ਹੀ ਦੂਰ ਗਰਦਨ ਚੁਕੀ ਆਪਣੀਆਂ ਅੱਗ ਵਰਗੀਆਂ ਚਮਕਦੀਆਂ ਅੱਖਾਂ ਥਾਣੀ ਸਾਧੂ ਵਲ ਪਿਆਰ ਤੇ ਸਤਿਕਾਰ ਨਾਲ ਤੱਕ ਰਿਹਾ ਸੀ। ਤਾਹੀਏਂ ਸ਼ੇਰ ਨੇ ਦੇਖਿਆ ਕਿ ਸਾਧੂ ਦੇ ਮੂੰਹ ਤੇ ਇਕ ਮੱਖੀ ਘੜੀ ਮੁੜੀ ਆ ਕੇ ਬੈਠਦੀ ਹੈ ਅਤੇ ਸਾਧੂ ਉਸ ਮੱਖੀ ਨੂੰ ਘੜੀ ਮੁੜੀ ਆਪਣੇ ਮੂੰਹ ਤੋਂ ਪਰ੍ਹੇ ਹਟਾਂਦਾ ਹੈ।

ਮੱਖੀ ਦੀ ਇਹ ਦਲੇਰੀ ਤੇ ਗੁਸਤਾਖ਼ੀ ਦੇਖ ਕੇ ਸ਼ੇਰ ਨੂੰ ਰੋਹ ਚੜ੍ਹ ਗਿਆ ਅਤੇ ਉਸ ਦੇ ਦਿਲ ਵਿਚ ਆਇਆ ਕਿ ਮੈਂ ਜੰਗਲ ਦਾ ਰਾਜਾ ਹਾਂ, ਮੇਰੇ ਸਾਮ੍ਹਣੇ ਜੰਗਲ ਦੇ ਵੱਡੇ ਤੋਂ ਵੱਡੇ ਜਾਨਵਰ ਝੁਕਦੇ ਹਨ ਅਤੇ ਇਹ ਮੱਖੀ, ਉਸ ਸਾਧੂ ਦੇ ਮੂੰਹ ਉਤੇ ਮੈਲੇ ਪੈਰ ਲਿਆ ਕੇ ਰਖਦੀ ਹੈ ਜਿਸ ਸਾਧੂ ਦੇ ਚਰਨਾਂ ਵਿਚ ਮੈਂ ਆਪਣੀ ਗਰਦਨ ਰੱਖ ਕੇ ਖੁਸ਼ ਹੁੰਦਾ ਹਾਂ, ਨੂੰਅਤੇ ਉਸ ਦੀ ਸ਼ਾਂਤੀ ਤੇ ਮਸਤੀ ਵਿਚ ਭੰਗ ਪਾ ਰਹੀ ਹੈ। ਮੇਰੇ ਬੈਠਿਆਂ ਇਸ ਨਾਚੀਜ਼ ਮੱਖੀ ਦੀ ਇਹ ਮਜਾਲ! ਮੈਂ ਇਸ ਨੂੰ ਹੁਣੇ ਇਸ ਦੀ ਗੁਸਤਾਖੀ ਕਰਨ ਦਾ ਬਦਲਾ ਦੇਵਾਂਗਾ, ਹੁਣ ਦੱਸਾਂਗਾ ਕਿ ਇਕ ਸ਼ੇਰ ਦੇ ਗੁਰੂ ਦੀ ਹੇਤਕ ਕਰਨ ਦੀ ਕੀ ਸਜ਼ਾ ਹੁੰਦੀ ਹੈ। ਇਹ ਸੋਚ ਕੇ ਅਤੇ ਡਾਹਢੇ ਕਰੋਧ ਵਿਚ ਆ ਕੇ ਸ਼ੇਰ ਨੇ ਸਾਧੂ ਦੇ ਕੋਲ ਆ ਕੇ, ਜਿਸ ਵੇਲੇ ਮੱਖੀ ਮੁੜ ਸਾਧੂ ਦੇ ਮੂੰਹ ਤੇ ਆ ਕੇ ਬੈਠੀ ਤਾਂ ਗੁੱਸੇ ਵਿਚ ਲਾਲ ਹੋ ਕੇ ਡਾਹਢਾ ਜ਼ੋਰ ਦਾ ਪੰਜਾ ਉਸ ਮੱਖੀ ਨੂੰ ਮਾਰਿਆ।

ਮੱਖੀ ਤਾਂ ਪੰਜੇ ਦੇ ਵੱਜਣ ਤੋਂ ਪਹਿਲੇ ਉਡ ਗਈ, ਪਰ ਸ਼ੇਰ ਦੇ ਡਾਹਢੇ ਜ਼ੋਰ ਨਾਲ ਮਾਰੇ ਪੰਜੇ ਨੇ ਉਸ ਸਾਧੂ ਦਾ ਮੂੰਹ ਐਸਾ ਵਲੂੰਦਰਿਆ ਤੇ ਜ਼ਖਮੀ ਕੀਤਾ ਕਿ ਸਾਧੂ ਥੋੜ੍ਹੇ ਚਿਰ ਮਗਰੋਂ, ਸ਼ੇਰ ਵਲ ਸਹਿਮੀਆਂ ਹੋਈਆਂ ਅੱਖਾਂ ਵਿਚੋਂ ਬਿਟ ਬਿਟ ਤਕਦਾ ਮਰ ਗਿਆ।

ਜਿਸ ਤਰ੍ਹਾਂ ਸ਼ੇਰ ਨੇ ਆਪਣੀ ਅਨਜਾਣਤਾ, ਮੂਰਖਤਾ ਅਤੇ ਪਸ਼ੂਪੁਣੇ ਕਰ ਕੇ, ਸਾਧੂ ਦਾ ਦਿਲ ਵਿਚ ਸਤਿਕਾਰ, ਪਿਆਰ ਤੇ ਹਮਦਰਦੀ ਰਖਦਿਆਂ ਅਖੀਰ ਸਾਧੂ ਨੂੰ ਨੁਕਸਾਨ ਪਹੁੰਚਾਇਆ, ਉਸੇ ਤਰ੍ਹਾਂ ਅਨਜਾਣ ਆਸਤਕ ਨੇ ਆਪਣੀ ਅਨਜਾਣਤਾ ਤੇ ਬੇਇਲਮੀ ਦੇ ਕਾਰਨ ਦਿਲ ਵਿਚ ਸਤਿਕਾਰ ਤੇ ਪਿਆਰ ਰਖਦਿਆਂ ਧਰਮ ਦੀ ਅਸਲੀਅਤ ਤੇ ਉਚਤਾ ਨੂੰ ਨੁਕਸਾਨ ਪਹੁੰਚਾਇਆ ਹੈ।

# ੨੯.੯.੪੩

## ਕਲਕੱਤਾ

ਸੁਰਿਦਰ ਕੋਰ - ਪਿਤਾ ਜੀ, ਕੀ ਹੋਇਆ ਅੱਜ ਤੁਹਾਡੀ ਕਮੇਟੀ ਵਿਚ?

ਗੁਰਮੁਖ ਸਿੰਘ - ਕਮੇਟੀ ਵਲੋਂ ਬੰਗਾਲ ਦੇ ਪਿੰਡਾਂ ਵਿਚ ਵਾਲੰਟੀਅਰ ਨਾਲ ਲੈ ਜਾ ਕੇ ਭੁੱਖ-ਪੀੜਤ ਲੋਕਾਂ ਲਈ ਮੁਫਤ ਲੰਗਰ ਖੋਲ੍ਹਣ ਦਾ ਫੈਸਲਾ ਹੋਇਆ ਅਤੇ ਖੁਲਨਾ ਦੇ ਇਲਾਕੇ ਵਿਚ ਮੁਫਤ ਲੰਗਰ ਅਰੰਭ ਕਰਨ ਦੀ ਸੇਵਾ ਮੈਨੂੰ ਮਿਲੀ ਹੈ। ਇਸ ਲਈ ਸਵੇਰੇ ੬ ਵਜੇ ਦੀ ਗੱਡੀ ਪਕੜਨ ਲਈ ਜ਼ਰੂਰੀ ਹੈ ਕਿ ਤੜਕੇ ੪ ਵਜੇ ਘਰੋਂ ਤੁਰਿਆ ਜਾਵੇ, ਕਿਉਂਕਿ ਡੇਢ ਘੰਟਾ ਤਾਂ ਸਟੇਸ਼ਨ ਤੇ ਪਹੁੰਚਣ ਲਈ ਚਾਹੀਦਾ ਹੈ।

ਸੁਰਿਦਰ ਕੌਰ - ਚਾਰ ਵਜੇ ਤੁਰਨ ਲਈ ਤਿੰਨ ਵਜੇ ਸਵੇਰੇ ਜਾਗਣਾ ਚਾਹੀਦਾ ਹੈ। ਕੀ ਮੈਂ ਘੜੀ ਨੂੰ ਤਿੰਨ ਵਜੇ ਦਾ ਅਲਾਰਮ ਲਗਾ ਦੇਵਾਂ?

ਗੁਰਮੁਖ ਸਿੰਘ - ਕੋਈ ਲੋੜ ਨਹੀਂ, ਜਿਸ ਮਾਲਕ ਦੀ ਸੇਵਾ ਕਰਨ ਜਾਣੈ ਉਹ ਆਪੇ ਵਕਤ ਸਿਰ ਜਗਾ ਦੇਵੇਗਾ।

ਸੁਰਿਦਰ ਕੌਰ - ਪਿਤਾ ਜੀ ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਤੁਸੀਂ ਅੱਗੇ ਵੀ ਕਦੀ ਅਲਾਰਮ ਨਹੀਂ ਲਗਾਂਦੇ ਪਰ ਜਿਸ ਵਕਤ ਚਾਹੋ ਤੁਹਾਡੀ ਉਸੇ ਵਕਤ ਨੀਂਦਰ ਖੁਲ੍ਹ ਜਾਂਦੀ ਹੈ? ਮੈਂ ਹਮੇਸ਼ਾ ਅਲਾਰਮ ਲਾ ਕੇ ਵੀ ਵੇਲੇ ਸਿਰ ਨਹੀਂ ਉਠ ਸਕਦੀ।

ਗੁਰਮੁਖ ਸਿੰਘ - ਬੀ.ਏ ਪਾਸ ਲੜਕੀਆਂ ਨੂੰ ਤਾਂ ਆਤਮਾ ਦੀ ਸਾਇੰਸ ਤੋਂ ਇਤਨੀ ਨਾਵਾਕਫੀਅਤ ਨਹੀਂ ਹੋਣੀ ਚਾਹੀਦੀ।

ਸੁਰਿਦਰ ਕੌਰ - ਬੀ.ਏ. ਵਿਚ ਕੋਈ ਆਤਮਾ ਦੀਆਂ ਗੱਲਾਂ ਥੋੜ੍ਹੇ ਪੜ੍ਹਾਈਆਂ ਜਾਂਦੀਆਂ ਹਨ?

ਗੁਰਮੁਖ ਸਿੰਘ - ਕੀ ਤੂੰ ਬੀ.ਏ. ਵਿਚ ਫ਼ਿਲਾਸਫ਼ੀ ਲਈ ਹੋਈ ਸੀ?

ਸੁਰਿਦਰ ਕੌਰ - ਤੁਸੀਂ ਆਪੇ ਤਾਂ ਲੈਣ ਵਾਸਤੇ ਜ਼ੋਰ ਦਿਤਾ ਸੀ।



ਗੁਰਮੁਖ ਸਿੰਘ - ਹਾਂ, ਯਾਦ ਆ ਗਿਆ। ਤਾਂ ਇਹ ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਅੰਦਰ ਚੇਤਨਤਾ (conscious-mind) ਦੀਆਂ ਦੋ ਹਾਲਤਾਂ ਹਨ। ਇਸ ਨੂੰ ਤਾਂ ਅਸੀਂ ਸਾਰੇ ਜਾਣਦੇ ਹਾਂ, ਜਿਹੜੀ ਚੇਤਨਾ ਸਾਡੇ ਨਾਲ ਜਾਗਦਿਆਂ ਤੁਰਦਿਆਂ ਕੰਮ ਕਰਦੀ ਰਹਿੰਦੀ ਹੈ। ਇਸ ਨੂੰ ਅੰਗਰੇਜ਼ੀ ਵਿਚ (conscious-mind) ਆਖਦੇ ਹਨ। ਦੂਸਰੀ ਚੇਤਨਾ ਦਾ ਭਾਵੇਂ ਸਾਨੂੰ ਪਤਾ ਨਹੀਂ ਲਗਦਾ ਪਰ ਉਹ ਇਸ ਚੇਤਨਤਾ, ਜਿਸਦਾ ਸਾਨੂੰ ਗਿਆਨ ਹੈ ਦੀ ਤਹਿ ਵਿਚ ਜਾਂ ਇਸ ਦੇ ਪਿਛੇ ਲੁਕੀ ਰਹਿੰਦੀ ਹੈ। ਇਸ ਨੂੰ ਅੰਗਰੇਜ਼ੀ ਵਿਚ ਅਰਧ-ਚੇਤਨ (Sub-conscious mind) ਆਖਦੇ ਹਨ। ਅਸੀਂ ਇਸ ਨੂੰ ਅੰਤਹਿਕਰਨ ਆਖ ਸਕਦੇ ਹਾਂ। ਸਾਡੇ ਸਾਧਾਰਨ ਮਨ ਦੇ ਪਿਛੇ ਸਾਡਾ ਵੱਡਾ ਮਨ ਜਾਂ ਅੰਤਹਿਕਰਨ ਰਹਿੰਦਾ ਹੈ। ਸਾਡਾ ਸਾਧਾਰਨ ਮਨ ਸਾਡੇ ਅੰਤਹਿਕਰਨ ਦੇ ਹੁਕਮ ਵਿਚ ਚਲਦਾ ਹੈ। ਜੋ ਅੰਤਹਿਕਰਨ ਹੁਕਮ ਦੇਵੇ, ਸਾਡੇ ਮਨ ਨੂੰ ਉਹ ਕੁਝ ਕਰਨਾ ਪੈਂਦਾ ਹੈ। ਸਾਡੇ ਅੰਤਹਿਕਰਨ ਵਿਚ ਬੜੀਆਂ ਬੜੀਆਂ ਤਾਕਤਾਂ ਹਨ, ਜਿਨ੍ਹਾਂ ਸਬੰਧੀ ਫਿਰ ਕਦੀ ਦੱਸਾਂਗਾ। ਇਸ ਵੇਲੇ ਤੈਨੂੰ ਇਹ ਸਮਝਾਣਾ ਚਾਹੁੰਦਾ ਹਾਂ ਕਿ ਸਾਡੇ ਸਰੀਰ, ਸਾਡੇ ਮਨ, ਸਾਡੇ ਕਰਮਾਂ ਉਤੇ ਸਾਡੇ ਅੰਤਹਿਕਰਨ ਦਾ ਸਦਾ ਪ੍ਰਭਾਵ ਪੈਂਦਾ ਰਹਿੰਦਾ ਹੈ। ਸਾਡਾ ਮਨ (Conscious-mind) ਜੇ ਕੋਈ ਗੱਲ ਨਾ ਕਰਨੀ ਚਾਹੇ, ਐਪਰ ਅੰਤਹਿਕਰਨ (Sub-conscious-mind) ਉਹ ਗੱਲ ਕਰਨੀ ਚਾਹੇ ਤਾਂ ਸਾਡੇ ਮਨ ਨੂੰ ਸਾਡੇ ਅੰਤਹਿਕਰਨ ਦੀ ਮਰਜ਼ੀ ਅੱਗੇ ਸਦਾ ਨਿਉਣਾ ਪੈਂਦਾ ਹੈ।

ਜਦ ਅਸੀਂ ਸੌਂਦੇ ਹਾਂ ਤਾਂ ਅਸਲ ਵਿਚ ਸਾਡੇ ਸਰੀਰ ਦਾ ਕੁਝ ਹਿੱਸਾ ਹੀ ਸੌਂਦਾ ਹੈ। ਸਾਡਾ ਬਾਕੀ ਸਰੀਰ ਜਾਗਦਾ ਰਹਿੰਦਾ ਹੈ।

ਸੁਰਿਦਰ ਕੌਰ - ਇਹ ਕਿਵੇਂ ਹੋ ਸਕਦਾ ਹੈ ਜੋ ਸਾਡੇ ਸਰੀਰ ਦਾ ਕੁਝ ਹਿੱਸਾ ਸਵੇਂ ਤੇ ਕੁਝ ਨਾ ਸਵੇਂ?

ਗੁਰਮੁਖ ਸਿੰਘ - ਵਿਚਾਰ ਕੀਤਿਆਂ ਇਹ ਗੱਲ ਬੜੀ ਆਸਾਨੀ ਨਾਲ ਸਮਝ ਆ ਜਾਵੇਗੀ। ਜਦ ਅਸੀਂ ਸੌਂਦੇ ਹਾਂ ਤਾਂ ਸਾਡਾ ਉਤਲਾ ਮਨ ਇਕ ਖਾਸ ਆਰਾਮ ਜਾਂ ਬੇਹੋਸ਼ੀ ਦੀ ਹਾਲਤ ਵਿਚ ਚਲਿਆ ਜਾਂਦਾ ਹੈ। ਐਪਰ ਇਸ ਸਰੀਰ ਦੇ ਅੰਦਰ ਬਹੁਤ ਸਾਰੀਆਂ ਚੀਜ਼ਾਂ ਆਪਣਾ ਕੰਮ ਕਰਨਾ ਜਾਰੀ ਰਖਦੀਆਂ ਹਨ। ਸਾਡਾ ਦਿਲ, ਸਾਡੇ ਫੇਫੜੇ, ਸਾਡਾ ਮੇਅਦਾ, ਸਾਡੇ ਗੁਰਦੇ, ਸਾਡੇ ਖੂਨ ਦਾ ਦੌਰਾ ਆਦਿ ਸਭ ਆਪੋ ਆਪਣਾ ਕੰਮ ਕਰਦੇ ਰਹਿੰਦੇ ਹਨ। ਇਹ ਸਭ ਚੀਜ਼ ਅਤੇ ਅੰਤਹਿਕਰਨ (Sub-conscious-mind) ਦੇ ਹੁਕਮ ਵਿਚ ਚਲਦੀਆਂ ਰਹਿੰਦੀਆਂ

ਹਨ। ਨਾ ਸਾਡਾ ਅੰਤਹਿਕਰਨ ਕਦੀ ਸੌਂਦਾ ਹੈ ਤੇ ਨਾ ਸਾਡੇ ਸਰੀਰ ਦੇ ਬਹੁਤ ਹਿੱਸੇ ਕਦੀ ਸੌਂਦੇ ਹਨ।

ਜੇਕਰ ਸਾਨੂੰ ਆਪਣਾ ਸੰਦੇਸ਼ ਆਪਣੇ ਅੰਤਹਿਕਰਨ ਤਕ ਪਹੁੰਚਾਣ ਦਾ ਵਲ ਆ ਜਾਵੇ ਤਾਂ ਸਾਡੇ ਮਨ ਅਤੇ ਸਰੀਰ ਨੂੰ ਉਸੇ ਸਕੀਮ ਅਨੁਸਾਰ ਕੰਮ ਕਰਨ ਵਾਸਤੇ ਸਾਡਾ ਅੰਤਹਿਕਰਨ ਮਜ਼ਬੂਰ ਕਰਦਾ ਹੈ। ਮਿਸਾਲ ਦੇ ਤੌਰ ਤੇ ਜੇਕਰ ਅਸੀਂ ਆਪਣੇ ਅੰਤਹਿਕਰਨ ਨੂੰ ਆਖ ਦੇਈਏ ਕਿ ਉਹ ਸਾਡੇ ਮਨ ਜਾਂ ਸਰੀਰ ਨੂੰ ਰਾਤ ਦੇ ਇਤਨੇ ਵਜੇ ਜਗਾ ਦੇਵੇ ਤਾਂ ਨਿਸ਼ਚੇ ਹੀ ਸਾਡਾ ਅੰਤਹਿਕਰਨ ਜੋ ਆਪ ਕਦੀ ਨਹੀਂ ਸੌਂਦਾ, ਸਾਡੇ ਮਨ ਜਾਂ ਸਾਡੇ ਸਰੀਰ ਨੂੰ ਉਤਨੇ ਵਜੇ ਜਗਾ ਦੇਵੇਗਾ।

ਸੁਰਿੰਦਰ ਕੌਰ - ਪਿਤਾ ਜੀ, ਆਪ ਨੇ ਇਹ ਤਾਂ ਬੜੀ ਦਿਲਚਸਪ ਗੱਲ ਦੱਸੀ ਹੈ, ਪਰ ਇਹ ਵੀ ਦੱਸੋ ਕਿ ਅੰਤਹਿਕਰਨ ਨੂੰ ਸੰਦੇਸ਼ ਕਿਸ ਤਰ੍ਹਾਂ ਪਹੁੰਚਾਈਦਾ ਹੈ?

ਗੁਰਮੁਖ ਸਿੰਘ - ਪੁਤਰ, ਅੰਤਹਿਕਰਨ ਨੂੰ ਸੰਦੇਸ਼ ਪਹੁੰਚਾਣ ਵਾਸਤੇ ਸਭ ਤੋਂ ਪਹਿਲੇ ਜ਼ਰੂਰ ਹੈ ਕਿ ਸਾਨੂੰ ਯਕੀਨ ਹੋਵੇ ਕਿ ਸਾਡੇ ਮਨ ਦੇ ਪਿਛੇ ਅੰਤਹਿਕਰਨ ਜਾਂ ਵਡੇਰਾ ਮਨ ਹੈ, ਜਿਸ ਤਕ ਦਿਲੋਂ ਨਿਕਲੀ ਕੋਈ ਖਾਹਿਸ਼ ਜਾਂ ਸੰਦੇਸ਼ ਜ਼ਰੂਰੀ ਪਹੁੰਚ ਜਾਂਦਾ ਹੈ। ਦੂਜੇ ਸਾਡੇ ਦਿਲ ਵਿਚ ਕਿਸੇ ਕਿਸਮ ਦਾ ਸ਼ੱਕ ਜਾਂ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਸਾਡੇ ਅੰਤਹਿਕਰਨ ਤਕ ਸਾਡਾ ਇਹ ਸੰਦੇਸ਼ ਕਿਉਂ ਤੇ ਕਿਵੇਂ ਪਹੁੰਚਦਾ ਹੈ, ਜਾਂ ਸਾਡਾ ਸਰੀਰ ਸਾਡੇ ਅੰਤਹਿਕਰਨ ਦੇ ਕਿਵੇਂ ਅਤੇ ਕਿਉਂ ਅਧੀਨ ਰੱਖਿਆ ਗਿਆ ਹੈ? ਇਹ ਸਾਰੀਆਂ ਗੱਲਾਂ ਸਿਮਰਨ ਅਭਿਆਸ ਰਾਹੀਂ ਉਸ ਅਵਸਥਾ ਤਕ ਪਹੁੰਚਣਾ ਜਿਥੇ ਅੰਦਰਲੀ ਸਾਰੀ ਖੇਡ ਦਾ ਚਾਨਣਾ ਹੋ ਜਾਵੇ, ਇਕ ਦੋ ਦਿਨਾਂ ਦਾ ਕੰਮ ਨਹੀਂ। ਇਸ ਲਈ ਪਹਿਲੇ ਪਹਿਲੇ ਤੈਨੂੰ ਇਹ ਨਿਸ਼ਚਾ ਹੀ ਕਰਨਾ ਚਾਹੀਦਾ ਹੈ ਕਿ ਜੋ ਗੱਲ ਤੂੰ ਆਪਣੇ ਅੰਤਹਿਕਰਨ ਨੂੰ ਸਾਵਧਾਨ ਤੇ ਇਕਾਗਰ ਹੋ ਕੇ ਆਖੇਂਗੀ ਉਹ ਉਸ ਤਕ ਜ਼ਰੂਰ ਪਹੁੰਚ ਜਾਵੇਗੀ ਅਤੇ ਤੇਰੀ ਉਹ ਗੱਲ ਤੇਰੇ ਮਨ ਤੇ ਸਰੀਰ ਤੋਂ ਪੂਰਿਆਂ ਕਰਾਣ ਵਿਚ ਤੇਰਾ ਅੰਤਹਿਕਰਨ (Sub-counscious-mind) ਪੂਰੀ ਸਹਾਇਤਾ ਕਰੇਗਾ। ਜੇ ਤੂੰ ਸੱਚੇ ਦਿਲ ਨਾਲ ਆਪਣੇ ਅੰਤਹਿਕਰਨ ਨੂੰ ਆਖੇਂ ਕਿ ਝੂਠ ਨਹੀਂ ਬੋਲੇਂਗੀ, ਜਾਂ ਤੂੰ ਬਿਮਾਰ ਨਹੀਂ ਹੋਵੇਂਗੀ ਤਾਂ ਤੂੰ ਦੇਖ ਕੇ ਅਸਚਰਜ ਹੋਵੇਂਗੀ ਕਿ ਤੇਰੀ ਜ਼ਬਾਨ ਝੂਠ ਨਹੀਂ ਬੋਲ ਸਕੇਗੀ ਅਤੇ ਤੇਰਾ ਸਰੀਰ ਬੀਮਾਰ ਨਹੀਂ ਹੈ। ਇਹ ਨਿਸ਼ਚੇ ਦੀ ਖੇਡ ਹੈ, ਸੱਚੇ ਦਿਲ ਨਾਲ ਜਦ ਚਾਹੋ ਖੇਡ ਕੇ ਦੇਖ ਲਵੋ।



ਸੁਰਿਦਰ ਕੌਰ - ਪਿਤਾ ਜੀ, ਕੀ ਇਸ ਤਰੀਕੇ ਨਾਲ ਹਰ ਇਕ ਆਦਮੀ ਆਪਣੇ ਅੰਤਹਿਕਰਨ ਦੀਆਂ ਤਾਕਤਾਂ ਤੋਂ ਲਾਭ ਉਠਾ ਸਕਦਾ ਹੈ?

ਗੁਰਮੁਖ ਸਿੰਘ - ਨਹੀਂ! ਦੋ ਕਿਸਮ ਦੇ ਆਦਮੀ ਇਸ ਤਰੀਕੇ ਤੋਂ ਲਾਭ ਨਹੀਂ ਉਠਾ ਸਕਦੇ। ਇਕ ਉਹ ਜਿਹੜੇ ਮੂਰਖ ਜਾਂ ਜਾਹਿਲ ਹੋਣ। ਦੂਸਰੇ ਉਹ ਜਿਨ੍ਹਾਂ ਦੀ ਲਾਭ ਉਠਾਣ ਦੀ ਨੀਯਤ ਨਾ ਹੋਵੇ।

ਸੁਰਿਦਰ ਕੌਰ - ਪਿਤਾ ਜੀ ਤੁਸੀਂ ਹੁਣੇ ਆਖਿਆ ਸੀ ਕਿ 'ਜਿਸ ਮਾਲਕ ਦੀ ਸੇਵਾ ਕਰਨ ਜਾ ਰਹੇ ਹਾਂ, ਉਹ ਆਪੇ ਵੇਲੇ ਸਿਰ ਜਗਾ ਦੇਵੇਗਾ ਤਾਂ ਫਿਰ ਆਪ ਦੀ 'ਮਾਲਕ' ਤੋਂ ਮੁਰਾਦ ਇਹ ਅੰਤਹਿਕਰਨ (Sub-conscious-mind) ਸੀ?

ਗੁਰਮੁਖ ਸਿੰਘ - ਨਹੀਂ ਬੇਟਾ! ਇਸ ਅੰਤਹਿਕਰਨ ਦੇ ਪਿਛੇ ਆਤਮਾ ਅਤੇ ਆਤਮਾ ਦੇ ਪਿਛੇ ਪਰਮ-ਆਤਮਾ ਹੈ। ਮੇਰਾ ਮਾਲਕ ਉਹ ਪਰਮ-ਆਤਮਾ ਹੈ, ਜਿਸ ਦੇ ਹੁਕਮ ਵਿਚ ਆਤਮਾ ਅਤੇ ਅੰਤਹਿਕਰਨ ਦੋਵੇਂ ਕੰਮ ਕਰਦੇ ਹਨ। ਜਿਵੇਂ - ਅੰਤਹਿਕਰਨ ਦੇ ਅਧੀਨ ਸਰੀਰ ਤੇ ਮਨ ਹਨ, ਉਸੇ ਤਰ੍ਹਾਂ ਅੰਤਹਿਕਰਨ ਵੀ ਆਤਮਾ ਦੇ ਅਤੇ ਆਤਮਾ ਪਰਮ-ਆਤਮਾ ਦੇ ਅਧੀਨ ਕੰਮ ਕਰਦੇ ਹਨ। ਜਦ ਅਸੀਂ ਕੋਈ ਅਰਦਾਸ ਜਾਂ ਦਿਲੀ ਇਛਿਆ ਪਰਗਟ ਕਰਦੇ ਹਾਂ ਤਾਂ ਉਹ ਸਭ ਤੋਂ ਪਹਿਲੇ ਪਰਮ-ਆਤਮਾ ਤਕ ਪਹੁੰਚਦੀ ਹੈ ਜਿਥੋਂ ਉਸ ਦੇ ਪੂਰਿਆਂ ਹੋਣ ਦਾ ਹੁਕਮ ਸਾਡੇ ਅੰਤਹਿਕਰਨ ਨੂੰ ਹੁੰਦਾ ਹੈ ਜਿਹੜਾ ਅੱਗੇ ਸਾਡੇ ਮਨ ਤੇ ਸਰੀਰ ਨੂੰ ਹੁਕਮ ਮੰਨਵਾਣ ਲਈ ਮਜ਼ਬੂਰ ਕਰਦਾ ਹੈ। ਇਸ ਲਈ ਗੁਰੂ ਮਤ ਅਨੁਸਾਰ ਜੋ ਕੁਝ ਆਖਣਾ ਹੋਵੇ ਜਾਂ ਜੋ ਅਰਦਾਸ ਜਾਂ ਇਛਿਆ ਕਰਨੀ ਹੋਵੇ, ਆਪਣੇ ਅੰਦਰ ਬਿਰਾਜ ਰਹੀ ਚੇਤਨ ਕਲਾ ਪਰਮ-ਆਤਮਾ ਜਾਂ ਵਾਹਿਗੁਰੂ ਅੱਗੇ ਕਰਨੀ ਚਾਹੀਦੀ ਹੈ। ਜਦ ਮੈਂ ਆਖਿਆ ਸੀ ਕਿ 'ਜਿਸ ਦੀ ਸੇਵਾ ਕਰਨ ਮੈਂ ਜਾ ਰਿਹਾ ਹਾਂ, ਉਹ ਆਪ ਵੇਲੇ ਸਿਰ ਜਗਾ ਦੇਵੇਗਾ' ਤਦ ਮੇਰੇ ਕਹਿਣ ਦੀ ਅਸਲ ਮੁਰਾਦ ਇਹ ਸੀ ਕਿ ਮੈਂ ਅਲਾਰਮ ਦਾ ਆਸਰਾ ਛੱਡ ਕੇ ਆਪਣੇ ਅੰਦਰ ਰਹਿਣ ਵਾਲੇ ਪਰਮ-ਆਤਮਾ (ਜੋ ਕਦੀ ਨਹੀਂ ਸੌਂਦਾ) ਅੱਗੇ ਅਰਦਾਸ ਕਰਾਂਗਾ ਜਿਸ ਦੇ ਹੁਕਮ ਅਨੁਸਾਰ ਮੇਰਾ ਅੰਤਹਿਕਰਨ (ਜੋ ਕਦੀ ਨਹੀਂ ਸੌਂਦਾ) ਮੈਨੂੰ ਠੀਕ ਵਕਤ ਸਿਰ ਜਗਾ ਦੇਵੇਗਾ। ਮੈਂ ਇਸ ਤਰੀਕੇ ਨਾਲ ਆਪਣੇ ਜੀਵਨ ਵਿਚ ਬੜੇ ਬੜੇ ਲਾਭ ਉਠਾਏ ਹਨ ਅਤੇ ਤੈਨੂੰ ਵੀ ਇਸ ਤਰ੍ਹਾਂ ਕਰਨ ਦੀ ਸਿਫਾਰਸ਼ ਕਰਾਂਗਾ।

*'ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥'* *ਅੰਕ - 91*

੨੯-੯-੪੩

# ੩੦-੯-੪੩

## ਕਲਕੱਤਾ

ਛੇ ਵਜ ਕੇ ਅੱਠ ਮਿੰਟ ਤੇ ਹਾਵੜੇ ਤੋਂ ਬੰਚੀ ਵਲ ਰੇਲ ਰਵਾਨਾ ਹੋਈ। ਇਸ ਦੇ ਇੰਟਰ ਕਲਾਸ ਵਿਚ ਦੋ ਪੰਜਾਬੀ ਸਫਰ ਕਰ ਰਹੇ ਸਨ। ਇਕ ਦਾ ਨਾਮ ਗੁਰਮੁਖ ਸਿੰਘ, ਦੂਸਰੇ ਦਾ ਨਾਮ ਭਗਤ ਸਿੰਘ ਸੀ। ਇਹਨਾਂ ਦੋਹਾਂ ਵਿਚਕਾਰ ਇਸ ਪ੍ਰਕਾਰ ਗੱਲਬਾਤ ਛਿੜੀ -

ਭਗਤ ਸਿੰਘ - ਸਰਦਾਰ ਜੀ, ਕਲਕੱਤੇ ਵਿਚ ਬੰਗਾਲ ਦੇ ਭੁੱਖ-ਪੀੜਤ ਲੋਕਾਂ ਦੀ ਭਿਆਨਕ ਦਸ਼ਾ ਵੇਖ ਵੇਖ ਕੇ ਮੈਂ ਆਪ ਬੀਮਾਰ ਹੋ ਗਿਆ ਹਾਂ। ਸੌ ਵਿਚੋਂ ਨੱਵੇ ਇਸਤ੍ਰੀਆਂ ਪੁਰਸ਼ਾਂ ਤੇ ਬੱਚਿਆਂ ਦੇ ਜਿਸਮ ਦੀਆਂ ਕੁਲ੍ਹ ਹੱਡੀਆਂ ਆਸਾਨੀ ਨਾਲ ਗਿਣੀਆਂ ਜਾ ਸਕਦੀਆਂ ਸਨ, ਇਨਸਾਨ ਹੱਡੀਆਂ ਦੇ ਤੁਰਦੇ ਫਿਰਦੇ ਪਿੰਜਰ ਜਾਪਦੇ ਸਨ। ਸਭ ਦੀਆਂ ਅੱਖਾਂ ਪਥਰਾਈਆਂ ਹੋਈਆਂ ਤੇ ਮੂੰਹ ਡਰਾਵਣੇ ਸਨ। ਇਹਨਾਂ ਵਿਚੋਂ ਕੋਈ ਐਸਾ ਨਹੀਂ ਸੀ, ਜਿਸ ਦਾ ਕੋਈ ਪਿਆਰਾ ਰਿਸ਼ਤੇਦਾਰ ਉਸ ਦੇ ਸਾਮ੍ਹਣੇ ਭੁੱਖ ਨਾਲ ਤੜਫ ਕੇ ਨਾ ਮਰਿਆ ਹੋਵੇ। ਇਨਸਾਨਾਂ ਦਾ ਰਸਤੇ ਵਿਚ ਜਾਨਵਰਾਂ ਵਾਂਗ ਰੁਲਣਾ, ਠੇਡੇ ਤੇ ਝਿੜਕਾਂ ਖਾ ਖਾ ਕੇ ਖੁਰਾਕ ਦੇ ਟੁਕੜੇ ਵਾਸਤੇ ਹਾੜੇ ਪਾਣਾ; ਤੰਦੂਰਾਂ, ਹੋਟਲਾਂ ਦੇ ਸਾਮ੍ਹਣੇ ਜੂਠ ਦੇ ਟੁਕੜਿਆਂ ਵਾਸਤੇ ਇਨਸਾਨਾਂ ਦਾ ਕੁੱਤਿਆਂ ਵਾਂਗਰ ਲੜਨਾ, ਔਰਤਾਂ ਦਾ ਤਕਰੀਬਨ ਨੰਗੀ ਹਾਲਤ ਵਿਚ ਬਾਂਦਰੀਆਂ ਵਾਂਗਰ ਸੁੱਕੇ ਤੇ ਬੀਮਾਰ ਬੱਚਿਆਂ ਨੂੰ ਛਾਤੀਆਂ ਨਾਲ ਲਗਾਈ ਫਿਰਨਾ, ਇਨਸਾਨੀ ਦੁਰਘਟਨਾ ਦੇ ਐਸੇ ਦ੍ਰਿਸ਼ ਸਨ ਜਿਨ੍ਹਾਂ ਨੂੰ ਵੇਖ ਵੇਖ ਕੇ ਮੈਂ ਪਾਗਲ ਹੋ ਚੱਲਿਆ ਹਾਂ। ਯੂਰਪ ਦੀ ਲੜਾਈ ਵਿਚ ਠੀਕ ਲੱਖਾਂ ਦੀ ਗਿਣਤੀ ਵਿਚ ਆਦਮੀ ਮਰ ਰਹੇ ਹਨ, ਐਪਰ ਉਹਨਾਂ ਦੀ ਮੌਤ ਐਸੇ ਸੂਰਮਿਆਂ ਤੇ ਦੇਸ਼ ਭਗਤਾਂ ਦੀ ਮੌਤ ਹੈ, ਜਿਸ ਉਤੇ ਉਹਨਾਂ ਦੇ ਦੇਸ ਵਾਸੀਆਂ ਨੂੰ ਮਾਣ ਹੈ। ਜਿਨ੍ਹਾਂ ਦੀ ਯਾਦ ਕਾਇਮ ਰੱਖਣ ਵਾਸਤੇ ਬੇਸ਼ੁਮਾਰ ਯਾਦਗਾਰਾਂ ਬਣਾਈਆਂ ਜਾਣਗੀਆਂ



ਜਿਨ੍ਹਾਂ ਨੂੰ ਮਰਨ ਵੇਲੇ ਕਿਸੇ ਉਚੇ ਆਦਰਸ਼ ਲਈ ਮਰਨ ਦੀ ਤਸੱਲੀ ਹੁੰਦੀ ਹੈ। ਫਿਰ ਲੜਾਈ ਵਿਚ ਮਰਨ ਵਾਲੇ ਬਹੁਤੇ ਆਦਮੀ ਗੋਲੀ ਲੱਗਿਆਂ ਜਾਂ ਬੰਬ ਫਟਿਆਂ ਚੰਦ ਮਿੰਟਾਂ ਵਿਚ ਠੰਢੇ ਹੋ ਜਾਂਦੇ ਹਨ ਤੇ ਦੁਖ ਤਸੀਹੇ ਤੋਂ ਛੁਟਕਾਰਾ ਪਾ ਜਾਂਦੇ ਹਨ। ਜਿਹੜੇ ਜ਼ਖਮੀ ਹੋ ਜਾਣ, ਉਹਨਾਂ ਦੀਆਂ ਸੌ-ਸੌ ਖ਼ਾਤਰ ਖਿਦਮਤਾਂ ਹੁੰਦੀਆਂ ਹਨ, ਪਰ ਭਾਰਤ ਦੇਸ਼ ਦੇ ਇਹ ਲੱਖਾਂ ਆਦਮੀ, ਜਿਹੜੇ ਭੁਖ ਦੇ ਦੁਖ ਨਾਲ ਇੰਚ-ਇੰਚ ਤੇ ਤੜਪ-ਤੜਪ ਕੇ ਮਰ ਰਹੇ ਹਨ; ਜਿਨ੍ਹਾਂ ਦੀਆਂ ਲਾਸ਼ਾਂ ਨੂੰ ਚੁੱਕਣ ਲੱਗਿਆਂ ਨਾ ਕੋਈ ਰੋਣ ਵਾਲਾ, ਨਾ ਕੋਈ ਹਉਕਾ ਭਰਨ ਵਾਲਾ ਹੁੰਦਾ ਹੈ, ਇਹਨਾਂ ਹਿੰਦੁਸਤਾਨੀਆਂ ਦੀ ਕੀ ਮੌਤ ਹੋਈ? ਮੇਰੀ ਆਤਮਾ ਨੂੰ ਰੱਬ ਦੇ ਬੰਦਿਆਂ ਦੀ ਐਸੀ ਦੁਰਦਸ਼ਾ ਵੇਖ ਕੇ ਛਿਨ ਭਰ ਚੈਨ ਨਹੀਂ ਆਉਂਦਾ। ਦੋ ਮਹੀਨਿਆਂ ਤੋਂ ਮੇਰੀ ਭੁੱਖ ਸੁੱਕ ਗਈ ਹੈ, ਰੋਟੀ ਖਾਣ ਨੂੰ ਜੀਅ ਨਹੀਂ ਕਰਦਾ। ਕੁਝ ਦਿਨ ਹੋਏ ਇਕ ਵੇਲੇ ਰੋਟੀ ਕਰ ਦਿਤੀ ਸੀ, ਪਰ ਹੁਣ ਉਹ ਵੀ ਨਹੀਂ ਖਾਧੀ ਜਾਂਦੀ। ਹੁਣ ਤੁਹਾਡੇ ਨਾਲ ਕਲਕੱਤੇ ਤੋਂ ਬਾਹਰ ਦੇ ਕਾਲ-ਪੀੜਤ ਮਨੁੱਖਾਂ ਦੀ ਹਾਲਤ ਵੇਖਣ ਜਾ ਰਿਹਾ ਹਾਂ, ਪਰ ਇਹ ਸੁਣ ਕੇ ਕਿ ਕਲਕੱਤੇ ਤੋਂ ਬਾਹਰ ਹੋਰ ਵੀ ਬੁਰੀ ਹਾਲਤ ਹੈ, ਹੈਰਾਨ ਹਾਂ ਕਿ ਖਬਰੇ ਰੱਬ ਨੇ ਹੋਰ ਕਿਤਨੇ ਭਿਆਨਕ ਨਜ਼ਾਰੇ ਦਿਖਾਣੇ ਹਨ।

ਗੁਰਮੁਖ ਸਿੰਘ - ਸਰਦਾਰ ਜੀ! ਆਪ ਦੇ ਸੀਨੇ ਵਿਚ ਇਨਸਾਨੀ ਹਮਦਰਦੀ ਰੱਖਣ ਵਾਲੇ ਦਿਲ ਦਾ ਮੈਨੂੰ ਸਤਿਕਾਰ ਤੇ ਇਜ਼ਤ ਹੈ ਪਰ ਮੁਆਫ਼ ਕਰਨਾ ਆਪ ਦੇ ਕਈ ਖ਼ਿਆਲਾਂ ਨਾਲ ਮੈਂ ਸਹਿਮਤ ਨਹੀਂ।

ਭਗਤ ਸਿੰਘ - ਕਿਉਂ ਜੀ, ਮੇਰੇ ਖਿਆਲ ਆਪ ਦੇ ਦ੍ਰਿਸਟੀਕੋਣ ਤੋਂ ਕੁਝ ਇਤਰਾਜ਼ ਯੋਗ ਹਨ?

ਗੁਰਮੁਖ ਸਿੰਘ - ਆਪ ਦੇ ਖਿਆਲਾਂ ਨੂੰ ਇਤਰਾਜ਼ ਯੋਗ ਆਖਣਾ ਠੀਕ ਨਹੀਂ, ਐਪਰ ਇਹ ਕਿਸੇ ਡੂੰਘੀ ਵਿਚਾਰ ਦਾ ਸਿੱਟਾ ਵੀ ਨਹੀਂ ਕਹੇ ਜਾ ਸਕਦੇ।

ਭਗਤ ਸਿੰਘ - ਕਿਰਪਾ ਕਰਕੇ ਆਪ ਆਪਣਾ ਮਤਲਬ ਚੰਗੀ ਤਰ੍ਹਾਂ ਸਮਝਾਣ ਦੀ ਖੇਚਲ ਕਰੋ।

ਗੁਰਮੁਖ ਸਿੰਘ - ਮਿੱਤਰ ਜੀ! ਆਪ ਨੂੰ ਸ਼ਾਇਦ ਇਹ ਪਤਾ ਹੈ ਕਿ ਨਹੀਂ, ਦੁਨੀਆਂ ਵਿਚ ਵਿਰੋਧੀ ਚੀਜ਼ਾਂ ਹੀ ਇਕ ਦੂਸਰੀ ਤੇ ਗਲਬਾ ਪਾ ਸਕਦੀਆਂ ਹਨ। ਅੱਗ ਉਤੇ ਪਾਣੀ ਗਲਬਾ ਪਾ ਸਕਦਾ ਹੈ, ਜੋ ਅੱਗ ਦਾ ਵਿਰੋਧੀ ਹੈ। ਅੱਗ ਅੱਗ ਨਾਲ ਨਹੀਂ ਬੁਝਦੀ, ਪਾਣੀ

ਨਾਲ ਬੁਝਦੀ ਹੈ। 'ਠੰਢ' ਨੂੰ ਦੂਰ ਕਰਨ ਲਈ 'ਗਰਮੀ ਤੇ 'ਗਰਮੀ' ਨੂੰ ਦੂਰ ਕਰਨ ਲਈ 'ਠੰਢ' ਦੀ ਜ਼ਰੂਰਤ ਹੁੰਦੀ ਹੈ। ਇਸੇ ਤਰ੍ਹਾਂ 'ਬਿਮਾਰੀ' ਨੂੰ 'ਸਿਹਤ' ਜਿੱਤ ਸਕਦੀ ਹੈ, ਬਿਮਾਰੀ ਨੂੰ ਬਿਮਾਰੀ ਨਹੀਂ ਜਿੱਤ ਸਕਦੀ। ਰੋਗੀ ਦਾ ਰੋਗ ਕੱਟਣਾ ਹੋਵੇ ਤਾਂ ਉਸ ਨੂੰ ਕਿਸੇ ਸਿਹਤ ਵੰਡਣ ਵਾਲੇ ਡਾਕਟਰ ਪਾਸ ਜਾਣਾ ਚਾਹੀਦਾ ਹੈ। ਦੁਨੀਆਂ ਵਿਚ ਵਿਰੋਧੀ ਅੰਸਰ ਇਕ ਦੂਸਰੇ ਨੂੰ ਜਿੱਤਦੇ ਹਨ। ਇਕ ਅਸੂਲ ਅਨੁਸਾਰ ਜੇਕਰ ਤੁਸੀਂ ਚਾਹੋ ਕਿ ਬੰਗਾਲ ਦੇ ਭੁੱਖ-ਪੀੜਤ ਲੋਕਾਂ ਨੂੰ ਭੁੱਖ ਦੇ ਦੁੱਖ ਤੋਂ ਆਜ਼ਾਦ ਕੀਤਾ ਜਾਵੇ ਤਾਂ ਸਭ ਤੋਂ ਪਹਿਲਾਂ ਇਕ ਗੱਲ ਦਾ ਗ਼ਾਹੜਾ ਖਿਆਲ ਰੱਖੋ ਕਿ ਤੁਹਾਡੇ ਆਪਣੇ ਮਨ ਵਿਚ, ਭੁੱਖ ਦੇ ਉਲਟ ਕਸਰਤ, ਬਹੁਤਾਤ (abundance) ਦਾ ਨਿਵਾਸ ਹੋਣਾ ਲਾਜ਼ਮੀ ਹੈ। ਜੇਕਰ ਤੁਹਾਡਾ ਆਪਣਾ ਮਨ ਭੁੱਖ ਦੇ ਖਿਆਲ ਨਾਲ ਭਰਪੂਰ ਹੋ ਜਾਵੇ ਤਾਂ ਉਹ ਜਿਥੇ ਜਾਏਗਾ ਭੁੱਖ ਹੀ ਭੁੱਖ ਵੰਡੇਗਾ, ਕਿਉਂਕਿ ਤੁਸੀਂ ਕਿਸੇ ਭਾਂਡੇ ਵਿਚੋਂ ਉਹੋ ਕੁਝ ਕੱਢ ਕੇ ਵਰਤ ਸਕਦੇ ਹੋ, ਜੋ ਉਸ ਭਾਂਡੇ ਵਿਚ ਹੋਵੇ। ਮਨ ਇਕ ਭਾਂਡਾ ਹੈ, ਇਸ ਵਿਚ ਜੋ ਕੁਝ ਹੋਵੇ ਇਨਸਾਨ ਉਹੋ ਕੁਝ ਬਾਹਰ ਦੁਨੀਆਂ ਨੂੰ ਦੇ ਸਕਦਾ ਹੈ। ਜੇਕਰ ਭੁੱਖਿਆਂ ਤੇ ਦੁਖੀਆਂ ਨੂੰ ਵੇਖ ਕੇ ਆਪਣਾ ਮਨ ਭੁੱਖ ਨੂੰ ਸੱਚ ਜਾਂ ਤਾਕਤਵਰ ਮੰਨ ਲਵੇ ਤੇ ਆਪ ਦੁਖੀ ਹੋ ਬੈਠੇ, ਤਾਂ ਤੁਸੀਂ ਕਿਸੇ ਦੀ ਭੁੱਖ ਨਵਿਰਤ ਨਹੀਂ ਕਰ ਸਕਦੇ, ਨਾ ਕਿਸੇ ਭੁੱਖੇ ਨੂੰ ਤਸੱਲੀ ਦੇ ਸਕਦੇ ਹੋ। ਤੁਸੀਂ ਭੁੱਖੇ ਲੋਕਾਂ ਦੇ ਦੁੱਖ ਨੂੰ ਦੇਖ ਕੇ ਆਪਣਾ ਖਾਣਾ ਪੀਣਾ ਘਟਾ ਦਿਤਾ ਹੈ। ਇਸ ਨਾਲ ਦੱਸੋ ਕਿਸ ਦਾ ਭਲਾ ਹੋਇਆ? ਤੁਸੀਂ ਆਪ ਮੰਨਦੇ ਹੋ ਕਿ ਤੁਸੀਂ ਵੀ ਬਿਮਾਰ ਹੋ ਗਏ ਹੋ। ਤੁਹਾਡੇ ਮਨ ਤੇ ਦੁਖੀਆਂ ਦੇ ਦੁਖਾਂ ਨੇ ਇਤਨਾ ਅਸਰ ਕੀਤਾ ਹੈ ਕਿ ਤੁਹਾਡਾ ਮਨ ਇਸ ਨੂੰ ਸਹਾਰ ਨਹੀਂ ਸਕਦਾ ਤੇ ਪਾਗਲ ਹੁੰਦਾ ਜਾ ਰਿਹਾ ਹੈ। ਫਰਜ਼ ਕਰ ਲਵੋ ਕਿ ਬੰਗਾਲ ਦੇ ਪਿੰਡਾਂ ਵਿਚ ਚਲ ਕੇ ਤੁਸੀ ਲੋਕਾਂ ਦੀ ਹਾਲਤ ਕਲਕੱਤੇ ਨਾਲੋਂ ਜ਼ਿਆਦਾ ਭੈੜੀ ਦੇਖੋ ਤਾਂ ਤੇ ਫਿਰ ਤੁਸੀਂ ਠੀਕ ਬਿਮਾਰ ਤੇ ਪਾਗਲ ਹੋ ਜਾਵੋਗੇ। ਜੇ ਐਸਾ ਹੋਇਆ ਤਾਂ ਦੱਸੋ ਕਿ ਕਿਸੇ ਦਾ ਕੀ ਸੌਰਿਆ? ਬੰਗਾਲ ਦੇ ਲੋਕਾਂ ਦਾ ਦੁੱਖ ਤਾਂ ਜਿਉਂ ਦਾ ਤਿਉਂ ਰਿਹਾ, ਪਰ ਤੁਸੀਂ ਮੁਫ਼ਤ ਵਿਚ ਸਿਹਤ ਗਵਾ ਬੈਠੇ।

ਭਗਤ ਸਿੰਘ - ਸਰਦਾਰ ਜੀ! ਸਵਾਲ ਦਾ ਇਹ ਪਾਸਾ ਤਾਂ ਮੈਨੂੰ ਕਦੀ ਸੁੱਝਿਆ ਹੀ ਨਹੀਂ ਸੀ, ਮੈਂ ਦੁਖੀ ਨੂੰ ਵੇਖ ਕੇ ਦੁਖੀ ਹੋਣ ਵਿਚ ਬੜੀ ਇਨਸਾਨੀਅਤ ਤੇ ਹਮਦਰਦੀ ਸਮਝਦਾ ਰਿਹਾ ਹਾਂ, ਪਰ



ਕਹਿੰਦੇ ਤੁਸੀਂ ਠੀਕ ਹੋ। ਪੰਜਾਬ ਤੋਂ ਬੰਗਾਲ ਦੇ ਭੁੱਖ ਪੀੜਤਾਂ ਦੀ ਸਹਾਇਤਾ ਤੇ ਸੇਵਾ ਦੇ ਖ਼ਿਆਲ ਨਾਲ ਆਇਆ ਸੀ। ਕਲਕੱਤੇ ਆ ਕੇ ਗਰੀਬਾਂ ਤੇ ਭੁੱਖ ਦੇ ਮਾਰੇ ਲੋਕਾਂ ਨੂੰ ਦੇਖ ਕੇ ਮੈਂ ਖੁਦ ਦੁਖੀ ਤੇ ਬੀਮਾਰ ਹੋ ਗਿਆ ਹਾਂ, ਮੈਂ ਆਪ ਦੀ ਦਲੀਲ ਵਿਚ ਵਜ਼ਨ ਦੇਖਦਾ ਹਾਂ ਤੁਸੀਂ ਇਹਨਾਂ ਲੋਕਾਂ ਵਿਚ ਰਹਿੰਦੇ ਹੋਏ, ਇਹਨਾਂ ਦੀ ਸੇਵਾ ਕਰਦੇ ਹੋਏ ਮੇਰੇ ਨਾਲੋਂ ਜ਼ਿਆਦਾ ਚੜ੍ਹਦੀਆਂ ਕਲਾ ਵਿਚ ਹੋ।

ਗੁਰਮੁਖ ਸਿੰਘ - ਭਗਤ ਸਿੰਘ ਜੀ, ਸ਼ਾਇਦ ਇਨਸਾਨੀ ਹਮਦਰਦੀ ਆਪ ਦੇ ਵਿਚ ਮੈਥੋਂ ਜ਼ਿਆਦਾ ਹੋਵੇ, ਕਿਉਂਕਿ ਆਪ ਪੰਜਾਬ ਤੋਂ ਸੇਵਾ ਦੇ ਖ਼ਿਆਲ ਨਾਲ ਕਲਕੱਤੇ ਆਏ ਹੋ, ਐਪਰ ਮੈਂ ਇਹਨਾਂ ਮਸਲਿਆਂ ਤੇ ਵਿਚਾਰ ਕਰਦਾ ਰਹਿੰਦਾ ਹਾਂ। ਜਦ ਮੈਨੂੰ ਦੁਨੀਆਂ ਵਿਚ ਬੀਮਾਰ ਦੁਖੀ, ਗਰੀਬ, ਉਦਾਸ ਤੇ ਚਿੰਤਾਵਾਨ ਲੋਕ ਦਿਸਦੇ ਹਨ, ਤਾਂ ਮੈਂ ਉਹਨਾਂ ਨਾਲ ਹਮਦਰਦੀ ਵਜੋਂ ਖੁਦ ਦੁਖੀ ਹੋ ਜਾਣ ਦੀ ਬਜਾਏ ਆਪਣੇ ਮਨ ਵਿਚ ਸਿਹਤ, ਸੁਖ, ਅਮੀਰੀ ਤੇ ਬੇ-ਫ਼ਿਕਰੀ ਦੇ ਜਜ਼ਬੇ ਪੈਦਾ ਕਰਦਾ ਹਾਂ ਅਤੇ ਉਹਨਾਂ ਦੇ ਆਧਾਰ ਤੇ ਲੋਕਾਂ ਦੀ ਸੇਵਾ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਦੁਖੀ ਨੂੰ ਦੇਖ ਕੇ ਦੁਖੀ ਹੋ ਜਾਣਾ, ਡਰੇ ਹੋਏ ਨੂੰ ਵੇਖ ਕੇ ਆਪ ਡਰ ਜਾਣਾ, ਰੋਗੀ ਨੂੰ ਦੇਖ ਕੇ ਆਪ ਰੋਗੀ ਹੋ ਬੈਠਣਾ, ਹੈਣ ਤਾਂ ਹਮਦਰਦ ਤੇ ਨੇਕ ਦਿਲ ਦੀਆਂ ਨਿਸ਼ਾਨੀਆਂ, ਪਰ ਐਸਾ ਦਿਲ ਹੈ ਅਨਜਾਣ। ਉਹ ਸਿਵਾਏ ਆਪਣੇ ਆਪ ਨੂੰ ਦੁਖੀ ਬਨਾਣ ਦੇ ਦੁਨੀਆਂ ਦਾ ਕੁਝ ਸਵਾਰ ਨਹੀਂ ਸਕਦਾ। ਜੇ ਡਾਕਟਰ ਪਲੇਗ ਜਾਂ ਹੈਜ਼ੇ ਦੇ ਦਿਨਾਂ ਵਿਚ ਆਪ ਬੀਮਾਰ ਹੋ ਜਾਵੇ ਤਾਂ ਉਸ ਦੀ ਡਾਕਟਰੀ ਨੇ ਕਿਸ ਦਾ ਭਲਾ ਕੀਤਾ? ਡਾਕਟਰ ਨੂੰ ਤਾਂ ਚਾਹੀਦਾ ਹੈ ਕਿ ਬੀਮਾਰੀ ਦੇ ਦਿਨਾਂ ਵਿਚ ਆਪਣੇ ਆਪ ਨੂੰ ਅੱਗੇ ਨਾਲੋਂ ਜ਼ਿਆਦਾ ਤੰਦਰੁਸਤ ਰੱਖਣ ਦੀ ਕੋਸ਼ਿਸ਼ ਕਰੇ ਤੇ ਆਪਣੇ ਦਿਲ, ਸਿਹਤ, ਸ਼ਫਾ ਤੇ ਤੰਦਰੁਸਤੀ ਨੂੰ ਸਦੀਵੀ ਤੇ ਤਾਕਤਵਰ ਚੀਜ਼ਾਂ ਸਮਝੇ ਅਤੇ ਬੀਮਾਰੀ ਨੂੰ ਕਮਜ਼ੋਰ, ਅਸੱਤ ਤੇ ਆਰਜ਼ੀ ਸਮਝੇ। ਬੀਮਾਰੀ ਉਤੇ ਫਤਹਿ ਪਾਣੀ, ਉਸ ਨੂੰ ਨਾਸ ਕਰਨਾ, ਡਾਕਟਰ ਨੂੰ ਆਪਣਾ ਹੱਕ ਸਮਝਣਾ ਚਾਹੀਦਾ ਹੈ। ਸਰਦਾਰ ਭਗਤ ਸਿੰਘ ਜੀ! ਤੁਸੀਂ ਜੇਕਰ ਮੇਰੀ ਬੇਨਤੀ ਨੂੰ ਚੰਗੀ ਤਰ੍ਹਾਂ ਵਿਚਾਰੋ ਤਾਂ ਇਸ ਦੀ ਸਚਾਈ ਨੂੰ ਮਹਿਸੂਸ ਕਰੋਗੇ। ਸਾਡੇ ਸਿੱਖ ਧਰਮ ਦੀ ਬੁਨਿਆਦ ਵਿਚ ਇਹੋ ਅਸੂਲ ਰੱਖਿਆ ਗਿਆ ਹੈ। ਅਸੀਂ ਅੰਮ੍ਰਿਤ ਛੱਕਣ ਵੇਲੇ ਜਿਹੜਾ ਆਪਣੇ ਸਿਰ ਗੁਰੂ ਗੋਬਿੰਦ ਸਿੰਘ ਜੀ ਨੂੰ ਦੇ ਦੇਂਦੇ ਹਾਂ, ਉਸ ਦਾ ਅਸਲ ਅਰਥ ਇਹ ਹੁੰਦਾ ਹੈ

੩੦-੯-੪੩

ਕਿ ਅਸੀਂ ਇਕਰਾਰ ਕਰਦੇ ਹਾਂ ਕਿ ਦੁਨੀਆਂ ਵਿਚ ਰਹਿੰਦੇ ਹੋਏ ਅਸੀਂ ਦੁਨੀਆਂ ਦੀਆਂ ਮੰਦ-ਘਟਨਾਵਾਂ ਅੱਗੇ ਕਦੀ ਸਿਰ ਨਹੀਂ ਝੁਕਾਵਾਂਗੇ, ਸਗੋਂ ਇਹਨਾਂ ਦਾ ਤਨੋਂ ਮਨੋਂ ਮੁਕਾਬਲਾ ਕਰ ਕੇ ਉਹਨਾਂ ਨੂੰ ਜਿਤਾਂਗੇ ਅਤੇ ਉਹਨਾਂ ਦੀ ਤਾਕਤ ਨੂੰ ਹਕੀਰ ਸਾਬਤ ਕਰਾਂਗੇ। ਗੁਰੂ ਦੇ ਸਿੱਖ ਕਿਸੇ ਦੁਰਘਟਨਾ ਦਾ ਆਪਣੇ ਤੇ ਅਸਰ ਨਹੀਂ ਹੋਣ ਦੇਂਦੇ, ਸਗੋਂ ਆਪਣੇ ਅੰਦਰੋਂ ਹਰ ਇਕ ਦੁਰਘਟਨਾ ਵੇਲੇ ਵਿਰੋਧੀ ਲਹਿਰ ਪੈਦਾ ਕਰ ਕੇ, ਉਸ ਲਹਿਰ ਦੇ ਅਸਰ ਹੇਠ ਅਡੋਲ ਕੰਮ ਕਰਦੇ ਹੋਏ ਹਰ ਦੁਰਘਟਨਾ ਤੇ ਫਤਹਿ ਪਾਂਦੇ ਹਨ। ਮੁਸੀਬਤਾਂ, ਮੁਸ਼ਕਲਾਂ ਵੇਲੇ ਆਪਣੇ ਮਨ ਅੰਦਰ ਜਿਤਨੀ ਵਿਰੋਧੀ ਲਹਿਰ ਕੋਈ ਪੈਦਾ ਕਰ ਸਕੇ - ਉਤਨਾ ਹੀ ਪੱਕਾ ਉਹ ਗੁਰੂ ਕਾ ਸਿਘ ਹੈ।

ਭਗਤ ਸਿੰਘ - ਗੁਰਮੁਖ ਸਿੰਘ ਜੀ, ਆਪਣੇ ਖ਼ਿਆਲ ਨੂੰ ਜ਼ਰਾ ਹੋਰ ਵਿਸਥਾਰ ਨਾਲ ਜ਼ਾਹਿਰ ਕਰੋ, ਇਸ ਨਾਲ ਮੇਰੇ ਕਈ ਭੁਲੇਖੇ ਦੂਰ ਹੋ ਰਹੇ ਹਨ ਅਤੇ ਅੱਗੋਂ ਲਈ ਜੀਵਨ ਬਤੀਤ ਕਰਨ ਲਈ ਰੋਸ਼ਨੀ ਮਿਲ ਰਹੀ ਹੈ।

ਗੁਰਮੁਖ ਸਿੰਘ - ਜੇਕਰ ਆਪ ਨੂੰ ਮੇਰੀ ਬੇਨਤੀ ਦਿਲਚਸਪ ਮਲੂਮ ਹੁੰਦੀ ਹੈ ਤਾਂ ਮੈਂ ਆਪਣੇ ਖ਼ਿਆਲ ਨੂੰ ਹੋਰ ਸਪਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਮੈਂ ਜ਼ਿੰਦਗੀ ਵਿਚ ਦੋ ਵਿਰੋਧੀ ਤਾਕਤਾਂ ਦੀ ਹਰ ਵੇਲੇ ਆਪੋ ਵਿਚ ਖਿਚੋਤਾਣ ਦੇਖਦਾ ਹਾਂ। ਇਹ ਖਿਚੋਤਾਣ ਹਰ ਇਨਸਾਨ ਦੇ ਸਾਮ੍ਹਣੇ ਦੁਨੀਆਂ ਦੀਆਂ ਮੁਸੀਬਤਾਂ, ਤਕਲੀਫ਼ਾਂ, ਦੁਖਾਂ ਨੂੰ ਲਿਆ ਕੇ ਉਸ ਨੂੰ ਨੀਵੀਆਂ ਕਲਾਂ ਵਿਚ ਲੈ ਜਾਣ ਦੀ ਕੋਸ਼ਿਸ਼ ਕਰਦੀ ਹੈ, ਦੂਸਰੀ ਤਾਕਤ ਉਸ ਨੂੰ ਸਦਾ ਇਹ ਦਰਸਾਂਦੀ ਹੈ ਕਿ ਉਹ ਦੁਨੀਆਂ ਦੀਆਂ ਦੁਰਘਟਨਾਵਾਂ, ਮੁਸੀਬਤਾਂ ਤੇ ਦੁਖਾਂ ਤੋਂ ਉਪਰ ਹੈ। ਅਗਰ ਉਸ ਦਾ ਮਨ ਦ੍ਰਿੜ੍ਹ ਰਹੇ ਤਾਂ ਦੁਨੀਆਂ ਦੀ ਕੋਈ ਚਿੰਤਾ, ਮੁਸੀਬਤ ਤੇ ਦੁਰਘਟਨਾ ਉਸ ਨੂੰ ਪੋਹ ਨਹੀਂ ਸਕਦੀ। ਇਹ ਦੂਸਰੀ ਤਾਕਤ ਇਨਸਾਨ ਨੂੰ ਮੁਸੀਬਤਾਂ ਤੇ ਦੁਖਾਂ ਨੂੰ ਸਤ ਮੰਨਣ ਤੋਂ ਵਰਜਦੀ ਹੈ ਤੇ ਇਹਨਾਂ ਦੇ ਅਸਰ ਤੋਂ ਬਾਹਰ ਰਹਿ ਕੇ ਸਦਾ ਉਚੇ ਉਠਣ ਦੀ ਪ੍ਰੇਰਨਾ ਕਰਦੀ ਹੈ। ਸਿੱਖਾਂ ਦਾ ਸਾਰਾ ਇਤਿਹਾਸ ਸਾਬਤ ਕਰਦਾ ਹੈ ਕਿ ਸਿੱਖ ਗੁਰੂਆਂ ਨੇ ਤੇ ਸਿੱਖ ਸ਼ਹੀਦਾਂ ਸੂਰਬੀਰਾਂ ਨੇ ਸਦਾ ਇਸ ਦੂਸਰੀ ਤਾਕਤ ਦੀ ਪ੍ਰੇਰਨਾ ਹੇਠ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਦੀ ਵਡਿਆਈ ਤੇ ਬਜ਼ੁਰਗੀ ਇਸ ਬਾਤ ਵਿਚ ਸੀ ਕਿ ਉਹ ਜੀਵਨ ਦੀਆਂ ਦੁਰਘਟਨਾਂ ਤੋਂ ਭੈਭੀਤ ਨਹੀਂ ਹੋਏ



ਸਗੋਂ ਉਹਨਾਂ ਦਾ ਅਡੋਲ ਰਹਿ ਕੇ ਮੁਕਾਬਲਾ ਕਰਨਾ ਤੇ ਅਖ਼ੀਰ ਜਿਤ ਜਾਣਾ ਆਪਣੇ ਜੀਵਨ ਦਾ ਆਦਰਸ਼ ਸਮਝਦੇ ਸਨ।

*ਹਉ ਗੋਸਾਈ ਦਾ ਪਹਿਲਵਾਨੜਾ ॥*
*ਮੈ ਗੁਰ ਮਿਲਿ ਉਚ ਦੁਮਾਲੜਾ[੧] ॥*
*ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥*
*ਵਾਤਿ ਵਜਨਿ ਟੰਮਕ[੨] ਭੇਰੀਆ ॥*
*ਮਲ ਲਥੇ ਲੈਦੇ ਫੇਰੀਆ ॥*
*ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥*
*ਸਭ ਇਕਠੇ ਹੋਇ ਆਇਆ ॥*
*ਘਰਿ ਜਾਸਨਿ ਵਾਟ[੩] ਵਟਾਇਆ ॥*
*ਗੁਰਮੁਖਿ ਲਾਹਾ ਲੈ ਗਏ*
*ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥* ਅੰਕ - 74

*ਦੇਹ ਸਿਵਾ ਬਰ ਮੋਹਿ ਇਹੈ*
*ਸੁਭ ਕਰਮਨ ਤੇ ਕਬਹੂ ਨ ਟਰੋਂ ॥*
*ਨਾ ਡਰੋਂ ਅਰਬ ਸੋਂ ਜਬ ਜਾਇ ਲਰੋਂ*
*ਨਿਸਚੈ ਕਰ ਅਪਨੀ ਜੀਤ ਕਰੋਂ ॥*

*(ਗੁਰੂ ਗੋਬਿੰਦ ਸਿੰਘ ਜੀ)*

ਇਤਨੇ ਨੂੰ ਬੋਂਚੀ ਸਟੇਸ਼ਨ ਆ ਗਿਆ ਤੇ ਉਕਤ ਦੋਵੇਂ ਮੁਸਾਫ਼ਰ ਰੇਲ ਤੋਂ ਉਤਰ ਕੇ ਆਪਣੇ ਰਾਹ ਪਏ।

---

੧. ਉਚੇ ਦੁਮਾਲੇ ਵਾਲਾ, ਉਚੀ ਸ਼ਾਨ ਵਾਲਾ। ੨ ਨਿਕੇ ਨਗਾਰੇ। ੩ ਸਫ਼ਰ ੪ ਵੈਰੀ।

੩੦-੯-੪੩

# ਪਾਤਸ਼ਾਹ ਕੈਦੀ

ਕਿਸੇ ਪਾਤਸ਼ਾਹ ਨੂੰ ਉਸ ਦੇ ਦੁਸ਼ਮਨ ਪਕੜ ਲੈਣ, ਉਸ ਦੀ ਰਾਜਧਾਨੀ ਤੋਂ ਪਰੇ ਲੈ ਜਾ ਕੇ, ਹੱਥਾਂ ਪੈਰਾਂ ਵਿਚ ਬੇੜੀਆਂ ਪਾ ਕੇ ਕੈਦਖਾਨੇ ਵਿਚ ਸੁੱਟ ਦੇਣ, ਕੈਦੀ ਬਣਾ ਦੇਣ। ਕੈਦੀਆਂ ਵਰਗੀ ਖੁਰਾਕ, ਕੈਦੀਆਂ ਵਾਲੇ ਕਪੜੇ, ਕੈਦੀਆਂ ਵਿਚ ਬਸੇਰਾ, ਕੈਦੀਆਂ ਵਾਲੀ ਜ਼ਿੰਦਗੀ ਹੋ ਜਾਵੇ। ਸਾਰਾ ਦਿਨ ਚੱਕੀ ਪੀਹ ਕੇ, ਮੁੰਜ ਕੁੱਟ ਕੇ, ਕੋਹਲੂ ਅੱਗੇ ਜੁਤ ਕੇ ਅਤੇ ਹੋਰ ਅਨੇਕਾਂ ਮੁਸ਼ੱਕਤਾਂ ਕਰਨ ਪਿਛੋਂ ਵੀ ਢਿੱਡ ਭਰ ਕੇ ਰੋਟੀ ਨਾ ਮਿਲੇ। ਇਸ ਕੈਦ ਵਿਚ ਉਸ ਦੀ ਉਮਰ ਦਾ ਇਕ ਹਿੱਸਾ ਗੁਜ਼ਰ ਜਾਵੇ, ਕਈ ਵਰ੍ਹੇ ਬੀਤ ਜਾਣ, ਕੈਦ ਹੀ ਉਸ ਦੀ ਜ਼ਿੰਦਗੀ ਬਣ ਜਾਵੇ, ਕੈਦੀਆਂ ਨਾਲ ਉਸ ਦਾ ਸੰਗ, ਕੈਦੀਆਂ ਨਾਲ ਹੀ ਉਸ ਦੀ ਗੱਲਬਾਤ, ਕੈਦੀਆਂ ਵਿਚ ਹੀ ਉਸ ਦੀ ਦਿਨ ਰਾਤ ਰਿਹਾਇਸ਼ ਹੋਵੇ, ਤਾਂ ਕੋਈ ਵੱਡੀ ਗੱਲ ਨਹੀਂ ਜੋ ਉਸ ਨੂੰ ਆਪਣੀ ਪਾਤਸ਼ਾਹੀ, ਪਾਤਸ਼ਾਹੀ ਠਾਠ, ਪਾਤਸ਼ਾਹੀ ਨਿਗਾਹ, ਪਾਤਸਾਹੀ ਖਸਲਤ, ਪਾਤਸ਼ਾਹੀ ਰੋਅਬ ਦਾਬ, ਸਭ ਭੁੱਲ ਜਾਣ। ਆਪਣੀ ਤਾਕਤ, ਆਪਣੀ ਹਿੰਮਤ, ਆਪਣੀ ਸੋਚ, ਦਾਨਾਈ, ਆਪਣੀ ਚਤੁਰਾਈ, ਆਪਣੀਆਂ ਫੌਜਾਂ, ਆਪਣੇ ਖਜ਼ਾਨੇ, ਆਪਣੇ ਮਹਿਲ, ਆਪਣੀਆਂ ਦਾਸੀਆਂ, ਆਪਣੇ ਵਜ਼ੀਰ, ਉਮਰਾ, ਨੌਕਰ-ਚਾਕਰ, ਆਪਣੀ ਰੱਯਤ, ਆਪਣੀ ਪਹਿਲੀ ਪਾਤਸ਼ਾਹੀ ਵਾਲੀ ਜ਼ਿੰਦਗੀ, ਆਪਣਾ ਸਾਹੀ ਖਾਨਦਾਨ ਸਭ ਵਿਸਰ ਜਾਵੇ, ਇਕ ਸੁਫ਼ਨਾ ਜਿਹਾ ਜਾਪੇ।

ਐਸੇ ਕੈਦੀ ਨੂੰ ਅਗਰ ਇਸੇ ਕੈਦ ਵਿਚ ਜਾ ਕੇ, ਮੋਢੇ ਤੋਂ ਪਕੜ ਕੇ ਆਪਣੇ ਵਲ ਤਕਾ ਕੇ ਕੋਈ ਆਖੇ ਕਿ ਤੂੰ ਕੈਦੀ ਨਹੀਂ ਹੈਂ, ਤੂੰ ਪਾਤਸ਼ਾਹ ਹੈਂ, ਤਾਂ ਉਹ ਕੈਦੀ ਪਹਿਲੇ ਪਹਿਲ ਇਸ ਨੂੰ ਸੱਚ ਨਹੀਂ ਸਮਝੇਗਾ, ਕਹਿਣ ਵਾਲੇ ਦਾ ਇਤਬਾਰ ਨਹੀਂ ਕਰੇਗਾ। ਉਹ ਕੈਦੀ ਹੈ ਵੀ ਸੱਚਾ, ਉਹ ਕੈਦ ਨੂੰ ਸੱਚ ਤੇ ਆਪਣੀ ਪਹਿਲੀ ਪਾਤਸ਼ਾਹੀ ਨੂੰ



ਝੂਠ ਮੰਨ ਚੁੱਕਾ ਹੈ। ਪਰ ਜਦ ਉਸ ਨੂੰ ਫੇਰ ਹਲੂਣ ਕੇ, ਸਾਵਧਾਨ ਕਰ ਕੇ, ਉਸ ਦੀ ਪਹਿਲੀ ਜ਼ਿੰਦਗੀ ਦੀਆਂ ਨਿਸ਼ਾਨੀਆਂ, ਉਸ ਦਾ ਬਲ, ਉਸ ਦੀ ਸ਼ਕਤੀ, ਉਸ ਦੀ ਬਹਾਦਰੀ, ਉਸ ਦੀ ਹਿੰਮਤ ਯਾਦ ਕਰਾਈ ਜਾਵੇ ਅਤੇ ਫਿਰ ਆਖਿਆ ਜਾਵੇ ਕਿ ਤੂੰ ਪਾਤਸ਼ਾਹ ਹੈਂ, ਖਾਨਦਾਨੀ ਪਾਤਸ਼ਾਹ ਹੈਂ, ਪਾਤਸ਼ਾਹੀ ਤੇਰਾ ਜਮਾਂਦਰੂ ਹੱਕ ਹੈ, ਉਠ ਹਿੰਮਤ ਕਰ, ਕੈਦ ਦੀ ਚਾਰ ਦੀਵਾਰੀ ਨੂੰ ਟੱਪ ਜਾ। ਤਾਂ ਉਹ ਕੈਦੀ ਹੱਸ ਕੇ ਆਖੇਗਾ, 'ਸ਼ਾਇਦ ਤੂੰ ਇਹ ਗੱਲ ਸੱਚ ਹੀ ਕਹਿੰਦਾ ਹੋਵੇਂ, ਪਰ ਮੈਂ ਨਿਹੱਥਾ ਹਾਂ, ਕੈਦ ਦੀਆਂ ਸਖ਼ਤੀਆਂ ਦਾ ਮਾਰਿਆ ਹੋਇਆ ਹਾਂ, ਮੇਰੇ ਹੱਡਾਂ ਤੇ ਗੋਡਿਆਂ ਵਿਚ ਕੈਦ ਦੀ ਚਾਰ ਦੀਵਾਰੀ ਟੱਪਣ ਦੀ ਹਿੰਮਤ ਕਿਥੇ? ਅਗਰ ਮੈਂ ਕਦੀ ਪਾਤਸ਼ਾਹ ਵੀ ਹੋਵਾਂਗਾ ਤਦ ਪਿਛੇ ਹੋ ਚੁੱਕਾ ਹੋਵਾਂਗਾ, ਹੁਣ ਤਾਂ ਮੈਂ ਪੂਰਾ ਕੈਦੀ ਹਾਂ। ਇਹ ਕਹਿ ਕੇ ਉਹ ਆਪਣੇ ਆਲੇ ਦੁਆਲੇ, ਸਭ ਕੈਦੀਆਂ ਵਲ, ਕੈਦਖਾਨੇ ਵਲ, ਆਪਣੀਆਂ ਹੱਥਕੜੀਆਂ ਬੇੜੀਆਂ ਵਲ, ਨਿਰਾਸਤਾ ਭਰੀ ਨਜ਼ਰ ਨਾਲ ਤੱਕ ਕੇ ਆਖੇਗਾ, 'ਮੈਂ ਹੁਣ ਤਾਂ ਪੂਰਾ ਕੈਦੀ ਹਾਂ।' ਅਗਰ ਇਸ ਤੋਂ ਅੱਗੇ ਉਸ ਨੂੰ ਕਿਹਾ ਜਾਵੇ ਕਿ ਤੇਰੀਆਂ ਬੇੜੀਆਂ ਕੱਟੀਆਂ ਜਾ ਸਕਦੀਆਂ ਹਨ, ਹੱਥਕੜੀਆਂ ਉਤਰ ਸਕਦੀਆਂ ਹਨ, ਕੈਦਖਾਨੇ ਦਾ ਦਰਵਾਜ਼ਾ ਖੁਲ੍ਹ ਸਕਦਾ ਹੈ, ਤਦ ਉਹ ਕੈਦੀ ਦਲੀਲਾਂ ਵਿਚ ਪੈ ਜਾਵੇਗਾ, ਉਹ ਵਿਚਾਰੇਗਾ ਕਿ ਫ਼ਰਜ਼ ਕਰੋ ਮੇਰੀਆਂ ਹੱਥਕੜੀਆਂ ਤੇ ਬੇੜੀਆਂ ਉਤਰ ਜਾਣ, ਕੈਦਖਾਨੇ ਦਾ ਬੂਹਾ ਖੁਲ੍ਹ ਜਾਵੇ ਅਤੇ ਮੈਂ ਬਾਹਰ ਨਿਕਲ ਕੇ ਆਜ਼ਾਦ ਹੋ ਜਾਵਾਂ, ਪਰ ਮੈਂ ਬਾਹਰ ਜਾ ਕੇ ਕਰਾਂਗਾ ਕੀ? ਮੈਨੂੰ ਬਾਹਰ ਦਾ ਕੋਈ ਮਨੁੱਖ ਪਛਾਣੇਗਾ ਨਹੀਂ, ਬੋਲੇਗਾ ਨਹੀਂ, ਮਦਦ ਨਹੀਂ ਕਰੇਗਾ। ਬਾਹਰ ਸਭ ਨਵੇਂ ਲੋਕ, ਨਵੇਂ ਹਾਲਾਤ, ਨਵੀਆਂ ਗੱਲਾਂ, ਮੇਰਾ ਦਿਲ ਨਹੀਂ ਲੱਗੇਗਾ। ਇਹ ਸੋਚ ਕੇ ਉਹ ਇਸੇ ਨਤੀਜੇ ਤੇ ਅਪੜੇਗਾ ਕਿ ਮੈਨੂੰ ਭਾਵੇਂ ਚੰਗਾ ਲੱਗੇ ਭਾਵੇਂ ਮੰਦਾ, ਇਹ ਕੈਦਖਾਨਾ ਹੀ ਠੀਕ ਹੈ।

ਐਪਰ ਇਸ ਕੈਦੀ ਨਾਲ ਗੱਲਾਂ ਕਰਨ ਵਾਲਾ ਪੁਰਸ਼ ਅਗਰ ਆਪਣੇ ਇਰਾਦੇ ਦਾ ਪੱਕਾ, ਨਿਸਚੇ ਦਾ ਪੂਰਾ, ਕੈਦੀ ਦਾ ਪੂਰਾ ਹਮਦਰਦ ਅਤੇ ਖੈਰਖਾਹ ਹੋਵੇ, ਤਾਂ ਉਹ ਉਸ ਨੂੰ ਫਿਰ ਆਖੇਗਾ, 'ਤੂੰ ਕੈਦੀ ਨਹੀਂ, ਕੈਦੀਆਂ ਵਿਚ ਰਹਿਣਾ, ਤੈਨੂੰ ਯੋਗ ਨਹੀਂ, ਕੈਦਖਾਨਾ ਤੇਰੇ ਲਈ ਨਹੀਂ ਬਣਿਆ। ਜੋ ਕੁਝ ਹੋ ਚੁੱਕਾ ਹੋ ਚੁੱਕਾ, ਉਠ ਹੁਣ ਮੇਰੇ ਨਾਲ ਚਲ। ਪਾਤਸ਼ਾਹ ਨੂੰ ਉਸਦੀ ਪਾਤਸ਼ਾਹੀ ਉਡੀਕ ਰਹੀ ਹੈ।

ਕੈਦੋਂ ਬਾਹਰ ਨਿਕਲਦੇ ਸਾਰ ਹੀ ਉਸ ਨੂੰ ਸਭ ਪਛਾਣ ਲੈਣਗੇ, ਕੋਈ ਕੈਦੀ ਨਹੀਂ ਆਖੇਗਾ, ਸਭ ਪਾਤਸ਼ਾਹ ਦੀ ਪਾਤਸ਼ਾਹ ਵਾਲੀ ਇਜ਼ਤ ਤੇ ਸਤਿਕਾਰ ਕਰਨਗੇ। ਉਠ ਪਾਤਸ਼ਾਹ, ਤੇਰਾ ਕੁਛ ਵੀ ਨਹੀਂ ਗਵਾਚਾ, ਤੇਰਾ ਬਲ, ਜਵਾਨੀ, ਸੁੰਦਰਤਾ, ਸ਼ਕਤੀ, ਅਕਲ, ਦੂਰ-ਅੰਦੇਸ਼ੀ ਸਭ ਤੈਨੂੰ ਉਡੀਕ ਰਹੇ ਹਨ। ਸਭ ਇਸ ਕੈਦਖਾਨੇ ਦੀ ਕੰਧ ਪਿਛੇ ਲੁਕੇ ਤੇਰੀ ਇੰਤਜ਼ਾਰ ਕਰ ਰਹੇ ਹਨ। ਤੇਰੀ ਪਾਤਸ਼ਾਹੀ ਤੈਨੂੰ ਆਵਾਜ਼ਾਂ ਮਾਰ ਰਹੀ ਹੈ। ਤੇਰੀ, ਮੇਰੇ ਉਤੇ ਵਿਸ਼ਵਾਸ਼ ਕਰਨ ਦੀ ਦੇਰ ਹੈ। ਇਹ ਦੇਖ ਕੈਦਖ਼ਾਨੇ ਦੀਆਂ ਚਾਬੀਆਂ, ਮੈਂ ਤੈਨੂੰ ਹੁਣੇ ਬਾਹਰ ਕੱਢ ਲੈ ਚਲਾਂਗਾ। ਇਹ ਕਹਿ ਕੇ ਉਹ ਨੇਕ ਪੁਰਸ਼ ਕੈਦੀ ਨੂੰ ਹੋਰ ਜ਼ਿਆਦਾ ਸੋਚਾਂ ਨਾ ਸੋਚਣ ਦੇਵੇ, ਗੱਲਾਂ ਵਿਚ ਸਮਾਂ ਜ਼ਾਇਆ ਨਾ ਕਰਨ ਦੇਵੇ, ਬਾਹਵਾਂ ਤੋਂ ਪਕੜ ਕੇ ਆਪਣੇ ਮਗਰ ਖਿਚਣ ਲਗ ਪਵੇ ਅਤੇ ਐਸੇ ਤਕੜੇ ਹੱਥ ਪਾਵੇ ਕਿ ਕੈਦੀ ਰਗੜੀਂਦਾ, ਘਸੀਟਦਾ, ਪਿਛੇ ਧੂਆ ਆਵੇ ਅਤੇ ਕੈਦਖਾਨੇ ਦੇ ਭਾਰੇ ਫਾਟਕਾਂ ਨੂੰ ਲੰਘ ਕੇ ਉਹ ਦੋਵੇਂ ਮਿੱਤਰ ਕੈਦਖਾਨਿਉਂ ਬਾਹਰ ਨਿਕਲ ਆਉਣ।

ਬਾਹਰ ਆ ਕੇ ਕੈਦੀ ਜਿਸ ਪਾਸੇ ਤਕੇ, ਵਜ਼ੀਰ, ਅਮੀਰ, ਜਰਨੈਲ, ਫੌਜਾਂ ਝੁਕੇ ਹੋਏ ਦਿਸਣ, ਦਾਸੀਆਂ ਗਲ ਵਿਚ ਫੁਲਮਾਲਾ ਪਾਉਂਦੀਆਂ ਹੋਣ, ਤੋਪਾਂ ਦੀ ਸਲਾਮੀ ਹੋ ਰਹੀ ਹੋਵੇ, ਕੋਈ ਕੈਦੀ ਨਾ ਸਮਝੇ, ਸਭ ਪਾਤਸ਼ਾਹ ਸਲਾਮਤ ਕਹਿ ਕੇ ਪੁਕਾਰਨ। ਬੜੇ ਸਨਮਾਨ ਨਾਲ, ਬੜੀ ਧੂਮ ਧਾਮ ਨਾਲ, ਬੜੀ ਸਜ ਧਜ ਨਾਲ ਪਾਤਸ਼ਾਹ ਦੀ ਸਵਾਰੀ ਆਪਣੀ ਰਾਜਧਾਨੀ ਵਿਚ ਪਹੁੰਚੇ। ਅੱਗੇ ਸ਼ਹਿਰ ਵਿਚ ਫੁਲਾਂ ਦੀ ਵਰਖਾ ਤੇ ਤੋਪਾਂ ਦੇ ਫ਼ਾਇਰਾਂ ਨਾਲ ਪਾਤਸ਼ਾਹ ਦਾ ਸਵਾਗਤ ਕੀਤਾ ਜਾਵੇ। ਮੰਗਲਾਚਾਰ ਨਾਲ ਸ਼ਹਿਰ ਗੂੰਜ ਉਠੇ। ਪਾਤਸ਼ਾਹ ਦੀ ਸਵਾਰੀ ਸਾਰੇ ਸ਼ਹਿਰ ਵਿਚੋਂ ਜਿਥੋਂ ਜਿਥੋਂ ਲੰਘੇ, ਗੁਲਾਬ ਕਿਉੜੇ ਅਤੇ ਕੇਸਰ ਦੀ ਵਰਖਾ ਹੋਵੇ। ਪਾਤਸ਼ਾਹ ਨੂੰ ਮਹਿਲਾਂ ਵਿਚ ਲੈ ਜਾ ਕੇ ਸ਼ਾਹੀ ਤਖ਼ਤ ਤੇ ਬੈਠਾਇਆ ਜਾਵੇ, ਸਿਰ ਤੇ ਹੀਰਿਆਂ ਦਾ ਜੜਾਊ ਤਾਜ ਰੱਖਿਆ ਜਾਵੇ, ਸਾਮ੍ਹਣੇ ਇਕ ਪਾਸੇ ਫੌਜੀ ਜਰਨੈਲ, ਦੂਸਰੇ ਪਾਸੇ ਵਜ਼ੀਰ ਅਮੀਰ, ਦੀਵਾਨ, ਸਰਦਾਰ ਹੱਥ ਬੰਨ੍ਹ ਕੇ ਖੜ੍ਹੇ ਹੋਣ।

ਤਦ ਫਿਰ ਪਾਤਸ਼ਾਹ ਆਪਣੇ ਸਿੰਘਾਸਨ ਤੋਂ ਉਠ ਖੜ੍ਹਾ ਹੋਵੇ, ਆਪਣੇ ਉਸ ਪਰਮ ਮਿੱਤਰ ਦੇ, ਜਿਸ ਨੇ ਕੈਦਖਾਨੇ ਵਿਚ ਪਹੁੰਚ ਕੇ ਕੈਦੀ ਨੂੰ 'ਪਾਤਸ਼ਾਹ' ਕਹਿ ਕੇ ਬੁਲਾਇਆ ਸੀ ਅਤੇ ਡਿਗਦੀਆਂ ਕਲਾਂ ਵਿਚੋਂ ਕੱਢ, ਬਾਹਵਾਂ ਤੋਂ ਫੜ, ਖਿੱਚ ਧੂਹ ਕੇ ਕੈਦਖਾਨਿਉਂ ਬਾਹਰ



ਕੱਢਿਆ ਸੀ, ਉਸ ਪਿਆਰੇ ਮਿੱਤਰ ਦੇ ਚਰਨਾਂ ਤੇ ਢਹਿ ਪਵੇ ਅਤੇ ਆਖੇ, "ਤੂੰ ਮੇਰਾ ਜਨਮ ਦਾਤਾ ਹੈਂ," ਤੂੰ ਮੇਰੀ ਕਾਇਆਂ ਪਲਟ ਦਿਤੀ ਹੈ, ਤੂੰ ਮੈਨੂੰ ਕੈਦੀ ਤੋਂ ਪਾਤਸ਼ਾਹ ਬਣਾਇਆ ਹੈ। ਹੇ ਪਾਤਸ਼ਾਹਾਂ ਦੇ ਪਾਤਸ਼ਾਹ! ਦੱਸ ਮੈਂ ਤੇਰੀ ਕੀ ਸੇਵਾ ਕਰਾਂ? ਕਿਵੇਂ ਸੇਵਾ ਕਰਾਂ? ਮੈਨੂੰ ਤੇ ਇਸ ਰਾਜ ਦਰਬਾਰ ਵਿਚ ਕੁਝ ਵੀ ਆਪਣਾ ਨਹੀਂ ਦਿੱਸਦਾ, ਸਭ ਤੇਰੀ ਰਹਿਮਤ, ਤੇਰੀ ਹਿੰਮਤ, ਤੇਰੀ ਕਿਰਪਾ ਦਾ ਨਤੀਜਾ ਦਿਸ ਰਿਹਾ ਹੈ। ਇਹ ਕਹਿੰਦਿਆਂ-ਕਹਿੰਦਿਆਂ ਪਾਤਸ਼ਾਹ ਦੀਆਂ ਅੱਖਾਂ ਵਿਚੋਂ ਨੀਰ ਦੀ ਨਦੀ ਵਗ ਤੁਰੇ, ਦਿਲ ਉਛਲ-ਉਛਲ ਕੇ ਮਿੱਤਰ ਦੇ ਚਰਨਾਂ ਤੇ ਵਗਣ ਲਗ ਜਾਵੇ, ਰੋ-ਰੋ ਕੇ ਪਾਤਸ਼ਾਹ ਨਿਢਾਲ ਹੋ ਜਾਵੇ, ਬੇ-ਸੁਧ ਹੋ ਜਾਵੇ, ਮੂਰਛਾ ਆ ਜਾਵੇ, ਮੁੜ ਹੋਸ਼ ਵਿਚ ਲਿਆਂਦਾ ਜਾਵੇ। ਪਾਤਸ਼ਾਹ ਅੱਖਾਂ ਖੋਹਲੇ, ਹੋਸ਼ ਵਿਚ ਆਵੇ ਅਤੇ ਆਪਣੇ ਪਰਮ ਮਿੱਤਰ ਵਲ ਤੱਕੇ ਤੇ ਆਖੇ - 'ਮਹਾਰਾਜ ਆਪ ਕੌਣ ਹੋ? ਮੇਰਾ ਆਪ ਦਾ ਕੀ ਸਬੰਧ ਹੈ? ਆਪ ਨੇ ਕਿਉਂ ਮੇਰੇ ਉਤੇ ਇਤਨੀ ਕ੍ਰਿਪਾਲਤਾ ਕੀਤੀ?'

ਤਦ ਪਿਆਰੇ ਪਾਠਕ, ਤੈਨੂੰ ਪਤਾ ਹੈ ਕਿ ਉਹ ਪਰਮ ਮਿੱਤਰ ਕੀ ਆਖੇਗਾ? ਉਹ ਹੱਸ ਕੇ ਪਾਤਸ਼ਾਹ ਨੂੰ ਆਖੇਗਾ -

'ਮੈਂ ਤੇਰੀ ਆਤਮਾ ਦੀ ਆਵਾਜ਼ ਹਾਂ। ਤੂੰ ਸਦਾ ਤੋਂ ਹੀ ਪਾਤਸ਼ਾਹ ਹੈਂ, ਆਤਮਾ ਹੈਂ। ਭੁਲੇਖੇ ਵਿਚ, ਸੁਫਨੇ ਵਿਚ, ਆਪਣੇ ਆਪ ਨੂੰ ਕੈਦੀ ਜਾਂ ਜੀਵ ਮੰਨ ਬੈਠਾ ਸੈਂ। ਇਹ ਸਭ ਕੈਦਖਾਨਾ, ਕੈਦਖਾਨੇ ਦੀ ਜ਼ਿੰਦਗੀ, ਹੱਥਕੜੀਆਂ, ਬੇੜੀਆਂ, ਫਾਕੇ ਤੇ ਮੁਸ਼ੱਕਤਾਂ ਸਭ ਸੁਫਨਾ ਸੀ। ਤੈਨੂੰ ਕੋਈ ਕੈਦ ਨਹੀਂ ਸੀ ਕਰ ਸਕਦਾ। ਆਪਣੇ ਦੁਸ਼ਮਣ ਤੂੰ ਆਪ ਸਹੇੜੇ, ਆਪ ਮਜ਼ਬੂਤ ਕੀਤੇ, ਆਪ ਉਹਨਾਂ ਤੋਂ ਹਾਰਿਓਂ, ਤੇਰੀ ਹੀ ਸ਼ਕਤੀ ਨਾਲ ਉਹਨਾਂ ਨੇ ਤੇਰੇ ਵਾਸਤੇ ਕੈਦਖਾਨਾ ਬਣਾਇਆ, ਤੇਰੀ ਹੀ ਮਰਜ਼ੀ ਨਾਲ ਉਹਨਾਂ ਤੈਨੂੰ ਉਥੇ ਜਾ ਕੇ ਕੈਦ ਕੀਤਾ। ਇਹ ਤੇਰੀ ਹੀ ਇਛਿਆ ਸੀ ਕਿ ਉਥੇ ਜਾ ਕੇ ਤੂੰ ਆਪਣਾ ਆਪ ਸਭ ਕੁਝ ਭੁੱਲ ਜਾਵੇਂ, ਪਰ ਤੇਰੀ ਅਸਲੀਅਤ ਕਦੀ ਨਹੀਂ ਸੀ ਗਵਾਚ ਸਕਦੀ। ਤੇਰੀ ਆਤਮਾ ਦੀ ਆਵਾਜ਼ ਬਣ ਕੇ ਤੈਨੂੰ ਆਪਣੇ ਫਰਜ਼ੀ ਕੈਦਖਾਨੇ ਤੋਂ ਛੁਡਾਇਆ ਹੈ, ਇਹ ਤੇਰੀ ਹੀ ਲੀਲਾ ਸੀ, ਤੇਰੀ ਹੀ ਰਚਨਾਂ ਸੀ, ਤੇਰੀ ਮਾਇਆ ਸੀ। ਤੂੰ ਆਪਣੇ ਆਪ ਦਾ ਹੀ ਹੁਣ ਮਸ਼ਕੂਰ ਹੋ ਰਿਹੈ ਹੈਂ, ਆਪਣੀ ਪੂਜਾ ਆਪ ਹੀ ਕਰ ਰਿਹਾ ਹੈਂ, ਮੈਂ ਤੇ ਸਿਰਫ ਤੇਰਾ ਹੀ ਪਰਛਾਵਾਂ ਸੀ, ਤੇਰੀ ਆਵਾਜ਼ ਦੀ ਹੀ ਗੂੰਜ ਸੀ -

*ਆਪੀਨੈ ਆਪੁ ਸਾਜਿਓ॥* *ਅੰਕ - 463*

..... .... .... ....

ਇਹ ਕਹਿ ਕੇ ਪਾਤਸ਼ਾਹ ਦਾ ਪਰਮ ਮਿੱਤਰ ਹਵਾ ਵਿਚ ਅਲੋਪ ਹੋ ਜਾਵੇ, ਪਰ ਅਲੋਪ ਹੁੰਦਾ ਹੁੰਦਾ ਉਸ ਨੂੰ ਆਕਾਸ਼ਵਾਣੀ ਰਾਹੀਂ ਫਿਰ ਆਖੇ - ਪਾਤਸ਼ਾਹ। ਅਸਲ ਵਿਚ ਤੂੰ ਨਾ ਪਾਤਸ਼ਾਹ ਹੈਂ, ਨਾ ਕੈਦੀ। ਇਹ ਤੇਰੀ ਅਸਲੀਅਤ ਦਾ ਸਿਰਫ ਸਰਗੁਣ ਸਰੂਪ ਸੀ। ਤੇਰੀ ਅਸਲੀਅਤ ਦਾ ਦੂਸਰਾ ਤੇ ਅਸਲੀ ਸਰੂਪ ਨਿਰਗੁਣ ਹੈ। ਰੂਪ, ਰੇਖ, ਰੰਗ ਤੋਂ ਪਰ੍ਹੇ ਤੇ ਉਚਾ ਹੈ। ਇਹ ਨਿਰਅਕਾਰ ਹੈ, ਅਬਿਨਾਸ਼ੀ ਹੈ, ਅਦਵੈਤ ਹੈ, ਅਖੰਡ ਹੈ, ਸੈਭੰ ਹੈ, ਅਕਾਲ ਹੈ, ਅਜੋਨੀ ਹੈ....ਉਠ ਜਾਗ...ਅੱਖਾਂ ਖੋਲ੍ਹ....ਤੇ ਨਿਹਾਲ ਹੋ ਜਾ।'



# ਗਿਆਨੀ

ਇਕ ਤਸਵੀਰ ਵਿਖੇ ਯੁੱਧ ਦਾ ਇਕ ਬੜਾ ਭਿਆਨਕ ਦ੍ਰਿਸ਼ ਖਿਚਿਆ ਹੋਇਆ ਸੀ। ਇਕ ਪਾਸਿਓਂ ਪੈਦਲ ਪਲਟਨਾਂ, ਰਸਾਲੇ, ਤੋਪਖਾਨੇ ਧਾਵਾ ਕਰ ਰਹੇ ਸਨ ਅਤੇ ਦੂਜੇ ਪਾਸੇ ਧਾਵੇ ਨੂੰ ਰੋਕਣ ਵਾਲੇ ਸੂਰਬੀਰ ਕਮਾਲ ਦੀ ਬਹਾਦਰੀ ਦਿਖਾ ਰਹੇ ਸਨ। ਜ਼ਮੀਨ ਲਹੂ ਨਾਲ ਲਾਲ, ਥਾਂ ਥਾਂ ਤੇ ਲਾਸ਼ਾਂ, ਟੁੱਟੀਆਂ ਤੋਪਾਂ ਤੇ ਡਿੱਗੇ ਘੋੜੇ ਨਜ਼ਰ ਆਉਂਦੇ ਸਨ। ਤਸਵੀਰ ਚਿਤਰਕਾਰੀ ਦੇ ਲਿਹਾਜ਼ ਨਾਲ ਬੜੀ ਸੁੰਦਰ ਸੀ।

ਇਸ ਤਸਵੀਰ ਦੇ ਹੇਠਾਂ ਇਕ ਅੱਖਰ ਲਿਖਿਆ ਹੋਇਆ ਸੀ 'ਗਿਆਨੀ'। ਇਸ ਅੱਖਰ ਨੂੰ ਪੜ੍ਹ ਕੇ ਤਸਵੀਰ ਵਲ ਤਕ ਕੇ, ਕੁਝ ਸਮਝ ਨਹੀਂ ਸੀ ਆਉਂਦੀ ਕਿ ਤਸਵੀਰ ਤਾਂ ਘੋਰ ਯੁਧ ਦੀ ਹੈ, ਔਪਰ ਹੇਠਾਂ ਇਸ ਦੇ ਲਿਖਿਆ ਹੈ ਕੇਵਲ ਇਕ ਅੱਖਰ 'ਗਿਆਨੀ'।

ਤਸਵੀਰ ਦੇਖਣ ਵਾਲੇ ਦੀ ਜਦ ਹੈਰਾਨੀ ਵਧੀ ਤਾਂ ਉਹ ਉਸ ਤਸਵੀਰ ਦੇ ਕਰਤਾ ਪਾਸ ਪੁਜਿਆ ਅਤੇ ਪੁਛਿਆ, 'ਐ ਚਿਤ੍ਰਕਾਰ। ਯੁੱਧ ਦੀ ਭਿਆਨਕ ਤਸਵੀਰ ਹੇਠਾਂ, ਤੇਰਾ ਕੇਵਲ 'ਗਿਆਨੀ' ਅੱਖਰ ਲਿਖਣ ਦਾ ਕੀ ਭਾਵ ਹੈ?

ਚਿੱਤਰਕਾਰ ਬੋਲਿਆ, 'ਐ ਮਿੱਤਰ ਮੈਂ ਸੱਚ ਲਿਖਿਆ ਹੈ। ਗਿਆਨੀ ਪੁਰਸ਼ ਇਸ ਤਸਵੀਰ ਵਰਗਾ ਹੀ ਹੁੰਦਾ ਹੈ। ਦੇਖਣ ਵਾਲੇ ਦੀ ਨਜ਼ਰ ਨੂੰ ਉਹ ਜੀਵਨ ਰੂਪੀ ਯੁਧ ਵਿਚ ਇਤਨਾ ਖਚਤ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਇਸ ਤਸਵੀਰ ਦੇ ਯੋਧੇ। ਪਰ ਅੰਦਰੋਂ ਆਪਣੇ ਅਸਲ ਰੂਪ ਵਿਚ ਉਹ ਉਸੇ ਤਰ੍ਹਾਂ ਸ਼ਾਂਤ ਤੇ ਸੀਤਲ ਹੁੰਦਾ ਹੈ, ਜਿਵੇਂ ਇਸ ਤਸਵੀਰ ਦਾ ਕਾਗਜ਼, ਜਿਸ ਉਤੇ ਇਤਨਾ ਭਿਆਨਕ ਯੁੱਧ ਹੋ ਰਿਹਾ ਭਾਸਦਾ ਹੈ।

# ਸਿਦਕ

ਮੇਰੇ ਇਕ ਮਿੱਤਰ ਆਸਾਮ ਵਿਚ ਰਹਿੰਦੇ ਸਨ ਅਤੇ ਆਪਣੇ ਆਪ ਨੂੰ ਬੜੇ ਕਮਿਊਨਿਸਟ ਸਮਝਦੇ ਸਨ ਅਤੇ ਕਮਿਊਨਿਸਟ ਹੋਣ ਕਰ ਕੇ ਰੱਬ ਅਤੇ ਧਰਮ (Religion) ਦੋਹਾਂ ਨੂੰ ਪਾਖੰਡ ਆਖਣਾ ਆਪਣਾ ਫਰਜ਼ ਖਿਆਲ ਕਰਦੇ ਸਨ। ਉਹਨਾਂ ਨੇ ਕਮਿਊਨਿਸਟ ਸਾਹਿਤ (Communist Literature) ਕਾਫੀ ਪੜ੍ਹਿਆ ਸੀ ਅਤੇ ਕਮਿਊਨਿਸਟ ਸਿਧਾਂਤਾਂ ਨੂੰ ਬੜੀ ਚੰਗੀ ਤਰ੍ਹਾਂ ਬਿਆਨ ਕਰਦੇ ਸਨ। ਆਪ ਬੜੇ ਆਜ਼ਾਦ ਖ਼ਿਆਲ ਅਤੇ ਖਿਆਲਾਂ ਦੀ ਆਜ਼ਾਦੀ ਦੇ ਹਾਮੀ ਹਨ। ਆਪ ਦੇ ਖਿਆਲ ਅਨੁਸਾਰ ਇਨਸਾਨ ਨੂੰ ਇਕ ਦਰਜੇ ਤੇ ਲਿਆਉਣ ਦੀ ਤਜਵੀਜ਼ ਜਾਂ ਕਾਢ ਸਿਰਫ ਕਮਿਊਨਿਜ਼ਮ ਨੇ ਹੀ ਕੱਢੀ ਹੈ। ਜਦ ਮੈਂ ਉਹਨਾਂ ਦੀ ਸੇਵਾ ਵਿਚ ਆਖਦਾ ਹੁੰਦਾ ਸਾਂ ਕਿ ਇਨਸਾਨ ਦੀ ਏਕਤਾ ਤੇ ਬਰਾਬਰੀ ਦਾ ਖ਼ਿਆਲ ਤਾਂ ਦੁਨੀਆਂ ਦੇ ਸਭ ਤੋਂ ਪੁਰਾਣੇ ਧਰਮ (Religion) ਵਿਚ ਵੀ ਨਜ਼ਰ ਆਉਂਦਾ ਹੈ, ਤਾਂ ਆਪ ਕਹਿੰਦੇ ਹੁੰਦੇ ਸਨ ਕਿ ਧਰਮ ਪੁਸਤਕਾਂ ਵਿਚ ਜੋ ਗੱਲਾਂ ਲਿਖੀਆਂ ਹਨ ਉਹ ਤੁਸੀਂ ਕਦੀ ਕੀਤੀਆਂ ਨਹੀਂ, ਪਰ ਅਸੀਂ ਜੋ ਕਹਿੰਦੇ ਹਾਂ ਕਰ ਕੇ ਦਿਖਾਵਾਂਗੇ ਅਤੇ ਦੁਨੀਆਂ ਦੇ ਕਈ ਹਿਸਿਆਂ ਵਿਚ ਹੁਣ ਵੀ ਕਰ ਕੇ ਦਿਖਾ ਰਹੇ ਹਾਂ। ਆਪ ਦੇ ਖ਼ਿਆਲ ਅਨੁਸਾਰ ਦੁਨੀਆਂ ਤੇ ਜੋ ਜ਼ੁਲਮ, ਅਨਿਆਏ ਅਤੇ ਖ਼ੂਨ ਖਰਾਬੇ ਹੋਏ ਹਨ, ਉਹ ਸਭ ਧਰਮ ਦੀ ਮਿਹਰਬਾਨੀ ਕਰ ਕੇ ਹੋਏ ਹਨ। ਜੇ ਧਰਮ ਜਾਂ ਮਜ਼ਹਬ ਨਾ ਹੁੰਦਾ ਤਾਂ ਦੁਨੀਆਂ ਬੜੀ ਸੁਖੀ ਵਸਦੀ।

ਕੁਦਰਤ ਬੜੀ ਬੇਨਿਆਜ਼ ਹੈ। ਇਸੇ ਮਿੱਤਰ ਦੀ ਇਸਤਰੀ ਧਾਰਮਕ ਖਿਆਲਾਂ ਵਾਲੀ ਪੜ੍ਹੀ ਲਿਖੀ ਬੀਬੀ ਸੀ। ਮੈਂ ਹੈਰਾਨ ਹੁੰਦਾ ਸਾਂ ਕਿ ਇਸ ਦੇਵੀ ਤੇ ਆਪਣੇ ਪਤੀ ਦੇ ਖਿਆਲਾਂ ਦਾ ਅਸਰ ਕਿਉਂ ਨਹੀਂ ਪਿਆ। ਕੁਝ ਚਿਰ ਹੋਇਆ ਤਾਂ ਇਹ ਦੋਵੇਂ ਪਤੀ ਪਤਨੀ ਬੱਚਿਆਂ ਸਮੇਤ ਪੰਜਾਬ ਗਏ ਤੇ ਲਾਹੌਰ ਮੇਰੇ ਪਾਸ ਠਹਿਰੇ। ਇਕ ਦਿਨ ਇਹਨਾਂ ਦੀ ਆਪਸ ਵਿਚ ਜੋ ਗੱਲਬਾਤ ਹੋਈ ਉਹ ਪਾਠਕਾਂ ਦੀ ਦਿਲਚਸਪੀ ਵਾਸਤੇ ਇਸ ਥਾਂ ਦਰਜ ਕੀਤੀ ਜਾਂਦੀ ਹੈ -



ਪਤਨੀ—ਅਸੀਂ ਸਬੱਬ ਨਾਲ ਪੰਜਾਬ ਆਏ ਹੋਏ ਹਾਂ, ਇਸ ਵਾਸਤੇ ਚੰਗਾ ਹੋਵੇ ਜੇ ਸ੍ਰੀ ਅੰਮ੍ਰਿਤਸਰ ਜੀ ਚੱਲ ਕੇ ਦਰਬਾਰ ਸਾਹਿਬ ਦੇ ਦਰਸ਼ਨ ਵੀ ਕਰੀਏ ਅਤੇ ਕੜਾਹ ਪ੍ਰਸ਼ਾਦ ਕਰਵਾ ਕੇ ਮੱਥਾ ਵੀ ਟੇਕੀਏ।

ਪਤੀ—ਕੋਈ ਜ਼ਰੂਰਤ ਨਹੀਂ। ਅੱਵਲ ਤਾਂ ਰੱਬ ਹੈ ਹੀ ਨਹੀਂ, ਪਰ ਜੇ ਮੰਨ ਲਈਏ ਕਿ ਉਹ ਹੈ, ਤਾਂ ਉਹ ਖੁਸ਼ਾਮਦੀ ਹਰਗਿਜ਼ ਨਹੀਂ ਹੋ ਸਕਦਾ। ਉਸ ਨੂੰ ਸਾਡੇ ਮੱਥੇ ਟੇਕਣ ਦੀ ਅਤੇ ਕੜਾਹ ਦੀ ਕੀ ਲੋੜ ਹੈ?

ਪਤਨੀ—ਆਪ ਦੀ ਸਖਤ ਬੀਮਾਰੀ ਵੇਲੇ ਮੈਂ ਸੁਖਣਾ ਸੁਖੀ ਸੀ ਕਿ ਜੇਕਰ ਆਪ ਦੀਆਂ ਭੁੱਲਾਂ ਬਖਸ਼ ਕੇ ਪਾਤਸ਼ਾਹ ਆਪ ਨੂੰ ਆਰਾਮ ਦੇ ਦੇਵੇ ਤਾਂ ਆਪ ਨੂੰ ਨਾਲ ਲੈ ਜਾ ਕੇ ਸ੍ਰੀ ਦਰਬਾਰ ਸਾਹਿਬ ਮੈਂ ਕੜਾਹ ਪ੍ਰਸ਼ਾਦ ਕਰਵਾਵਾਂਗੀ ਅਤੇ ਆਪ ਦੇ ਅਤੇ ਬੱਚਿਆਂ ਸਮੇਤ ਮੱਥਾ ਟੇਕਾਂਗੀ।

ਪਤੀ—ਤਾਂ ਫਿਰ ਰੱਬ ਵਢੀ ਖੋਰ ਹੈ। ਸਾਡੇ ਮੱਥੇ ਟੇਕਣ ਤੇ ਕੜਾਹ ਪ੍ਰਸ਼ਾਦ ਦੀ ਰਿਸ਼ਵਤ ਮੰਗਦਾ ਹੈ।

ਪਤਨੀ—ਮੈਨੂੰ ਦਲੀਲਬਾਜ਼ੀ ਨਹੀਂ ਆਉਂਦੀ। ਮੈਂ ਸਿਰਫ਼ ਇਤਨਾ ਜਾਣਦੀ ਹਾਂ ਕਿ ਜਦ ਆਪ ਸਖ਼ਤ ਬੀਮਾਰ ਸੀ, ਬੇਹੋਸ਼ ਸੀ, ਡਾਕਟਰ ਆਪ ਦੀ ਜ਼ਿੰਦਗੀ ਦੀ ਕੋਈ ਉਮੀਦ ਨਹੀਂ ਸੀ ਦਸਦੇ, ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ, ਗਲ ਵਿਚ ਪੱਲਾ ਪਾ ਕੇ, ਰੋਂਦੀ ਰੋਂਦੀ ਨੇ ਅਰਦਾਸ ਕੀਤੀ ਸੀ ਕਿ ਹੇ ਅਕਾਲ ਪੁਰਖ! ਜੇ ਮੇਰਾ ਪਤੀ ਤੇਰੀ ਹਸਤੀ ਨੂੰ ਪਾਖੰਡ ਸਮਝਦਾ ਹੈ, ਤਾਂ ਮੈਂ ਤੇ ਤੇਰੀ ਹਸਤੀ ਨੂੰ ਸ਼ਾਖਸ਼ਾਤ ਮੰਨਦੀ ਹਾਂ, ਮੈਂ ਤੇ ਤੈਨੂੰ ਅੰਗ ਸੰਗ ਰਹਿਣ ਵਾਲਾ, ਘਟ ਘਟ ਵਿਚ ਵਸਣ ਵਾਲਾ, ਰੋਮ ਰੋਮ ਵਿਚ ਰਮਿਆ ਹੋਇਆ ਆਖਦੀ ਹਾਂ। ਜੇ ਮੇਰੇ ਪਤੀ ਨੂੰ ਕੁਝ ਹੋ ਗਿਆ ਤਾਂ ਮੇਰਾ ਸੁਹਾਗ ਮਿਟ ਜਾਵੇਗਾ, ਮੈਂ ਵਿਧਵਾ ਹੋ ਜਾਵਾਂਗੀ, ਦੁਖੀ ਤੇ ਅਬਲਾ ਬਣ ਜਾਵਾਂਗੀ। ਹੇ ਕ੍ਰਿਪਾ ਸਾਗਰ! ਮੇਰੇ ਪਤੀ ਨੂੰ ਮੇਰੇ ਵਾਸਤੇ ਰਾਜ਼ੀ ਕਰੋ। ਹੋ ਸਕਦਾ ਹੈ ਉਹ ਵੀ ਆਪ ਦੇ ਭਗਤ ਬਣ ਜਾਣ। ਇਸ ਤਰ੍ਹਾਂ ਦੀ ਅਰਦਾਸ ਕਰਨ ਮਗਰੋਂ ਮੈਂ ਗੁਰਵਾਕ ਲੀਤਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਹ ਆਵਾਜ਼ ਆਈ -

*ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥*
*ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥੧॥ਰਹਾਉ॥*

*ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥*
*ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥੨॥*

*ਅੰਕ - 819*

ਇਹ ਗੁਰਵਾਕ ਸੁਣ ਕੇ ਮੈਨੂੰ ਯਕੀਨ ਹੋ ਗਿਆ ਕਿ ਆਪ ਜ਼ਰੂਰ ਰਾਜ਼ੀ ਹੋ ਜਾਵੋਗੇ। ਉਸੇ ਵਕਤ ਤੋਂ ਮੈਂ ਆਪ ਨੂੰ ਰਾਜ਼ੀ ਸਮਝਣ ਲਗ ਗਈ। ਭਾਵੇਂ ਆਪ ਦੀ ਜ਼ਾਹਿਰਾ ਹਾਲਤ ਵਿਚ ਫਰਕ ਕੁਝ ਦਿਨਾਂ ਮਗਰੋਂ ਸ਼ੁਰੂ ਹੋਇਆ, ਪਰ ਮੈਨੂੰ ਯਕੀਨ ਸੀ ਕਿ ਆਪ ਰਾਜ਼ੀ ਹੋ ਗਏ ਹੋ। ਮੇਰਾ ਦਿਲ ਆਖਦਾ ਸੀ ਕਿ ਹੁਣ ਆਪ ਨੂੰ ਕੋਈ ਤਾਕਤ ਬੀਮਾਰ ਨਹੀਂ ਰਖ ਸਕਦੀ। ਇਸ ਤੋਂ ਬਾਅਦ ਆਪ ਦਿਨ-ਬ-ਦਿਨ ਰਾਜ਼ੀ ਹੋਣੇ ਸ਼ੁਰੂ ਹੋਏ। ਡਾਕਟਰ ਆਖਦੇ ਸਨ, ਉਹਨਾਂ ਨੇ ਰਾਜ਼ੀ ਕੀਤਾ ਹੈ, ਆਪ ਵੀ ਇਹੋ ਸਮਝਦੇ ਸੀ ਪਰ ਮੈਂ ਜਾਣਦੀ ਸੀ ਕਿ ਆਪ ਨੂੰ ਕਿਸ ਨੇ ਰਾਜ਼ੀ ਕੀਤਾ ਹੈ? ਹੁਣ ਮੈਂ ਸ੍ਰੀ ਅੰਮ੍ਰਿਤਸਰ ਜਾ ਕੇ ਮੱਥਾ ਟੇਕਣ ਜਾਂ ਕੜਾਹ ਪ੍ਰਸ਼ਾਦ ਕਰਾਣਾ ਰੱਬ ਨੂੰ ਰਿਸ਼ਵਤ ਦੇਣੀ ਨਹੀਂ ਸਮਝਦੀ, ਸਗੋਂ ਆਪਣਾ ਸੁਹਾਵਣਾ ਫ਼ਰਜ਼ ਸਮਝਦੀ ਹਾਂ। ਜਦ ਕੋਈ ਮਾਮੂਲੀ ਆਦਮੀ ਸਾਡਾ ਕੰਮ ਕਰ ਦੇਵੇ ਤਾਂ ਅਸੀਂ ਉਸ ਦਾ ਸ਼ੁਕਰੀਆ ਕਰਦੇ ਹਾਂ। ਜੇ ਰੱਬ ਜੀ ਨੇ ਸਾਡਾ ਐਡਾ ਵੱਡਾ ਕੰਮ ਕੀਤਾ ਹੈ ਤਾਂ ਅਸੀਂ ਉਸ ਦੇ ਦਰਬਾਰ ਵਿਚ ਸ਼ੁਕਰੀਆ ਪੇਸ਼ ਕਰਨ ਜਾਣਾ ਹੈ, ਸਾਡੇ ਪਾਸ ਸਭ ਕੁਝ ਉਸੇ ਦਾ ਦਿਤਾ ਹੈ। ਅਸੀਂ ਇਸ ਵਿਚ ਉਸ ਨੂੰ ਰਿਸ਼ਵਤ ਕੀ ਦੇ ਸਕਦੇ ਹਾਂ? ਰਿਸ਼ਵਤ ਬੇਈਮਾਨ, ਬੇਈਮਾਨਾਂ ਨੂੰ ਦਿੰਦੇ ਹਨ। ਚੰਗੇ ਆਦਮੀ ਆਪਣੇ ਤੇ ਮਿਹਰਬਾਨੀ ਕਰਨ ਵਾਲੇ ਦਾ ਸ਼ੁਕਰੀਆ ਅਦਾ ਕਰਿਆ ਕਰਦੇ ਹਨ। ਸਾਡੇ ਕੜਾਹ ਪ੍ਰਸ਼ਾਦ ਕਰਨ ਨਾਲ ਰੱਬ ਦਾ ਕੁਝ ਸੌਰਦਾ ਨਹੀਂ ਅਤੇ ਨਾ ਕਰਨ ਨਾਲ ਕੁਝ ਵਿਗੜਦਾ ਨਹੀਂ, ਪਰ ਅਸੀਂ ਕੜਾਹ ਪ੍ਰਸ਼ਾਦ ਕਰਾ ਕੇ ਆਪਣੇ ਸ਼ੁਕਰੀਏ ਤੇ ਵਲਵਲਿਆਂ ਦਾ ਇਜ਼ਹਾਰ ਕਰਦੇ ਹਾਂ, ਜਿਸ ਤੋਂ ਫਿਰ ਸਾਨੂੰ ਹੀ ਫ਼ਾਇਦਾ ਪਹੁੰਚਦਾ ਹੈ। ਕਿਉਂਕਿ ਐਸਾ ਕਰਨ ਨਾਲ ਅਸੀਂ ਰੱਬ ਜੀ ਦੀ ਆਉਣ ਵਾਲੀ ਕ੍ਰਿਪਾਲਤਾ ਦੇ ਪਾਤਰ ਬਣਦੇ ਹਾਂ। ਜਦ ਗਰਮੀ ਦੇ ਦਿਨਾਂ ਵਿਚ ਪਹਾੜ ਤੇ ਜਾਈਏ ਤਾਂ ਪਹਾੜ ਨੂੰ ਖੁਸ਼ ਕਰਨ ਜਾਂ ਪਹਾੜ ਨੂੰ ਰਿਸ਼ਵਤ ਦੇਣ ਨਹੀਂ ਜਾਈਦਾ, ਸਗੋਂ ਆਪਣੀ ਤਪਸ਼ ਦੂਰ ਕਰਨ ਜਾਈਦਾ ਹੈ। ਸਾਡਾ ਮੈਦਾਨਾਂ ਤੋਂ ਤੁਰ ਕੇ ਪਹਾੜ ਦੀ ਚੋਟੀ ਤਕ ਜਾਣਾ ਸਾਡੇ ਆਪਣੇ ਤਪਦੇ ਹਿਰਦੇ ਨੂੰ ਠੰਢਾ ਕਰਨ ਦੀ ਗਰਜ਼ ਨਾਲ ਹੁੰਦਾ ਹੈ, ਪਹਾੜ ਤੇ ਅਹਿਸਾਨ ਨਹੀਂ



ਹੁੰਦਾ। ਪਹਾੜ ਦਾ ਕਰਤੱਵ ਹੈ, ਸੁਭਾਵ ਹੈ ਕਿ ਉਸ ਤਕ ਜੋ ਪਹੁੰਚਣ ਦੀ ਖੇਚਲ ਕਰੇ, ਉਸ ਨੂੰ ਠੰਢਕ ਦੇਵੇ। ਰੱਬ ਜੀ ਦਾ ਵੀ ਕਰਤੱਵ ਹੈ, ਨਿਯਮ ਹੈ, ਸੁਭਾਵ ਹੈ ਕਿ ਜੋ ਉਸ ਤਕ ਪਹੁੰਚੇ, ਉਸ ਦੀ ਸ਼ਰਨ ਲਵੇ, ਉਸ ਦਾ ਆਸਰਾ ਤਕੇ, ਉਸਦੀ ਰਖਸ਼ਾ ਕਰਨੀ, ਉਸ ਦੇ ਦੁਖ ਦੂਰ ਕਰਨੇ। ਪਰ ਮੈਂ ਤੁਹਾਡੇ ਕੋਲੋਂ ਦਲੀਲਾਂ ਵਿਚ ਨਹੀਂ ਵਧ ਸਕਾਂਗੀ, ਸਿਰਫ਼ ਇਹੋ ਬੇਨਤੀ ਹੈ ਕਿ ਜੇ ਤੁਸੀਂ ਆਪਣੇ ਵਾਸਤੇ ਅੰਮ੍ਰਿਤਸਰ ਨਹੀਂ ਜਾਣਾ ਚਾਹੁੰਦੇ ਤਾਂ ਮੇਰੇ ਵਾਸਤੇ ਸਹੀ, ਜਾਣਾ ਜ਼ਰੂਰ ਹੋਵੇਗਾ। ਜਿਵੇਂ ਮੈਂ ਰੱਬ ਜੀ ਨੂੰ ਆਖਿਆ ਸੀ ਕਿ ਮੇਰੇ ਵਾਸਤੇ ਮੇਰੇ ਪਤੀ ਨੂੰ ਰਾਜ਼ੀ ਕਰੇ, ਉਵੇਂ ਮੈਂ ਆਪਣੇ ਪਤੀ ਨੂੰ ਆਖਦੀ ਹਾਂ ਅਤੇ ਹੱਥ ਜੋੜ ਕੇ ਆਖਦੀ ਹਾਂ ਕਿ ਉਹ ਮੇਰੇ ਵਾਸਤੇ ਰੱਬ ਜੀ ਦੇ ਦਰਬਾਰ ਤਕ ਚਲਣ। ਮੁਮਕਿਨ ਹੈ ਮੈਂ ਰੱਬ ਜੀ ਦੀ ਤੇ ਆਪਣੇ ਪਤੀ ਜੀ ਦੀ ਕਦੀ ਸੁਲਾਹ ਕਰਾ ਸਕਾਂ।'

ਪਤੀ-ਸੁਲਾਹ ਤੇ ਸਾਡੀ ਕਦੀ ਨਹੀਂ ਹੋਣੀ, ਪਰ ਤੇਰੀ ਖੁਸ਼ੀ ਵਾਸਤੇ ਜੇ ਕਹੇਂ ਤਾਂ ਜਾ ਸਕਦਾ ਹਾਂ, ਅੰਮ੍ਰਿਤਸਰ ਦੀ ਸੈਰ ਹੀ ਸਹੀ।

# ਇਕ ਪੁਰਾਤਨ ਗ੍ਰੰਥ ਵਿਚੋਂ

ਜਦ ਉਹ ਸੋਲ੍ਹਾਂ ਬਰਸ ਦਾ ਰਾਜਕੁਮਾਰ ਸੀ, ਤਦੋਂ ਉਹ ਇਕ ਵਾਰ ਸ਼ਿਕਾਰ ਖੇਡਣ ਨਿਕਲਿਆ। ਇਕ ਬਾਗ ਵਿਚ ਜਾ ਕੇ ਠਹਿਰਿਆ। ਉਥੇ ਭੰਵਰ ਅਤੇ ਭੰਬੀਰੀਆਂ ਦੀ ਸੁੰਦਰ ਲੀਲਾ ਵੇਖ ਕੇ ਰਾਜਕੁਮਾਰ ਨੂੰ ਵਿਚਾਰ ਪੈਦਾ ਹੋਈ ਕਿ ਮੈਨੂੰ ਵੀ ਜੇ ਇਸਤ੍ਰੀ ਦਾ ਸੰਗ ਪ੍ਰਾਪਤ ਹੋਵੇ ਤਾਂ ਮੈਂ ਵੀ ਚੇਸ਼ਟਾ ਕਰਾਂ। ਦਿਨ ਰਾਤ ਉਹ ਇਹੀ ਚਿੰਤਾ ਕਰਨ ਲੱਗਾ। ਤਰੈਕਾਲ-ਦਰਸ਼ੀ ਮੰਤ੍ਰੀਆਂ ਨੇ ਰਾਜਕੁਮਾਰ ਦੇ ਦਿਲ ਦਾ ਹਾਲ ਜਾਣ ਕੇ ਉਸ ਦਾ ਵਿਆਹ ਇਕ ਅਤਿ ਸੁੰਦਰ ਕੰਨਿਆਂ ਨਾਲ ਕਰ ਦਿਤਾ। ਹੁਣ ਰਾਜਕੁਮਾਰ ਬੜਾ ਖੁਸ਼ ਹੋਇਆ। ਰਾਜਕੁਮਾਰ ਤੇ ਰਾਣੀ ਦਾ ਆਪਸ ਵਿਚ ਬੜਾ ਸਨੇਹ ਹੋ ਗਿਆ, ਇਥੋਂ ਤਕ ਕਿ ਆਪ ਬਨ ਵਿਚ ਰਾਣੀ ਸਮੇਤ ਚਲਿਆ ਗਿਆ ਅਤੇ ਉਥੇ ਰਾਣੀ ਨਾਲ ਰੰਗ-ਰਲੀਆਂ ਵਿਚ ਇਸ ਤਰ੍ਹਾਂ ਸਮਾਂ ਗੁਜ਼ਾਰਨ ਲੱਗਾ, ਜਿਵੇਂ ਸ਼ਿਵ ਜੀ ਤੇ ਪਾਰਬਤੀ ਅਤੇ ਵਿਸ਼ਨੂੰ ਤੇ ਲਖਸ਼ਮੀ ਪ੍ਰੇਮ ਨਾਲ ਰਹਿੰਦੇ ਹਨ।

ਰਾਣੀ ਬੁੱਧੀ ਵਿਚ ਰਾਜੇ ਨਾਲੋਂ ਬੜੀ ਤੇਜ਼ ਸੀ। ਜਦ ਰਾਣੀ ਤੇ ਰਾਜੇ ਨੇ ਇਕੱਠੇ ਮਿਲ ਕੇ ਅਨੰਤ ਭੋਗ ਭੋਗੇ ਤਾਂ ਜਿਸ ਤਰ੍ਹਾਂ ਘੜੇ ਦਾ ਪਾਣੀ ਉਸ ਵਿਚ ਛੇਕ ਹੋ ਜਾਣ ਕਰ ਕੇ ਹੌਲੀ ਹੌਲੀ ਨਿਕਲ ਜਾਂਦਾ ਹੈ, ਉਸੇ ਤਰ੍ਹਾਂ ਉਹਨਾਂ ਦੋਹਾਂ ਪ੍ਰੇਮੀਆਂ ਦੇ ਜਵਾਨੀ ਦੇ ਦਿਨ ਨਿਕਲ ਗਏ। ਹੁਣ ਰਾਣੀ ਨੂੰ ਵੈਰਾਗ ਪੈਦਾ ਹੋਇਆ। ਵੈਰਾਗ ਵਿਚ ਉਸ ਨੇ ਵਿਚਾਰ ਕੇ ਰਾਜੇ ਨੂੰ ਆਖਿਆ - ਇਹ ਤਾਂ ਸਾਰਾ ਸੰਸਾਰ ਮਿਥਿਆ ਹੈ, ਨਾਸ਼ਵਾਨ ਹੈ, ਇਕ ਹਾਲਤ ਵਿਚ ਨਹੀਂ ਰਹਿੰਦਾ ਅਤੇ ਇੰਨਾ ਚਿਰ ਭੋਗ ਭੋਗੇ ਹਨ ਪਰ ਤ੍ਰਿਸ਼ਨਾ ਪੂਰੀ ਨਹੀਂ ਹੋਈ, ਸਗੋਂ ਵਧਦੀ ਗਈ ਹੈ। ਹੁਣ ਸਾਡੀ ਜਵਾਨੀ ਵੀ ਢਲ ਗਈ ਹੈ, ਜਿਸ ਤਰ੍ਹਾਂ ਬਿਜਲੀ ਛਿਨ ਭਰ ਲਈ ਚਮਕ ਕੇ ਅਲੋਪ ਹੋ ਜਾਂਦੀ ਹੈ, ਉਸੇ ਤਰ੍ਹਾਂ ਜਵਾਨੀ ਗੁਜ਼ਰ ਗਈ ਹੈ ਅਤੇ ਮੌਤ ਨਜ਼ਦੀਕ ਆ ਰਹੀ ਹੈ। ਜਿਸ ਤਰ੍ਹਾਂ ਨਦੀ ਦਾ ਪਾਣੀ ਨੀਵੇਂ ਹੀ ਨੀਵੇਂ ਜਾਂਦਾ ਹੈ, ਉਸੇ ਤਰ੍ਹਾਂ



ਉਮਰ ਤੇ ਤਾਕਤ ਘਟ ਰਹੇ ਹਨ। ਜਿਸ ਤਰ੍ਹਾਂ ਪਾਣੀ ਵਿਚ ਬੁਲਬੁਲੇ ਤੇ ਲਹਿਰਾਂ ਪੈਦਾ ਹੋ ਕੇ ਲੀਨ ਹੋ ਜਾਂਦੀਆਂ ਹਨ, ਉਸੇ ਤਰ੍ਹਾਂ ਸਰੀਰ ਵੀ ਨਾਸ਼ਵਾਨ ਹਨ। ਜਿਸ ਤਰ੍ਹਾਂ ਪਕਿਆ ਹੋਇਆ ਅੰਬ ਦਰਖ਼ਤ ਨਾਲ ਨਹੀਂ ਰਹਿੰਦਾ, ਡਿਗ ਪੈਂਦਾ ਹੈ, ਉਸੇ ਤਰ੍ਹਾਂ ਸਰੀਰ ਵੀ ਉਮਰ ਰੂਪੀ ਦਰਖ਼ਤ ਨਾਲੋਂ ਡਿਗ ਪੈਂਦੇ ਤੇ ਨਾਸ ਹੋ ਜਾਂਦੇ ਹਨ। ਜਿਸ ਸਰੀਰ ਨੇ ਇਕ ਦਿਨ ਲਾਜ਼ਮੀ ਤੌਰ ਤੇ ਡਿਗ ਪੈਣਾ ਹੈ, ਉਸ ਦਾ ਕੀ ਭਰੋਸਾ? ਇਸ ਲਈ ਸਾਨੂੰ ਹੁਣ ਉਪਾਓ ਕਰਨਾ ਚਾਹੀਦਾ ਹੈ, ਜਿਸ ਨਾਲ ਜਨਮ ਮਰਨ ਦਾ ਰੋਗ ਮਿਟ ਜਾਏ। ਇਹ ਸੰਸਾਰ ਰੰਗ ਰੂਪ ਹੈ, ਜਿਸ ਤੋਂ ਵਿਦਿਆ ਦੇ ਮੰਤਰ ਨਾਲ ਛੁਟ ਸਕੀਦਾ ਹੈ। ਬ੍ਰਹਮ ਵਿਦਿਆ ਤੋਂ ਗਿਆਨ ਪੈਦਾ ਹੁੰਦਾ ਹੈ ਅਤੇ ਆਤਮ ਗਿਆਨ ਨਾਲ ਸਭ ਦੁਖ ਨਾਸ ਹੋ ਜਾਂਦੇ ਹਨ। ਇਸ ਤੋਂ ਸਿਵਾ ਕੋਈ ਉਪਾਅ ਨਹੀਂ। ਇਸ ਲਈ ਹੇ ਸਵਾਮੀ! ਚਲੋ ਸੰਤਾਂ ਦੀ ਸ਼ਰਨ ਚੱਲੀਏ ਅਤੇ ਆਤਮ ਗਿਆਨ ਪ੍ਰਾਪਤ ਕਰੀਏ।

## ਸੱਚੋ ਸੱਚ

ਮੈਨੂੰ ਮੇਰੇ ਇਕ ਮਿੱਤਰ ਕੇਵਲ ਇਸ ਲਈ ਚੰਗੇ ਲੱਗੇ ਹਨ ਕਿ ਉਹ ਹਮੇਸ਼ਾਂ ਸੱਚ ਬੋਲਣ ਦੀ ਕੋਸ਼ਿਸ਼ ਕਰਦੇ ਹਨ। ਇਕ ਵਾਰੀ ਉਹਨਾਂ ਨੂੰ ਪੁਛਿਆ, ਕਿ ਆਪ ਨੇ ਤਾਂ ਕੇਸ ਰੱਖੇ ਹੋਏ ਹਨ ਪਰ ਆਪਣੇ ਲੜਕਿਆਂ ਦੇ ਕੇਸ ਕਿਉਂ ਕਟਵਾ ਦਿਤੇ ਹਨ? ਤਾਂ ਉਹ ਹਸ ਕੇ ਆਖਣ ਲੱਗੇ, ਸੱਚ ਦੱਸਾਂ। ਮੈਂ ਕਿਹਾ 'ਜ਼ਰੂਰ'। ਆਖਣ ਲੱਗੇ 'ਮੈਂ ਕੇਸਾਂ ਨੂੰ ਆਪਣੇ ਯੂਰਪ ਤੇ ਅਮਰੀਕਾ ਦੇ ਸਫ਼ਰਾਂ ਵਿਚ ਐਸ਼ੋਇਸ਼ਰਤ ਦੇ ਰਾਹ ਵਿਚ ਬੜੀ ਭਾਰੀ ਰੁਕਾਵਟ ਦੇਖਿਆ ਹੈ। ਪੱਛਮੀ ਦੇਸਾਂ ਵਿਚ ਔਰਤਾਂ ਦਾੜ੍ਹੀ ਕੇਸਾਂ ਨੂੰ ਆਮ ਤੌਰ ਤੇ ਚੰਗਾ ਨਹੀਂ ਸਮਝਦੀਆਂ, ਇਸ ਵਾਸਤੇ ਮੈਂ ਨਹੀਂ ਚਾਹੁੰਦਾ ਕਿ ਮੇਰੇ ਲੜਕਿਆਂ ਨੂੰ ਉਹੀ ਤਕਲੀਫ਼ਾਂ ਪੇਸ਼ ਆਉਣ, ਜੋ ਮੈਨੂੰ ਅਤੇ ਕੇਸਾਂ ਦਾੜ੍ਹੀ ਵਾਲਿਆਂ ਹੋਰ ਅਨੇਕਾਂ ਆਦਮੀਆਂ ਨੂੰ ਪੇਸ਼ ਆਉਂਦੀਆਂ ਹਨ।

ਆਪ ਨੂੰ ਜਦ ਮੈਂ ਆਖਿਆ ਕਿ ਮੈਂ ਕੇਸਾਂ ਦਾੜ੍ਹੀ ਨੂੰ ਇਸੇ ਲਈ ਬੜਾ ਚੰਗਾ ਸਮਝਦਾ ਹਾਂ ਕਿ ਇਹ ਅੱਜਕਲ੍ਹ ਦੇ ਜ਼ਮਾਨੇ ਵਿਚ ਐਸ਼-ਇਸ਼ਰਤ ਦੇ ਰਾਹ ਵਿਚ ਬੜੀ ਭਾਰੀ ਰੁਕਾਵਟ ਹਨ, ਵਿਸ਼ੇ ਵਿਕਾਰ ਵਾਸਤੇ ਇਕ ਤਰ੍ਹਾਂ ਦੀ ਢਾਲ ਹਨ ਅਤੇ ਇਸੇ ਲਈ ਇਹਨਾਂ ਨੂੰ ਆਪਣੇ ਅਤੇ ਆਪਣੇ ਲੜਕਿਆਂ ਵਾਸਤੇ ਅਤਿਅੰਤ ਜ਼ਰੂਰੀ ਸਮਝਦਾ ਹਾਂ, ਤਾਂ ਉਹ ਮਿੱਤਰ ਹਸ ਕੇ ਆਖਣ ਲੱਗੇ, ਮੈਂ ਤੇਰੇ ਵਰਗਾ ਸ਼ੁਦਾਈ ਨਹੀਂ, ਜੋ ਹੁੰਦੇ ਸੁੰਦੇ ਦੁਨੀਆਂ ਦੀਆਂ ਮੌਜਾਂ ਤੋਂ ਵਾਂਝਿਆਂ ਰਹਾਂ, ਜਦ ਬੁੱਢਾ ਜਾਂ ਗਰੀਬ ਹੋ ਜਾਵਾਂਗਾ-ਦੇਖੀ ਜਾਊ।



## ਸ਼ਰਾਫ਼ਤ ਦਾ ਫਲ

ਸੁੰਦਰ ਸਿੰਘ ਇਕ ਸ਼ਰੀਫ਼ ਆਦਮੀ ਸੀ। ਇਸ ਦੇ ਪਾਸ ਇਕ ਬਹੁਤ ਸੁੰਦਰ ਤੇ ਵਧੀਆ ਨਸਲ ਦਾ ਘੋੜਾ ਸੀ। ਇਸ ਘੋੜੇ ਦੀ ਮਸ਼ਹੂਰੀ ਦੂਰ ਦੂਰ ਤਕ ਫੈਲੀ ਹੋਈ ਸੀ। ਇਕ ਵਾਰੀ ਇਕ ਡਾਕੂ ਨੇ ਇਸ ਦੀ ਸਿਫ਼ਤ ਸੁਣ ਕੇ ਇਸ ਨੂੰ ਪ੍ਰਾਪਤ ਕਰਨ ਦੀ ਲਾਲਸਾ ਕੀਤੀ ਅਤੇ ਸੁੰਦਰ ਸਿੰਘ ਨੂੰ ਬਹੁਤ ਸਾਰੀ ਰਕਮ ਇਸ ਦੇ ਮੁੱਲ ਵਜੋਂ ਦੇਣੀ ਚਾਹੀ, ਪਰ ਸੁੰਦਰ ਸਿੰਘ ਨੇ ਘੋੜਾ ਵੇਚਣੋਂ ਨਾਂਹ ਕਰ ਦਿਤੀ। ਡਾਕੂ ਨੇ ਘੋੜੇ ਨੂੰ ਪ੍ਰਾਪਤ ਕਰਨ ਦੀ ਇਕ ਹੋਰ ਕਾਢ ਕੱਢੀ, ਇਕ ਵਾਰੀ ਜਦੋਂ ਸੁੰਦਰ ਸਿੰਘ ਘੋੜੇ ਤੇ ਸਵਾਰ ਸੜਕ ਤੋਂ ਲੰਘ ਰਿਹਾ ਸੀ ਤਾਂ ਇਸ ਡਾਕੂ ਨੇ ਪਾਟੇ-ਪੁਰਾਣੇ ਕਪੜੇ ਪਾ ਕੇ ਇਕ ਫ਼ਕੀਰ ਦੇ ਭੇਸ ਵਿਚ ਸੜਕ ਦੇ ਕੰਢੇ ਤੇ ਹਾਏ! ਹਾਏ! ਕਰਨਾ ਸ਼ੁਰੂ ਕਰ ਦਿਤਾ। ਇਸ ਆਵਾਜ਼ ਨੂੰ ਸੁਣ ਕੇ ਰਹਿਮ ਦਿਲ ਸੁੰਦਰ ਸਿੰਘ ਘੋੜੇ ਤੋਂ ਉਤਰ ਖਲੋਤਾ ਅਤੇ ਇਹ ਸੋਚ ਕੇ ਉਸ ਫ਼ਕੀਰ ਨੂੰ ਚੁਕ ਕੇ ਆਪਣੇ ਘੋੜੇ ਤੇ ਬਿਠਾਇਆ ਕਿ ਘਰ ਲਿਜਾ ਕੇ ਇਲਾਜ ਕਰੇਗਾ। ਪਰ ਡਾਕੂ ਨੇ ਸਵਾਰ ਹੁੰਦਿਆਂ ਸਾਰ ਹੀ ਘੋੜੇ ਨੂੰ ਅੱਡੀ ਲਾ ਲਈ ਅਤੇ ਕਹਿਣ ਲੱਗਾ - " ਮੂਰਖਾ! ਤੂੰ ਕੀਮਤ ਲੈ ਕੇ ਘੋੜਾ ਵੇਚਣਾ ਕਬੂਲ ਨਹੀਂ ਸੀ ਕੀਤਾ, ਪਰ ਦੇਖਿਆ ਅਸਾਂ ਬਗੈਰ ਕੀਮਤ ਤੋਂ ਹੀ ਘੋੜਾ ਲੈ ਲੀਤਾ ਹੈ ਨਾ?

ਇਹ ਸੁਣ ਸੁੰਦਰ ਸਿੰਘ ਹੱਕਾ ਬੱਕਾ ਰਹਿ ਗਿਆ ਅਤੇ ਕਹਿਣ ਲੱਗਾ, "ਹੱਛਾ ਇਕ ਗੱਲ ਸੁਣ ਜਾ।"

ਡਾਕੂ ਨੇ ਸੋਚਿਆ ਘੋੜਾ ਤਾਂ ਹੁਣ ਮੇਰੇ ਹੇਠਾਂ ਹੈ। ਇਸ ਦੀ ਗੱਲ ਆਖਣ ਵਿਚ ਕੀ ਚਾਲਬਾਜ਼ੀ ਹੋ ਸਕਦੀ ਹੈ। ਸੋ ਉਹ ਸੁੰਦਰ ਸਿੰਘ ਤੋਂ ਕੁਝ ਵਿੱਥ ਤੇ ਖਲੋ ਗਿਆ ਤੇ ਪੁਛਿਆ ਕਿ ਉਹ ਕੀ ਕਹਿੰਦਾ ਹੈ?

ਸੁੰਦਰ ਸਿਘ ਬੋਲਿਆ, ਸੁਣ! ਤੂੰ ਘੋੜਾ ਤਾਂ ਪ੍ਰਾਪਤ ਕਰ ਹੀ ਲੀਤਾ ਹੈ, ਪਰ ਦੇਖੀਂ ਇਸ ਗੱਲ ਦਾ ਜ਼ਿਕਰ ਕਿਸੇ ਹੋਰ ਨਾਲ ਨਾ ਕਰ ਬੈਠੀਂ, ਨਹੀਂ ਤਾਂ ਅੱਗੇ ਨੂੰ ਲੋਕੀ ਗਰੀਬਾਂ ਤੇ ਦੁਖੀਆਂ ਦੀ ਸਹਾਇਤਾ ਕਰਨੋਂ ਕਨਿਆਉਣ ਲਗ ਜਾਣਗੇ।"

ਇਹ ਸੁਣ ਕੇ ਡਾਕੂ ਬੜਾ ਸ਼ਰਮਿੰਦਾ ਹੋਇਆ ਤੇ ਘੋੜਾ ਉਥੇ ਹੀ ਛੱਡ ਵਾਪਸ ਮੁੜ ਗਿਆ।



# ਮੇਰਾ ਇਕ ਮਿੱਤਰ

੧੯੨੪-੨੫ ਵਿਚ ਜਦ ਅਕਾਲੀ ਲਹਿਰ ਬੜੇ ਜੋਬਨ ਵਿਚ ਸੀ, ਉਸ ਵੇਲੇ ਅਕਾਲੀਆਂ ਦੀਆਂ ਕੁਰਬਾਨੀਆਂ ਤੇ ਕਾਮਯਾਬੀਆਂ ਦੇਖ ਕੇ ਕਈ ਲੋਕਾਂ ਨੇ ਅੰਮ੍ਰਿਤ ਛਕਿਆ ਤੇ ਅਕਾਲੀ ਬਣੇ। ਇਨ੍ਹਾਂ ਵਿਚ ਇਕ ਮੇਰਾ ਮਿੱਤਰ ਵੀ ਸੀ। ਕੱਦ ਦਾ ਲੰਬਾ ਤੇ ਸਰੀਰ ਦਾ ਤਕੜਾ ਹੋਣ ਕਰਕੇ, ਕ੍ਰਿਪਾਨ ਪਹਿਨ ਕੇ ਬੜਾ ਸੋਹਣਾ ਲਗਦਾ ਹੁੰਦਾ ਸੀ। ਅਸੀਂ ਇਸ ਨੂੰ ਜਥੇਦਾਰ ਸਾਹਿਬ ਆਖਦੇ ਹੁੰਦੇ ਸਾਂ, ਇਥੋਂ ਤਕ ਕਿ ਉਹ ਜਥੇਦਾਰ ਸਦਵਾਣਾ ਆਪਣਾ ਹੱਕ ਸਮਝਣ ਲਗ ਪਿਆ।

ਪਰ ਇਹ ਮਿੱਤਰ ਅਨਪੜ੍ਹ ਸੀ, ਗੁਰਮੁਖੀ ਵੀ ਨਹੀਂ ਸੀ ਜਾਣਦਾ, ਗੁਰਬਾਣੀ ਕਦੀ ਨਹੀਂ ਸੀ ਪੜ੍ਹਦਾ। ਗੁਰੂ ਗ੍ਰੰਥ ਸਾਹਿਬ ਦਾ ਇਸਨੂੰ ਉਸੇ ਤਰ੍ਹਾਂ ਕੁਝ ਪਤਾ ਨਹੀਂ ਸੀ, ਜਿਵੇਂ ਆਮ ਮੁਸਲਮਾਨਾਂ ਨੂੰ ਕੁਰਾਨ ਸ਼ਰੀਫ਼ ਦਾ ਅਤੇ ਆਮ ਹਿਦੂਆਂ ਨੂੰ ਵੇਦਾਂ ਸ਼ਾਸਤਰਾਂ ਦਾ ਕੁਝ ਪਤਾ ਨਹੀਂ ਹੁੰਦਾ। ਇਸ ਦਾ ਨਤੀਜਾ ਇਹ ਹੋਇਆ ਕਿ ਇਸ ਮੇਰੇ ਮਿੱਤਰ ਉਤੇ ਗੁਰਸਿੱਖੀ ਦਾ ਅਸਲੀ ਰੰਗ ਕਦੇ ਨਾ ਚੜ੍ਹਿਆ। ਇਹ ਗੁਰਸਿੱਖੀ ਨੂੰ ਕਾਲਾ ਸਾਫ਼ਾ ਪਹਿਨਣਾ, ਕ੍ਰਿਪਾਨ ਲਟਕਾਣੀ, ਰਾਜਸੀ ਅਖ਼ਬਾਰਾਂ ਪੜ੍ਹਨੀਆਂ ਤੇ ਆਪਸ ਵਿਚ ਬੈਠ ਕੇ ਲੀਡਰਾਂ ਦੀ ਨਿੰਦਿਆ ਚੁਗਲੀ ਕਰ ਛੱਡਣੀ, ਸਮਝਦਾ ਸੀ। ਇਸ ਦੇ ਨਾਲ ਨਾਲ ਹੀ ਇਹ ਮਿੱਤਰ ਅਕਾਲੀ ਤਹਿਰੀਕ ਦਾ ਮਨੋਰਥ ਪੰਜਾਬ ਵਿਚ ਸਿੱਖਾਂ ਦਾ ਰਾਜ ਕਾਇਮ ਕਰਨਾ ਸਮਝਦਾ ਸੀ ਅਤੇ ਉਸ ਰਾਜ ਪ੍ਰਬੰਧ ਵਿਚ ਆਪਣੀ ਕੋਈ ਖਾਸ ਜਗ੍ਹਾ ਧਾਰੀ ਬੈਠਾ ਸੀ।

ਉਸ ਦਾ ਗੁਰਸਿੱਖੀ ਨੂੰ ਨਾ ਜਾਨਣਾ, ਗੁਰੂ ਗ੍ਰੰਥ ਸਾਹਿਬ ਦੇ ਮਹਾਨ ਉਚੇ ਉਪਦੇਸ਼ਾਂ ਦੇ ਅਸਰ ਹੇਠ ਨਾ ਆਉਣਾ, ਉਸ ਵਾਸਤੇ ਬੜਾ ਮਾੜਾ ਸਾਬਤ ਹੋਇਆ।

ਪਿਛੋਂ ਉਸ ਮਿੱਤਰ ਨੂੰ ਨਾਸਤਕ, ਸੋਸ਼ਲਿਸਟ ਦੇਖ ਕੇ ਮੈਨੂੰ ਬੜਾ ਦੁਖ ਹੁੰਦਾ ਸੀ। ਇਹ ਮਿੱਤਰ ਹੁਣ ਮਜ਼ਹਬ ਨੂੰ, ਰੱਬ ਦੇ ਬੰਦਿਆਂ ਨੂੰ,

ਗੁਰੂਆਂ ਅਵਤਾਰਾਂ ਨੂੰ, ਸੌ ਸੌ ਗਾਲ੍ਹਾਂ ਕਢਦਾ ਸੀ. ਗੁਰਦਵਾਰਿਆਂ, ਧਰਮਸਾਲਾ, ਗਿਰਜੇ, ਮਸਜਿਦਾਂ ਤੇ ਮੰਦਰਾਂ ਦੀ ਉਕੀ ਹੀ ਜ਼ਰੂਰਤ ਨਹੀਂ ਸੀ ਸਮਝਦਾ। ਧਰਮ ਦੇ ਪ੍ਰਚਾਰ ਨੂੰ ਠੱਗੀ ਆਖਦਾ ਸੀ। ਇਸ ਦੀ ਗਿਰਾਵਟ ਇਥੋਂ ਤਕ ਵਧੀ ਕਿ ਸਿਆਣੀ ਉਮਰ ਵਿਚ ਵੀ ਇਖਲਾਕ ਤੋਂ ਗਿਰੀਆਂ ਗੱਲਾਂ ਬਗੈਰ ਕਿਸੇ ਝਿਜਕ ਦੇ ਕਰ ਸਕਦਾ ਸੀ?

ਕਿਉਂਕਿ ਕਿਸੇ ਵੇਲੇ ਇਸ ਮਿੱਤਰ ਨਾਲ ਮੇਰਾ ਕਾਫ਼ੀ ਪਿਆਰ ਰਹਿ ਚੁੱਕਿਆ ਸੀ, ਮੈਂ ਇਸ ਸਬੰਧੀ ਕਿੰਨਾ-ਕਿੰਨਾ ਚਿਰ ਸੋਚਦਾ ਰਹਿੰਦਾ ਸੀ। ਉਸ ਦੀ ਇਸ ਹੈਰਾਨੀ ਭਰੀ ਤਬਦੀਲੀ ਦਾ ਕਾਰਨ ਮੈਨੂੰ ਸਿਰਫ਼ ਇਹੋ ਹੀ ਲੱਭਿਆ ਕਿ ਉਹ ਅਸਲ ਅਰਥਾਂ ਵਿਚ ਗੁਰਸਿੱਖ ਕਦੀ ਵੀ ਨਹੀਂ ਬਣਿਆ। ਇਹ ਸਾਡੀ ਗਲਤੀ ਸੀ ਕਿ ਉਹਦੇ ਲੰਬੇਰੇ ਕੱਦ ਨੂੰ ਵੇਖ ਕੇ ਕ੍ਰਿਪਾਨ ਪਹਿਨਣ ਕਰ ਕੇ ਉਸ ਨੂੰ ਅਕਾਲੀ ਸਮਝਦੇ ਸੀ। ਉਸ ਨੂੰ ਗੁਰਸਿੱਖੀ ਦਾ ਉਦੋਂ ਵੀ ਕੁਝ ਪਤਾ ਨਹੀਂ ਸੀ ਅਤੇ ਹੁਣ ਵੀ ਕੁਝ ਪਤਾ ਨਹੀਂ। ਕੇਵਲ ਵੇਲੇ ਦੀ ਜ਼ਰੂਰਤ ਅਨੁਸਾਰ ਉਸ ਨੇ ਅੰਮ੍ਰਿਤ ਛਕ ਲਿਆ ਸੀ ਅਤੇ ਜਦ ਅਕਾਲੀ ਲਹਿਰ ਪਿਛੋਂ ਉਸ ਨੇ ਸਿੱਖ ਰਾਜ ਕਾਇਮ ਹੋਇਆ ਨਾ ਵੇਖਿਆ ਤਾਂ ਫਿਰ ਕਮਿਊਨਿਸਟ ਰਾਜ ਦੇ ਸੁਫ਼ਨੇ ਲੈਣ ਲਗ ਪਿਆ।

ਇਸ ਕਿਸਮ ਦੇ ਅਨੇਕਾਂ ਬਹੁਰੂਪੀਏ ਅਕਾਲੀ ਹੁਣ ਵੀ ਸਾਡੇ ਅੰਦਰ ਮੌਜੂਦ ਹੋ ਸਕਦੇ ਹਨ। ਇਹਨਾਂ ਦੀ ਪਛਾਣ ਬੜੀ ਸਹਿਲ ਹੈ। ਜੋ ਅਕਾਲੀ ਨਿਤਨੇਮ ਨਹੀਂ ਕਰਦਾ, ਗੁਰਬਾਣੀ ਨਾਲ ਜਿਸ ਨੂੰ ਅੰਤਰ ਆਤਮਾ ਤੋਂ ਪਿਆਰ ਨਹੀਂ, ਉਹ ਬਹੁਰੂਪੀਆ ਅਕਾਲੀ ਹੈ। ਉਹ ਆਪਣੇ ਆਪ ਨੂੰ ਅਕਾਲੀ ਕਿਸੇ ਖ਼ਾਸ ਮਤਲਬ ਵਾਸਤੇ ਕਹਾ ਰਿਹਾ ਹੈ। ਅਸਲ ਵਿਚ ਅਕਾਲੀ ਨਹੀਂ।



# ਜੀਵ ਦੀ ਕਹਾਣੀ

(੧)

ਇਕ ਸੀ ਮਹਾਰਾਜਾ। ਜਿਥੋਂ ਤਕ ਉਸ ਦਾ ਖ਼ਿਆਲ ਦੌੜ ਸਕਦਾ ਸੀ, ਉਥੋਂ ਤਕ ਉਸ ਦਾ ਰਾਜ ਸੀ। ਮਨੁੱਖ, ਪਸ਼ੂ, ਪੰਛੀ, ਮੱਛ-ਕੱਛ, ਕੀੜੇ ਮਕੌੜੇ ਸਭ ਜੀਵ ਉਸ ਦੀ ਰੱਈਅਤ ਸਨ। ਸਮੁੰਦਰ, ਹਵਾ, ਝੱਖੜ, ਬਰਖਾ, ਬਿਜਲੀ ਸਭ ਉਸ ਦੇ ਇਸ਼ਾਰੇ ਵਿਚ ਚਲਦੇ ਅਤੇ ਸਰਦੀ, ਗਰਮੀ, ਬਸੰਤ ਸਭ ਰੁਤਾਂ ਉਸ ਦੇ ਹੁਕਮ ਅਨੁਸਾਰ ਆਉਂਦੀਆਂ ਤੇ ਜਾਂਦੀਆਂ ਸਨ।

ਉਸ ਰਾਜੇ ਦੇ ਦਰਬਾਰ ਦੇ ਸਾਮ੍ਹਣੇ ਇੰਦਰ ਦਾ ਦਰਬਾਰ ਤੁਛ ਸੀ। ਇੰਦਰ ਖੁਦ ਉਸ ਦਰਬਾਰ ਵਿਚ ਹੱਥ ਜੋੜ ਕੇ ਖਲੋਂਦਾ ਹੁੰਦਾ ਸੀ। ਇਸ ਦਰਬਾਰ ਦਾ ਮਹਾਂ ਮੰਤਰੀ 'ਆਤਮਾ' ਨਾਮੀ ਇਕ ਪੂਰਨ ਪੁਰਸ਼ ਸੀ। ਇਸ ਦਰਬਾਰ ਦੇ ਅਨੇਕਾਂ ਹੋਰ ਮੰਤਰੀ ਸਨ ਜਿਨ੍ਹਾਂ ਵਿਚੋਂ ਸਤ, ਅਨੰਦ, ਗਿਆਨ, ਵਿਚਾਰ ਆਦਿ ਬੜੇ ਉੱਘੇ ਸਨ। ਇਸ ਰਾਜੇ ਦੇ ਸੈਨਾਪਤੀ ਦਾ ਨਾਮ 'ਸਰਬ ਸ਼ਕਤੀਮਾਨ' ਸੀ ਜਿਸ ਦੇ ਹੇਠ ਹੋਰ ਬੜੇ ਫ਼ੌਜੀ ਜਰਨੈਲ ਸਨ, ਪਰ 'ਸਰਬ ਵਿਆਪਕ' ਅਤੇ 'ਸਰਬ ਗਿਆਤਾ' ਨਾਮੀ ਜਰਨੈਲ ਬੜੇ ਮਸ਼ਹੂਰ ਸਨ। 'ਤਰਸ' ਨਾਮੀ ਕੋਤਵਾਲ ਅਤੇ 'ਇਨਸਾਫ਼' ਨਾਮੀ ਜੱਜ ਨੂੰ ਵੀ ਕੁਲ ਦੁਨੀਆਂ ਜਾਣਦੀ ਸੀ।

ਇਸ ਰਾਜੇ ਦੇ ਦਰਬਾਰ ਵਿਚ ਇਕ 'ਮਾਯਾ' ਨਾਮੀ ਅਪੱਛਰਾ ਆ ਕੇ ਸਦਾ ਨਿਰਤ ਕਰਦੀ ਹੁੰਦੀ ਸੀ। ਜਦ ਇਸ ਨੇ ਆਉਣਾ, ਸਭ ਅਹਿਲਕਾਰਾਂ ਤੇ ਵਜ਼ੀਰਾਂ ਨੇ ਮੋਹਿਤ ਹੋ ਜਾਣਾ। ਇਹ ਅਪੱਛਰਾ ਅਸਚਰਜ ਸੁੰਦਰ ਸੀ, ਇਸ ਦੇ ਰੂਪ ਸਾਮ੍ਹਣੇ ਸਭ ਦਾ ਦਿਲ ਚਲਾਏਮਾਨ ਹੋ ਜਾਂਦਾ। ਪਰ ਇਸ ਦੀ ਸੋਅ ਜਾਂ ਸ਼ੋਭਾ ਚੰਗੀ ਨਹੀਂ ਸੀ ਸੁਣੀਂਦੀ, ਦਿਲ ਦੀ ਸਾਫ਼ ਨਹੀਂ ਸੀ, ਜੇਡੀ ਬਾਹਰੋਂ ਸੋਹਣੀ ਸੀ ਓਨੀ ਅੰਦਰੋਂ ਨਹੀਂ ਸੀ।

ਰਾਜੇ ਦਾ ਇਕ ਬੜਾ ਲਾਡਲਾ ਪੁੱਤਰ ਸੀ, ਜਿਸ ਨੂੰ ਉਹ

'ਜੀਵ' ਕਹਿ ਕੇ ਬੁਲਾਂਦਾ ਅਤੇ ਆਪਣੀ ਜਿੰਦ ਜਾਨ ਸਮਝਦਾ ਸੀ। ਅੱਠੇ ਪਹਿਰ ਪਿਤਾ ਪੁੱਤਰ ਇਕੱਠੇ ਰਹਿੰਦੇ ਸਨ ਅਤੇ ਜੀਵਨ ਪਰ ਆਪਣੇ ਪਿਤਾ ਦਾ ਸਾਰਾ ਮੁਹਾਂਦਰਾ ਪੈਂਦਾ ਸੀ। ਸ਼ਕਲ, ਅਕਲ, ਗੱਲਬਾਤ, ਸੁਭਾਵ, ਸਭ ਆਪਣੇ ਪਿਤਾ ਵਾਂਗਰ ਹੀ ਸੀ। ਕਈਆਂ ਦਾ ਖ਼ਿਆਲ ਸੀ ਕਿ ਜੀਵ ਆਪਣੇ ਪਿਤਾ ਦਾ ਸਾਖਸ਼ਾਤ ਸਰੂਪ ਹੈ।

ਇਕ ਦਿਨ ਜੀਵ ਆਪਣੇ ਪਿਤਾ ਦੇ ਮਹਿਲ ਦੇ ਖਾਸ ਕਮਰੇ 'ਨਿਜ ਘਰ' ਵਿਚ ਬੈਠਾ ਗਾ ਰਿਹਾ ਸੀ ਤਾਂ ਉਸ ਨੇ 'ਮਾਯਾ' ਅਪੱਛਰਾਂ ਨੂੰ ਰਾਜੇ ਦੇ ਦਰਬਾਰ ਵਿਚ ਨਿਰਤ ਕਰਨ ਲਈ ਆਉਂਦਿਆਂ ਤਕਿਆ। ਮਾਯਾ ਕੁੀ ਬਹੁਤ ਚੜ੍ਹਤ ਕਈ ਰਾਣੀਆਂ ਤੋਂ ਘਟ ਨਹੀਂ ਸੀ। ਬੱਦਲਾਂ ਨੇ ਇਕ ਫੁਲਾਂ ਦਾ ਤਖਤ ਚੁੱਕਿਆ ਹੋਇਆ ਸੀ ਅਤੇ ਉਸ ਤਖ਼ਤ ਉਤੇ 'ਮਾਯਾ' ਸਿਰ ਤੋਂ ਅੱਡੀ ਤਕ ਹਾਰ ਸ਼ਿੰਗਾਰ ਲਾਈ ਅਦਾ ਨਾਲ ਬੈਠੀ ਸੀ। ਬੱਦਲ ਤਖ਼ਤ ਨੂੰ ਉਡਾਂਦੇ-ਉਡਾਂਦੇ ਰਾਜੇ ਦੇ ਮਹਿਲ ਸਾਮ੍ਹਣੇ ਲਿਆਏ ਅਤੇ ਮਾਯਾ ਛਣ-ਛਣ ਕਰਦੀ ਉਸ ਤਖ਼ਤ ਤੋਂ ਉਤਰੀ ਅਤੇ ਦਰਬਾਰ ਵਲ ਤੁਰ ਪਈ, ਪਰ ਜਿਸ ਪਿਆਰ ਭਰੀ ਨਜ਼ਰ ਨਾਲ ਇਸ ਨੇ ਜਾਂਦੇ ਜਾਂਦੇ ਜੀਵ ਵਲ ਮੁਸਕਰਾ ਕੇ ਤੱਕਿਆ, ਉਸ ਦਾ ਜੀਵ ਤੇ ਕੁਝ ਅਜੀਬ ਅਸਰ ਹੋਇਆ।

ਮਾਯਾ ਤਾਂ ਦਰਬਾਰ ਵਿਚ ਚਲੀ ਗਈ ਪਰ ਜੀਵ ਨੂੰ ਮੁੜ ਮੁੜ ਮਾਯਾ ਦੀ ਪਿਆਰ-ਤਕਣੀ ਚੇਤੇ ਆਵੇ। ਜੀਵ ਮਾਯਾ ਤੇ ਮੋਹਿਤ ਹੋ ਗਿਆ ਅਤੇ 'ਨਿਜ ਘਰ' ਨਾਮੀ ਕਮਰੇ ਤੋਂ ਬਾਹਰ ਨਿਕਲ ਮਾਯਾ ਦੇ ਰਸਤੇ ਵਿਚ ਆ ਖਲੋਤਾ।

ਦਰਬਾਰ ਵਿਚ ਨਿਰਤ ਕਰਨ ਮਗਰੋਂ ਮਾਯਾ ਹਸਦੀ ਗੁਟਕਦੀ ਵਾਪਸ ਆ ਰਹੀ ਸੀ ਕਿ ਉਸ ਨੇ ਜੀਵ ਵਲ ਫਿਰ ਪਿਆਰ ਨਾਲ ਤੱਕਿਆ। ਜੀਵ ਆਖਣ ਲੱਗਾ ਮਾਯਾ ਜ਼ਰਾ ਠਹਿਰ, ਚਲ ਨਿਜ ਘਰ ਦੇ ਖਾਸ ਕਮਰੇ ਵਿਚ ਚਲ ਕੇ ਬੈਠੀਏ ਤੇ ਗੱਲਾਂ ਕਰੀਏ, ਤੂੰ ਮੈਨੂੰ ਅੱਜ ਬੜੀ ਚੰਗੀ ਲੱਗੀ ਹੈਂ।

ਮਾਯਾ ਨੇ ਅੱਗੋਂ ਹੱਥ ਜੋੜ ਕੇ ਸਿਰ ਨਿਵਾ ਕੇ ਆਖਿਆ, ਮਹਾਰਾਜ ਮੈਂ ਆਪ ਨਾਲ ਨਿਜ ਘਰ ਦੇ ਕਮਰੇ ਵਿਚ ਨਹੀਂ ਜਾ ਸਕਦੀ, ਉਥੇ ਵੜਨ ਦੀ ਮੈਨੂੰ ਇਜਾਜ਼ਤ ਨਹੀਂ, ਮੈਂ ਉਥੇ ਜਾਂਦਿਆਂ ਹੀ ਭਸਮ ਹੋ ਜਾਵਾਂਗੀ, ਤੁਸੀਂ ਜੇਕਰ ਮੇਰੇ ਨਾਲ ਮੇਰੀ ਨਗਰੀ ਵਿਚ ਚਲੋ ਤਾਂ ਮੈਂ ਸਦਾ ਆਪ ਦੀ ਦਾਸੀ ਬਣ ਕੇ ਰਹਾਂਗੀ ਤੇ ਆਪ ਦੀ ਸੇਵਾ ਆਪਣਾ ਪਰਮ ਧਰਮ ਸਮਝਾਂਗੀ। ਮਾਯਾ ਦੀ ਸੁੰਦਰਤਾ, ਮਿਠਾਸ



ਤੇ ਨਿਮਰਤਾ ਨੇ ਜੀਵ ਦੇ ਸਿਰ ਤੇ ਜਾਦੂ ਧੂੜ ਦਿਤਾ। ਮੋਹਿਤ ਤੇ ਉਹ ਅੱਗੇ ਹੀ ਹੋ ਚੁੱਕਾ ਸੀ, ਹੁਣ ਉਹ ਮਾਯਾ ਦਾ ਹੀ ਹੋ ਗਿਆ। ਮਾਯਾ ਨੇ ਜੀਵ ਦੀਆਂ ਬਾਹਵਾਂ ਵਿਚ ਬਾਹਵਾਂ ਪਾ ਕੇ ਆਪਣੇ ਫੁਲਾਂ ਦੇ ਤਖ਼ਤ ਉਤੇ ਲਿਜਾ ਬਿਠਾਇਆ ਅਤੇ ਬੱਦਲਾਂ ਨੂੰ ਹੁਕਮ ਦਿਤਾ ਕਿ ਮਾਯਾ ਨਗਰੀ ਵਲ ਉਡਣ।

ਆਪਣੇ ਮਹਿਲ ਵਿਚ ਪਹੁੰਚ ਕੇ ਮਾਯਾ ਨੇ ਜੀਵ ਨੂੰ ਇਕ ਸੁੰਦਰ ਐਨਕ ਦਿਤੀ ਅਤੇ ਆਖਿਆ ਕਿ ਇਹ ਜਾਦੂ ਦੀ ਐਨਕ ਹੈ, ਇਸ ਦਾ ਨਾਮ 'ਅਵਿਦਿਆ' ਹੈ। ਇਸ ਨੂੰ ਅੱਖਾਂ ਅੱਗੇ ਲਾ ਲਈਏ ਤਾਂ ਬੜੇ ਅਸਚਰਜ ਤਮਾਸ਼ੇ ਨਜ਼ਰ ਆਉਂਦੇ ਹਨ, ਐਸੇ ਸੁੰਦਰ ਸੁਪਨੇ ਆਉਂਦੇ ਹਨ ਕਿ ਵੇਖ ਵੇਖ ਦਿਲ ਰਜਦਾ ਹੀ ਨਹੀਂ। ਜੀਵ ਨੇ ਇਹ ਐਨਕ ਬੜੀ ਖੁਸ਼ੀ ਨਾਲ ਮਾਯਾ ਤੋ ਫੜੀ ਅਤੇ ਆਪਣੀਆਂ ਅੱਖੀਆਂ ਤੇ ਲਾ ਲਈ।

ਮਾਯਾ ਦੀ ਇਸ 'ਅਵਿਦਿਆ' ਨਾਮੀ ਐਨਕ ਲਗਾਂਦੇ ਸਾਰ ਹੀ ਜੀਵ ਨੂੰ ਇਕ ਨਾਟਕ ਦਾ ਤਮਾਸ਼ਾ ਦਿਸਣ ਲਗ ਪਿਆ। ਸਭ ਤੋਂ ਪਹਿਲੇ ਉਸ ਦੇ ਸਾਮ੍ਹਣੇ ਇਕ ਬੜੀ ਸੁੰਦਰ ਇਸਤ੍ਰੀ ਨਿਰਤ ਕਰਦੀ ਕਰਦੀ ਆਈ ਤੇ ਹੱਥ ਜੋੜ ਕੇ ਖਲੋ ਗਈ। ਜੀਵ ਨੇ ਧਿਆਨ ਨਾਲ ਉਸ ਵਲ ਤੱਕਿਆ ਤਾਂ ਉਸ ਦੀਆਂ ਅੱਖਾਂ ਵਿਚ ਮਾਯਾ ਦੀ ਨੁਹਾਰ ਪੈਂਦੀ ਵੇਖੀ। ਜੀਵ ਨੇ ਪਹਿਲੇ ਸਮਝਿਆ ਕਿ ਇਹ ਮਾਇਆ ਨਹੀਂ ਹੋ ਸਕਦੀ, ਐਵੇਂ ਮੇਰਾ ਭੁਲੇਖਾ ਹੈ, ਪਰ ਫੇਰ ਤਸੱਲੀ ਵਾਸਤੇ ਉਸ ਤੋਂ ਪੁਛਿਆ ਤੂੰ ਕੌਣ ਹੈਂ? ਉਸ ਇਸਤ੍ਰੀ ਨੇ ਜੀਵ ਦੇ ਗਲ ਵਿਚ ਆਪਣੀਆਂ ਕੋਮਲ ਬਾਹਵਾਂ ਪਾ ਕੇ ਤੇ ਪਿਆਰ ਨਾਲ ਤਕ ਕੇ ਆਖਿਆ 'ਮੈਂ ਮਾਯਾ ਦੀ ਸਹੇਲੀ ਅਤੇ ਆਪ ਦੀ ਦਾਸੀ ਹਾਂ, ਮੇਰਾ ਨਾਮ 'ਹਉਮੈਂ' ਹੈ, ਮੈਨੂੰ ਮਾਇਆ ਨੇ ਸਦਾ ਲਈ ਆਪ ਦੀ ਸੇਵਾ ਵਿਚ ਰਹਿਣ ਲਈ ਭੇਜਿਆ ਹੈ। ਮੈਂ ਆਪ ਦੇ ਸਦਾ ਅੰਗ ਸੰਗ ਰਹਾਂਗੀ, ਆਪ ਦੇ ਦੁਖ ਸੁਖ ਸਭ ਵਿਚ ਆਪ ਦੀ ਭਾਈਵਾਲ ਹੋਵਾਂਗੀ, ਆਪ ਦੇ ਸਵਾਸਾਂ ਨਾਲ ਨਿਭਾਂਗੀ। ਮੈਨੂੰ ਕਬੂਲੋ, ਮੈਂ ਆਪ ਦੀ ਪਤਨੀ ਹਾਂ, ਆਪ ਮੇਰੇ ਸਵਾਮੀ ਹੋ, ਅਸੀਂ ਅੱਜ ਤੋਂ ਸਦਾ ਲਈ ਇਕੱਠਿਆਂ ਰਹਿਣਾ ਹੈ।' ਜੀਵ ਨੇ ਹਉਮੈਂ ਦੀ ਗਲਵਕੜੀ ਵਿਚ ਅਸਚਰਜ ਅਨੰਦ ਪ੍ਰਤੀਤ ਕੀਤਾ ਅਤੇ ਆਖਣ ਲੱਗਾ 'ਹਉਮੈਂ' ਤੂੰ ਬੜੀ ਸੁੰਦਰ ਹੈਂ, ਮੈਨੂੰ ਬੜੀ ਪਿਆਰੀ ਲੱਗੀ ਹੈਂ, ਮੈਂ ਤੈਨੂੰ ਹੁਣ ਆਪਣੇ ਕੋਲੋਂ ਕਦੀ ਵਖਰਾ ਨਹੀਂ ਹੋਣ ਦੇਣਾ, ਅਸੀਂ ਸਦਾ ਇਕੱਠੇ ਰਹਾਂਗੇ। ਅਸੀਂ ਆਪਣੀ ਇਕ ਨਵੀਂ ਦੁਨੀਆਂ ਬਣਾਵਾਂਗੇ ਜਿਥੇ ਸਾਨੂੰ ਇਕ

ਦੂਜੇ ਤੋਂ ਕਦੀ ਵਖਰਾ ਨਾ ਕਰ ਸਕੇ।

"ਜੀਵ ਤੇ ਹਉਮੈ ਨੂੰ ਇਕੱਠਿਆਂ ਰਹਿੰਦਿਆਂ ਕਿੰਨਾ ਚਿਰ ਗੁਜ਼ਰ ਗਿਆ, ਇਹਨਾਂ ਤੋਂ ਇਹਨਾਂ ਦੇ ਘਰ ਪੰਜ ਪੁੱਤਰ ਪੈਦਾ ਹੋਏ। ਹਉਮੈ ਨੇ ਇਹਨਾਂ ਦੇ ਨਾਮ ਮੋਹ, ਲੋਭ, ਕਾਮ, ਕ੍ਰੋਧ ਤੇ ਹੰਕਾਰ ਰੱਖਿਆ। ਮੋਹ ਸਭ ਤੋਂ ਵੱਡੇ ਪੁੱਤਰ ਦਾ ਨਾਮ ਸੀ, ਇਸ ਕਰ ਕੇ ਉਸ ਦਾ ਬੜਾ ਪ੍ਰਤਾਪ ਸੀ। ਇਹ ਪੰਜੇ ਪੁੱਤਰ ਹੌਲੀ ਹੌਲੀ ਸਿਆਣੇ ਹੁੰਦੇ ਗਏ ਤੇ ਜੀਵ ਤੇ ਹਉਮੈ ਨੇ ਇਹਨਾਂ ਦੇ ਵਿਆਹ ਕਰ ਦਿਤੇ। ਪੰਜਾਂ ਦੇ ਘਰ ਵਹੁਟੀਆਂ ਆ ਗਈਆਂ। ਇਹਨਾਂ ਪੰਜਾਂ ਦੇ ਘਰ ਅੱਗੇ ਧੀਆਂ ਪੁੱਤਰ ਪੈਦਾ ਹੋਏ, ਜਿਨ੍ਹਾਂ ਦੇ ਨਾਮ-ਚਿੰਤਾ, ਫ਼ਿਕਰ, ਦੁਖ, ਰੋਗ, ਅਸ਼ਾਂਤੀ, ਕਲੇਸ਼, ਥੋੜ੍ਹ, ਈਰਖਾ, ਬੇਇਨਸਾਫ਼ੀ, ਜ਼ੁਲਮ, ਜ਼ੋਰ, ਧੱਕਾ, ਖ਼ੁਦਗਰਜ਼ੀ, ਮਕਰ, ਫ਼ਰੇਬ, ਧੋਖਾ, ਕਾਇਰਤਾ, ਵੈਰ-ਵਿਰੋਧ, ਨਿਰਬਲਤਾ, ਬੀਮਾਰੀ, ਮੌਤ ਆਦਿ ਰੱਖੇ ਗਏ।

ਜੀਵ ਹੁਣ ਬੜਾ ਕਬੀਲਦਾਰ ਸੀ, ਜਿਸ ਦਾ ਪਰਿਵਾਰ ਜਿਧਰ ਦੇਖੋ ਫੈਲਿਆ ਹੋਇਆ ਦਿਸੇ। ਜੀਵ ਦਿਨ ਰਾਤ ਆਪਣੇ ਟੱਬਰ ਵਿਚ ਮਸਤ ਰਹਿੰਦਾ। ਇਸ ਨੂੰ ਐਸਾ ਕੋਈ ਵਕਤ ਨਹੀਂ ਸੀ ਮਿਲਦਾ, ਜਦ ਆਪਣੇ ਕਬੀਲੇ ਦੇ ਰੁਝੇਵਿਆਂ ਤੋਂ ਨਵੇਕਲਾ ਹੋ ਕੇ ਕਿਸੇ ਹੋਰ ਸੋਚ ਨੂੰ ਸੋਚ ਸਕੇ। ਵੱਡਾ ਪਰਿਵਾਰ ਹੋ ਜਾਣ ਕਰ ਕੇ ਇਸ ਦੇ ਕੋਲ ਸਾਰੇ ਬਾਲ ਬੱਚਿਆਂ ਤੇ ਲੜਾਈਆਂ ਦੇ ਫੈਸਲੇ ਆਉਂਦੇ। ਫਿਰ ਜਦ ਜੀਵ ਦਾ ਕੋਈ ਸਬੰਧੀ ਗੁੱਸੇ ਹੋ ਜਾਵੇ, ਜੀਵ ਵਿਚਾਰੇ ਨੂੰ ਖੁਸ਼ਾਮਦ ਕਰਕੇ ਮਨਾਣਾ ਪੈਂਦਾ। ਜੀਵ ਦੇ ਪੰਜੇ ਪੁੱਤਰ ਤਾਂ ਸਿਆਣੇ ਹੋ ਗਏ ਸਨ, ਉਹ ਤਾਂ ਆਪੋ ਆਪਣੇ ਕਾਰ ਵਿਹਾਰ ਵਿਚ ਲੱਗੇ ਰਹਿੰਦੇ ਅਤੇ ਵਡੇਰੀ ਉਮਰ ਦਾ ਹੋ ਜਾਣ ਕਰ ਕੇ ਜੀਵ ਹਰ ਵਕਤ ਘਰ ਹੀ ਰਹਿੰਦਾ ਸੀ ਅਤੇ ਅੱਠੇ ਪਹਿਰ ਪੋਤਰਿਆਂ, ਪੋਤਰੀਆਂ, ਦੋਹਤਰਿਆਂ, ਦੋਹਤਰੀਆਂ ਨਾਲ ਦਿਲ ਪਰਚਾਂਦਾ ਸੀ। ਹਉਮੈ ਦੇ ਲਾਡਾਂ ਨੇ ਸਭ ਬੱਚਿਆਂ ਨੂੰ ਵਿਗਾੜ ਛੱਡਿਆ ਸੀ, ਬੜੇ ਅਥਰੇ, ਨਿਡਰ ਤੇ ਗੁਸਤਾਖ ਹੋ ਗਏ ਸਨ। ਖੇਡਦਿਆਂ ਖੇਡਦਿਆਂ ਆਉਂਦੇ, ਮਿੱਟੀ ਦੇ ਭਰੇ ਕਪੜਿਆਂ ਨਾਲ ਜੀਵ ਦੇ ਮੋਢਿਆਂ ਤੇ ਚੜ੍ਹ ਜਾਂਦੇ, ਸਿਰ ਤੇ ਬੈਠ ਜਾਂਦੇ। ਕਦੀ ਰਲ ਕੇ ਆਖਦੇ - 'ਬਾਬਾ ਸਾਨੂੰ ਹੂਟੇ ਦੇ' ਜੀਵ ਘੋੜੀ ਬਣ ਜਾਂਦਾ ਅਤੇ ਸਾਰੇ ਬੱਚੇ ਜੀਵ ਉਤੇ ਪਲਾਕੀ ਮਾਰ ਕੇ ਅਸਵਾਰ ਹੁੰਦੇ। ਜੀਵ ਦੇ ਮੂੰਹ ਵਿਚ ਕਪੜੇ ਦੀ ਲਗਾਮ ਪਾ ਕੇ ਉਸ ਨੂੰ ਖਿਚਦੇ ਤੇ ਆਖਦੇ 'ਘੋੜਿਆ ਛੇਤੀ ਤੁਰ ਛੇਤੀ ਤੁਰ।' ਜੀਵ ਤੁਰਦਾ ਤਾਂ ਬੱਚੇ ਬੜੇ ਖੁਸ਼



ਹੁੰਦੇ, ਹਸਦੇ, ਛਾਲਾਂ ਮਾਰਦੇ। ਕਈ ਬੱਚੇ ਆਖਦੇ, ਬਾਬਾ ਘੋੜੇ ਵਾਂਗਰ ਹਿਣਕ, ਤਾਂ ਫਿਰ ਜੀਵ ਘੋੜੇ ਵਾਂਗਰ ਆਵਾਜ਼ ਕੱਢ ਕੇ ਹਿਣਕਦਾ, ਘੋੜੇ ਵਾਂਗਰ ਅੜੀਆਂ ਕਰਦਾ, ਦੁਲਤੇ ਮਾਰਦਾ ਤੇ ਬੱਚਿਆਂ ਨਾਲ ਖੇਡਦਾ ਰਹਿੰਦਾ। ਪਰ ਜਿਉਂ-ਜਿਉਂ ਜੀਵ ਬੁੱਢਾ ਹੁੰਦਾ ਗਿਆ, ਤਿਉਂ-ਤਿਉਂ ਉਸ ਵਿਚ ਬੱਚਿਆਂ ਨੂੰ ਚੁਕੀ ਫਿਰਨ ਦੀ, ਬਾਜ਼ਾਰ ਸੈਰ ਕਰਨ ਲੈ ਜਾਣ ਦੀ, ਘੋੜਾ ਬਣਨ ਦੀ ਸ਼ਕਤੀ ਘਟ ਹੁੰਦੀ ਗਈ। ਉਹ ਹੁਣ ਕਮਜ਼ੋਰ ਹੋ ਗਿਆ ਸੀ, ਪਰ ਬਾਲਾਂ ਨੂੰ ਕੀ ਪਤਾ, ਉਹ ਉਸ ਨਾਲ ਉਸੇ ਤਰ੍ਹਾਂ ਅੜੀਆਂ ਕਰਦੇ, ਜ਼ਿੱਦਾਂ ਕਰਦੇ ਅਤੇ ਉਸ ਦੀ ਵਡੇਰੀ ਉਮਰ ਦੀ ਪਰਵਾਹ ਨਾ ਕਰਦੇ ਅਤੇ ਚਾਹੁੰਦੇ ਕਿ ਉਹਨਾਂ ਨੂੰ ਜੀਵ ਹਰ ਵਕਤ ਖਿਡਾਂਦਾ ਹੀ ਰਹੇ। ਕਿਸੇ ਕਿਸੇ ਵੇਲੇ ਜੀਵ ਬੜਾ ਤੰਗ ਆ ਜਾਂਦਾ ਅਤੇ ਹਉਮੈ ਨੂੰ ਆਖਦਾ ਕਿ ਇਹ ਬੱਚੇ ਮੈਨੂੰ ਦਿਨ ਰਾਤ ਚੈਨ ਨਹੀਂ ਲੈਣ ਦੇਂਦੇ, ਇਹਨਾਂ ਦਾ ਕੀ ਕਰਾਂ? ਹਉਮੈਂ ਅੱਗੋਂ ਕੋਰਾ ਜਵਾਬ ਦੇ ਛਡਦੀ ਕਿ 'ਮੈਂ ਕੀ ਕਰਾਂ? ਤੂੰ ਇਹਨਾਂ ਨੂੰ ਪਹਿਲੇ ਕਿਉਂ ਐਨਾ ਸਿਰ ਚੜ੍ਹਾਇਆ? ਕਿਉਂ ਐਡਾ ਅਥਰਾ ਕੀਤਾ? ਹੁਣ ਆਪਣੀ ਸਜ਼ਾ ਆਪ ਭੁਗਤ।' ਜੀਵ ਨੇ ਆਪਣੇ ਪੁੱਤਰਾਂ ਪਾਸ ਇਕ ਦਿਨ ਸ਼ਿਕਾਇਤ ਕੀਤੀ ਕਿ ਬੱਚੇ ਉਸ ਨੂੰ ਬੜਾ ਤੰਗ ਕਰਦੇ ਹਨ, ਇਸ ਗੱਲ ਦਾ ਕੁਝ ਇਲਾਜ ਹੋਣਾ ਚਾਹੀਦਾ ਹੈ।

ਚਾਹੀਦਾ ਤਾਂ ਸੀ ਕਿ ਪੁੱਤਰ ਪਿਤਾ ਨੂੰ ਦਿਲਾਸਾ ਦਿੰਦੇ ਤੇ ਉਸ ਦੀ ਸ਼ਿਕਾਇਤ ਸੁਣ ਕੇ ਬੱਚਿਆਂ ਨੂੰ ਵਰਜਦੇ ਪਰ ਉਹ ਸਗੋਂ ਪਿਉ ਨੂੰ ਹੀ ਝੂਠਾ ਕਰਨ ਲਗ ਪਏ। ਆਖਣ ਲੱਗੇ ਤੈਨੂੰ ਸਾਰਾ ਦਿਨ ਕੰਮ ਹੀ ਕੀ ਹੈ? ਵਿਹਲੇ ਬੈਠਣ ਨਾਲੋਂ ਜੇ ਸਾਡੇ ਬੱਚਿਆਂ ਨੂੰ ਖਿਡਾਂਦਾ ਹੈਂ ਤਾਂ ਆਖਰ ਕੀ ਆ ਜਾਂਦੀ ਹੈ? ਛੁਸਣ ਕਿਉਂ ਲਗ ਪਿਆ ਏਂ? ਤੇਰੇ ਪਾਸ ਹੋਰ ਕੰਮ ਹੀ ਕੀ ਏ? ਜੇ ਬੱਚਿਆਂ ਨੂੰ ਅਸੀਂ ਮਨ੍ਹਾਂ ਕਰ ਦੇਈਏ, ਤੇਰੇ ਪਾਸ ਕੋਈ ਨਾ ਆਵੇ, ਤਾਂ ਫਿਰ ਤੂੰ ਸਾਰਾ ਦਿਨ ਕਰੇਂਗਾ ਕੀ? ਤੇਰਾ ਜੀਅ ਕਿਸ ਤਰ੍ਹਾਂ ਲੱਗੇਗਾ? ਜੀਵ ਨੇ ਆਖਿਆ ਕਿ ਮੈਂ ਕਿਸੇ ਤਰ੍ਹਾਂ ਜੀਅ ਲਾ ਲਵਾਂਗਾ, ਪਰ ਮੈਥੋਂ ਐਡੇ ਅਥਰੇ ਬੱਚੇ ਖਿਡਾਏ ਨਹੀਂ ਜਾਂਦੇ। ਕਰੋਧ ਨੇ ਮੋਹ ਦੀ ਬਾਂਹ ਫੜ ਕੇ ਕਿਹਾ, 'ਭਰਾ ਜੀ, ਤੁਸੀਂ ਇਹ ਤਮਾਸ਼ਾ ਵੀ ਜ਼ਰਾ ਵੇਖੋ। ਕੱਲ੍ਹ ਤੋਂ ਬੱਚਿਆਂ ਦਾ ਇਸ ਬੁੱਢੇ ਕੋਲ ਆਉਣਾ ਬੰਦ ਕਰ ਦੇਵੋ, ਵੇਖਾਂਗੇ ਇਹ ਇਕੱਲਾ ਕਿਸ ਤਰ੍ਹਾਂ ਰਹਿੰਦਾ ਹੈ?' ਹੰਕਾਰ ਨੇ ਸਭ ਬੱਚਿਆਂ ਨੂੰ ਬੁਲਾ ਕੇ ਆਖਿਆ, 'ਬਾਬਾ ਤੁਹਾਡੀਆਂ ਸ਼ਿਕਾਇਤਾਂ ਲਾਉਂਦਾ ਹੈ, ਤੁਸੀਂ ਅੱਜ ਤੋਂ ਇਸ ਦੇ ਪਾਸ

ਨਹੀਂ ਆਉਣਾ ਹੋਵੇਗਾ। ਇਸ ਨੂੰ ਇਕੱਲਿਆਂ ਬੈਠਾ ਰਹਿਣ ਦਿਆ ਕਰੋ।' ਇਹ ਕਹਿ ਕੇ ਪੁੱਤਰ ਬਾਹਰ ਚਲੇ ਗਏ।

ਹੁਣ ਜੀਵ ਇਕੱਲਾ ਰਹਿ ਗਿਆ। ਕੁਝ ਚਿਰ ਤਾਂ ਉਹ ਬੜਾ ਖ਼ੁਸ਼ ਹੋਇਆ ਕਿ ਸ਼ੁਕਰ ਹੈ ਚੈਨ ਨਾਲ ਸਾਹ ਤਾਂ ਲਵਾਂਗਾ। ਪਰ ਇਕ ਦੋ ਦਿਨਾਂ ਬਾਅਦ ਉਸ ਨੂੰ ਉਸ ਦਾ ਇਕੱਲ ਹੀ ਡਰਾਣ ਲਗ ਪਿਆ। ਉਸ ਪਾਸ ਕੋਈ ਸ਼ੁਗਲ ਨਾ ਰਿਹਾ। ਬਥੇਰਾ ਸੋਚੇ ਕਿ ਹੁਣ ਕੀ ਕਰਾਂ, ਪਰ ਉਸ ਨੂੰ ਕੋਈ ਕੰਮ, ਕੋਈ ਗੱਲ, ਦਿਲ ਲਗਾਣ ਦੀ ਨਾ ਸੁਝਦੀ। ਆਖਰ ਉਹ ਇਕੱਲਾ ਰਹਿ ਰਹਿ ਕੇ ਵੀ ਤੰਗ ਹੋ ਕੇ ਆਪਣੇ ਪੁੱਤਰਾਂ ਨੂੰ ਬਾਹਰ ਜਾਣ ਲੱਗਿਆਂ ਆਖਿਆਂ, 'ਬੇਟਾ ਤੁਸੀਂ ਸੱਚ ਕਹਿੰਦੇ ਸੀ, ਮੇਰਾ ਇਕੱਲਿਆਂ ਵੀ ਜੀਅ ਨਹੀਂ ਲਗਦਾ। ਮੇਰਾ ਦਿਲ ਲਗਾਣ ਵਾਸਤੇ ਇਹ ਜ਼ਰੂਰੀ ਹੈ ਕਿ ਬੱਚਿਆਂ ਨੂੰ ਖਿਡਾਣ ਦਾ ਕੰਮ ਮੈਨੂੰ ਫਿਰ ਦਿਤਾ ਜਾਵੇ।' ਹੰਕਾਰ ਤੇ ਕਰੋਧ ਨੇ ਅੱਗੋਂ ਰਲ ਕੇ ਆਖਿਆ ਕਿ 'ਹੁਣ ਤੈਨੂੰ ਅਸੀਂ ਬੱਚਿਆਂ ਵਿਚ ਬੈਠਣ ਹੀ ਨਹੀਂ ਦੇਣਾ। ਤੂੰ ਰੋਜ਼ ਇਹਨਾਂ ਦੀਆਂ ਸ਼ਿਕਾਇਤਾਂ ਲਾਉਂਦਾ ਰਹਿੰਦਾ ਸੀ। ਹੁਣ ਕੁਝ ਚਿਰ ਸਬਰ ਕਰ ਕੇ ਇਕੱਲਾ ਰਹਿ ਕੇ ਵੇਖ। ਪਰ ਜੀਵ ਨੂੰ ਇਕੱਲ ਖਾਣ ਨੂੰ ਆਉਂਦਾ ਸੀ, ਉਸ ਨੇ ਪੁੱਤਰਾਂ ਅੱਗੇ ਹੱਥ ਜੋੜੇ ਅਤੇ ਆਖਿਆ, 'ਹੁਣ ਮੈਨੂੰ ਮਾਫ਼ ਕਰੋ, ਮੈਂ ਬੱਚਿਆਂ ਦੀ ਫੇਰ ਕਦੀ ਸ਼ਿਕਾਇਤ ਨਹੀਂ ਲਾਵਾਂਗਾ। ਮੈਨੂੰ ਇਹਨਾਂ ਨਾਲ ਰਹਿਣ ਤੇ ਇਹਨਾਂ ਨੂੰ ਖਿਡਾਣ ਦਾ ਫੇਰ ਮੌਕਾ ਦੇਵੋ।' ਜੀਵ ਦੀ ਇਹ ਗੱਲ ਸੁਣ ਕੇ ਹਉਮੈ ਨੇ ਪੁੱਤਰਾਂ ਨੂੰ ਸਮਝਾਇਆ ਕਿ ਆਖਰ ਨਾਰਾਜ਼ਗੀ ਦੀ ਗੱਲ ਕੀ ਹੈ? ਜੀਵ ਭਾਵੇਂ ਸੱਤਰਿਆ-ਬਹੱਤਰਿਆ ਹੋ ਗਿਆ ਹੈ, ਫਿਰ ਵੀ ਘਰ ਦਾ ਵੱਡਾ ਹੈ, ਜਾਣ ਦੇਵੋ, ਜੋ ਕਹਿੰਦਾ ਹੈ ਮੰਨ ਲਵੋ। ਲੋਭ ਤੇ ਕਾਮ ਨੇ ਵੀ ਭਰਾਵਾਂ ਨੂੰ ਸਮਝਾਇਆ। ਅਖ਼ੀਰ ਵੱਡੇ ਭਰਾ ਮੋਹ ਨੇ ਫੈਸਲਾ ਕੀਤਾ ਕਿ ਅੱਛਾ ਅੱਜ ਤੋਂ ਫਿਰ ਜੀਵ ਬੱਚਿਆਂ ਨੂੰ ਖਿਡਾ ਕੇ ਆਪਣਾ ਦਿਲ ਲਗਾਇਆ ਕਰੋ, ਪਰ ਇਸ ਸ਼ਰਤ ਤੇ ਕਿ ਇਹਨਾਂ ਦੀ ਸ਼ਿਕਾਇਕ ਮੁੜ ਸਾਡੇ ਤਕ ਨਹੀਂ ਆਉਣੀ ਚਾਹੀਦੀ। ਹਉਮੈ ਨੇ ਜਵਾਬ ਦਿਤਾ, 'ਜਾਣ ਵੀ ਦੇਵੋ ਹੁਣ ਗੱਲ ਨੂੰ, ਤੁਹਾਡੇ ਵਖਰੇ ਬੱਚੇ ਨੇ, ਜੀਵ ਦੇ ਕੁਝ ਨਹੀਂ ਲਗਦੇ। ਇਹਦੀ ਤਾਂ ਮਤ ਮਾਰੀ ਹੋਈ ਸੀ ਜੋ ਸ਼ਿਕਾਇਤਾਂ ਲਾਉਣ ਲੱਗਾ ਸੀ। ਕਦੀ ਕੋਈ ਆਪਣੇ ਪੁੱਤਰਾਂ-ਧੀਆਂ ਦੀਆਂ ਵੀ ਸ਼ਿਕਾਇਤਾਂ ਲਾਉਂਦਾ ਹੈ।'

ਹੁਣ ਜੀਵ ਬੱਚਿਆਂ ਨੂੰ ਫੇਰ ਖਿਡਾਣ ਲੱਗ ਪਿਆ। ਪਰ ਬੱਚਿਆਂ ਨੂੰ ਪਤਾ ਸੀ ਕਿ ਬਾਬਾ ਸਾਡੀਆਂ ਸ਼ਿਕਾਇਤਾਂ ਲਾ ਕੇ ਸਾਨੂੰ ਪਿਤਾ



ਪਾਸੋਂ ਮਾਰ ਪਵਾਣੀ ਚਾਹੁੰਦਾ ਸੀ, ਇਸ ਕਰ ਕੇ ਹੁਣ ਉਹ ਜੀਵ ਪਾਸੋਂ ਆਪਣਾ ਬਦਲਾ ਲੈਂਦੇ, ਉਸ ਨੂੰ ਬੜਾ ਤੰਗ ਕਰਦੇ, ਉਤੇ ਚੜ੍ਹਦੇ, ਘੋੜਾ ਬਣਾਂਦੇ ਤੇ ਜੇ ਜੀਵ ਚੰਗੀ ਤਰ੍ਹਾਂ ਨਾ ਤੁਰਦਾ ਤਾਂ ਅੱਡੀਆਂ ਲਗਾਂਦੇ, ਚਾਬਕਾਂ ਮਾਰਦੇ, ਬੁਰਾ ਹਾਲ ਕਰਦੇ। ਕਈ ਵਾਰੀ ਜੀਵ ਦੇ ਮੂੰਹ ਵਿਚੋਂ ਲਗਾਮ ਨੂੰ ਤੁਣਕੇ ਵਜ ਵਜ ਕੇ ਲਹੂ ਨਿਕਲਣ ਲਗ ਜਾਂਦਾ। ਭਾਵੇਂ ਜੀਵ ਬੜਾ ਥੱਕ ਜਾਂਦਾ, ਪਰ ਬੱਚੇ ਉਸ ਨੂੰ ਫਿਰ ਵੀ ਨਾ ਛਡਦੇ, ਸਾਹ ਤਕ ਨਾ ਲੈਣ ਦੇਂਦੇ। ਜੀਵ ਬੜਾ ਦੁਖੀ ਹੋ ਗਿਆ, ਦਿਲ ਵਿਚ ਸੋਚਣ ਲੱਗਾ ਕਿ ਇਸ ਤਕਲੀਫ਼ ਨਾਲੋਂ ਤੇ ਮਰ ਜਾਣਾ ਹੀ ਚੰਗਾ ਹੈ। ਇਹ ਸੋਚ ਕੇ ਉਸ ਨੇ ਸਮੁੰਦਰ ਵਿਚ ਜਾ ਕੇ ਛਾਲ ਮਾਰ ਦਿਤੀ ਅਤੇ ਆਪਣੇ ਭਾਣੇ ਆਪਣੇ ਖਿਆਲ ਵਿਚ ਮਰ ਗਿਆ। ਪਰ ਜਦ ਜੀਵ ਪਾਣੀ ਦੇ ਹੇਠਾਂ ਪਹੁੰਚਿਆਂ ਤਾਂ ਕੀ ਵੇਖਿਆ ਕਿ ਪਾਣੀ ਦਾ ਬਾਦਸ਼ਾਹ ਖਵਾਜਾ ਖਿਜ਼ਰ ਹੱਥ ਵਿਚ ਫੁੱਲਾਂ ਦੀ ਮਾਲਾ ਲੈ ਕੇ ਜੀਵ ਕੋਲ ਆਇਆ, ਉਸ ਦੇ ਗਲ ਵਿਚ ਹਾਰ ਪਾ ਕੇ, ਹੱਥ ਜੋੜ ਆਖਣ ਲੱਗਾ, 'ਮਹਾਰਾਜ ਆਪ ਜੀਵ ਹੋ, ਪਰਮੇਸ਼ਵਰ ਰੂਪ ਹੋ, ਮੈਂ ਆਪ ਦੀ ਜਾਨ ਨਹੀਂ ਕੱਢ ਸਕਦਾ। ਆਪ ਅਮਰ ਹੋ, ਅਬਿਨਾਸ਼ੀ ਹੋ। ਧੰਨ ਭਾਗ ਜੋ ਆਪ ਨੇ ਮੈਨੂੰ ਆ ਕੇ ਦਰਸ਼ਨ ਦਿਤੇ।' ਇਹ ਕਹਿ ਕੇ ਉਸ ਨੇ ਪਾਣੀ ਦੀਆਂ ਲਹਿਰਾਂ ਨੂੰ ਹੁਕਮ ਦਿਤਾ ਕਿ ਜੀਵ ਮਹਾਰਾਜ ਨੂੰ ਕਿਸੇ ਹੋਰ ਦੇਸ ਦੇ ਕਿਨਾਰੇ ਤੇ ਜਾ ਕੇ ਲੱਗਾ ਦੇਣ।

ਜੀਵ ਹੁਣ ਕਿਸੇ ਹੋਰ ਦੇਸ ਵਿਚ ਜਾ ਜੰਮਿਆਂ। ਪਹਿਲੇ ਤਾਂ ਬੱਚਾ ਸੀ, ਇਸ ਨੂੰ ਕੋਈ ਹੋਸ਼ ਨਹੀਂ ਸੀ। ਪਰ ਜਿਉਂ ਜਿਉਂ ਹੋਸ਼ ਆਉਂਦੀ ਗਈ, ਇਸ ਨੇ ਸਭ ਤੋਂ ਪਹਿਲੇ 'ਹਉਮੈ' ਨੂੰ ਪਛਾਣ ਲੀਤਾ ਕਿ ਇਹ ਤਾਂ ਮੇਰੇ ਨਾਲ ਹੀ ਮੁੜ ਕੇ ਜੰਮ ਪਈ ਹੈ। ਹਉਮੈ ਨੇ ਝਟ ਜੀਵ ਦੇ ਪੈਰ ਪਕੜ ਲਏ ਤੇ ਆਖਣ ਲੱਗੀ, 'ਮਹਾਰਾਜ ਮੈਂ ਆਪ ਦੀ ਦਾਸੀ, ਆਪ ਤੋਂ ਪਿਛੇ ਕਿਥੇ ਰਹਿ ਸਕਦੀ ਹਾਂ, ਆਪ ਜਿਸ ਜਿਸ ਜਨਮ ਵਿਚ ਜਾਵੋਗੇ ਆਪ ਦੇ ਅੰਗ-ਸੰਗ ਰਹਾਂਗੀ। ਮੇਰਾ ਆਪ ਤੋਂ ਵਿਛੜਨਾ ਅਸੰਭਵ ਹੈ। ਮਰ ਜਾਵਾਂ ਤਾਂ ਭਾਵੇਂ ਆਪ ਤੋਂ ਜੁਦਾ ਹੋਵਾਂ, ਐਵੇਂ ਮੈਨੂੰ ਆਪ ਤੋਂ ਨਖੇੜਨ ਵਾਲਾ ਕੋਣ ਜੰਮਿਆ ਹੈ? ਮਾਯਾ ਨੇ ਮੇਰਾ ਆਪ ਨਾਲ ਸੰਜੋਗ ਕੀਤਾ ਹੈ, ਇਹ ਰਿਸ਼ਤਾ ਅਟੱਲ ਹੈ। ਮੈਂ ਸਦਾ ਸੁਹਾਗਣ ਹਾਂ। ਇਹ ਗੱਲਾਂ ਸੁਣ ਕੇ ਜੀਵ ਬੜਾ ਖੁਸ਼ ਹੋਇਆ ਅਤੇ ਆਖਣ ਲੱਗਾ, 'ਤੂੰ ਬੜੀ ਪਤੀਬਰਤਾ ਹੈਂ, ਮੇਰੇ ਇਸ ਜਨਮ ਵਿਚ ਵੀ ਮੇਰੇ ਨਾਲ ਹੀ ਹੈਂ, ਆ ਹੁਣ ਰਲ ਕੇ ਆਪਣੀ ਹੋਰ ਕੋਈ

ਨਵੀਂ ਦੁਨੀਆਂ ਰਚਾਈਏ।' ਹਉਮੈ ਨੇ ਹੱਥ ਜੋੜ ਕੇ ਕਿਹਾ, 'ਸਤ ਬਚਨ, ਮੇਰਾ ਤੇ ਕੰਮ ਹੀ ਆਪ ਦੀ ਸੇਵਾ ਕਰਨਾ ਤੇ ਹੁਕਮ ਮੰਨਣਾ ਹੈ।'

ਇਹ ਕਹਿ ਕੇ ਜੀਵ ਤੇ ਹਉਮੈ ਨੇ ਫੇਰ ਇਕ ਨਵੀਂ ਦੁਨੀਆਂ ਰਚੀ। ਕੁਝ ਸਮਾਂ ਪਾ ਕੇ ਇਹਨਾਂ ਦੇ ਘਰ ਵਿਚ ਉਹੋ ਪੰਜ ਪੁੱਤਰ ਜਨਮੇ, ਕੁਝ ਚਿਰ ਪਿਛੋਂ ਪੁਤਰ ਜਵਾਨ ਹੋ ਕੇ, ਉਹਨਾਂ ਦੀ ਸੰਤਾਨ ਉਹੋ ਅਨੇਕਾਂ ਉਪਾਧੀਆਂ, ਜਿਨ੍ਹਾਂ ਦਾ ਪਿਛੇ ਜ਼ਿਕਰ ਆ ਚੁੱਕਾ ਹੈ, ਜੰਮੀਆਂ। ਉਸੇ ਤਰ੍ਹਾਂ ਪਹਿਲੇ ਜੀਵ ਆਪਣਾ ਬਾਗ-ਪਰਿਵਾਰ ਵੇਖ ਕੇ ਬੜਾ ਖੁਸ਼ ਹੁੰਦਾ ਸੀ ਪਰ ਓੜਕ ਆਪਣੇ ਬਾਲ ਬੱਚਿਆਂ ਤੋਂ ਤੰਗ ਆ ਕੇ ਮਰ ਜਾਂਦਾ ਸੀ। ਜੇ ਜੀਵ ਪਾਣੀ ਵਿਚ ਛਾਲ ਮਾਰੇ ਤਾਂ ਪਾਣੀ ਉਸ ਨੂੰ ਨਾ ਮਾਰ ਸਕੇ, ਜੇ ਜੀਵ ਅੱਗ ਵਿਚ ਛਾਲ ਮਾਰੇ ਤਾਂ ਅੱਗ ਉਸ ਨੂੰ ਸਾੜ ਨਾ ਸਕੇ, ਗੱਲ ਕੀ ਜਦ ਜੀਵ ਆਪਣੇ ਆਪ ਨੂੰ ਮਾਰੇ, ਉਦੋਂ ਹੀ ਉਸ ਦਾ ਨਵਾਂ ਜਨਮ ਹੋ ਜਾਵੇ, ਮਰ ਨਾ ਸਕੇ। ਜਦੋਂ ਨਵਾਂ ਜਨਮ ਹੋਵੇ 'ਹਉਮੈਂ' ਉਸ ਦੇ ਨਾਲ ਹੀ ਫਿਰ ਜੰਮ ਪਵੇ, ਅਤੇ ਹਉਮੈ ਤੋਂ ਜੀਵ ਦੇ ਘਰ ਵਿਚ ਮੋਹ, ਲੋਭ, ਕਾਮ, ਕਰੋਧ, ਹੰਕਾਰ ਪੰਜੇ ਪੁੱਤਰ ਜੰਮ ਪੈਣ ਤਾਂ ਇਹਨਾਂ ਦੇ ਘਰ ਉਹੋ ਅਨਗਿਣਤ ਉਪਾਧੀਆਂ ਪੈਦਾ ਹੋ ਜਾਣ। ਜੀਵ ਫ਼ਰਜ਼ੀ ਤੌਰ ਤੇ ਜੰਮ ਜੰਮ ਕੇ ਅਤੇ ਫ਼ਰਜ਼ੀ ਤੌਰ ਤੇ ਮਰ ਮਰ ਕੇ ਬੜਾ ਤੰਗ ਆ ਗਿਆ, ਪਰ ਉਹ ਇਸ ਜਨਮ-ਮਰਨ ਦੀ ਫਾਹੀ ਵਿਚੋਂ ਨਿਕਲ ਨਹੀਂ ਸੀ ਸਕਦਾ। ਜਿਉਂ-ਜਿਉਂ ਉਹ ਇਸ ਕਾਲ-ਫਾਸ ਤੋਂ ਛੁਟਕਾਰਾ ਪਾਣਾ ਚਾਹੇ-ਤਿਉਂ-ਤਿਉਂ ਉਸ ਦੀ ਦੁਰਦਸ਼ਾ ਹੁੰਦੀ ਜਾਵੇ। ਇਸ ਤਰ੍ਹਾਂ ਜੀਵ ਨੇ ਅਨੇਕਾਂ ਜਨਮ ਭੋਗੇ, ਇਥੋਂ ਤੀਕ ਕਿ ਉਸ ਨੂੰ ਆਪਣੇ ਜਨਮਾਂ ਦਾ ਹਿਸਾਬ ਤੇ ਚੇਤਾ ਹੀ ਭੁੱਲ ਗਿਆ। ਜਦ ਜੀਵ ਇਸ ਦਸ਼ਾ ਵਿਚ ਬੜਾ ਦੁਖੀ ਹੋ ਗਿਆ, ਤਾਂ ਉਸ ਨੇ ਇਕ ਦਿਨ ਅਧੀਨ ਹੋ ਕੇ, ਨਿਮਾਣਾ ਤੇ ਨਿਆਸਰਾ ਹੋ ਕੇ ਹੱਥ ਜੋੜ ਕੇ ਪ੍ਰਾਰਥਨਾ ਕੀਤੀ -

*ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ॥*
*ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ॥ ਅੰਕ - 261*

੨.

ਜੀਵ ਦੇ ਪਿਤਾ ਦਾ ਦਰਬਾਰ ਲੱਗਾ ਹੋਇਆ ਸੀ। ਮਹਾਰਾਜ ਆਪਣੇ ਸਿੰਘਾਸਨ ਤੇ ਬੈਠੇ ਅਤੇ ਸਭ ਅਮੀਰ ਵਜ਼ੀਰ ਉਮਰਾਓ ਹੱਥ ਬੰਨ੍ਹੀ ਸਾਮ੍ਹਣੇ ਸਨ। ਸੋਹਣੀਆਂ ਅਪੱਛਰਾਂ ਨਿਰਤ ਕਰ ਰਹੀਆਂ ਸਨ



ਅਤੇ ਇਹਨਾਂ ਦੀ ਸਰਦਾਰ ਅਪੱਛਰਾਂ, ਮਾਯਾ ਵੀ ਨਿਰਤ ਕਰ ਕੇ ਸਭ ਨੂੰ ਮੋਹਿਤ ਕਰ ਰਹੀ ਸੀ। ਇਸ ਸਮੇਂ ਮਹਾਰਾਜ ਦਾ ਸਿੰਘਾਸਨ ਬੜਾ ਹਿਲਿਆ. ਕਿਸੇ ਨੂੰ ਕੁਝ ਪਤਾ ਨਾ ਲੱਗੇ ਕਿ ਇਹ ਸਿੰਘਾਸਨ ਕਿਉਂ ਕੰਬ ਰਿਹਾ ਹੈ। ਸਾਰਾ ਨਿਰਤ, ਨਾਚ ਗਾਣਾ ਵਜਾਣਾ ਬੰਦ ਹੋ ਗਿਆ। ਸਭ ਅਪੱਛਰਾਂ ਸਹਿਮ ਕੇ ਇਕ ਪਾਸੇ ਖਲੋ ਗਈਆਂ, ਸਭ ਵਜ਼ੀਰ ਅਮੀਰ ਹੈਰਾਨਗੀ ਨਾਲ ਮਹਾਰਾਜ ਵਲ ਤੱਕਣ ਲੱਗੇ ਕਿ ਇਹ ਕੀ ਕੌਤਕ ਹੋ ਰਿਹਾ ਹੈ। ਮਹਾਰਾਜ ਦਾ ਤਖ਼ਤ ਹਿਲੀ ਜਾ ਰਿਹਾ ਸੀ। ਸਭ ਨੇ ਹੱਥ ਜੋੜ ਕੇ ਪੁਛਿਆ, 'ਮਹਾਰਾਜ ਇਹ ਕੀ ਅਸਚਰਜ ਹੋ ਰਿਹਾ ਹੈ? ਆਪ ਜਾਣੀ ਜਾਣ ਹੋ, ਦੱਸੋ ਇਸ ਘਟਨਾ ਦੀ ਤਹਿ ਵਿਚ ਕੀ ਭੇਦ ਹੈ? ਮਹਾਰਾਜ ਦਾ ਚਿਹਰਾ ਬੜਾ ਉਦਾਸ ਹੋ ਗਿਆ ਅਤੇ ਬੜੀ ਦਰਦ ਭਰੀ ਆਵਾਜ਼ ਵਿਚ ਬੋਲੇ, ਮੇਰਾ ਪੁੱਤਰ, ਮੇਰਾ ਪਿਆਰਾ ਪੁੱਤਰ ਜੀਵ, ਮੈਥੋਂ ਵਿਛੜ ਕੇ ਬੜਾ ਦੁਖੀ ਹੋ ਗਿਆ ਹੈ ਅਤੇ ਆਪਣੀ ਬਿਹਬਲਤਾ ਵਿਚੋਂ ਵਾਜਾਂ ਮਾਰ ਰਿਹਾ ਹੈ, ਮਦਦ ਵਾਸਤੇ ਬੁਲਾ ਰਿਹਾ ਹੈ। ਇਹ ਸੁਣ ਕੇ ਸਾਰੇ ਬੜੇ ਹੈਰਾਨ ਹੋਏ। ਆਖਣ ਲੱਗੇ ਆਪ ਦਾ ਪੁੱਤਰ ਤਾਂ ਹਮੇਸ਼ਾਂ ਆਪ ਦੇ ਮਹਿਲ ਵਿਚ ਆਪ ਦੇ ਕੋਲ ਰਹਿੰਦਾ ਸੀ, ਉਹ ਕਿਸ ਤਰ੍ਹਾਂ ਵਿਛੜ ਗਿਆ। ਮਹਾਰਾਜ ਉਸ ਵੇਲੇ 'ਮਾਯਾ' ਵਲ ਘੂਰ ਕੇ ਤੱਕੇ ਅਤੇ ਆਖਣ ਲੱਗੇ ਇਹ ਸਭ ਕਰਤੂਤ ਮਾਯਾ ਦੀ ਹੈ, ਇਹ ਆਪੇ ਦੱਸੇਗੀ ਕਿ ਇਸ ਨੇ ਜੀਵ ਨੂੰ ਕਿਸ ਧੋਖੇ ਨਾਲ ਮੈਥੋਂ ਵਿਛੋੜਿਆ ਹੈ। ਮਾਯਾ ਕੰਬਦੀ-ਕੰਬਦੀ ਹੱਥ ਜੋੜ ਕੇ ਕਹਿਣ ਲੱਗੀ, 'ਮਹਾਰਾਜ! ਮੈਂ ਤਾਂ ਜੀਵ ਦਾ ਦਿਲ ਲਗਾਣ ਵਾਸਤੇ ਪੂਰਾ ਯਤਨ ਕੀਤਾ ਹੈ। ਕਿਸੇ ਵੇਲੇ ਉਹ ਮੇਰੇ ਤੇ ਪ੍ਰਸੰਨ ਵੀ ਬੜਾ ਹੁੰਦਾ ਹੈ, ਪਰ ਕਿਸੇ ਵੇਲੇ ਬੜਾ ਉਦਾਸ ਹੋ ਜਾਂਦਾ ਹੈ। ਮੈਂ ਫਿਰ ਉਸ ਦਾ ਦਿਲ ਲਗਾ ਦਿੰਦੀ ਹਾਂ। ਮੈਨੂੰ ਨਹੀਂ ਸੀ ਪਤਾ ਕਿ ਹੁਣ ਉਹ ਐਡਾ ਉਦਾਸ ਹੋ ਗਿਆ ਹੈ ਕਿ ਆਪ ਪਾਸੋਂ ਮਦਦ ਦੀ ਮੰਗ ਕਰ ਰਿਹਾ ਹੈ, ਮੈਂ ਹੁਣੇ ਵਾਪਸ ਜਾ ਕੇ ਉਸ ਨੂੰ ਫਿਰ ਐਸਾ ਪ੍ਰਚਾਵਾਂਗੀ ਕਿ ਆਪ ਨੂੰ ਫਿਰ ਭੁੱਲ ਜਾਵੇਗਾ।' ਮਹਾਰਾਜ ਨੇ ਕਿਹਾ, 'ਮਾਯਾ, ਜੀਵ ਤੇਰੇ ਧੋਖੇ ਵਿਚ ਆ ਸਕਦਾ ਹੈ ਪਰ ਇਹ ਧੋਖਾ ਉਸ ਨੂੰ ਹਮੇਸ਼ਾਂ ਵਾਸਤੇ ਤੇਰੇ ਫੰਧੇ ਵਿਚ ਨਹੀਂ ਰਖ ਸਕਦਾ।' ਉਸ ਵੇਲੇ ਮਹਾਰਾਜ ਨੇ ਆਪਣੇ ਵੱਡੇ ਵਜ਼ੀਰ 'ਆਤਮਾ' ਨਾਲ ਸਲਾਹ ਕਰ ਕੇ ਆਪਣੇ ਖਾਸ ਸੇਵਕਾਂ - ਮਿਹਰ, ਵੈਰਾਗ, ਵਿਚਾਰ, ਭਗਤੀ ਤੇ ਗਿਆਨ ਨੂੰ ਹੁਕਮ ਦਿਤਾ ਕਿ ਉਹ ਜੀਵ ਨੂੰ ਲੱਭਣ ਵਾਸਤੇ ਜਾਣ ਅਤੇ ਲੱਭ ਕੇ ਮੁੜ ਮਹਾਰਾਜ ਦੇ ਪਾਸ ਲੈ ਆਉਣ। ਮਾਯਾ ਇਹਨਾਂ ਦੇ ਤੁਰਨ ਤੋਂ ਪਹਿਲੇ

ਹੀ ਦਰਬਾਰ ਵਿਚੋਂ ਖਿਸਕ ਗਈ। ਪਹਿਲੋਂ ਹੀ ਉਸ ਨੇ ਆਪਣੇ ਨਗਰ ਵਿਚ ਜਾ ਕੇ ਹਉਮੈ, ਕਾਮ, ਕਰੋਧ, ਲੋਭ, ਮੋਹ, ਹੰਕਾਰ ਨੂੰ ਇਕੱਠਿਆਂ ਕਰ ਕੇ ਸਾਰੀ ਗੱਲ ਦਸ ਦਿਤੀ। ਕਹਿਣ ਲੱਗੀ ਜੀਵ ਦੇ ਪਿਤਾ ਨੇ ਇਸ ਨੂੰ ਸਾਡੇ ਸਾਰਿਆਂ ਤੋਂ ਖੋਹ ਕੇ ਆਪਣੇ ਪਾਸ ਬੁਲਾਉਣ ਵਾਸਤੇ. ਮਿਹਰ, ਵਿਚਾਰ ਗਿਆਨ, ਵੈਰਾਗ ਤੇ ਭਗਤੀ ਨੂੰ ਭੇਜਿਆ ਹੈ। ਜੇਕਰ ਉਹ ਜੀਵ ਨੂੰ ਸਾਡੇ ਪਾਸੋਂ ਲੈ ਗਏ ਤਾਂ ਤੁਸੀਂ ਸਾਰੇ ਮਰ ਜਾਵੋਗੇ। ਅਸੀਂ ਜੀਵ ਬਗੈਰ ਇਕ ਦਿਨ ਨਹੀਂ ਜੀਅ ਸਕਾਂਗੇ। ਇਸ ਵਾਸਤੇ ਆਪਣਾ ਸਾਰਾ ਜੋਰ ਲਾ ਦੇਵੋ, ਤਾਕਿ ਜੀਵ ਨੂੰ ਤੁਹਾਥੋਂ ਕੋਈ ਨਾ ਲੈ ਜਾ ਸਕੇ। ਇਹ ਸੁਣ ਕੇ ਜੀਵ ਦੀ ਇਸਤਰੀ ਹਉਮੈ ਅਤੇ ਪੰਜਾਂ ਪੁੱਤਰਾਂ ਨੂੰ ਬੜਾ ਗੁੱਸਾ ਆਇਆ। ਆਖਣ ਲੱਗੇ, 'ਸਾਡੇ ਜੀਉਂਦਿਆਂ ਜੀਵ ਨੂੰ ਸਾਥੋਂ ਖੋਹ ਕੇ ਲੈ ਜਾਣ ਵਾਲਾ ਕੌਣ ਜੰਮਿਆ ਹੈ? ਅਸੀਂ ਗਿਆਨ ਤੇ ਉਸ ਦੇ ਸਾਥੀਆਂ ਨੂੰ ਜੀਵ ਦੇ ਨੇੜੇ ਨਹੀਂ ਆਉਣ ਦੇਣਾ।' ਪਰ ਉਸ ਮਾਯਾ ਨੇ ਉਤਰ ਦਿਤਾ, 'ਮੈਂ ਗਿਆਨ ਦੇ ਬਲ ਨੂੰ ਜਾਣਦੀ ਹਾਂ, ਉਸ ਨਾਲ ਮੁਕਾਬਲਾ ਕਰਨਾ ਕੋਈ ਖਾਲਾ ਜੀ ਦਾ ਘਰ ਨਹੀਂ, ਤੁਸੀਂ ਐਵੇਂ ਮਗਰੂਰੀ ਵਿਚ ਹੀ ਨਾ ਰਹਿ ਜਾਣਾ। ਤਿਆਰ ਹੋ ਜਾਵੋ ਤੇ ਜੀਵ ਨੂੰ ਹੁਣ ਤੋਂ ਆਪਣੇ ਵਸ ਵਿਚ ਰੱਖਣ ਦੀ ਕੋਸ਼ਿਸ਼ ਵਿਚ ਰੁਝ ਜਾਵੋ। ਗਿਆਨ ਤੇ ਉਸ ਦੇ ਸਾਥੀਆਂ ਨੂੰ ਜੀਵ ਦੇ ਕੋਲ ਹੀ ਨਾ ਆਉਣ ਦੇਣਾ।' ਇਹ ਕਹਿ ਕੇ ਮਾਇਆ ਨੇ ਆਪਣੀ ਸਾਰੀ ਨਗਰੀ ਵਿਚ ਹਨ੍ਹੇਰਾ ਹੀ ਹਨ੍ਹੇਰਾ ਕਰ ਦਿਤਾ, ਹੱਥ ਪਸਾਰਿਆ ਨਜ਼ਰ ਨਾ ਆਵੇ। ਜੀਵ ਦੇ ਆਲੇ-ਦਵਾਲੇ ਹਉਮੈ ਤੇ ਉਸ ਦੇ ਪੰਜਾਂ ਪੁਤਰਾਂ ਨੇ ਦਿਨ ਰਾਤ ਪਹਿਰਾ ਦੇਣਾ ਸ਼ੁਰੂ ਕਰ ਦਿਤਾ, ਸਭ ਨੇ ਆਪਣੀਆਂ ਡਿਊਟੀਆਂ ਵੰਡ ਲਈਆਂ, ਵਾਰੀ-ਵਾਰੀ ਜੀਵ ਦੇ ਕੋਲ ਸਭ ਰਹਿਣ ਲੱਗੇ। ਜੀਵ ਨੂੰ ਕਿਸੇ ਵੇਲੇ ਇਕੱਲਾ ਨਾ ਬਹਿਣ ਦਿੰਦੇ।

ਜਿਸ ਵੇਲੇ ਗਿਆਨ ਆਪਣੇ ਸਾਥੀਆਂ ਸਮੇਤ ਮਾਯਾ ਨਗਰੀ ਵਿਚ ਪਹੁੰਚਿਆ ਤਾਂ ਉਸ ਨੇ ਸਭ ਪਾਸੇ ਹਨ੍ਹੇਰਾ ਅਤੇ 'ਜੀਵ' ਦੇ ਦਵਾਲੇ ਪਹਿਰੇ ਲੱਗੇ ਦੇਖ ਕੇ, ਮਾਯਾ ਦੀ ਸਾਰੀ ਚਾਲ ਨੂੰ ਤਾੜ ਲੀਤਾ। ਕਿਉਂਕਿ ਗਿਆਨ ਤੇ ਉਸ ਦੇ ਸਾਥੀ, ਵਿਚਾਰ, ਮਿਹਰ, ਵੈਰਾਗ ਤੇ ਭਗਤੀ ਨੂੰ ਪਤਾ ਸੀ ਕਿ ਮਾਯਾ ਦੀ ਅਸਲੀਅਤ ਕੁਝ ਨਹੀਂ, ਐਵੇਂ ਬਾਹਰ ਦਾ ਦਿਖਾਵਾ ਅਤੇ ਸੱਖਣਾ ਰੋਅਬ ਦਾਬ ਹੈ, ਇਸ ਲਈ ਉਹ ਮਾਯਾ ਵਲੋਂ ਕੀਤੀਆਂ ਨਾਕਾਬੰਦੀਆਂ ਨੂੰ ਵੇਖ ਕੇ ਘਰਬਾਏ ਨਹੀਂ, ਸਗੋਂ ਬੈਠ ਕੇ ਸਾਰਿਆਂ ਨੇ ਸਲਾਹ ਕੀਤੀ ਕਿ ਮਾਯਾ, ਜਿਸ ਨੇ 'ਜੀਵ' ਨੂੰ ਪਹਿਲੇ ਮਹਾਰਾਜੇ ਦੇ ਨਿਜ ਘਰ ਤੋਂ ਵਰਗਲਾ ਕੇ



ਲਿਆਂਦਾ ਏ ਅਤੇ ਹੁਣ ਆਪਣੇ ਫਰੇਬ ਵਿਚ ਕੈਦ ਕੀਤਾ ਹੋਇਆ ਹੈ, ਉਸ ਤੋਂ ਜੀਵ ਨੂੰ ਚੁਰਾਇਆ ਨਾ ਜਾਵੇ ਸਗੋਂ ਜੀਵ ਨੂੰ ਮਾਯਾ ਦੀ ਅਸਲੀਅਤ ਸਮਝਾ ਕੇ ਐਸਾ ਬਲਵਾਨ ਕੀਤਾ ਜਾਵੇ ਕਿ ਉਹ ਖੁਦ ਮਾਯਾ ਨਾਲ ਮੁਕਾਬਲਾ ਕਰ ਕੇ ਉਸ ਨੂੰ ਜਿਤੇ। ਇਹ ਸਲਾਹ ਕਰ ਕੇ ਸਭ ਨੇ ਸੂਖਸ਼ਮ ਰੂਪ ਧਾਰ ਲਏ, ਹਵਾ ਵਿਚ ਹਵਾ ਹੋ ਗਏ, ਕਿਸੇ ਨੂੰ ਨਹੀਂ ਸਨ ਦਿਸਦੇ ਅਤੇ ਲੱਗੇ ਜੀਵ ਦੇ ਆਲੇ ਦਵਾਲੇ ਤੇ ਉਸ ਦੇ ਦਿਲ ਵਿਚ ਰਹਿਣ। ਇਹਨਾਂ ਨੇ ਇਕ ਚਲਾਕੀ ਇਹ ਖੇਡੀ ਕਿ ਜਦ ਮਾਯਾ ਮਹਾਰਾਜ ਦੇ ਦਰਬਾਰ ਵਿਚ ਹਾਜ਼ਰ ਹੁੰਦੀ ਤਾਂ ਉਸ ਤੋਂ ਪਹਿਲਾਂ ਹੀ ਸਾਰੇ ਦੇ ਸਾਰੇ ਉਥੇ ਜਾ ਕੇ ਆਪਣੀਆਂ ਥਾਵਾਂ ਤੇ ਬੈਠ ਜਾਂਦੇ ਅਤੇ ਜਦ ਮਾਯਾ ਦਰਬਾਰ ਛੱਡਦੀ ਉਸ ਤੋਂ ਕੁਝ ਚਿਰ ਮਗਰੋਂ ਉਥੋਂ ਉਡ ਕੇ ਜੀਵ ਦੇ ਪਾਸ ਆ ਜਾਂਦੇ।

ਮਾਯਾ ਨੇ ਹਉਮੈ ਤੇ ਉਸ ਦੇ ਪੁੱਤਰਾਂ ਦੀ ਮਦਦ ਨਾਲ ਜੀਵ ਨੂੰ ਇਹ ਸਮਝਾਣਾ ਸ਼ੁਰੂ ਕੀਤਾ ਕਿ ਮਹਾਰਾਜ ਜਿਸ ਪਾਸ ਤੂੰ ਸਾਥੋਂ ਆਜ਼ਾਦ ਹੋਣ ਲਈ ਅਰਦਾਸਾਂ ਕਰਨ ਲਗ ਪਿਆ ਏਂ, ਉਹ ਤੇ ਹੈ ਹੀ ਨਹੀਂ। ਜੋ ਆਪ ਹੈ ਨਹੀਂ ਉਹ ਤੇਰੀ ਸਹਾਇਤਾ ਕਿਸ ਤਰ੍ਹਾਂ ਕਰ ਸਕਦਾ ਹੈ? ਜੀਵ ਨੂੰ ਜਦ ਰੋਜ਼ ਇਹੋ ਗੱਲ ਆਖੀ ਜਾਂਦੀ, ਤਾਂ ਉਹ ਸੁਣ ਸੁਣ ਕੇ ਬੜਾ ਨਿਰਾਸ ਹੁੰਦਾ ਅਤੇ ਜਦ ਉਸ ਨੂੰ ਹਉਮੈਂ ਸਮਾਂ ਤਾੜ ਕੇ ਆਖੇ ਕਿ ਜੇ ਮਹਾਰਾਜ ਹੁੰਦਾ ਤਾਂ ਤੇਰੀ ਸਹਾਇਤਾ ਨਾ ਕਰਦਾ? ਦੇਖ ਤੂੰ ਅਜੇ ਤਕ ਸਾਡੇ ਕਬਜ਼ੇ ਵਿਚ ਹੈਂ ਅਤੇ ਨਾ ਅਜੇ ਤਕ ਤੈਨੂੰ ਕੋਈ ਸਾਥੋਂ ਆਜ਼ਾਦ ਕਰਾ ਸਕਿਆ ਹੈ, ਨਾ ਹੀ ਕਰਾ ਸਕਦਾ ਹੈ, ਸਾਥੋਂ ਵੱਧ ਬਲੀ ਨਾ ਜੰਮਿਆ ਹੈ, ਨਾ ਜੰਮ ਸਕਦਾ ਹੈ। ਇਸ ਲਈ ਤੇਰੀਆਂ ਅਰਦਾਸਾਂ ਕਰਨੀਆਂ ਬਿਲਕੁਲ ਫ਼ਜ਼ੂਲ ਹਨ। ਐਵੇ ਆਪਣਾ ਸਮਾਂ ਅਜਾਈਂ ਨਾ ਗਵਾਇਆ ਕਰ ਅਤੇ ਆਪਣੀ ਇਸਤ੍ਰੀ, ਪੁੱਤਰਾਂ, ਧੀਆਂ, ਆਪਣੇ ਬਾਗ-ਪਰਿਵਾਰ ਵਿਚ ਦਿਲ ਲਗਾਇਆ ਕਰ। ਅਸੀਂ ਹੁਣ ਤੈਨੂੰ ਕੋਈ ਤਕਲੀਫ ਨਹੀਂ ਹੋਣ ਦੇਵਾਂਗੇ। ਤੇਰਾ ਦਿਲ ਨਿਤ ਨਵੇਂ ਤਰੀਕਿਆਂ ਵਿਚ ਖੁਸ਼ ਕਰਨ ਦੀ ਕੋਸ਼ਿਸ਼ ਕਰਾਂਗੇ। ਇਹ ਆਖ ਕੇ ਹਉਮੈਂ ਜੀਵ ਦੇ ਗਲ ਵਿਚ ਆਪਣੀਆਂ ਨਾਜ਼ੁਕ ਤੇ ਪਤਲੀਆਂ ਬਾਹਵਾਂ ਪਾ ਕੇ ਰੋਣ ਲਗ ਜਾਂਦੀ ਅਤੇ ਆਖਦੀ ਕਿ ਮੇਰੀ ਤੇ ਦੁਨੀਆਂ ਹੀ ਤੇਰੇ ਦਮ ਦੇ ਨਾਲ ਹੈ। ਜੇ ਤੂੰ ਮੈਥੋਂ ਵਿਛੜ ਕੇ ਕਿਤੇ ਚਲਾ ਗਿਆ, ਤਾਂ ਮੈਂ ਉਸੇ ਵੇਲੇ ਜ਼ਹਿਰ ਖਾ ਕੇ ਮਰ ਜਾਵਾਂਗੀ। ਜਦ ਮੈਂ ਮਰ ਗਈ, ਤੇਰਾ ਘਰ ਸਾਰੇ ਦਾ ਸਾਰਾ ਵੀਰਾਨ ਹੋ ਜਾਵੇਗਾ। ਜਿਸ ਬਾਗ-ਪਰਿਵਾਰ ਨੂੰ ਤੂੰ ਇਤਨੀਆਂ ਮਿਹਨਤਾਂ ਮੁਸ਼ਕਤਾਂ ਨਾਲ ਹਰਿਆ

ਭਰਿਆ ਕੀਤਾ ਹੈ, ਉਹ ਮੇਰੇ ਬਾਝੋਂ ਮੁਰਝਾ ਕੇ ਸੁੱਕਾ ਹੋ ਜਾਵੇਗਾ। ਕੀ ਤੂੰ ਆਪਣੇ ਸਭ ਕੁਝ ਦੀ ਇਸ ਤਰ੍ਹਾਂ ਦੀ ਬਰਬਾਦੀ ਦੇਖਣੀ ਚਾਹੁੰਦਾ ਹੈਂ? ਕੀ ਤੂੰ ਇਹ ਆਪਣਾ ਸਭ ਕੁਝ ਛੱਡ ਕੇ ਸਾਥੋਂ ਅਲਹਿਦਾ ਹੋ ਕੇ ਰਹਿਣ ਲਈ ਪ੍ਰਾਰਥਨਾ ਸ਼ੁਰੂ ਕਰ ਦਿਤੀ ਹੈ? ਜਿਥੇ ਤੇਰੇ ਨਾਲ ਅਸੀਂ ਨਾ ਹੋਵਾਂਗੇ, ਉਥੇ ਤੂੰ ਕਿਵੇਂ ਖੁਸ਼ ਰਹਿ ਸਕੇਂਗਾ?

ਜੀਵ ਨੇ ਹਉਮੈਂ ਨੂੰ ਆਪਣੇ ਨਾਲ ਇਸ ਤਰ੍ਹਾਂ ਦੀਆਂ ਪ੍ਰੇਮ ਭਰੀਆਂ ਗੱਲਾਂ ਕਰਦਿਆ ਦੇਖ ਕੇ ਆਖਿਆ ਕਿ, ਮੈਂ ਤੈਨੂੰ ਤੇ ਆਪਣੇ ਪਰਿਵਾਰ ਨੂੰ ਕਦੀ ਛੱਡਣਾ ਨਹੀਂ ਚਾਹੁੰਦਾ, ਦੁਖੀ ਹੋ ਕੇ ਸੁਤੇ ਸਿਧ ਹੀ ਦਿਲੋਂ ਪ੍ਰਾਰਥਨਾ ਨਿਕਲ ਜਾਂਦੀ ਹੈ। ਪਰ ਜੇ ਤੂੰ ਨਾਰਾਜ਼ ਹੁੰਦੀ ਹੈਂ ਕਿ ਪ੍ਰਾਰਥਨਾ ਨਾ ਕਰਾਂ, ਤਾਂ ਅੱਗੇ ਨੂੰ ਨਹੀਂ ਕਰਾਂਗਾ। ਮੇਰਾ ਤਾਂ ਆਪ ਤੁਹਾਨੂੰ ਸਾਰਿਆਂ ਨੂੰ ਛੱਡਣ ਤੇ ਦਿਲ ਨਹੀਂ ਕਰਦਾ, ਮੈਂ ਇਤਨੇ ਚਿਰ ਤੋਂ ਤੁਹਾਡੇ ਨਾਲ ਰਹਿੰਦਾ ਆ ਰਿਹਾ ਹਾਂ ਕਿ ਹੁਣ ਮੈਨੂੰ ਯਾਦ ਹੀ ਨਹੀਂ ਆਉਂਦਾ ਕਿ ਤੁਹਾਡੇ ਤੋਂ ਪਹਿਲੇ ਕਿਥੇ ਹੁੰਦਾ ਸੀ ਤੇ ਕਦੋਂ ਤੇ ਕਿਸ ਕਰਕੇ ਤੁਹਾਡੇ ਨਾਲ ਆਣ ਰਲਿਆ। ਮੈਨੂੰ ਤਾਂ ਹੁਣ ਇਜ ਜਾਪਦਾ ਹੈ ਕਿ ਤੁਸੀਂ ਹੀ ਸਭ ਕੁਝ ਹੋ ਅਤੇ ਤੁਹਾਡੇ ਤੋਂ ਬਗੈਰ ਹੋਰ ਕੁਝ ਵੀ ਨਹੀਂ।

ਇਸ ਤੋਂ ਮਗਰੋਂ ਕੁਝ ਚਿਰ ਤਾਂ ਹਉਮੈਂ ਅਤੇ ਉਸ ਦੇ ਪੁਤਰਾਂ ਲੋਭ, ਮੋਹ, ਹੰਕਾਰ ਆਦਿ ਨੇ ਜੀਵ ਨੂੰ ਖੁਸ਼ ਰੱਖਣ ਦਾ ਬੜਾ ਖ਼ਿਆਲ ਰੱਖਿਆ ਅਤੇ ਤਾੜਦੇ ਰਹੇ ਕਿ ਕਿਸੇ ਪਾਸਿਉਂ ਕਿਸੇ ਵੇਲੇ ਗਿਆਨ ਅਤੇ ਉਸ ਦੇ ਸਾਥੀ ਜੀਵ ਨੂੰ ਆ ਕੇ ਨਾ ਮਿਲਣ। ਪਰ ਜਦ ਉਹਨਾਂ ਨੇ ਗਿਆਨ ਅਤੇ ਉਸ ਦੇ ਸਾਥੀਆਂ ਦਾ ਕਿਤੇ ਕੋਈ ਪਤਾ ਨਿਸ਼ਾਨ ਨਾ ਦੇਖਿਆ ਤਾਂ ਮਾਯਾ ਨੂੰ ਮਿਲ ਕੇ ਇਕ ਦਿਨ ਆਖਣ ਲੱਗੇ ਕਿ ਗਿਆਨ ਅਤੇ ਉਸ ਦੇ ਸਾਥੀ ਮਾਯਾ ਨਗਰੀ ਦੇ ਕਿਸੇ ਹਿੱਸੇ ਵਿਚ ਨਜ਼ਰ ਨਹੀਂ ਆਉਂਦੇ, ਸਾਡੇ ਖ਼ਿਆਲ ਵਿਚ ਉਹ ਸਾਥੋਂ ਡਰਦੇ ਵਾਪਸ ਮੁੜ ਗਏ ਹਨ! ਮਾਯਾ ਨੇ ਉਹਨਾਂ ਦੀ ਇਹ ਗੱਲ ਗੋਰ ਨਾਲ ਸੁਣੀ ਅਤੇ ਆਖਣ ਲੱਗੀ ਕਿ ਮੈਂ ਉਹਨਾਂ ਨੂੰ ਜਦ ਵੀ ਮਹਾਰਾਜ ਦੇ ਦਰਬਾਰ ਵਿਚ ਜਾਂਦੀ ਹਾਂ ਮੌਜੂਦ ਦੇਖਦੀ ਹਾਂ ਅਤੇ ਉਥੇ ਹੀ ਛੱਡ ਆਉਂਦੀ ਹਾਂ। ਸ਼ਾਇਦ ਤੁਸੀਂ ਠੀਕ ਆਖਦੇ ਹੋਵੋ, ਉਹ ਸਾਡੇ ਬਲ ਨੂੰ ਦੇਖ ਕੇ ਮੁੜ ਮਹਾਰਾਜ ਦੇ ਦਰਬਾਰ ਵਿਚ ਹੀ ਰਹਿਣ ਲਗ ਪਏ ਹੋਣ। ਮਾਯਾ ਦਾ ਇਹ ਜਵਾਬ ਸੁਣ ਕੇ ਜੀਵ ਦੀ ਇਸਤ੍ਰੀ ਤੇ ਬੱਚੇ ਬੜੇ ਖੁਸ਼ ਹੋਏ ਅਤੇ ਗਿਆਨ ਤੇ ਉਸ ਦੇ ਸਾਥੀਆਂ ਨੂੰ ਮਾਯਾ ਨਗਰੀ ਤੋਂ ਬੜੇ ਖੁਸ਼ ਹੋਏ ਸਮਝ ਕੇ, ਲੱਗੇ ਮੁੜ ਜੀਵ ਨਾਲ ਪਹਿਲੇ ਵਰਗੀ



ਬੇ-ਪਰਵਾਹੀ ਤੇ ਭੈੜਾ ਸਲੂਕ ਕਰਨ।

ਜਦ ਜੀਵ ਟੱਬਰ ਤੋਂ ਤੰਗ ਆ ਜਾਂਦਾ ਤਾਂ ਆਪਣੇ ਮਕਾਨ ਦੇ ਪਿਛਲੇ ਪਾਸੇ ਬਗੀਚੇ ਵਿਚ ਚੁੱਪ ਕਰ ਕੇ ਜਾ ਬੈਠਦਾ ਅਤੇ ਕਿੰਨਾ ਕਿੰਨਾ ਚਿਰ ਉਥੇ ਇਕਾਂਤ ਵਿਚ ਗੁਜ਼ਾਰ ਦਿੰਦਾ। ਇਕ ਵਾਰੀ ਜੀਵ ਆਪਣੇ ਪੋਤਰੇ ਪੋਤਰੀਆਂ ਨੂੰ ਕਹਾਣੀਆਂ ਸੁਣਾਂਦਾ ਤੇ ਖਿਡਾਂਦਾ ਉਸ ਬਗੀਚੇ ਵਿਚ ਆ ਬੈਠਾ। ਬੱਚੇ ਵੀ ਉਸ ਦੇ ਨਾਲ ਆ ਗਏ। ਪਰ ਜਦ ਜੀਵ ਚੁੱਪ ਚਾਪ ਕਰ ਕੇ ਬਗੀਚੇ ਵਿਚ ਬੈਠ ਗਿਆ ਤਾਂ ਉਸ ਦੇ ਮੋਢਿਆਂ ਤੇ ਚੜ੍ਹ ਕੇ ਅਤੇ ਅੱਡੀਆਂ ਮਾਰ ਮਾਰ ਆਖਣ ਲੱਗੇ ਕਿ ਬਾਬਾ ਅੱਗੋਂ ਕਹਾਣੀ ਸੁਣਾ, ਚੁੱਪ ਕਿਉਂ ਹੋ ਗਿਆ ਹੈਂ? ਜੀਵ ਦਾ ਜੀਅ ਕਰਦਾ ਕਿ ਉਹ ਚੁੱਪ ਚਾਪ ਬੈਠਾ ਰਹੇ ਪਰ ਉਹ ਬੱਚੇ ਉਸ ਨੂੰ ਚੁੱਪ ਨਾ ਬੈਠਣ ਦੇਣ। ਇੰਨੇ ਵਿਚ ਹਉਮੈਂ ਨੇ ਮਕਾਨ ਵਿਚੋਂ ਬੱਚਿਆਂ ਨੂੰ ਆਵਾਜ਼ ਮਾਰੀ ਤੇ ਆਖਿਆ ਕਿ ਆ ਕੇ ਚਾਹ ਪੀ ਜਾਵੋ, ਚਾਹ ਪੀਣ ਦਾ ਵਕਤ ਹੋ ਗਿਆ ਹੈ। ਇਹ ਗੱਲ ਸੁਣ ਕੇ ਸਭ ਬੱਚੇ ਮਕਾਨ ਵਲ ਚਾਹ ਪੀਣ ਦੌੜ ਗਏ, ਪਰ ਜੀਵ ਚੁੱਪ ਕਰ ਕੇ ਬਗੀਚੇ ਵਿਚ ਬੈਂਚ ਤੇ ਬੈਠਾ ਫੁੱਲਾਂ ਵਲ ਤਕਦਾ ਰਿਹਾ। ਕੁਝ ਚਿਰ ਮਗਰੋਂ ਜੀਵ ਨੇ ਆਪਣੇ ਅੰਦਰੋਂ ਇਹ ਆਵਾਜ਼ ਆਉਂਦੀ ਸੁਣੀ। ਜੀਵ ਬੜਾ ਹੈਰਾਨ ਹੋਇਆ ਕਿ ਮੇਰੇ ਅੰਦਰੋਂ ਇਹ ਆਵਾਜ਼ ਕਿਸ ਦੀ ਆ ਰਹੀ ਹੈ? ਤਾਹੀਏਂ ਉਸ ਆਵਾਜ਼ ਨੇ ਜ਼ਰਾ ਹੋਰ ਸਾਫ ਅੱਖਰਾਂ ਵਿਚ ਆਖਿਆ, ਜੀਵ! ਮੈਂ 'ਵਿਚਾਰ' ਹਾਂ ਅਤੇ ਮੇਰੇ ਨਾਲ ਵੈਰਾਗ, ਭਗਤੀ ਤੇ ਗਿਆਨ ਹਨ। ਤੈਨੂੰ ਤੇਰੀ ਇਸ ਤਰਸਯੋਗ ਹਾਲਤ ਵਿਚੋਂ ਕੱਢਣ ਆਏ ਹਾਂ। ਤੂੰ ਤਕੜਾ ਹੋ, ਘਬਰਾ ਨਾ, ਜਿਵੇਂ ਜਿਵੇਂ ਅਸੀਂ ਤੈਨੂੰ ਆਖੀਏ, ਉਵੇਂ ਉਵੇਂ ਕਰਦਾ ਜਾਈਂ। ਅਸੀਂ ਇਕ ਦਿਨ ਤੈਨੂੰ ਮਾਯਾ ਦੇ ਜਾਲ ਵਿਚੋਂ ਕੱਢ ਕੇ ਤੇਰੇ ਪਿਤਾ ਮਹਾਰਾਜ ਪਾਸ ਲੈ ਜਾਣਾ ਹੈ।

ਜੀਵ ਨੇ ਅੱਗੋਂ ਜਵਾਬ ਦਿਤਾ - ਮੈਨੂੰ ਤਾਂ ਪਤਾ ਹੀ ਨਹੀਂ ਕਿ ਮੇਰਾ ਪਿਤਾ ਵੀ ਕੋਈ ਹੈ। ਪਰ ਜੇ ਤੁਸੀਂ ਆਖਦੇ ਹੋ ਕਿ ਮਹਾਰਾਜ ਮੇਰਾ ਪਿਤਾ ਹੈ ਅਤੇ ਤੁਸੀਂ ਮੈਨੂੰ ਉਸ ਪਾਸ ਲੈ ਜਾਣ ਲਈ ਆਏ ਹੋ, ਤਾਂ ਮੈਨੂੰ ਇਹ ਤੇ ਦੱਸੋ ਕਿ ਇਹ ਮੇਰਾ ਪਿਤਾ 'ਮਹਾਰਾਜ' ਹੈ ਕੌਣ?'

ਗਿਆਨ ਨੇ ਅੱਗੋਂ ਜਵਾਬ ਦਿਤਾ, "ਜੀਵ! ਇਹ ਤੇਰਾ ਪਿਤਾ ਮਹਾਰਾਜ, ਸਭ ਬ੍ਰਹਿਮੰਡਾਂ ਦਾ ਸਵਾਮੀ ਤੇ ਸਰਬ ਸ਼ਕਤੀਆਂ ਦਾ ਮਾਲਕ ਹੈ। ਇਹ ਮਾਇਆ ਤੈਨੂੰ ਤੇਰੇ ਪਿਤਾ ਦੇ 'ਨਿਜ ਘਰ' ਨਾਮੀ ਖਾਸ ਕਮਰੇ ਵਿਚੋਂ ਛਲ ਕੇ ਲੈ ਆਈ ਸੀ। ਤੈਨੂੰ ਇਹ ਸਭ ਕੁਝ ਭੁੱਲ

ਗਿਆ ਹੈ, ਅਸੀਂ ਤੈਨੂੰ ਮੁੜ ਤੇਰੇ ਪਿਤਾ ਪਾਸ ਲੈ ਜਾਵਾਂਗੇ। ਸਾਡਾ ਇਤਬਾਰ ਕਰ ਤੇ ਜਿਵੇਂ ਅਸੀਂ ਆਖੀਏ ਉਵੇਂ ਹੀ ਕਰ।"

ਜੀਵ ਨੇ ਗਿਆਨ ਨੂੰ ਆਖਿਆ - "ਗਿਆਨ! ਮੈਂ ਕਿਵੇਂ ਮੰਨਾਂ ਕਿ ਤੂੰ ਸੱਚ ਕਹਿੰਦਾ ਹੈਂ, ਮੈਨੂੰ ਤਾਂ ਕੁਝ ਯਾਦ ਹੀ ਨਹੀਂ। ਤੇਰੀ ਗੱਲ ਤੇ ਕਿਵੇਂ ਯਕੀਨ ਕਰਾਂ?"

ਤਦ ਵਿਚਾਰ ਬੋਲੀ - "ਜੀਵ! ਤੈਨੂੰ ਹੋਰ ਕੁਝ ਯਾਦ ਨਹੀਂ ਤਾਂ ਇਹ ਤਾਂ ਯਾਦ ਹੈ ਕਿ ਤੂੰ ਕਿਸੇ ਵੇਲੇ ਆਪਣੇ ਪਰਿਵਾਰ ਤੋਂ ਤੰਗ ਆ ਕੇ ਇਹ ਪ੍ਰਾਰਥਨਾ ਕਰਦਾ ਹੁੰਦਾ ਸੀ -

*ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ॥*
*ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ॥ ਅੰਕ - 261*

ਇਹ ਤੇਰੀ ਅਰਦਾਸ ਮਹਾਰਾਜ ਤਕ ਪਹੁੰਚਦੀ ਰਹੀ ਹੈ ਅਤੇ ਉਹਨਾਂ ਦੇ ਹੁਕਮ ਨਾਲ ਹੀ ਅਸੀਂ ਤੈਨੂੰ ਛੁਡਾਣ ਆਏ ਹਾਂ।

ਜੀਵ ਨੇ ਜਵਾਬ ਦਿਤਾ - ਪਰ ਮੈਨੂੰ ਤਾਂ ਮਾਯਾ ਨੇ ਆਖਿਆ ਕਿ ਮਹਾਰਾਜ ਹੈਨ ਹੀ ਨਹੀਂ ਅਤੇ ਜੋ ਚੀਜ਼ ਆਪ ਹੈ ਹੀ ਨਹੀਂ, ਉਹ ਮੇਰੀ ਅਰਦਾਸ ਕਿਸ ਤਰ੍ਹਾਂ ਸੁਣ ਸਕਦੀ ਹੈ? ਅਤੇ ਮੇਰੀ ਸਹਾਇਤਾ ਕਿਵੇਂ ਕਰ ਸਕਦੀ ਹੈ?

ਵਿਚਾਰ - ਐ ਜੀਵ! ਤੂੰ ਜ਼ਰਾ ਸੋਚ ਕਿ ਜੇਕਰ ਮਹਾਰਾਜ ਨਾ ਹੁੰਦੇ ਤਾਂ ਤੇਰੀ ਅਰਦਾਸ ਕਿਵੇਂ ਸੁਣਦੇ ਅਤੇ ਸਾਨੂੰ ਤੇਰੇ ਪਾਸ ਕਿਵੇਂ ਭੇਜਦੇ? ਸਾਡਾ, ਮਾਯਾ ਦੇ ਲਗਾਏ ਪਹਿਰਿਆਂ ਨੂੰ ਚੀਰ ਕੇ ਤੇਰੇ ਪਾਸ ਆ ਜਾਣਾ ਕੀ ਸਿੱਧ ਨਹੀਂ ਕਰਦਾ ਕਿ ਤੇਰੀ ਅਰਦਾਸ ਕਿਸੇ ਨੇ ਜ਼ਰੂਰ ਸੁਣੀ ਹੈ ਅਤੇ ਉਸ ਨੇ ਸਾਨੂੰ ਤੇਰੇ ਪਾਸ ਤੇਰੀ ਮਦਦ ਵਾਸਤੇ ਤੇ ਤੈਨੂੰ ਮਾਯਾ ਦੀ ਕੈਦ ਵਿਚੋਂ ਕੱਢਣ ਲਈ ਭੇਜਿਆ ਹੈ? ਉਹ ਜਿਸ ਨੇ ਤੇਰੀ ਪ੍ਰਾਰਥਨਾ ਸੁਣੀ ਹੈ, ਉਹ ਤੇਰਾ ਪਿਤਾ ਮਹਾਰਾਜ ਹੈ। ਜੇਕਰ ਮਾਯਾ ਸੱਚੀ ਹੁੰਦੀ, ਤਾਂ ਤੇਰੀ ਪ੍ਰਾਰਥਨਾ ਦਾ ਕੋਈ ਫਲ ਨਹੀਂ ਸੀ ਨਿਕਲਣਾ ਚਾਹੀਦਾ, ਪਰ ਹੁਣ ਤੇਰੀ ਪ੍ਰਾਰਥਨਾ ਕਰ ਕੇ ਅਸੀਂ ਤੇਰੀ ਸਹਾਇਤਾ ਲਈ ਤੇਰੇ ਪਾਸ ਆਣ ਪੁੱਜੇ ਹਾਂ। ਕੀ ਇਸ ਤੋਂ ਸਾਬਤ ਨਹੀਂ ਹੁੰਦਾ ਕਿ ਮਾਯਾ ਝੂਠੀ ਹੈ ਅਤੇ ਆਪਣੇ ਪੰਜੇ ਵਿਚ ਸਦਾ ਫਸਾਈ ਰੱਖਣ ਦੇ ਖ਼ਿਆਲ ਨਾਲ ਤੈਨੂੰ ਆਪਣੇ ਪਿਤਾ ਦੀ ਹਸਤੀ ਤੋਂ ਮੁਨਕਰ ਕਰਾਣਾ ਚਾਹੁੰਦੀ ਹੈ।

ਜੀਵ-ਮੈਂ ਮਾਯਾ ਤੋਂ ਤੰਗ ਆ ਕੇ ਪ੍ਰਾਰਥਨਾ ਤੇ ਜ਼ਰੂਰ ਕਰਦਾ ਰਿਹਾ ਹਾਂ ਪਰ ਇਹ ਸੁਣ ਕੇ ਬੜਾ ਅਸਚਰਜ ਹਾਂ ਕਿ ਮੇਰੀ ਪ੍ਰਾਰਥਨਾ



ਮੇਰੇ ਪਿਤਾ ਕੋਲ ਪਹੁੰਚਦੀ ਰਹੀ ਹੈ ਅਤੇ ਉਸ ਨੇ ਤੁਹਾਨੂੰ ਮੇਰੀ ਸਹਾਇਤਾ ਲਈ ਭੇਜਿਆ ਹੈ? ਇਸ ਤੋਂ ਤਾਂ ਸਿੱਧ ਹੋਇਆ ਕਿ ਮੇਰਾ ਪਿਤਾ ਹੈ ਅਤੇ ਉਹ ਮੇਰੀ ਪ੍ਰਾਰਥਨਾ ਨੂੰ ਸੁਣ ਸਕਦਾ ਹੈ। ਐ ਵਿਚਾਰ! ਮੈਂ ਤੇਰਾ ਧੰਨਵਾਦੀ ਹਾਂ।

ਇੰਨੇ ਚਿਰ ਨੂੰ ਜੀਵ ਦੇ ਪਰਿਵਾਰ ਦੇ ਬੱਚੇ ਚਾਹ ਪੀ ਕੇ ਮੁੜ ਬਾਗ ਵਲ ਖੇਡਣ ਆ ਰਹੇ ਸਨ। ਵਿਚਾਰ ਨੇ ਜੀਵ ਨੂੰ ਆਖਿਆ ਕਿ ਮੈਂ ਤੇ ਮੇਰੇ ਸਾਥੀ ਹੁਣ ਅਲੋਪ ਹੋ ਕੇ ਤੇਰੇ ਨਜ਼ਦੀਕ ਹੀ ਰਹਾਂਗੇ। ਜਦੋਂ ਤੈਨੂੰ ਲੋੜ ਲਈ ਤੂੰ ਇਸ ਬਾਗ ਵਿਚ ਜਾਂ ਹੋਰ ਕਿਸੇ ਇਕਾਂਤ ਜਗ੍ਹਾ ਤੇ ਸਾਨੂੰ ਯਾਦ ਕਰੀਂ, ਅਸੀਂ ਫਿਰ ਤੇਰੇ ਕੋਲ ਆ ਜਾਵਾਂਗੇ। ਹੁਣ ਤੂੰ ਇਹ ਗੱਲ ਸੱਤ ਕਰਕੇ ਮੰਨ ਕਿ ਤੇਰਾ ਇਕ ਪਿਤਾ ਹੈ, ਜੋ ਤਰੈਲੋਕੀ ਦਾ ਨਾਥ ਤੇ ਸਰਬਸ਼ਕਤੀਮਾਨ ਹੈ। ਉਹ ਮਾਯਾ ਤੋਂ ਬੇਅੰਤ ਗੁਣਾ ਵੱਡਾ ਹੈ। ਮਾਯਾ ਉਸ ਦੀ ਦਾਸੀ ਹੈ। ਜਦ ਮਾਯਾ ਹੀ ਉਸਦੀ ਦਾਸੀ ਹੈ ਤਾਂ ਫਿਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਉਸ ਦੇ ਸਾਂਮ੍ਹਣੇ ਕੀ ਹਸਤੀ ਹੋ ਸਕਦੀ ਹੈ?

## ੩.

ਜੀਵ ਹੁਣ ਭਾਵੇਂ ਆਪਣੇ ਪਰਿਵਾਰ ਵਿਚ ਰਹਿੰਦਾ ਸੀ ਪਰ ਪਹਿਲੇ ਵਾਂਗ ਆਪਣੇ ਆਪ ਨੂੰ ਇਕੱਲਿਆਂ ਤੇ ਨਿਆਸਰਾ ਨਹੀਂ ਸੀ ਸਮਝਦਾ। ਉਸ ਨੂੰ ਤਸੱਲੀ ਸੀ ਕਿ ਉਸ ਦਾ ਪਿਤਾ ਸਰਬਸ਼ਕਤੀਮਾਨ ਹੈ ਅਤੇ ਉਸ ਨੇ ਪੁੱਤਰ ਦੀ ਅਰਦਾਸ ਸੁਣ ਕੇ ਗਿਆਨ, ਵਿਚਾਰ, ਵੈਰਾਗ ਆਦਿ ਨੂੰ ਉਸ ਦੀ ਸਹਾਇਤਾ ਲਈ ਭੇਜਿਆ ਹੈ।

ਪਹਿਲੇ ਪਹਿਲ ਜਦ ਹਉਮੈਂ ਅਤੇ ਜੀਵ ਦੇ ਪੁੱਤਰ ਮੋਹ, ਕਰੋਧ, ਹੰਕਾਰ ਆਦਿ ਨੂੰ ਪਤਾ ਲੱਗਾ ਕਿ ਜੀਵ ਦੇ ਖਿਆਲਾਂ ਵਿਚ ਫ਼ਰਕ ਆ ਗਿਆ ਹੈ ਤਾਂ ਇਕ ਦੋ ਵਾਰੀ ਸਾਰੇ ਰਲ ਕੇ ਜੀਵ ਨੂੰ ਲਗੇ ਦਾਬੇ ਦੇਣ ਤੇ ਡਰਾਉਣ। ਪਰ ਜੀਵ ਜਦ ਚਾਹੁੰਦਾ, ਇਕਾਂਤ ਵਿਚ ਜਾ ਕੇ ਵਿਚਾਰ, ਗਿਆਨ ਆਦਿ ਆਪਣੇ ਮਿੱਤਰਾਂ ਨੂੰ ਬੁਲਾ ਲੈਂਦਾ ਅਤੇ ਉਨ੍ਹਾਂ ਦੀ ਸਲਾਹ ਅਨੁਸਾਰ ਕੰਮ ਕਰਦਾ। ਮਿੱਤਰਾਂ ਨੇ ਜੀਵ ਨੂੰ ਸਮਝਾ ਦਿਤਾ ਸੀ ਕਿ ਹਉਮੈਂ, ਕ੍ਰੋਧ, ਮੋਹ, ਹੰਕਾਰ ਆਦਿ ਸਭ ਦਾ ਇਹ ਸੁਭਾਵ ਹੈ ਕਿ ਜਦ ਤਕ ਜੀਵ ਆਪਣੇ ਆਪ ਨੂੰ ਇਹਨਾਂ ਤੋਂ ਕਮਜ਼ੋਰ ਸਮਝਦਾ ਰਹੇਗਾ ਤਦ ਤਕ ਇਹ ਉਸ ਨੂੰ ਖੂਬ ਡਰਾਂਦੇ ਰਹਿਣਗੇ ਤੇ ਆਪਣੀਆਂ ਮੰਗਾਂ ਵਧਾ ਵਧਾ ਕੇ ਪੇਸ਼ ਕਰਦੇ ਰਹਿਣਗੇ, ਪਰ ਜਦ ਜੀਵ ਆਪਣੇ ਆਪ ਨੂੰ ਇਨ੍ਹਾਂ ਤੋਂ ਵੱਡਾ ਤੇ ਤਾਕਤਵਰ

ਸਮਝੇਗਾ ਅਤੇ ਇਹਨਾਂ ਦੀ ਈਨ ਮੰਨਣ ਵਾਸਤੇ ਤਿਆਰ ਨਹੀਂ ਹੋਵੇਗਾ, ਤਾਂ ਇਹ ਕੁਝ ਚਿਰ ਸਖਣੇ ਰੋਅਬ ਦਿਖਾ ਕੇ, ਆਪੇ ਹੀ ਜੀਵ ਦੇ ਅਧੀਨ ਹੋ ਜਾਣਗੇ, ਤੇ ਉਸ ਦੇ ਇਸ਼ਾਰੇ ਵਿਚ ਕੰਮ ਕਰਨਗੇ। ਇਸ ਲਈ ਜਦ ਪਹਿਲੇ ਪਹਿਲ ਹਉਮੈਂ ਤੇ ਉਸ ਦੇ ਪੁੱਤਰਾਂ ਮੋਹ, ਕ੍ਰੋਧ, ਹੰਕਾਰ, ਲੋਭ ਆਦਿ ਨੇ ਜੀਵ ਨੂੰ ਦਬਾਣਾ ਚਾਹਿਆ ਤਾਂ ਜੀਵ ਨੇ ਉਨ੍ਹਾਂ ਤੋਂ ਅੱਗੋ ਨੂੰ ਦਬ ਕੇ ਰਹਿਣ ਤੋਂ ਇਨਕਾਰ ਕਰ ਦਿਤਾ ਅਤੇ ਤਕੜੇ ਹੋ ਕੇ ਆਖਿਆ ਕਿ ਉਹ ਉਹਨਾਂ ਸਭ ਦਾ ਪਿਤਾ ਹੈ, ਘਰ ਦਾ ਵੱਡਾ ਹੈ, ਛੋਟਿਆ ਨੂੰ ਵੱਡੇ ਦੀ ਗੱਲ ਮੰਨਣੀ ਪਵੇਗੀ, ਜਿਸ ਦਾ ਜੀਅ ਕਰੇ ਘਰ ਵਿਚ ਰਹੇ. ਜਿਸ ਦਾ ਜੀਅ ਕਰੇ ਘਰ ਤੋਂ ਬਾਹਰ ਹੋ ਜਾਵੇ, ਜੀਵ ਨੂੰ ਕਿਸੇ ਦੀ ਕੁਝ ਪਰਵਾਹ ਨਹੀਂ, ਉਹ ਆਪਣੇ ਘਰ ਦਾ ਆਪ ਮਾਲਕ ਹੈ ਅਤੇ ਕਿਸੇ ਪੁੱਤਰ ਧੀ ਦੀ ਭਾਵੇਂ ਉਹ ਕਿਤਨਾ ਹੀ ਪਿਆਰਾ ਕਿਉਂ ਨਾ ਹੋਵੇ, ਕਦੀ ਗੁਸਤਾਖੀ ਜਾਂ ਬੇਪ੍ਰਵਾਹੀ ਨਹੀਂ ਸਹਾਰੇਗਾ।

ਇਸ ਤੋਂ ਬਾਅਦ ਜੀਵ ਨੇ ਆਪਣੇ ਪਿਤਾ ਵਲੋਂ ਭੇਜੇ ਮਿੱਤਰਾਂ ਦੀ ਸਲਾਹ ਅਨੁਸਾਰ ਆਪਣੇ ਪੁਰਾਣੇ ਘਰ ਦੇ ਕੋਲ ਇਕ ਛੋਟਾ ਜਿਹਾ ਨਵਾਂ ਮਕਾਨ ਬਣਾਇਆ। ਪਹਿਲੇ ਪਹਿਲ ਹਉਮੈਂ ਨੇ ਘਰ ਵਿਚ ਬੜੀ ਲੜਾਈ ਪਾਈ ਅਤੇ ਆਖੇ ਕਿ ਜਦ ਅਸੀਂ ਇਤਨੀ ਦੇਰ ਤੋਂ ਸਾਰੇ ਪਰਿਵਾਰ ਸਮੇਤ ਇਕੱਠੇ ਮਕਾਨ ਵਿਚ ਰਹਿੰਦੇ ਚਲੇ ਆਏ ਹਾਂ ਤਾਂ ਹੁਣ ਜੀਵ ਦਾ ਆਪਣੇ ਲਈ ਵਖਰਾ ਮਕਾਨ ਬਨਵਾਣ ਦਾ ਕੀ ਕਾਰਨ ਤੇ ਕੀ ਫ਼ਾਇਦਾ ਹੈ? ਮੋਹ, ਲੋਭ, ਹੰਕਾਰ, ਕਾਮ ਸਭ ਮਾਂ ਵਲ ਦੀ ਗੱਲ ਕਰਦੇ ਅਤੇ ਆਪਣੇ ਪਿਤਾ ਦਾ ਆਪਣੇ ਲਈ ਨਵਾਂ ਮਕਾਨ ਬਨਵਾਣਾ ਬੜੀ ਫ਼ਜ਼ੂਲ ਖਰਚੀ ਸਮਝਦੇ, ਪਰ ਜਦ ਜੀਵ ਨੇ ਉਹਨਾਂ ਦੀ ਇਕ ਨਾ ਸੁਣੀ ਅਤੇ ਆਖਿਆ ਕਿ ਬੇਸ਼ਕ ਤੁਸੀਂ ਮੇਰਾ ਪਰਿਵਾਰ ਹੋ ਅਤੇ ਮੈਂ ਸਦਾ ਤੁਹਾਡੇ ਨਾਲ ਇਕੋ ਘਰ ਵਿਚ ਰਹਿੰਦਾ ਰਿਹਾ ਹਾਂ, ਪਰ ਹੁਣ ਸਾਡੇ ਬਾਲ ਬੱਚੇ ਇਥੋਂ ਤਕ ਆ ਕੇ ਵਧੇ ਹਨ ਕਿ ਹਰ ਵਕਤ ਘਰ ਵਿਚ ਰੌਲਾ ਪਿਆ ਰਹਿੰਦਾ ਹੈ, ਨਾ ਮੈਂ ਸੋ ਸਕਦਾ ਹਾਂ, ਨਾ ਇਕਾਂਤ ਵਿਚ• ਕਿਸੇ ਵੇਲੇ ਬੈਠ ਸਕਦਾ ਹਾਂ, ਇਸ ਲਈ ਜ਼ਰੂਰੀ ਹੈ ਕਿ ਮੈਂ ਆਪਣੀ ਖੁਸ਼ੀ ਤੇ ਆਰਾਮ ਲਈ ਤੁਹਾਡੇ ਕੋਲ ਹੀ ਇਕ ਹੋਰ ਮਕਾਨ ਵਿਚ ਰਹਾਂ, ਜਦ ਜੀਅ ਕਰੇ ਤੁਹਾਡੇ ਕੋਲ ਆ ਜਾਵਾਂ, ਜਦ ਜੀਅ ਕਰੇ ਉਸ ਮਕਾਨ ਵਿਚ ਚਲਾ ਜਾਵਾਂ। ਉਥੇ ਮੈਂ ਆਪਣੇ ਲਈ ਵੱਖਰੇ ਮਿੱਤਰ ਰਖਾਂਗਾ, ਜਿਨ੍ਹਾਂ ਦਾ ਕੰਮ ਸਿਰਫ਼ ਮੇਰੀ ਖੁਸ਼ੀ ਤੇ ਆਰਾਮ ਦਾ ਖ਼ਿਆਲ ਰੱਖਣਾ ਹੋਵੇਗਾ। ਮੈਂ ਅੱਜ ਤਕ ਸਾਰੀ ਉਮਰ



ਆਪਣਾ ਕਦੀ ਖ਼ਿਆਲ ਨਹੀਂ ਕੀਤਾ, ਪਰਿਵਾਰ ਵਿਚ ਹੀ ਮੂਰਖਾਂ ਵਾਂਗ ਗਲਤਾਨ ਰਿਹਾ। ਹੁਣ ਇਹੋ ਮੇਰਾ ਪਰਿਵਾਰ ਮੇਰੀ ਜਾਨ ਦਾ ਖੌ ਬਣ ਗਿਆ ਹੈ। ਮੈਂ ਚਾਹੁੰਦਾ ਹਾਂ ਕਿ ਕਿਸੇ ਵੇਲੇ ਇਸ ਸਾਰੇ ਝਮੇਲੇ ਤੋਂ ਵਖਰਾ ਹੋ ਕੇ ਬੈਠਾਂ। ਕਿਉਂਕਿ ਮੈਂ ਇਹ ਫੈਸਲਾ ਸੋਚ ਸਮਝ ਕੇ ਕੀਤਾ ਹੈ, ਇਸ ਲਈ ਮੈਂ ਇਸ ਫੈਸਲੇ ਉਤੇ ਦ੍ਰਿੜ੍ਹ ਹਾਂ ਅਤੇ ਇਸ ਨੂੰ ਬਦਲਣ ਲਈ ਕਿਸੇ ਦੀ ਸੁਣਨ ਵਾਸਤੇ ਤਿਆਰ ਨਹੀਂ। ਜਦ ਜੀਵ ਦੇ ਪਰਿਵਾਰ ਨੇ ਜੀਵ ਨੂੰ ਆਪਣੇ ਫੈਸਲੇ ਤੇ ਦ੍ਰਿੜ੍ਹ ਦੇਖਿਆ ਤਾਂ ਸਭ ਨੇ ਨੀਵੀਂ ਪਾ ਲਈ ਅਤੇ ਹਉਮੈਂ ਨੇ ਹੱਥ ਜੋੜ ਕੇ ਆਖਿਆ ਜੀਵ, ਤੂੰ ਜੋ ਕੁਝ ਕਰਨਾ ਚਾਹੇਂ ਕਰ, ਆਖਰ ਤੂੰ ਘਰ ਦਾ ਵੱਡਾ ਹੈਂ। ਕਈ ਜਨਮ ਜਨਮਾਂਤਰਾਂ ਤੋਂ ਮੈਂ ਤੇ ਤੇਰਾ ਪਰਿਵਾਰ ਤੇਰੇ ਨਾਲ ਰਹਿੰਦੇ ਆ ਰਹੇ ਹਾਂ। ਸਾਡਾ ਤੇਰੇ ਬਗੈਰ ਦਸ ਕਿਸ ਤਰ੍ਹਾਂ ਗੁਜ਼ਾਰਾ ਹੋਵੇਗਾ? ਜੇ ਤੇਰਾ ਅਲਹਿਦਾ ਮਕਾਨ ਵਿਚ ਜਾ ਕੇ ਕਿਸੇ ਕਿਸ ਵੇਲੇ ਰਹਿਣ ਦਾ ਖ਼ਿਆਲ ਹੈ, ਤੂੰ ਆਪਣੀ ਖੁਸ਼ੀ ਪੂਰੀ ਕਰ, ਪਰ ਸਾਡੇ ਨਾਲ ਇਹ ਇਕਰਾਰ ਜ਼ਰੂਰ ਕਰ ਕਿ ਵਧੇਰੇ ਕਰ ਕੇ ਤੂੰ ਸਾਡੇ ਘਰ ਹੀ ਰਹੇਂਗਾ, ਤਾਕਿ ਸਾਡਾ ਦਿਲ ਵੀ ਉਦਾਸ ਨਾ ਹੋਵੇ। ਇਹ ਗੱਲ ਸੁਣ ਕੇ ਜੀਵ ਨੇ ਹਉਮੈਂ ਤੇ ਆਪਣੇ ਪੁੱਤਰਾਂ ਨੂੰ ਜਵਾਬ ਦਿਤਾ ਕਿ ਮੈਨੂੰ ਤੁਹਾਡੀ ਇਸ ਗੱਲ ਦੇ ਮੰਨਣ ਵਿਚ ਕੋਈ ਉਜ਼ਰ ਨਹੀਂ, ਮੈਂ ਉਸ ਮਕਾਨ ਵਿਚ ਵੀ ਰਹਾਂਗਾ ਅਤੇ ਤੁਹਾਡੇ ਪਾਸ ਵੀ ਰਿਹਾ ਕਰਾਂਗਾ, ਪਰ ਤੁਹਾਨੂੰ ਕਿਸੇ ਨੂੰ ਉਸ ਮੇਰੇ ਨਵੇਂ ਮਕਾਨ ਵਿਚ ਜਾ ਕੇ ਰਹਿਣ ਦੀ ਇਜਾਜ਼ਤ ਨਹੀਂ ਹੋਵੇਗੀ। ਉਸ ਮਕਾਨ ਦਾ ਵਾਯੂ ਮੰਡਲ ਹੀ ਐਸਾ ਹੋਵੇਗਾ ਜਿਥੇ ਤੁਹਾਡਾ ਸਹੀ ਸਲਾਮਤ ਰਹਿਣਾ ਮੁਸ਼ਕਿਲ ਹੋ ਜਾਵੇਗਾ। ਇਸ ਲਈ ਤੁਹਾਡਾ ਖ਼ਿਆਲ ਰੱਖ ਕੇ ਹੀ ਮੈਂ ਚਾਹੁੰਦਾ ਹਾਂ ਕਿ ਤੁਸੀਂ ਕਿਸੇ ਨੇ ਉਸ ਮਕਾਨ ਵਿਚ ਜਾਣ ਦੀ ਕੋਸ਼ਿਸ਼ ਨਾ ਕਰਨੀ। ਉਸ ਮਕਾਨ ਵਿਚ ਮੇਰੀ ਸੇਵਾ ਕਰਨ ਤੇ ਧਿਆਨ ਰੱਖਣ ਵਾਲੇ ਮੇਰੇ ਮਿੱਤਰ ਤੇ ਸੇਵਾਦਾਰ ਵੀ ਮੇਰੀ ਆਪਣੀ ਮਰਜ਼ੀ ਦੇ ਹੋਣਗੇ। ਇਸ ਘਰ ਦਾ ਉਸ ਨਾਲ ਕੋਈ ਕਿਸੇ ਕਿਸਮ ਦਾ ਸਬੰਧ ਨਹੀਂ ਹੋਵੇਗਾ।

ਜੀਵ ਹੁਣ ਦੋ ਘਰਾਂ ਦਾ ਵਾਸੀ ਸੀ, ਜਦ ਜੀਅ ਕਰਦਾ ਪੁਰਾਣੇ ਘਰ ਵਿਚ ਚਲਾ ਜਾਂਦਾ, ਜਦ ਜੀਅ ਕਰਦਾ ਨਵੇਂ ਘਰ ਵਿਚ ਆ ਜਾਂਦਾ। ਨਵੇਂ ਘਰ ਦਾ ਨਾਮ ਜੀਵ ਨੇ ਵਿਚਾਰ, ਗਿਆਨ ਆਦਿ ਮਿੱਤਰਾਂ ਨਾਲ ਸਲਾਹ ਕਰ ਕੇ 'ਸਤਿਸੰਗ' ਰੱਖਿਆ ਅਤੇ ਇਸ ਦਾ ਪ੍ਰਬੰਧ ਇਕ ਸਾਧੂ ਨਾਮੀ ਪੂਰਨ ਪੁਰਸ਼ ਦੇ ਹਵਾਲੇ ਕੀਤਾ।

ਪਹਿਲੇ ਪਹਿਲ ਜੀਵ 'ਸਤਿਸੰਗ' ਨਾਮੀ ਨਵੇਂ ਘਰ ਵਿਚ ਥੋੜ੍ਹਾ ਤੇ ਹਉਮੈਂ ਅਤੇ ਉਸ ਦੀ ਔਲਾਦ ਵਾਲੇ ਪੁਰਾਣੇ ਘਰ ਵਿਚ ਜ਼ਿਆਦਾ ਰਹਿੰਦਾ, ਜਿਉਂ ਜਿਉਂ ਸਮਾਂ ਗੁਜ਼ਰਦਾ ਗਿਆ, ਜੀਵ ਪੁਰਾਣੇ ਘਰ ਵਿਚ ਥੋੜ੍ਹਾ ਤੇ ਨਵੇਂ ਘਰ ਵਿਚ ਜ਼ਿਆਦਾ ਸਮਾਂ ਗੁਜ਼ਾਰਨ ਲੱਗਾ। ਉਹ ਜਦ ਪੁਰਾਣੇ ਘਰ ਤੋਂ ਬਾਹਰ ਆਉਂਦਾ, ਆਪਣੇ ਮਨ ਨੂੰ ਸਦਾ ਅਸ਼ਾਂਤ ਦੇਖਦਾ, ਪਰ ਜਦ ਨਵੇਂ ਘਰ ਵਿਚ ਜਾਂਦਾ, ਤਾਂ ਸਾਧੂ ਅਤੇ ਗਿਆਨ, ਵੈਰਾਗ, ਵਿਚਾਰ ਆਦਿ ਦੀ ਸੰਗਤ ਤੋਂ ਬੜੀ ਸ਼ਾਂਤੀ, ਉਤਸ਼ਾਹ ਤੇ ਖੇੜਾ ਪ੍ਰਾਪਤ ਕਰਦਾ।

ਹਉਮੈਂ ਅਤੇ ਉਸ ਦੇ ਪੁੱਤਰਾਂ ਕਾਮ, ਕਰੋਧ ਆਦਿ ਨੇ ਜੀਵ ਨੂੰ ਇਥੋਂ ਤਕ ਬਦਲਿਆ ਦੇਖ ਕੇ ਕਈ ਵਾਰ ਜੀਵ ਦੇ ਨਵੇਂ ਘਰ ਵਿਚ ਜਾ ਕੇ ਉਥੇ ਆਪਣਾ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਜਦ ਇਹ ਨਵੇਂ ਮਕਾਨ ਦੇ ਨੇੜੇ ਪਹੁੰਚਦੇ ਤਾਂ ਇਹਨਾਂ ਦੇ ਸਾਹ ਘੁਟਣੇ ਸ਼ੁਰੂ ਹੋ ਜਾਂਦੇ। ਆਖ਼ਰ ਲਾਚਾਰ ਹੋ ਕੇ ਇਹਨਾਂ ਨੇ ਆਪਣੇ ਨਗਰ ਦੀ ਮਾਲਕ ਮਾਯਾ ਦੇ ਪਾਸ ਜਾ ਕੇ ਫ਼ਰਿਆਦ ਕੀਤੀ ਕਿ ਜੀਵ ਨੇ ਨਵਾਂ ਘਰ 'ਸਤਿਸੰਗ' ਨਾਮੀ ਬਣਾ ਲਿਆ ਹੈ, ਜਿਥੇ ਅਸੀਂ ਜਾਈਏ ਤਾਂ ਸਾਡਾ ਸਾਹ ਘੁਟਣ ਲਗ ਜਾਂਦਾ ਹੈ ਅਤੇ ਜੀਵ ਆਪਣਾ ਜ਼ਿਆਦਾ ਸਮਾਂ ਨਵੇਂ ਘਰ ਵਿਚ ਹੀ ਗੁਜ਼ਾਰਦਾ ਹੈ। ਸਾਡੀ ਨਾ ਪਹਿਲੇ ਵਾਂਗਰ ਗੱਲ ਸੁਣਦਾ ਹੈ, ਨਾ ਪਰਵਾਹ ਕਰਦਾ ਹੈ। ਅਸੀਂ ਤਾਂ ਉਸ ਤੋਂ ਤੰਗ ਆ ਗਏ ਹਾਂ। ਮਾਯਾ ਨੇ ਜਦ ਸਾਰੀ ਗੱਲ ਸੁਣੀ ਤਾਂ ਆਖਣ ਲੱਗੀ ਕਿ ਮਲੂਮ ਹੁੰਦਾ ਹੈ ਮਹਾਰਾਜ ਦੇ ਅਹਿਲਕਾਰ ਗਿਆਨ, ਵਿਚਾਰ, ਮਿਹਰ ਆਦਿ ਜੀਵ ਨੂੰ ਮਿਲਦੇ ਰਹੇ ਹਨ ਅਤੇ ਉਹਨਾਂ ਦੀ ਮਦਦ ਨਾਲ ਇਸ ਨੇ 'ਸਤਿਸੰਗ' ਨਾਮੀ ਨਵਾਂ ਘਰ ਬਣਾਇਆ ਹੈ।

ਹਉਮੈਂ ਨੇ ਸਹਿਮ ਕੇ ਮਾਯਾ ਨੂੰ ਪੁਛਿਆ ਕਿ ਹੁਣ ਕੀ ਕਰਨਾ ਚਾਹੀਦਾ ਹੈ? ਮਾਯਾ ਨੇ ਅੱਗੋਂ ਸੋਚ ਕੇ ਆਖਿਆ ਕਿ ਜੀਵ ਹੁਣ ਆਪਣੇ ਪਿਤਾ 'ਮਹਾਰਾਜ' ਵਲ ਉਸ ਵਲੋਂ ਭੇਜੇ ਮਿੱਤਰਾਂ ਅਤੇ ਸਾਧੂ ਦੀ ਮਦਦ ਨਾਲ ਸਫ਼ਰ ਕਰੇਗਾ। ਇਸ ਸਫ਼ਰ ਵਿਚ ਅਸੀਂ ਰਲ ਕੇ ਵਿਘਨ ਪਾਵਾਂਗੇ, ਸ਼ਾਇਦ ਜੀਵ ਅਤੇ ਸਾਡਾ ਜਾਦੂ ਚਲ ਜਾਵੇ ਅਤੇ ਉਹ ਆਪਣੇ ਪਿਤਾ ਤਕ ਨਾ ਪਹੁੰਚ ਸਕੇ।

ਜੀਵ ਭਾਵੇਂ ਜ਼ਿਆਦਾ ਵਕਤ 'ਸਤਿਸੰਗ' ਨਾਮੀ ਆਪਣੇ ਨਵੇਂ ਘਰ ਵਿਚ ਹੀ ਰਹਿੰਦਾ ਤੇ ਸਾਧੂ ਤੋਂ ਆਪਣੇ ਪਿਤਾ ਮਹਾਰਾਜ ਦੀਆਂ ਗੱਲਾਂ ਸੁਣਦਾ ਅਤੇ ਦਿਲ ਵਿਚ ਬੜੇ ਉਤਸ਼ਾਹ ਨਾਲ ਉਸ ਘੜੀ



ਨੂੰ ਉਡੀਕਦਾ ਜਦ ਉਹ ਆਪਣੇ ਪਿਤਾ ਨੂੰ ਮੁੜ ਮਿਲੇਗਾ, ਪਰ ਉਹ ਅਜੇ ਵੀ ਕਈ ਵਾਰੀ ਆਪਣੇ ਪੁਰਾਣੇ ਘਰ ਵਿਚ ਆਪਣੀ ਇਸਤ੍ਰੀ ਹਉਮੈਂ ਅਤੇ ਉਸ ਤੋਂ ਪੈਦਾ ਹੋਏ ਪਰਿਵਾਰ ਨੂੰ ਮਿਲਣ ਜਾਂਦਾ। ਹੁਣ ਉਸ ਨੇ ਦੇਖਿਆ ਕਿ ਉਸ ਦੇ ਪੁਰਾਣੇ ਘਰ ਵਿਚ ਵੀ ਉਸ ਦੀ ਬੜੀ ਇਜ਼ਤ ਤੇ ਸਤਿਕਾਰ ਹੋਣ ਲਗ ਪਿਆ ਹੈ। ਕਾਮ, ਕਰੋਧ, ਲੋਭ, ਮੋਹ, ਹੰਕਾਰ ਅਤੇ ਉਹਨਾਂ ਦੀ ਸਾਰੀ ਸੰਤਾਨ ਜੀਵ ਦਾ ਬੜਾ ਸਨਮਾਨ ਕਰਨ ਲਗ ਪਈ ਹੈ। ਜੋ ਜੀਵ ਆਖਦਾ, ਫੌਰਨ ਪੂਰਾ ਕੀਤਾ ਜਾਂਦਾ, ਜੇ ਕੋਈ ਘਰ ਦਾ ਮੈਂਬਰ ਜੀਵ ਦੀ ਕੋਈ ਗੱਲ ਨਾ ਮੰਨਦਾ, ਤਾਂ ਸਾਰੇ ਘਰ ਦੇ ਰਲ ਕੇ ਉਸ ਦੇ ਗਲ ਪੈ ਜਾਂਦੇ। ਸਭ ਨੂੰ ਇਹ ਮਾਲੂਮ ਹੋ ਚੁੱਕਾ ਸੀ ਕਿ ਜੇਕਰ ਜੀਵ ਆਪਣੇ ਪਿਤਾ ਪਾਸ ਚਲਾ ਗਿਆ ਤਾਂ ਉਹ ਸਾਰੇ ਜੀਵ ਬਗੈਰ ਇਕ ਘੜੀ ਨਹੀਂ ਜੀਅ ਸਕਣਗੇ। ਇਸ ਵਾਸਤੇ ਉਹਨਾਂ ਸਭ ਦੀ ਸਲਾਮਤੀ ਜੀਵ ਦੇ ਆਪਣੇ ਪਿਤਾ ਪਾਸ ਨਾ ਜਾਣ ਵਿਚ ਹੀ ਹੈ। ਇਸ ਲਈ ਉਹਨਾਂ ਆਪਣਾ ਵਤੀਰਾ ਬਦਲ ਕੇ ਜੀਵ ਨੂੰ ਰਾਜ਼ੀ ਤੇ ਖੁਸ਼ ਰੱਖਣ ਦੇ ਪੂਰੇ ਜਤਨ ਅਰੰਭ ਦਿਤੇ। ਇਥੋਂ ਤਕ ਕਿ ਮਾਯਾ ਨੇ ਇਕ ਦਿਨ ਜੀਵ ਦੇ ਸਾਮ੍ਹਣੇ ਆ ਕੇ ਆਖ ਦਿਤਾ, ਕਿ ਹੇ ਜੀਵ! ਮੈਂ ਤਾਂ ਤੇਰੀ ਦਾਸੀ ਹਾਂ। ਮੇਰੇ ਪਿਛਲੇ ਕਸੂਰ ਮਾਫ਼ ਕਰ ਦੇਵੇਂ ਅਤੇ ਅੱਗੇ ਨੂੰ ਮੇਰਾ ਮਾਲਕ ਬਣ ਕੇ ਮੇਰੀ ਸਾਰੀ ਨਗਰੀ ਤੇ ਰਾਜ ਕਰੇਂ। ਮਾਯਾ ਅਤੇ ਹਉਮੈਂ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਸੁਣ ਕੇ ਜੀਵ ਬੜਾ ਖੁਸ਼ ਹੋਇਆ ਅਤੇ ਆਖਣ ਲੱਗਾ - ਮਾਯਾ, ਜੇਕਰ ਤੂੰ ਪਹਿਲਾਂ ਹੀ ਮੇਰੇ ਨਾਲ ਇਸ ਤਰ੍ਹਾਂ ਦਾ ਸਲੂਕ ਕਰਦੀ, ਤਾਂ ਮੈਂ ਦੁਖੀ ਹੋ ਕੇ ਆਪਣੇ ਪਿਤਾ ਪਾਸ ਤੈਥੋਂ ਛੁਟਕਾਰਾ ਪਾਣ ਲਈ ਪ੍ਰਾਰਥਨਾ ਹੀ ਨਾ ਕਰਦਾ। ਮਾਯਾ ਨੇ ਅੱਗੋਂ ਹੱਥ ਜੋੜ ਕੇ ਆਖਿਆ-"ਜੀਵ! ਜਦ ਤਕ ਆਪ ਨੂੰ ਆਪਣੇ ਪਿਤਾ ਭੁੱਲੇ ਰਹੇ, ਤਦ ਤਕ ਮੈਂ ਆਪ ਦੀ ਜ਼ਰੂਰ ਬੇਪਰਵਾਹੀ ਕਰਦੀ ਰਹੀ, ਪਰ ਹੁਣ ਆਪ ਨੂੰ ਆਪਣੇ ਪਿਤਾ ਦਾ ਸਭ ਪਤਾ ਲਗ ਗਿਆ ਹੈ ਅਤੇ ਆਪ ਆਪਣੇ ਪਿਤਾ ਨੂੰ ਹਰ ਵੇਲੇ ਯਾਦ ਰਖਦੇ ਹੋ, ਮੈਂ ਇਸ ਲਈ ਪਿਛਲੀ ਸਭ ਭੁੱਲ ਦੀ ਮਾਫ਼ੀ ਮੰਗਦੀ ਹਾਂ ਅਤੇ ਅੱਗੇ ਲਈ ਆਪ ਦੀ ਦਾਸੀ ਹੋ ਕੇ ਰਹਿਣ ਦੀ ਕਸਮ ਖਾਂਦੀ ਹਾਂ। ਇਹ ਸੁਣ ਕੇ ਜੀਵ ਨੇ ਮਾਯਾ ਨੂੰ ਕਿਹਾ ਕਿ ਅੱਛਾ, ਜੇ ਤੂੰ ਅੱਗੇ ਨੂੰ ਇਸੇ ਤਰ੍ਹਾਂ ਮੇਰੀ ਆਗਿਆਕਾਰ ਰਹੀ, ਤਾਂ ਮੈਂ ਤੇਰੇ ਪਾਸ ਹੀ ਰਹਾਂਗਾ।

ਜੀਵ ਨੇ 'ਸਤਿਸੰਗ' ਵਿਖੇ ਸਾਧੂ ਅਤੇ ਆਪਣੇ ਹੋਰ ਸਾਥੀਆਂ ਨੂੰ ਆ ਕੇ ਮਾਯਾ ਦੀਆਂ ਸਾਰੀਆਂ ਗੱਲਾਂ ਦੱਸੀਆਂ ਅਤੇ ਇਹ ਵੀ

ਦੱਸਿਆ ਕਿ ਹੁਣ ਉਸ ਦੀ ਇਸਤ੍ਰੀ ਹਉਮੈਂ ਅਤੇ ਬਾਲ-ਬੱਚਿਆਂ ਦਾ ਪੁਰਾਣੇ ਘਰ ਵਿਚ ਵਤੀਰਾ ਬਿਲਕੁਲ ਬਦਲ ਗਿਆ ਹੈ। ਇਹ ਸਾਰੀ ਗੱਲ ਸੁਣ ਕੇ ਵੈਰਾਗ ਨੇ ਜਵਾਬ ਦਿਤਾ ਕਿ ਜੀਵ, ਤੈਨੂੰ ਮਾਯਾ ਉਤੇ ਬਹੁਤ ਇਤਬਾਰ ਨਹੀਂ ਕਰਨਾ ਚਾਹੀਦਾ। ਇਸ ਨੇ ਤੈਨੂੰ ਜਨਮ ਜਨਮਾਂਤਰਾਂ ਤੋਂ ਸਦਾ ਧੋਖਾ ਦਿਤਾ ਅਤੇ ਦੁਖੀ ਬਣਾਇਆ ਹੈ। ਜਦ ਤਕ ਤੂੰ 'ਸਤਿਸੰਗ' ਨਾਮੀ ਨਵਾਂ ਘਰ ਨਹੀਂ ਸੀ ਬਣਾਇਆ, ਤੈਨੂੰ ਯਾਦ ਹੈ, ਮਾਯਾ ਤੇ ਮਾਯਾ ਨਗਰੀ ਦੇ ਦੂਸਰੇ ਲੋਕਾਂ, ਹਉਮੈਂ, ਕਾਮ, ਕਰੋਧ, ਲੋਭ ਆਦਿ ਨੇ ਤੈਨੂੰ ਕਿਤਨਾ ਦੁਖੀ ਤੇ ਜ਼ਲੀਲ ਕੀਤਾ ਹੋਇਆ ਸੀ? ਮਾਯਾ ਤਾਂ ਇਸ ਕਰਕੇ ਤੇਰੇ ਵਸ ਵਿਚ ਆਈ ਹੈ ਕਿ ਤੈਨੂੰ ਆਪਣੇ ਪਿਤਾ ਦਾ ਪਤਾ ਲਗ ਚੁੱਕਾ ਹੈ ਅਤੇ ਤੇਰੇ ਪਿਤਾ ਵਲੋਂ ਲੈਣ ਆਏ ਸਾਡੇ ਸਾਰਿਆਂ ਦਾ ਮਾਯਾ ਤੇ ਉਸ ਦੇ ਮਿਤਰਾਂ ਨੂੰ ਹਾਲ ਮਲੂਮ ਹੋ ਗਿਆ ਹੈ। ਉਸ ਦੀ ਹੁਣ ਕਈ ਪੇਸ਼ ਨਹੀਂ ਜਾਂਦੀ, ਇਸ ਕਰਕੇ ਤੇਰੀਆਂ ਖੁਸ਼ਾਮਦਾਂ ਕਰਕੇ ਤੈਨੂੰ ਮੁੜ ਛਲਨਾ ਚਾਹੁੰਦੀ ਹੈ।

ਜੀਵ - ਪਰ ਹੁਣ ਮੈਨੂੰ ਮਾਯਾ ਛਲ ਹੀ ਕਿਸ ਤਰ੍ਹਾਂ ਸਕਦੀ ਹੈ? ਮੈਂ ਸਦਾ ਆਪਣੇ ਪਿਤਾ ਨੂੰ ਯਾਦ ਰਖਦਾ ਹਾਂ ਅਤੇ ਉਸ ਦੇ ਅਹਿਲਕਾਰਾਂ ਨਾਲ ਸੰਗਤ ਕਰਦਾ ਰਹਿੰਦਾ ਹਾਂ, ਹੁਣ ਤਾਂ ਮੈਂ ਬੜਾ ਸੁਖੀ ਹੋ ਜਾਵਾਂਗਾ। ਨਾਲੇ ਗਿਆਨ, ਵਿਚਾਰ, ਮੇਹਰ ਆਦਿ ਨਾਲ ਸਤਿਸੰਗ ਹੁੰਦਾ ਰਹੇਗਾ।

ਕੁਝ ਚਿਰ ਜੀਵ ਨੂੰ ਬੜਾ ਸੁਖ ਭਾਸਦਾ ਰਿਹਾ। ਮਾਯਾ ਨੂੰ ਜੋ ਹੁਕਮ ਦਿੰਦਾ, ਮਾਯਾ ਪੂਰਿਆਂ ਕਰ ਦੇਂਦੀ, ਜੀਵ ਕੁਛ ਸਮਾਂ ਸਤਿਸੰਗ ਦੇ ਘਰ ਵਿਚ ਰਹਿੰਦਾ ਅਤੇ ਕੁਝ ਚਿਰ ਪੁਰਾਣੇ ਹਉਮੈਂ ਵਾਲੇ ਘਰ ਵਿਚ ਗੁਜ਼ਾਰਦਾ। ਜਦ ਮਾਯਾ ਨੇ ਜੀਵ ਨੂੰ ਬੜਾ ਪ੍ਰਸੰਨ ਦੇਖਿਆ ਤਾਂ ਇਕ ਦਿਨ ਆਖਣ ਲੱਗੀ।

ਮਾਯਾ - ਜੀਵ, ਕੀ ਤੂੰ ਹੁਣ ਖੁਸ਼ ਤੇ ਸੁਖੀ ਹੈਂ?

ਜੀਵ - ਹਾਂ ਮਾਯਾ, ਹੁਣ ਮੈਂ ਬੜਾ ਸੁਖੀ ਹਾਂ।

ਮਾਯਾ - ਜੀਵ! ਤੂੰ ਤਾਂ ਬੜਾ ਸੁਖੀ ਹੋ ਗਿਆ, ਪਰ ਤੇਰੀ ਇਸਤ੍ਰੀ ਹਉਮੈਂ ਅਤੇ ਤੇਰੇ ਬਾਲ ਬੱਚੇ ਤਾਂ ਖੁਸ਼ੀ ਤੇ ਸੁਖੀ ਨਹੀਂ। ਉਹ ਆਖਦੇ ਹਨ ਕਿ ਜੀਵ ਦਾ ਹੁਣ ਸੁਭਾਅ ਹੀ ਹੋਰ ਹੋ ਗਿਆ, ਉਸ ਦੇ ਦਿਲ ਵਿਚ ਨਾ ਇਸਤ੍ਰੀ ਨਾਲ ਪਿਆਰ, ਨਾ ਬਾਲ ਬੱਚਿਆਂ ਦੀ ਪਰਵਾਹ? ਇਸ ਤਰ੍ਹਾਂ ਕਦ ਤਕ ਚੱਲੇਗੀ? ਆਖਰ ਹੈਨ ਵੀ ਸੱਚੇ, ਜਦ ਘਰ ਦੇ ਮਾਲਕ ਦਾ ਘਰ ਦੇ ਹੋਰ ਮੈਂਬਰਾਂ ਨਾਲ ਪਿਆਰ ਭਰਿਆ



ਸਲੂਕ ਨਾ ਹੋਵੇ. ਤਾਂ ਉਹ ਕਿਵੇਂ ਖੁਸ਼ ਰਹਿ ਸਕਦੇ ਹਨ? ਮੈਂ ਤਾਂ ਚਾਹੁੰਦੀ ਹਾ ਕਿ ਜਿਵੇਂ ਤੂੰ ਸੁਖੀ ਹੋ ਗਿਆ ਹੈਂ, ਆਪਣੇ ਪਰਿਵਾਰ ਨੂੰ ਵੀ ਸੁਖੀ ਕਰ ਦੇ।

ਜੀਵ - ਮੈਂ ਜੇ ਇਨ੍ਹਾਂ ਦੀਆਂ ਫੇਰ ਸਾਰੀਆਂ ਗੱਲਾਂ ਮੰਨਣ ਲਗ ਜਾਵਾਂ, ਤਾਂ ਇਹ ਮੈਨੂੰ ਫੇਰ ਖਵਾਰ ਕਰਨ ਲਗ ਜਾਣਗੇ। ਮੈਂ ਇਹਨਾਂ ਦੀਆਂ ਆਦਤਾਂ ਤੋਂ ਚੰਗੀ ਤਰ੍ਹਾਂ ਜਾਣੂ ਹਾਂ, ਇਹਨਾਂ ਨੂੰ ਜ਼ਰਾ ਪੁਚਕਾਰੋ, ਝੱਟ ਸਿਰ ਤੇ ਚੜ੍ਹ ਜਾਂਦੇ ਹਨ। ਇਸ ਕਰ ਕੇ ਮੈਂ ਇਹਨਾਂ ਨੂੰ ਕਿਵੇਂ ਖੁਸ ਕਰ ਸਕਦਾ ਹਾਂ, ਹੁਣ ਤਾਂ ਇਸੇ ਤਰ੍ਹਾਂ ਹੀ ਨਿਭੇਗੀ।

ਮਾਯਾ - ਮੈਂ ਮੰਨਦੀ ਹਾਂ, ਕਿ ਇਹਨਾਂ ਪਾਸੋਂ ਕਈ ਗਲਤੀਆਂ ਹੁੰਦੀਆਂ ਰਹੀਆਂ ਹਨ, ਪਰ ਇਸ ਵਿਚ ਤੇਰਾ ਵੀ ਕਸੂਰ ਸੀ। ਤੂੰ ਸਭ ਦੀਆਂ ਵਾਗਾਂ ਢਿੱਲੀਆਂ ਛੱਡੀਆਂ ਹੋਈਆਂ ਸਨ। ਹੁਣ ਤੂੰ ਬੜਾ ਸਿਆਣਾ ਹੋ ਗਿਆ ਹੈਂ। ਹੁਣ ਇਹ ਤੇਰਾ ਹੁਕਮ ਨਹੀਂ ਮੋੜ ਸਕਦੇ, ਤੇਰਾ ਪੂਰਾ ਸਤਿਕਾਰ ਕਰਨਗੇ। ਤੂੰ ਇਹਨਾਂ ਨੂੰ ਇਕ ਵਾਰੀ ਫੇਰ ਮੌਕਾ ਦੇਹ, ਜੇ ਇਹਨਾਂ ਤੈਨੂੰ ਫਿਰ ਨਾਰਾਜ਼ ਕੀਤਾ, ਤਾਂ ਮੈਂ ਕਦੀ ਇਹਨਾਂ ਦੀ ਸਿਫਾਰਸ਼ ਨਹੀਂ ਕਰਾਂਗੀ।

ਜੀਵ - 'ਅਗਰ ਤੂੰ ਚਾਹੇਂ, ਤਾਂ ਮੈਂ ਇਹਨਾਂ ਨੂੰ ਇਕ ਮੌਕਾ ਹੋਰ ਦੇ ਦੇਂਦਾ ਹਾਂ ਅਤੇ ਆਸ ਰਖਦਾ ਹਾਂ ਕਿ ਇਹ ਫਿਰ ਮੈਨੂੰ ਨਾਰਾਜ਼ ਤੇ ਦੁਖੀ ਨਹੀਂ ਕਰਨਗੇ।'

ਮਾਯਾ ਨੇ ਜੀਵ ਦੇ ਪਰਿਵਾਰ ਨੂੰ ਇਕੱਠਿਆਂ ਕੀਤਾ ਅਤੇ ਸਭ ਨੂੰ ਜੀਵ ਦੇ ਪੈਰੀਂ ਪਵਾ ਕੇ ਮਾਫ਼ੀ ਮੰਗਵਾਈ। ਹੁਣ ਜੀਵ ਮੁੜ ਆਪਣੇ ਪਰਿਵਾਰ ਵਿਚ ਖੁਸ਼ ਤੇ ਸੁਖੀ ਰਹਿਣ ਲੱਗਾ। ਜਦ ਇਸ ਤਰ੍ਹਾਂ ਜੀਵ ਨੂੰ ਸੁੱਖਾਂ ਵਿਚ ਗਲਤਾਨ ਰਹਿੰਦਿਆਂ ਅਰਸਾ ਗੁਜ਼ਰ ਗਿਆ, ਤਾਂ ਇਕ ਦਿਨ ਜੀਵ ਨੂੰ ਪ੍ਰਸੰਨ ਦੇਖ ਕੇ ਮਾਯਾ ਨੇ ਫਿਰ ਹੱਥ ਜੋੜ ਕੇ ਆਖਿਆ।

ਮਾਯਾ - "ਜੀਵ, ਤੂੰ ਆਪਣੇ ਪਿਤਾ ਮਹਾਰਾਜ ਅੱਗੇ ਕੇਵਲ ਇਸੇ ਲਈ ਪ੍ਰਾਰਥਨਾ ਕਰਨੀ ਸ਼ੁਰੂ ਕੀਤੀ ਸੀ ਕਿ ਤੇਰਾ ਪਰਿਵਾਰ ਤੇਰੀ ਆਗਿਆ ਵਿਚ ਨਹੀਂ ਸੀ ਰਹਿੰਦਾ? ਹੁਣ ਤੇਰਾ ਸਾਰਾ ਪਰਿਵਾਰ ਅਤੇ ਮੈਂ ਖੁਦ ਤੇਰੇ ਹੁਕਮ ਵਿਚ ਦਿਨ ਰਾਤ ਹਾਜ਼ਰ ਰਹਿੰਦੇ ਹਾਂ, ਹੁਣ ਪ੍ਰਾਰਥਨਾ ਕਰਨ ਦੀ, ਜਾਂ ਸਤਿਸੰਗ ਦੇ ਘਰ ਵਿਚ ਜਾਣ ਦੀ ਕੀ ਲੋੜ ਹੈ? ਜਿਨ੍ਹਾਂ ਗੱਲਾਂ ਲਈ ਤੂੰ ਪ੍ਰਾਰਥਨਾ ਕੀਤੀ ਸੀ, ਜਦ ਉਹ ਗੱਲਾਂ ਪੂਰੀਆਂ ਹੋ ਗਈਆਂ, ਤਦ ਹੁਣ ਰੋਜ਼ ਪਿਤਾ ਦੇ ਭੇਜੇ

ਅਹਿਲਕਾਰਾਂ ਨਾਲ 'ਸਤਿਸੰਗ' ਕਰਨ ਦੀ ਕੀ ਜ਼ਰੂਰਤ ਹੈ?"

ਜੀਵ - ਮਾਯਾ! ਤੇਰੀ ਇਹ ਗੱਲ ਹੈ ਤਾਂ ਠੀਕ, ਪਰ ਮੈਂ 'ਸਤਿਸੰਗ' ਨਾਮੀ ਘਰ ਵਿਚ ਜਾਣਾ ਤੇ ਜਾ ਕੇ ਆਪਣੇ ਮਿੱਤਰਾਂ ਨੂੰ ਮਿਲਣਾ ਉਕਾ ਬੰਦ ਨਹੀਂ ਕਰ ਸਕਦਾ। ਹਾਂ, ਮੈਂ ਇਹ ਕਰ ਸਕਦਾ ਹਾਂ ਕਿ ਹੁਣ ਉਥੇ ਥੋੜ੍ਹਾ ਸਮਾਂ ਅਤੇ ਪਰਿਵਾਰ ਵਿਚ ਜ਼ਿਆਦਾ ਸਮਾਂ ਗੁਜ਼ਾਰਿਆ ਕਰਾਂ। ਜੇ ਕਰ ਮੇਰੇ ਘਰ ਦੀ ਖੁਸ਼ੀ ਤੇ ਸੁਖ ਇਸੇ ਤਰ੍ਹਾਂ ਬਣੇ ਰਹੇ ਤਾਂ ਹੌਲੀ ਹੌਲੀ ਸ਼ਾਇਦ ਸਤਿਸੰਗ ਵਿਖੇ ਜਾਣਾ ਬੰਦ ਕਰ ਦਿਆਂ। ਮੈਂ ਤੇ ਸੁਖ ਚਾਹੁੰਦਾ ਹਾਂ, ਜਿਥੋਂ ਮਿਲੇ ਪਰਵਾਨ ਕਰਨ ਲਈ ਤਿਆਰ ਹਾਂ।

ਜਦ ਗਿਆਨ ਨੇ ਅੰਤਰ ਧਿਆਨ ਹੋ ਕੇ ਜੀਵ ਦੀ ਹਾਲਤ ਨੂੰ ਅਤੇ ਉਸ ਦੇ ਸਤਿਸੰਗ ਵਿਖੇ ਬਹੁਤ ਘੱਟ ਆਉਣ ਦੇ ਕਾਰਨ ਨੂੰ ਦੇਖਿਆ ਤਾਂ ਮਾਯਾ ਤੇ ਹਉਮੈਂ ਦੀ ਸਾਰੀ ਚਾਲ ਨੂੰ ਝੱਟ ਤਾੜ ਗਿਆ। ਇਸ ਨੇ ਉਸੇ ਵੇਲੇ ਵਿਚਾਰ, ਵੈਰਾਗ, ਮਿਹਰ ਨੂੰ ਬੁਲਾ ਕੇ ਸਾਰੀ ਗੱਲ ਦੱਸੀ। ਅਖੀਰ ਇਹ ਸਲਾਹ ਕੀਤੀ ਕਿ ਪਹਿਲੇ ਵੈਰਾਗ ਤੇ ਵਿਚਾਰ ਜੀਵ ਦਾ ਜ਼ਿਆਦਾ ਧਿਆਨ ਰੱਖਣਾ ਸ਼ੁਰੂ ਕਰਨ ਅਤੇ ਜਦ ਜੀਵ ਉਤੇ ਇਹਨਾਂ ਦਾ ਅਸਰ ਹੋ ਜਾਵੇ ਤਾਂ ਫਿਰ ਮਿਹਰ ਦੀ ਸਹਾਇਤਾ ਲੈ ਕੇ ਇਸ ਨੂੰ 'ਸਤਿਸੰਗ' ਦੇ ਪ੍ਰਬੰਧਕ ਸਾਧੂ ਦੇ ਪੂਰੇ ਗੁਣ ਸਮਝਾ ਕੇ ਉਸ ਦੇ ਲੜ ਲਾਇਆ ਜਾਵੇ। ਜਦ ਇਕ ਵਾਰੀ ਜੀਵ ਸੱਚੇ ਅਰਥਾਂ ਵਿਚ ਸਾਧੂ ਦੇ ਲੜ ਲਗ ਗਿਆ, ਤਾਂ ਫਿਰ ਇਸ ਦਾ ਮਾਯਾ ਦੀਆਂ ਚਾਲਾਂ ਤੋਂ ਬਚ ਕੇ ਆਪਣੇ ਪਿਤਾ ਮਹਾਰਾਜ ਤਕ ਜਾਣਾ ਆਸਾਨ ਹੋ ਜਾਵੇਗਾ।

ਇਕ ਦਿਨ 'ਸਤਿਸੰਗ' ਵਿਖੇ ਜਦ ਜੀਵ ਆਇਆ ਤਾਂ ਵਿਚਾਰ ਨੇ ਜੀਵ ਦੇ ਕੋਲ ਆ ਕੇ ਆਖਿਆ - ਆਪ ਦਾ ਕੀ ਹਾਲ ਹੈ; ਬੜੇ ਖੁਸ਼ ਮਾਲੂਮ ਹੁੰਦੇ ਹੋ?

ਜੀਵ - ਹਾਂ, ਮੈਂ ਹੁਣ ਬੜਾ ਖੁਸ਼ ਹਾਂ, ਮਾਯਾ ਤੇ ਉਸ ਦੇ ਸਾਰੇ ਨਗਰਵਾਸੀ ਮੇਰੀ ਬੜੀ ਇਜ਼ਤ ਕਰਦੇ ਹਨ। ਦੌਲਤ, ਇਜ਼ਤ, ਸਿਹਤ, ਪਰਿਵਾਰ, ਸਭ ਸੁਖ ਬਨਾਣ ਵਾਲੇ ਸਾਮਾਨ ਮੇਰੇ ਤਾਬਿਆਂ ਰਹਿੰਦੇ ਹਨ। ਪਰਿਵਾਰ ਆਗਿਆਕਾਰੀ ਹੋ ਗਿਆ ਹੈ।

ਵਿਚਾਰ - ਇਹ ਸਭ ਕੁਝ ਕਿਸ ਕਰਕੇ ਹੋਇਆ ਹੈ?

ਜੀਵ - ਮਾਯਾ ਨੇ ਮੇਰੇ ਨਾਲ ਸੁਲਾਹ ਕਰ ਲਈ ਹੈ ਅਤੇ ਮੇਰੀ ਇਸਤਰੀ ਅਤੇ ਪਰਿਵਾਰ ਨੇ ਪਿਛਲੀਆਂ ਗਲਤੀਆਂ ਦੀ ਮਾਫ਼ੀ ਮੰਗ



ਕੇ ਅੱਗੇ ਨੂੰ ਆਗਿਆਕਾਰੀ ਰਹਿਣ ਦੀ ਕਸਮ ਖਾ ਲਈ ਹੈ।

ਵਿਚਾਰ - ਇਸ ਮਾਯਾ ਅਤੇ ਉਸ ਦੀ ਨਗਰੀ ਵਿਖੇ ਤੇਰੇ ਨਾਲ ਰਹਿਣ ਵਾਲੇ ਤੇਰੇ ਪਰਿਵਾਰ ਦੀ, ਆਪਣੇ ਪੁਰਾਣੇ ਭੈੜੇ ਸੁਭਾਉ ਨੂੰ ਛੱਡ ਕੇ, ਤੇਰੇ ਨਾਲ ਸੁਲਾਹ ਕਰਨ ਤੇ ਤੇਰੇ ਆਗਿਆਕਾਰੀ ਬਣ ਕੇ ਰਹਿਣ ਦੀ ਕਸਮ ਖਾਣ ਦਾ ਕੀ ਕਾਰਨ ਹੈ?

ਜੀਵ - ਇਹ ਤਾਂ ਮੈਂ ਕਦੀ ਵਿਚਾਰਿਆ ਹੀ ਨਹੀਂ।

ਵਿਚਾਰ - ਕੀ ਮਾਯਾ ਤੇ ਉਸ ਦੇ ਸਾਥੀਆਂ ਦੇ ਸੁਭਾਅ ਵਿਚ ਤਬਦੀਲੀ ਦਾ ਕਾਰਨ, ਤੇਰਾ ਆਪਣੇ ਪਿਤਾ ਪਾਸ ਪ੍ਰਾਰਥਨਾ ਕਰਨਾ ਅਤੇ ਉਸ ਦੇ ਹੁਕਮ ਅਨੁਸਾਰ, ਮਿਹਰ, ਵੈਰਾਗ, ਗਿਆਨ ਆਦਿ ਦਾ ਤੇਰੇ ਪਾਸ ਆਉਣਾ ਤਾਂ ਨਹੀਂ? ਤੈਨੂੰ ਕਦੀ ਇਹ ਸੋਚ ਆਈ ਹੈ?

ਜੀਵ - ਹੋ ਸਕਦਾ ਹੈ ਕਿ ਆਪ ਦਾ ਖਿਆਲ ਠੀਕ ਹੋਵੇ ਅਤੇ ਮਾਯਾ ਦੇ ਸੁਭਾਅ ਵਿਚ ਇਹ ਤਬਦੀਲੀ ਕੇਵਲ ਮੇਰੀ ਪ੍ਰਾਰਥਨਾ ਅਤੇ ਆਪ ਦੇ ਆਉਣ ਕਰ ਕੇ ਹੋਈ ਹੋਵੇ, ਪਰ ਇਹ ਵੀ ਤਾਂ ਹੋ ਸਕਦਾ ਹੈ ਕਿ ਮਾਯਾ ਨੇ ਆਪਣੇ ਪਿਛਲੇ ਬੁਰੇ ਸਲੂਕ ਤੇ ਵਿਚਾਰ ਕਰ ਕੇ ਸੱਚੇ ਦਿਲੋਂ ਪਸ਼ਚਾਤਾਪ ਕੀਤਾ ਹੋਵੇ ਅਤੇ ਅੱਗੇ ਨੂੰ ਉਸ ਦਾ ਅਤੇ ਉਸ ਦੇ ਸਾਥੀਆਂ ਦਾ ਇਰਾਦਾ ਠੀਕ ਮੇਰੇ ਆਗਿਆਕਾਰੀ ਬਣ ਕੇ ਰਹਿਣ ਦਾ ਹੋਵੇ।

ਵਿਚਾਰ - ਇਸ ਗੱਲ ਦਾ ਤੈਨੂੰ ਨਿਤਾਰਾ ਕਰ ਲੈਣਾ ਚਾਹੀਦਾ ਹੈ। ਅਸੀਂ ਕੁਝ ਅਰਸੇ ਲਈ ਇਥੋਂ ਚਲੇ ਜਾਂਦੇ ਹਾਂ, ਤੂੰ ਵੀ ਸਤਿਸੰਗ ਵਿਖੇ ਆਉਣਾ ਬੰਦ ਕਰ ਦੇ। ਸਾਧੂ ਵੀ ਕੁਝ ਚਿਰ ਦੂਸਰੀ ਜਗ੍ਹਾ ਜਾ ਰਹੇਗਾ। ਜੇਕਰ ਤੇਰੇ ਨਾਲ ਮਾਯਾ ਤੇ ਉਸ ਦੇ ਸਾਥੀਆਂ ਦਾ ਸਲੂਕ ਸਾਡੇ ਪਿਛੋਂ ਵੀ ਇਸੇ ਤਰ੍ਹਾਂ ਚੰਗਾ ਰਿਹਾ, ਤਾਂ ਤੂੰ ਇਸੇ ਤਰ੍ਹਾਂ ਰਹੀਂ, ਪਰ ਜੇ ਮਾਯਾ ਨੇਂ ਸਾਡੇ ਜਾਣ ਉਤੇ ਫਿਰ ਅੱਖਾਂ ਬਦਲ ਲਈਆਂ, ਤਦ ਤੂੰ ਫਿਰ ਮਹਾਰਾਜ ਪਾਸ ਪ੍ਰਾਰਥਨਾ ਕਰੀਂ, ਉਹ ਤੇਰੀ ਪ੍ਰਾਰਥਨਾ ਸੁਣ ਕੇ ਫੇਰ ਸਾਨੂੰ ਅਤੇ ਸਾਧੂ ਨੂੰ ਤੇਰੇ ਕੋਲ ਭੇਜ ਦੇਣਗੇ।

ਜੀਵ ਨੇ ਮਾਯਾ ਨੂੰ ਆ ਕੇ ਦੱਸ ਦਿਤਾ ਕਿ ਤੇਰੇ ਕਹਿਣ ਅਨੁਸਾਰ ਮੈਂ ਸਤਿਸੰਗ ਵਿਚ ਜਾਣਾ ਬੰਦ ਕਰ ਦਿਤਾ ਹੈ ਅਤੇ ਉਸ ਘਰ ਵਿਚ ਰਹਿਣ ਵਾਲੇ ਸਭ ਮਿੱਤਰਾਂ ਨੂੰ ਚਲੇ ਜਾਣ ਲਈ ਆਖ ਦਿਤਾ ਹੈ। ਮਾਯਾ ਨੇ ਜੀਵ ਵਲ ਬੜੀ ਪਿਆਰ ਭਰੀ ਨਜ਼ਰ ਨਾਲ ਤੱਕਿਆ ਅਤੇ ਆਖਿਆ, ਜੀਵ, ਹੁਣ ਤੂੰ ਫਿਰ ਮੇਰਾ, ਤੇ ਮੈਂ ਤੇਰੀ। ਕੁਝ ਸਮਾਂ ਤਾਂ ਇਸ ਤਰ੍ਹਾਂ ਠੀਕ ਲੰਘਿਆ ਪਰ ਇਸ ਤੋਂ ਬਾਅਦ ਜੀਵ

ਦੇ ਘਰ ਵਿਚ ਫਿਰ ਜੀਵ ਦੇ ਖਿਲਾਫ਼ ਸਾਜਸ਼ਾਂ ਹੋਣ ਲੱਗੀਆਂ ਤੇ ਪਰਿਵਾਰ ਵਾਲੇ ਲੱਗੇ ਅੱਖਾਂ ਫੇਰਨ। ਜੀਵ ਦੀ ਹਰ ਇਕ ਗੱਲ ਤੇ ਨੁਕਤਾਚੀਨੀ ਹੁੰਦੀ, ਬੱਚੇ ਆਖੇ ਨਾ ਲਗਦੇ, ਜੀਵ ਦਾ ਹੁਕਮ ਕੋਈ ਨਾ ਮੰਨਦਾ, ਹਉਮੈਂ ਸਦਾ ਪਰਿਵਾਰ ਵਲ ਦੀ ਗੱਲ ਕਰਦੀ। ਜਦ ਜੀਵ ਨੇ ਮਾਯਾ ਪਾਸ ਸ਼ਿਕਾਇਤ ਕੀਤੀ ਤਾਂ ਉਸ ਨੇ ਬਜਾਏ ਪਰਿਵਾਰ ਨੂੰ ਝੂਠਿਆਂ ਕਰਨ ਦੇ, ਜੀਵ ਨੂੰ ਹੀ ਸਮਝਾਣਾ ਸ਼ੁਰੂ ਕਰ ਦਿਤਾ। ਆਖਣ ਲੱਗੀ, ਜੀਵ, ਐਸਾ ਕਿਹੜਾ ਹੈ ਜਿਸ ਦੇ ਘਰ ਕਦੀ ਨਾ ਕਦੀ ਝਗੜਾ ਲੜਾਈ ਨਾ ਹੋਵੇ, ਜਿਥੇ ਰਹਿਣਾ ਹੋਵੇ, ਉਥੇ ਸਭ ਨਾਲ ਮਿਲ ਜੁਲ ਕੇ ਰਹਿਣਾ ਚਾਹੀਦਾ ਹੈ। ਜੇ ਤੂੰ ਪਰਿਵਾਰ ਤੋਂ ਇਜ਼ਤ ਤੇ ਹੁਕਮ ਮਨਾਣ ਦੀ ਆਸ ਰਖਦਾ ਹੈਂ, ਤਾਂ ਕੀ ਪਰਿਵਾਰ ਵਾਲੇ ਤੇਰੇ ਤੋਂ ਕੋਈ ਆਸ ਨਹੀਂ ਰੱਖਦੇ? ਕੋਈ ਗੱਲ ਤੂੰ ਇਹਨਾਂ ਦੀ ਮੰਨਿਆਂ ਕਰ, ਕੋਈ ਗੱਲ ਇਹ ਤੇਰੀ ਮੰਨਣ, ਰਲ ਮਿਲ ਕੇ ਗੁਜ਼ਾਰਾ ਕਰੋ।

ਮਾਯਾ ਦੀਆਂ ਇਹ ਗੱਲਾਂ ਸੁਣ ਕੇ ਅਤੇ ਪਰਿਵਾਰ ਦੀਆਂ ਅੱਖਾਂ ਫਿਰੀਆਂ ਦੇਖ ਕੇ, ਜੀਵ ਦੇ ਦਿਲ ਤੇ ਬੜੀ ਸੱਟ ਲੱਗੀ। ਸੋਚਣ ਲੱਗਾ ਕਿ ਹੁਣ ਕੀ ਕੀਤਾ ਜਾਵੇ? ਵਿਚਾਰ ਠੀਕ ਆਖਦੀ ਸੀ। ਸਤਿਸੰਗ ਵਿਚ ਜਾਣਾ ਬੰਦ ਕਰ ਕੇ ਅਤੇ ਉਥੋਂ ਦੇ ਰਹਿਣ ਵਾਲਿਆਂ ਨੂੰ ਭੇਜ ਕੇ ਮੈਂ ਬੜੀ ਗਲਤੀ ਕੀਤੀ, ਹੁਣ ਕੀ ਕਰਾਂ? ਬੜੀ ਸ਼ਰਮਿੰਦਗੀ ਤੇ ਅਧੀਨਗੀ ਦੀ ਹਾਲਤ ਅੰਦਰ ਉਸ ਦੇ ਦਿਲੋਂ ਫਿਰ ਇਹ ਪ੍ਰਾਰਥਨਾ ਨਿਕਲੀ -

*ਕਿਰਪਾ ਕਰਹੁ ਦੀਨ ਕੇ ਦਾਤੇ*
*ਮੇਰਾ ਗੁਣੁ ਅਵਗਣੁ ਨਾ ਬੀਚਾਰਹੁ ਕੋਈ॥*
*ਮਾਟੀ ਕਾ ਕਿਆ ਧੋਪੈ ਸੁਆਮੀ*
*ਮਾਣਸ ਕੀ ਗਤਿ ਏਹੀ॥* *ਅੰਕ - 882*

*ਹਾ ਹਾ ਪ੍ਰਭ ਰਾਖਿ ਲੇਹੁ॥*
*ਹਮ ਤੇ ਕਿਛੁ ਨਾ ਹੋਇ ਮੇਰੇ ਸੁਆਮੀ*
*ਕਰਿ ਕਿਰਪਾ ਅਪੁਨਾ ਨਾਮੁ ਦੇਹੁ॥* *ਅੰਕ - 675*

ਕੁਝ ਚਿਰ ਤਾਂ ਜੀਵ ਦੀ ਪ੍ਰਾਰਥਨਾ ਦਾ ਕੋਈ ਅਸਰ ਨਾ ਨਿਕਲਿਆ ਪਰ ਇਕ ਦਿਨ ਸਾਧੂ ਨੂੰ ਸਤਿਸੰਗ ਵਿਖੇ ਅਸਥਾਨ ਦੀ ਸਫ਼ਾਈ ਕਰਦਾ ਵੇਖ ਕੇ ਜੀਵ ਟਹਿਕ ਉਠਿਆ ਅਤੇ ਪੁਛਣ ਲੱਗਾ - ਸਾਧੂ ਤੂੰ ਕਿਸ ਤਰ੍ਹਾਂ ਆ ਗਿਆ? ਸਾਧੂ ਨੇ ਕਿਹਾ - ਜੀਵ! ਤੇਰੇ ਮਹਾਰਾਜ ਦੀ ਜੈਸੀ ਮਰਜ਼ੀ ਹੋਵੇ, ਮੈਂ ਅਤੇ ਉਸ ਦੇ ਹੋਰ ਸੇਵਕ ਉਸੇ



ਤਰ੍ਹਾਂ ਕਰਦੇ ਹਾਂ। ਉਸ ਦੇ ਹੁਕਮ ਅਨੁਸਾਰ ਚਲਿਆ ਗਿਆ ਸੀ, ਉਸ ਦੇ ਹੁਕਮ ਵਿਚ ਹੀ ਫੇਰ ਆ ਗਿਆ ਹਾਂ। ਜੀਵ ਨੇ ਪੁਛਿਆ - ਸਾਧੂ, ਤੇਰੇ ਆਉਣ ਤੇ ਮੈਨੂੰ ਬੜੀ ਖੁਸ਼ੀ ਹੋਈ ਹੈ। ਕੀ ਤੂੰ ਦਸ ਸਕਦਾ ਹੈਂ ਕਿ ਮੇਰੇ ਦੂਸਰੇ ਮਿੱਤਰ ਕਿਥੇ ਹਨ ਤੇ ਉਹ ਕਦ ਆਉਣਗੇ? ਸਾਧੂ ਨੇ ਜਵਾਬ ਦਿਤਾ, ਜੀਵ! ਉਹ ਤਾਂ ਹਮੇਸ਼ਾਂ ਮੇਰੇ ਤੋਂ ਪਹਿਲਾਂ ਹੀ ਆ ਜਾਇਆ ਕਰਦੇ ਹਨ। ਜ਼ਰੂਰ ਤੇਰੇ ਇਰਦ ਗਿਰਦ ਕਿਤੇ ਹੋਣਗੇ। ਕੀ ਤੂੰ ਕਦੀ ਪ੍ਰਾਰਥਨਾ ਨਹੀਂ ਕੀਤੀ? ਜੀਵ ਨੇ ਕਿਹਾ, ਜੀ ਹਾਂ, ਮੈਂ ਪ੍ਰਾਰਥਨਾ ਤੇ ਬੜੀ ਵਾਰੀ ਕਰਦਾ ਰਿਹਾ ਹਾਂ। ਤਾਂ ਫਿਰ, ਸਾਧੂ ਕਹਿਣ ਲੱਗਾ, ਵੈਰਾਗ, ਵਿਚਾਰ ਆਦਿ ਮਹਾਰਾਜ ਦੇ ਸਭ ਸੇਵਕ ਤੇਰੇ ਪਾਸ ਜ਼ਰੂਰ ਆ ਗਏ ਹੋਣਗੇ। ਤੂੰ ਇਕਾਂਤ ਵਿਚ ਬੈਠ ਕੇ ਉਹਨਾਂ ਨੂੰ ਯਾਦ ਕਰ।

ਜੀਵ ਨੇ ਬਗੀਚੇ ਦੀ ਬੈਂਚ ਤੇ ਬੈਠ ਕੇ, ਨਾਲੇ ਪਿਤਾ ਅੱਗੇ ਪ੍ਰਾਰਥਨਾ ਕੀਤੀ, ਨਾਲੇ ਵਿਚਾਰ, ਵੈਰਾਗ, ਮਿਹਰ, ਗਿਆਨ ਨੂੰ ਯਾਦ ਕੀਤਾ। ਤਾਂਹੀਓਂ ਉਸ ਨੇ ਆਪਣੇ ਅੰਦਰੋਂ ਵਿਚਾਰ ਦੀ ਆਵਾਜ਼ ਆਉਂਦੀ ਪਛਾਣ ਕੇ ਆਖਿਆ, ਵਿਚਾਰ ਤੂੰ ਆ ਗਈ ਹੈਂ। ਕਿੰਨਾ ਚੰਗਾ ਕੀਤਾ, ਤੇਰੇ ਨਾਲ ਦੇ ਬਾਕੀ ਕਿਥੇ ਹਨ? ਤਦ ਜੀਵ ਨੇ ਆਪਣੇ ਅੰਦਰ ਗਿਆਨ, ਵੈਰਾਗ, ਵਿਚਾਰ ਤੇ ਮਿਹਰ ਨੂੰ ਖਿੜ ਖਿੜ ਕਰ ਕੇ ਹਸਦਿਆਂ ਸੁਣਿਆ ਅਤੇ ਸਭ ਦੀਆਂ ਆਵਾਜ਼ਾਂ ਪਛਾਣ ਲਈਆਂ। ਵਿਚਾਰ ਬੋਲੀ, ਜੀਵ! ਅਸੀਂ ਤਾਂ ਤੇਰੇ ਪਾਸ ਸਾਧੂ ਤੋਂ ਵੀ ਪਹਿਲਾਂ ਦੇ ਪਹੁੰਚ ਗਏ ਹਾਂ, ਪਰ ਜੇ ਤੈਨੂੰ ਪਹਿਲੇ ਦੱਸ ਦੇਂਦੇ ਤਾਂ ਮਾਯਾ ਨੂੰ ਪਤਾ ਲਗ ਜਾਣਾ ਸੀ ਤੇ ਉਸ ਨੇ ਫਿਰ ਤੈਨੂੰ ਛਲਣ ਦੀ ਕੋਸ਼ਿਸ਼ ਕਰਨੀ ਸੀ। ਹੁਣ ਤੂੰ ਆਪਣੇ ਆਪ ਨੂੰ ਸਾਧੂ ਦਾ ਸੇਵਕ ਮੰਨਿਆ ਕਰ। ਇਹ ਸਾਧੂ ਤੇਰੇ ਪਿਤਾ ਮਹਾਰਾਜ ਤਕ ਸਾਰੇ ਸਫ਼ਰ ਦਾ ਜਾਣੂ ਹੈ। ਇਸ ਦੇ ਚਰਨ ਫੜ ਲੈਂ, ਇਹ ਤੈਨੂੰ ਕਿਸੇ ਦਿਨ ਮਾਯਾ ਨਗਰੀ ਤੋਂ ਕੱਢ ਕੇ ਆਪਣੇ ਪਿਤਾ ਤਕ ਪੁਚਾ ਦੇਵੇਗਾ। ਅਸੀਂ ਵੀ ਸਾਰੇ ਤੇਰੇ ਨਾਲ ਹਾਂ, ਤੂੰ ਹੁਣ ਮਾਯਾ ਤੇ ਉਸ ਦੇ ਸਾਥੀਆਂ ਤੋਂ ਹੁਸ਼ਿਆਰ ਰਹੀਂ।

ਜੀਵ ਅਗਲੇ ਭਲਕ ਸਤਿਸੰਗ ਵਿਖੇ ਜਾ ਕੇ ਸਾਧੂ ਦੇ ਚਰਨਾਂ ਤੇ ਡਿੱਗ ਪਿਆ ਅਤੇ ਆਖਣ ਲੱਗਾ, ਮਹਾਤਮਾ! ਮੈਂ ਆਪ ਨੂੰ ਅੱਗੇ ਪਛਾਣਿਆ ਨਹੀਂ, ਖਿਮਾਂ ਕਰਨੀ। ਮੈਨੂੰ ਵਿਚਾਰ ਤੇ ਉਸ ਦੇ ਸਾਥੀਆਂ ਨੇ ਆਪ ਦੀ ਬਾਬਤ ਸਭ ਕੁਝ ਦਸ ਦਿਤਾ ਹੈ। ਮੈਂ ਹੁਣ ਆਪ ਦੀ ਸ਼ਰਨ ਹਾਂ, ਕਿਰਪਾ ਕਰ ਕੇ ਮੈਨੂੰ ਇਸ ਮਾਯਾ ਦੇ ਜਾਲ ਵਿਚੋਂ ਕੱਢ

ਕੇ ਆਪਣੇ ਪਰਮ ਪਿਤਾ ਮਹਾਰਾਜ ਪਾਸ ਲੈ ਚੱਲੋ। ਸਾਧੂ ਨੇ ਜੀਵ ਦਾ ਸਿਰ ਆਪਣੇ ਚਰਨਾਂ ਤੋਂ ਚੁੱਕ ਕੇ, ਉਸ ਵਲ ਪਿਆਰ ਨਾਲ ਤੱਕਿਆ ਅਤੇ ਆਖਿਆ, ਜੀਵ! ਜਿਉਂ ਜਿਉਂ ਤੂੰ ਆਪਣੇ ਪਿਤਾ ਨੂੰ ਮਿਲਣ ਦੇ ਯੋਗ ਹੁੰਦਾ ਜਾਵੇਂਗਾ, ਤਿਉਂ ਤਿਉਂ ਮੈਂ ਜ਼ਰੂਰ ਤੈਨੂੰ ਤੇਰੇ ਪਿਤਾ ਵਲ ਲਈ ਜਾਵਾਂਗਾ। ਤੂੰ ਆਪਣੇ ਪਿਤਾ ਨੂੰ ਸਦਾ ਯਾਦ ਕਰਿਆ ਕਰ ਅਤੇ ਪਿਆਰ ਨਾਲ ਉਸ ਨੂੰ ਵਾਜਾਂ ਮਾਰਿਆ ਕਰ। ਤੇਰੇ ਦਿਲੋਂ ਨਿਕਲੀ ਹਰ ਇਕ ਆਵਾਜ਼ ਉਸ ਤਕ ਅਪੜੇਗੀ। ਇਸ ਤੋਂ ਬਾਅਦ ਸਾਧੂ ਨੇ ਜੀਵ ਨੂੰ ਸਿਤਾਰ ਵਜਾਣੀ ਸਿਖਾਈ ਅਤੇ ਆਖਿਆ, ਤੂੰ ਕੀਰਤਨ ਦਵਾਰਾ ਆਪਣੇ ਪਿਤਾ ਪਾਸ ਬੇਨਤੀਆਂ ਕਰਿਆ ਕਰ, ਉਹ ਬੜਾ ਦਿਆਲੂ ਤੇ ਦੀਨਾ ਨਾਥ ਹੈ, ਜੋ ਤੂੰ ਮੰਗੇਂਗਾ ਤੈਨੂੰ ਦੇਵੇਗਾ।

ਹੁਣ ਜੀਵ ਸਤਾਰ ਵਜਾਂਦਾ ਤੇ ਇਲਾਹੀ ਕੀਰਤਨ ਵਿਚ ਮਸਤ ਰਹਿੰਦਾ ਸੀ। 'ਸਤਿਸੰਗ' ਵਾਲੇ ਮਕਾਨ ਅੰਦਰੋਂ ਜੀਵ ਦੇ ਮੂੰਹੋਂ ਸਦਾ ਇਸ ਪ੍ਰਕਾਰ ਦੇ ਸ਼ਬਦ ਸੁਣਾਈ ਦੇਂਦੇ -

*ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ॥*
*ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ॥*
*ਦੂਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ॥*
*ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ॥*
*ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ॥*
*ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ॥*

*ਅੰਕ - 547*

*ਪ੍ਰਭ ਸਰਣਿ ਤੇਰੀ ਕਾਟਿ ਬੇਰੀ ਸੰਸਾਰੁ ਸਾਗਰੁ ਤਾਰੀਐ॥*
*ਅਨਾਥ ਨਿਰਗੁਨਿ ਕਛੁ ਨ ਜਾਨਾ ਮੇਰਾ ਗੁਣੁ ਅਉਗਣੁ ਨ ਬੀਚਾਰੀਐ॥*
*ਦੀਨ ਦਇਆਲ ਗੋਪਾਲ ਪ੍ਰੀਤਮ ਸਮਰਥ ਕਾਰਣ ਕਰਣਾ॥*
*ਨਾਨਕ ਚਾਤ੍ਰਿਕ ਹਰਿ ਬੂੰਦ ਮਾਗੈ ਜਪਿ ਜੀਵਾ ਹਰਿ ਹਰਿ ਚਰਣਾ॥*

*ਅੰਕ - 545*

*ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥*
*ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ॥*
*ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ॥*
*ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ॥*
*ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ॥*



*ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ॥ ਅੰਕ-547*

*ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ॥*
*ਅਰਦਾਸਿ ਕਰੀ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ॥*
*ਰਖਿ ਲੇਵਹੁ ਸਰਣਾਈ ਹਰਿ ਨਾਮੁ ਵਡਾਈ*
*ਤੁਧੁ ਜੇਵਡੁ ਅਵਰੁ ਨ ਦਾਤਾ॥*
*ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ॥*
*ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ॥*
*ਨਾਨਕ ਤਿਸ ਨੋ ਸਬਦੁ ਬੁਝਾਏ ਜੋ ਜਾਇ ਪਵੈ ਹਰਿ ਸਰਣਾਈ॥*

*ਅੰਕ - 571*

*ਹਾ ਹਾ ਪ੍ਰਭ ਰਾਖਿ ਲੇਹੁ॥ ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ॥*
*ਕਰਿ ਕਿਰਪਾ ਅਪੁਨਾ ਨਾਮੁ ਦੇਹੁ॥ ਰਹਾਉ॥*
*ਅਗਨਿ ਕੁਟੰਬ ਸਾਗਰ ਸੰਸਾਰ॥ ਭਰਮ ਮੋਹ ਅਗਿਆਨ ਅੰਧਾਰ॥*
*ਊਚ ਨੀਚ ਸੂਖ ਦੂਖ॥ ਧ੍ਰਾਪਸਿ ਨਾਹੀ ਤ੍ਰਿਸਨਾ ਭੂਖ਼ਸ਼*
*ਮਨਿ ਬਾਸਨਾ ਰਚਿ ਬਿਖੈ ਬਿਆਧਿ॥ ਪੰਚ ਦੂਤ ਸੰਗਿ ਮਹਾ ਅਸਾਧ*
*ਜੀਅ ਜਹਾਨੁ ਪ੍ਰਾਨ ਧਨੁ ਤੇਰਾ॥ ਨਾਨਕ ਜਾਨੁ ਸਦਾ ਹਰਿ ਨੇਰਾ॥*

*ਅੰਕ - 675*

*ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ॥*
*ਕੇਤੇ ਗਨਉ ਅਸੰਖ ਅਵਗਣ ਮੇਰਿਆ॥*
*ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ॥*
*ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ॥*
*ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ॥*
*ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ॥*

*ਅੰਕ - 704*

ਜੀਵ ਦੀ ਬਿਰਤੀ ਕੀਰਤਨ ਵਿਚ ਜੁੜਨੀ ਸ਼ੁਰੂ ਹੋ ਗਈ। ਕੀਰਤਨ ਵਿਚ ਬੈਠਿਆਂ ਜੀਵ ਨੂੰ ਸਮੇਂ ਦੇ ਗੁਜ਼ਰਨ ਦਾ ਪਤਾ ਨਾ ਲੱਗੇ। ਵੈਰਾਗ ਵਿਚ ਆਵੇ ਤਾਂ ਜੀਵ ਦੀਆਂ ਅੱਖਾਂ ਤੋਂ ਨੀਰ ਚਲ ਪਿਆ ਕਰੇ ਅਤੇ ਕਿੰਨਾ ਕਿੰਨਾ ਚਿਰ ਜੀਵ ਕੀਰਤਨ ਕਰਦਾ ਤੇ ਰੋਂਦਾ ਰਹੇ। ਕਈ ਵਾਰੀ ਸਾਧੂ ਨੇ ਆ ਕੇ ਜੀਵ ਦੇ ਮੂੰਹ ਤੋਂ ਅਥਰੂ ਪੂੰਝਣੇ ਅਤੇ ਆਖਣਾ ਜੀਵ! ਤੇਰੇ ਧੰਨ ਭਾਗ ਹਨ। ਇਕ ਵਾਰੀ ਸਾਧੂ ਨੇ ਜੀਵ ਤੋਂ ਪੁਛਿਆ, ਤੇਰਾ ਹੁਣ ਕੀ ਹਾਲ ਹੈ? ਜੀਵ ਨੇ ਅੱਗੋਂ ਹੱਥ ਜੋੜ ਕੇ ਆਖਿਆ, ਮਹਾਤਮਾ, ਜਦ ਮੈਨੂੰ ਆਪਣੇ ਪਿਤਾ ਦੇ ਵਿਛੋੜੇ

ਵਿਚ ਉਸ ਨੂੰ ਯਾਦ ਕਰਦਿਆਂ ਜਿਤਨਾ ਸਵਾਦ ਆਉਂਦਾ ਹੈ, ਤਾਂ ਉਸ ਦੇ ਸਾਖਸ਼ਾਤ ਮਿਲਾਪ ਵਿਚ ਕਿਤਨਾ ਮਹਾਂ-ਰਸ ਹੋਵੇਗਾ? ਮੈਂ ਮਾਯਾ ਨਾਲ ਜਨਮ ਜਨਮਾਤਰਾਂ ਤੋਂ ਪਿਆਰ ਰੱਖਿਆ ਅਤੇ ਇਸ ਦੀ ਰਚਾਈ ਖੇਡ ਵਿਚ ਦਿਨ ਰਾਤ ਗਲਤਾਨ ਰਿਹਾ, ਪਰ ਜੋ ਸਵਾਦ ਮੈਨੂੰ ਆਪਣੇ ਪਿਤਾ ਅੱਗੇ ਬੇਨਤੀਆਂ ਕਰਨ ਅਤੇ ਉਸ ਨੂੰ ਮਿਲਣ ਦੀ ਤਿਆਰੀ ਵਿਚ ਆਉਂਦਾ ਹੈ, ਉਹ ਮਾਯਾ ਦੇ ਰਸਾਂ ਵਿਚੋਂ ਕਦੀ ਨਹੀਂ ਆਇਆ। ਮੇਰਾ ਜੀਅ ਕਰਦਾ ਹੈ, ਮੈਂ ਆਪਣੇ ਪਿਤਾ ਅੱਗੇ ਬੇਨਤੀਆਂ ਕਰਦਾ ਕਰਦਾ ਹੀ ਬੇਹੋਸ਼ ਹੋ ਜਾਵਾਂ ਅਤੇ ਮੁੜ ਮੇਰੀ ਅੱਖ ਮਾਯਾ ਦੀ ਨਗਰੀ ਵਿਚ ਕਦੀ ਨਾ ਖੁਲ੍ਹੇ।

ਸਾਧੂ ਨੇ ਜਵਾਬ ਦਿਤਾ, ਜੀਵ! ਤੇਰੇ ਧੰਨਭਾਗ ਹਨ, ਜੋ ਤੈਨੂੰ ਮਾਯਾ ਫਿਕੀ ਤੇ ਮਹਾਰਾਜ ਦੀ ਯਾਦ ਰਸਦਾਇਕ ਪ੍ਰਤੀਤ ਹੋਣ ਲੱਗ ਪਈ ਹੈ। ਜਿਉਂ ਜਿਉਂ ਤੇਰੇ ਤੇ ਯਾਦ ਦਾ ਰੰਗ ਚੜ੍ਹਦਾ ਜਾਵੇਗਾ, ਮਾਯਾ ਆਪਣੇ ਅਸਲ ਰੂਪ ਵਿਚ ਦਿਸਣ ਲਗ ਜਾਵੇਗੀ।

ਜੀਵ - ਸਾਧੂ ਆਪ ਨੇ ਕੀਰਤਨ ਕਰਨਾ ਜੋ ਮੈਨੂੰ ਸਿਖਾਇਆ ਹੈ, ਉਸ ਦਾ ਮੈਂ ਅਤੀ ਧੰਨਵਾਦੀ ਹਾਂ। ਕੀਰਤਨ ਨੇ ਮੇਰੀ ਜ਼ਿੰਦਗੀ ਬਦਲ ਦਿਤੀ ਹੈ। ਭਾਵੇਂ ਹੁਣ ਵੀ ਮੈਂ ਮਾਯਾ ਦੀ ਨਗਰੀ ਵਿਚ ਹੀ ਰਹਿੰਦਾ ਹਾਂ ਅਤੇ ਹਉਮੈਂ ਦੇ ਘਰ ਵਿਚ ਕਾਫੀ ਸਮਾਂ ਗੁਜ਼ਾਰਦਾ ਹਾਂ, ਪਰ ਮੈਨੂੰ ਕੀਰਤਨ ਵਿਚ ਆਇਆ ਸਵਾਦ ਕਦੀ ਨਹੀਂ ਭੁੱਲਦਾ ਅਤੇ ਦਿਲ ਲੋਚਦਾ ਹੈ ਕਿ ਵੱਧ ਤੋਂ ਵੱਧ ਸਮਾਂ 'ਸਤਿਸੰਗ' ਵਿਚ ਆਪ ਦੇ ਪਾਸ ਹੀ ਕੀਰਤਨ ਕਰਦਾ ਰਹਾਂ। ਹੁਣ ਫਿਰ ਹਉਮੈਂ ਅਤੇ ਉਸ ਦੇ ਪਰਿਵਾਰ ਦਾ ਮੇਰੇ ਨਾਲ ਬਹੁਤ ਅੱਛਾ ਸਲੂਕ ਹੈ, ਪਰ ਮੈਨੂੰ ਉਹਨਾਂ ਦੀ ਨੀਯਤ ਦਾ ਪਤਾ ਲੱਗ ਚੁਕਾ ਹੈ, ਉਹਨਾਂ ਦੀ ਜ਼ਾਹਰਦਾਰੀ ਹੁਣ ਮੇਰੇ ਦਿਲ ਤੇ ਅਸਰ ਨਹੀਂ ਕਰਦੀ।

ਸਾਧੂ - ਮਾਯਾ ਤੇ ਉਸ ਦੇ ਸਭ ਸਾਥੀਆਂ ਦਾ ਇਹੀ ਸੁਭਾਅ ਹੈ, ਜਦ ਤਕ ਜੀਵ ਨੂੰ ਆਪਣੇ ਪਿਤਾ ਦਾ ਪਤਾ ਨਾ ਹੋਵੇ, ਉਹ ਇਸ ਤੇ ਹਕੂਮਤ ਕਰਦੇ ਹਨ। ਜਦ ਜੀਵ ਨੂੰ ਆਪਣੇ ਪਿਤਾ ਦਾ ਪਤਾ ਲਗ ਜਾਵੇ ਅਤੇ ਉਹ ਪਿਤਾ ਨੂੰ ਯਾਦ ਰੱਖਣ ਲਗ ਜਾਵੇ, ਤਦ ਮਾਯਾ ਤੇ ਉਸ ਦੇ ਸਾਥੀ ਜੀਵ ਦੇ ਤਾਬਿਆਂ ਹੋ ਜਾਂਦੇ ਹਨ ਅਤੇ ਉਸ ਨੂੰ ਖੁਸ਼ ਰਖਣਾ ਆਪਣੇ ਧੰਨ ਭਾਗ ਸਮਝਦੇ ਹਨ।

ਜੀਵ—ਸਾਧੂ! ਮੈਂ ਕੀਰਤਨ ਵਿਚ ਬੜਾ ਅਨੰਦ ਮਾਣਦਾ ਹਾਂ, ਪਰ ਇਹ ਅਨੰਦ ਹਰ ਵੇਲੇ ਨਹੀਂ ਰਹਿੰਦਾ। ਜਦ ਕੀਰਤਨ ਕਰਾਂ, ਤਦੋਂ



ਹੀ ਅਨੰਦ ਆਉਂਦਾ ਹੈ, ਕੀਰਤਨ ਮਗਰੋਂ ਫਿਰ ਮੇਰੀ ਬਿਰਤੀ ਡਿਗ ਪੈਂਦੀ ਹੈ। ਮੈਨੂੰ ਕ੍ਰਿਪਾ ਕਰ ਕੇ ਇਹ ਜੁਗਤੀ ਦੱਸੋ—ਜਿਸ ਨਾਲ ਮੇਰੀ ਬਿਰਤੀ ਸਦਾ ਆਪਣੇ ਪਿਤਾ ਦੇ ਚਰਨਾਂ ਵਿਚ ਜੁੜੀ ਰਹੇ।

ਸਾਧੂ—ਹਾਂ ਜੀਵ, ਤੇਰੀ ਹੁਣ ਅਵਸਥਾ ਐਸੀ ਹੋ ਗਈ ਹੈ ਕਿ ਤੈਨੂੰ ਕੀਰਤਨ ਵਾਲਾ ਸਵਾਦ ਹਰ ਵੇਲੇ ਮਾਨਣ ਦਾ ਚਾਅ ਰਹੇਗਾ। ਸਭ ਤੋਂ ਪਹਿਲਾਂ ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੇਰਾ ਪਿਤਾ ਮਹਾਰਾਜ, ਭਾਵੇਂ ਤੈਨੂੰ ਮਾਯਾ ਨਗਰੀ ਵਿਚ ਮੁੱਦਤਾਂ ਤੋਂ ਰਹਿਣ ਕਰ ਕੇ ਦੂਰ ਭਾਸਦਾ ਹੈ ਪਰ ਅਸਲ ਵਿਚ ਜਦ ਤੂੰ ਕੀਰਤਨ ਵਿਚ ਬੇਨਤੀਆਂ ਕਰੇ, ਤੂੰ ਉਸ ਨੂੰ ਆਪਣੇ ਤੋਂ ਅੱਡਰਾ ਜਾਂ ਬਾਹਰ ਕਿਤੇ ਦੂਰ ਨਾ ਸਮਝਿਆ ਕਰ। ਉਹ ਤੇਰੇ ਅੰਗ ਸੰਗ ਹੈ। ਤੇਰੀ ਹਰ ਇਕ ਬੇਨਤੀ ਨੂੰ ਸੁਣਦਾ ਹੈ। ਉਸ ਨੂੰ ਮਿਲਣ ਵਾਸਤੇ ਤੈਨੂੰ ਬਾਹਰ ਦੀ ਬਜਾਏ ਆਪਣੇ ਅੰਦਰ ਦੀ ਖੋਜ ਕਰਨੀ ਪਵੇਗੀ। ਤੇਰੇ ਅੰਦਰ ਹੀ ਉਹ ਮਹਾਨ ਅਸਥਾਨ ਹੈ ਜਿਥੇ ਤੇਰਾ ਪਿਤਾ ਰਹਿੰਦਾ ਹੈ। ਤੇਰੇ ਅੰਦਰ ਹੀ ਉਹ 'ਨਿਜ ਘਰ' ਨਾਮੀ ਕਮਰਾ ਹੈ, ਜਿਥੇ ਮਾਯਾ ਦੇ ਵਸ ਆਉਣ ਤੋਂ ਪਹਿਲਾਂ ਤੂੰ ਆਪਣੇ ਪਿਤਾ ਨੂੰ ਆਪਣੇ ਅੰਦਰੋਂ ਹੀ ਮਿਲਣਾ ਹੈ। ਜਦ ਤੈਨੂੰ ਆਪਣੇ ਪਿਤਾ ਦੇ ਆਪਣੇ ਅੰਦਰ ਮੇਲ ਹੋ ਗਏ, ਤਦ ਤੈਨੂੰ ਸਾਰੀ ਸਮਝ ਆ ਜਾਵੇਗੀ ਕਿ ਕਿਵੇਂ ਮਾਯਾ ਨੇ ਤੇਰੀ ਨਜ਼ਰ ਤੇ ਪਰਦਾ ਪਾ ਕੇ ਤੈਨੂੰ ਆਪਣੇ ਪਿਤਾ ਦੇ ਕੋਲ ਹੁੰਦਿਆਂ ਹੋਇਆਂ ਵੀ ਉਸ ਤੋਂ ਵਿਛੋੜੀ ਰੱਖਿਆ ਹੈ।

ਜੀਵ—ਸਾਧੂ ਮਹਾਤਮਾ, ਮੈਨੂੰ ਆਪ ਦੀ ਕਿਸੇ ਗੱਲ ਦੀ ਸਮਝ ਨਹੀਂ ਆਈ। ਮੈਨੂੰ ਤਾਂ ਮਾਯਾ ਹੀ ਮਾਯਾ ਨਜ਼ਰ ਆਉਂਦੀ ਹੈ। ਵਿਚਾਰ ਨੇ ਤੇ ਤੁਸੀਂ ਮੈਨੂੰ ਆਪਣੇ ਪਿਤਾ ਦੀ ਦਸ ਜ਼ਰੂਰ ਪਾਈ ਹੈ ਅਤੇ ਮੈਨੂੰ ਆਪਣੇ ਪਿਤਾ ਅੱਗੇ ਬੇਨਤੀਆਂ ਕਰਨ ਵਿਚ ਸਵਾਦ ਵੀ ਬੜਾ ਆਉਂਦਾ ਹੈ, ਪਰ ਇਹ ਬੜੀ ਅਸਚਰਜ ਦੀ ਗੱਲ ਹੈ ਕਿ ਮੇਰੇ ਪਿਤਾ ਮੇਰੇ ਕੋਲ ਹੀ ਰਹਿੰਦਾ ਹੈ ਅਤੇ ਮਾਯਾ ਨੇ ਮੈਨੂੰ ਉਸ ਤੋਂ ਵਿਛੋੜੀ ਰੱਖਿਆ ਹੈ। ਕਿਰਪਾ ਕਰੋ, ਮੈਨੂੰ ਕੋਈ ਵਲ ਦੱਸੋ, ਕੋਈ ਤਰੀਕਾ ਸਮਝਾਵੋ ਜਿਸ ਨਾਲ ਮੈਂ ਆਪਣੇ ਪਿਤਾ ਨੂੰ ਮਿਲ ਸਕਾਂ।

ਸਾਧੂ—ਜੀਵ, ਮੈਂ ਤੈਨੂੰ ਆਪਣੇ ਪਿਤਾ ਨਾਲ ਮਿਲਾਣ ਹੀ ਤੇ ਆਇਆ ਹਾਂ, ਤੂੰ ਘਬਰਾ ਨਾ। ਕੇਵਲ ਮੇਰੇ ਦੱਸੇ ਤਰੀਕੇ ਅਨੁਸਾਰ ਕੰਮ ਕਰੀ ਚਲ। ਸਭ ਤੋਂ ਪਹਿਲੇ ਤੂੰ ਇਹ ਜਾਣ ਲੈ ਕਿ ਤੇਰਾ ਪਿਤਾ ਤੇਰੇ ਅੰਦਰ ਹੈ ਅਤੇ ਉਸ ਨੇ ਤੈਨੂੰ ਤੇਰੇ ਅੰਦਰੋਂ ਹੀ ਮਿਲਣਾ ਹੈ। ਦੂਸਰੀ

ਗੱਲ ਇਹ ਸਮਝ ਲੈ ਕਿ ਮਾਯਾ ਅਤੇ ਇਸ ਦੀ ਨਗਰੀ ਦੇ ਸਭ ਵਾਸੀਆਂ ਦੀ ਇਹ ਆਦਤ ਹੈ ਕਿ ਇਹਨਾਂ ਤੋਂ ਜਿਹੜਾ ਡਰੇ ਉਸ ਨੂੰ ਇਹ ਬੜਾ ਡਰਾਂਦੇ ਹਨ ਅਤੇ ਜੋ ਇਹਨਾਂ ਤੋਂ ਨਾ ਡਰੇ, ਇਹਨਾਂ ਦੀ ਪਰਵਾਹ ਨਾ ਕਰੇ, ਇਹਨਾਂ ਦੀ ਅਸਲੀਅਤ ਨੂੰ ਸਮਝ ਲਵੇ, ਉਸ ਤੋਂ ਇਹ ਖੁਦ ਡਰਨ ਲਗ ਜਾਂਦੇ ਹਨ. ਉਸ ਦੀ ਤਾਬਿਆ ਹੋ ਕੇ ਸੇਵਾ ਕਰਨ ਲਗ ਪੈਂਦੇ ਹਨ। ਤੀਸਰੀ ਸਮਝਣ ਵਾਲੀ ਗੱਲ ਇਹ ਹੈ ਕਿ ਤੇਰਾ ਪਿਤਾ ਬੜੀ ਪਵਿੱਤਰ ਤੇ ਸੂਖਸ਼ਮ ਹਸਤੀ ਹੈ। ਉਸ ਨੂੰ ਮਿਲਣ ਤੋਂ ਪਹਿਲੇ ਤੈਨੂੰ ਆਪ ਬੜਾ ਪਵਿੱਤਰ ਤੇ ਸੂਖਸਮ ਬਣਨਾ ਹੋਵੇਗਾ।

*ਹਰਿ ਜੀ ਸੂਖਮੁ ਅਗਮੁ ਹੈ......॥* ਅੰਕ - 756

*ਏਵਡੁ ਊਚਾ ਹੋਵੈ ਕੋਇ॥*
*ਤਿਸੁ ਊਚੇ ਕਉ ਜਾਣੈ ਸੋਇ॥* ਅੰਕ - 5

ਜੀਵ—ਸਾਧੂ, ਤੇਰੀਆਂ ਗੱਲਾਂ ਮੈਨੂੰ ਬੜੀਆਂ ਚੰਗੀਆਂ ਲਗਦੀਆਂ ਹਨ। ਕਿਰਪਾ ਕਰ ਕੇ ਮੈਨੂੰ ਇਹ ਵੀ ਦਸ ਕਿ ਮੈਂ ਆਪਣੇ ਸੂਖਸ਼ਮ ਤੇ ਪਵਿੱਤਰ ਪਿਤਾ ਨੂੰ ਮਿਲਣ ਵਾਸਤੇ ਸੂਖਸ਼ਮ ਤੇ ਪਵਿੱਤਰ ਕਿਵੇਂ ਬਣਾਂ?

ਸਾਧੂ—ਜੀਵ, ਸੂਖਸ਼ਮ ਬਣਨ ਵਾਸਤੇ ਤੈਨੂੰ ਸੁਰਤ ਰੂਪ ਹੋਣਾ ਪਵੇਗਾ ਅਤੇ ਸੁਰਤ ਨੂੰ ਸੂਖਸ਼ਮ ਕਰਦੇ ਕਰਦੇ ਅਤਿ ਸੂਖਸ਼ਮਤਾ ਦੇ ਦਰਜੇ ਤੇ ਲੈ ਜਾਣਾ ਹੋਵੇਗਾ। ਇਸਦਾ ਸਹਿਲ ਤਰੀਕਾ 'ਨਾਮ ਜਾਪ' ਹੈ। ਤੂੰ ਪਿਤਾ ਦੇ ਨਾਮ ਦਾ ਪਹਿਲੇ ਰਸਨਾ ਦਵਾਰਾ ਜਾਪ ਕਰਿਆ ਕਰ, ਜਦ ਇਹ ਅਭਿਆਸ ਪੱਕ ਜਾਵੇ, ਤਾਂ ਰਸਨਾ ਦੀ ਬਜਾਏ ਸੁਰਤ ਵਿਚ ਨਾਮ ਜਪਿਆ ਕਰ। ਜਦ ਤੇਰਾ ਸੁਰਤ ਅਭਿਆਸ ਪੱਕ ਗਿਆ, ਤਾਂ ਤੂੰ ਸੁਰਤ ਵਿਚ ਨਾਮ ਜਪਣ ਦੀ ਬਜਾਏ ਅਜਪਾ ਜਾਪ ਵਿਚ ਸੁਰਤ ਨੂੰ ਲਗਾ ਦੇਵੀਂ। ਇਸ ਅਜਪੇ ਜਾਪ ਵਿਚ ਤੇਰੀ ਸੁਰਤ ਠਹਿਰ ਜਾਵੇਗੀ ਤੇ ਜਾਪ ਬੰਦ ਹੋ ਜਾਵੇਗਾ। ਇਸ ਸੂਖਸ਼ਮ ਅਵਸਥਾ ਵਿਚ ਤੈਨੂੰ ਆਪਣੇ ਨਾਲ ਆਪਣਾ ਪਿਤਾ ਬਿਰਾਜਿਆ ਹੋਇਆ ਪਰਤੱਖ ਦਿਸੇਗਾ। ਪਿਤਾ ਨੂੰ ਵੇਖ ਕੇ ਤੇਰੀਆਂ ਅੱਖਾਂ ਤੋਂ ਮਾਯਾ ਵਲੋਂ ਲਗਾਈ ਹੋਈ ਮੁਦਤਾਂ ਦੀ 'ਅਵਿਦਿਆ' ਨਾਮੀ ਐਨਕ ਆਪਣੇ ਆਪ ਢਿਲੀ ਹੋਣੀ ਸ਼ੁਰੂ ਹੋ ਜਾਵੇਗੀ ਅਤੇ ਕੁਝ ਅਰਸੇ ਮਗਰੋਂ ਲਹਿ ਜਾਵੇਗੀ। ਤੈਨੂੰ ਤਦ ਪਤਾ ਲਗੇਗਾ ਕਿ ਮਾਯਾ ਦੀ ਇਸ ਅਵਿਦਿਆ ਨਾਮੀ ਐਨਕ ਨੇ ਹੀ ਤੈਨੂੰ ਆਪਣੇ ਪਿਤਾ ਦੇ ਅਤੀ ਨਜ਼ਦੀਕ ਹੁੰਦਿਆਂ ਵੀ ਉਸ



ਤੋਂ ਵਿਛੋੜ ਕੇ ਮਾਯਾ ਨਗਰੀ ਵਿਖੇ ਅਨੇਕ ਜਨਮ ਭਟਕਾਇਆ ਹੈ।

## ੫.

ਸਾਧੂ ਦੀ ਸੰਗਤ ਨੇ, ਜੀਵ ਦੀ ਹੁਣ ਅਵਸਥਾ ਹੀ ਬਦਲ ਦਿਤੀ ਸੀ, ਉਸ ਦਾ ਜੀਵਨ ਸਬੰਧੀ ਦ੍ਰਿਸ਼ਟੀਕੋਣ ਹੀ ਹੋਰ ਹੋ ਚੁੱਕਾ ਸੀ। ਜਿਥੇ ਪਹਿਲੇ ਜੀਵ ਆਪਣੇ ਆਪ ਨੂੰ ਮਾਯਾ ਤੇ ਹਉਮੈ ਦਾ ਗੁਲਾਮ ਸਮਝਦਾ ਸੀ, ਹੁਣ ਹਉਮੈਂ ਤੇ ਮਾਯਾ ਜੀਵ ਦੀਆਂ ਦਾਸੀਆਂ ਸਨ ਅਤੇ ਜੀਵ ਉਹਨਾਂ ਦਾ ਮਾਲਕ। ਜੀਵ ਹੁਣ ਅੱਠੇ ਪਹਿਰ ਕੀਰਤਨ, ਨਾਮ ਸਿਮਰਨ ਅਤੇ ਸਾਧੂ ਦੀ ਸੰਗਤ ਵਿਚ ਗੁਜ਼ਾਰਦਾ। ਕੀਰਤਨ ਵਿਚ ਜੀਵ ਦੀ ਸਿਤਾਰ ਵਿਚੋਂ ਹੁਣ ਇਸ ਤਰ੍ਹਾਂ ਦੇ ਨਗਮੇ ਨਿਕਲਦੇ ਰਹਿੰਦੇ ਸਨ —

*ਹਉ ਗੋਸਾਂਈ ਦਾ ਪਹਿਲਵਾਨੜਾ॥*
*ਮੈ ਗੁਰ ਮਿਲਿ ਉਚ ਦੁਮਾਲੜਾ॥[1]॥*
*ਸਭ ਹੋਈ ਛਿੰਝ ਇਕਠੀਆ*
*ਦਯੁ[2] ਬੈਠਾ ਵੇਖੈ ਆਪਿ ਜੀਉ॥*
*ਵਾਤ[3] ਵਜਨਿ ਟੰਮਕ ਭੇਰੀਆ॥*
*ਮਲ ਲਥੇ ਲੈਦੇ ਫੇਰੀਆ॥*
*ਨਿਹਤੇ ਪੰਜਿ ਜੁਆਨ ਮੈ*
*ਗੁਰ ਥਾਪੀ ਦਿਤੀ ਕੰਡਿ ਜੀਉ॥*
*ਸਭ ਇਕਠੇ ਹੋਇ ਆਇਆ॥*
*ਘਰਿ ਜਾਸਨਿ ਵਾਟ ਵਟਾਇਆ॥*
*ਗੁਰਮੁਖਿ ਲਾਹਾ ਲੈ ਗਏ*
*ਮਨਮੁਖ ਚਲੇ ਮੂਲੁ ਗਵਾਇ ਜੀਉ॥*
*ਤੂੰ ਵਰਨਾ ਚਿਹਨਾ ਬਾਹਰਾ॥*
*ਹਰਿ ਦਿਸਹਿ ਹਾਜਰੁ ਜਾਹਰਾ॥*
*ਸੁਣਿ ਸੁਣਿ ਤੁਝੈ ਧਿਆਇਦੇ*
*ਤੇਰੇ ਭਗਤ ਰਤੇ ਗੁਣਤਾਸੁ[4] ਜੀਉ॥*
*ਮੈ ਜੁਗਿ ਜੁਗਿ ਦਯੈ ਸੇਵੜੀ॥*

---

੧. ਦੁਮਾਲੜਾ—ਉਚੇ ਦੁਮਾਲੇ ਵਾਲਾ ੨. ਦਯੁ—ਪ੍ਰਕਾਸ਼ਮਾਨ, ਵਾਹਿਗੁਰੂ ੩. ਵਾਤ—ਮੂੰਹ ਨਾਲ ਵਜਣ ਵਾਲੇ ਵਾਜੇ ੪. ਗੁਣਤਾਸੁ—ਗੁਣਾਂ ਦਾ ਖਜ਼ਾਨਾ

*ਗੁਰਿ ਕਟੀ ਮਿਹਡੀ ਜੇਵੜੀ॥*
*ਹਉ ਬਾਹੁੜਿ ਛਿੰਝ ਨ ਨਚਊ*
*ਨਾਨਕ ਅਉਸਰੁ ਲਧਾ ਭਾਲਿ ਜੀਉ॥* ਅੰਕ - 74

ਮਾਯਾ, ਹਉਮੈਂ ਅਤੇ ਇਹਨਾਂ ਦੇ ਸਾਥੀਆਂ ਦੀ ਅਸਲੀਅਤ ਨੂੰ ਸਮਝ ਜਾਣ ਨਾਲ ਜੀਵ ਹੁਣ ਮਾਯਾ ਨਗਰੀ ਦਾ ਰਾਜਾ ਸੀ ਅਤੇ ਮਾਯਾ ਤੇ ਉਸ ਦੀਆਂ ਸਭ ਸਕਤੀਆਂ ਉਸ ਦੇ ਅਧੀਨ ਸਨ। ਮਾਯਾ ਸਬੰਧੀ ਜੀਵ ਆਪਣੇ ਪਿਛਲੇ ਅਤੇ ਹੁਣ ਦੇ ਤਜਰਬੇ ਦਾ ਮੁਕਾਬਲਾ ਕਰਦਾ ਰਹਿੰਦਾ ਅਤੇ ਮੁਸਕਰਾ ਕੇ ਆਖਦਾ -

*ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥*
*ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ॥*
*ਭਾਈ ਮੀਤ ਕੁਟੰਬ ਦੇਖਿ ਬਿਬਾਦੇ॥*
*ਹਮ ਆਈ ਵਸਗਤਿ ਗੁਰ ਪਰਸਾਦੇ॥* ਅੰਕ - 370

*ਤ੍ਰੈ ਗੁਣ ਮੋਹੇ ਮੋਹਿਆ ਆਕਾਸੁ॥*
*ਹਮ ਸਤਿਗੁਰ ਰਾਖੇ ਦੇ ਕਰਿ ਹਾਥੁ॥*
*ਗਿਆਨੀ ਕੀ ਹੋਈ ਵਰਤੀ ਦਾਸਿ॥*
*ਕਰ ਜੋੜੇ ਸੇਵਾ ਕਰੇ ਅਰਦਾਸਿ॥*
*ਜੋ ਤੂੰ ਕਹਹਿ ਸੋ ਕਾਰ ਕਮਾਵਾ॥*
*ਜਨ ਨਾਨਕ ਗੁਰਮੁਖ ਨੇੜਿ ਨ ਆਵਾ॥* ਅੰਕ - 370

*ਗਹੁ ਕਰਿ ਪਕਰੀ ਨ ਆਈ ਹਾਥਿ॥*
*ਪ੍ਰੀਤਿ ਕਰੀ ਚਾਲੀ ਨਹੀ ਸਾਥਿ॥*
*ਕਹੁ ਨਾਨਕ ਜਉ ਤਿਆਗਿ ਦਈ॥*
*ਤਬ ਓਹ ਚਰਣੀ ਆਇ ਪਈ॥* ਅੰਕ - 891

ਸਾਧੂ ਨੇ ਜੀਵ ਨੂੰ ਤੀਸਰੀ ਗੱਲ ਇਹ ਆਖੀ ਸੀ ਕਿ ਉਸ ਦਾ ਪਿਤਾ 'ਮਹਾਰਾਜ' ਬੜਾ ਸੂਖਸ਼ਮ ਹੈ, ਇਸ ਲਈ ਜੀਵ ਨੂੰ ਆਪਣੇ ਪਿਤਾ ਦੇ ਮਿਲਾਪ ਲਈ ਅਤਿ ਸੂਖਸ਼ਮ ਬਣਨਾ ਪਵੇਗਾ। ਨਾਲ ਹੀ ਸਾਧੂ ਨੇ ਜੀਵ ਨੂੰ ਨਾਮ ਜਾਪ ਦੀ ਕਮਾਈ ਨਾਲ ਅਤਿ ਸੂਖਸ਼ਮ ਬਨਣ ਦਾ ਵਲ ਵੀ ਦਸ ਦਿਤਾ ਸੀ। ਮਾਯਾ ਦੀ ਖਸਲਤ ਨੂੰ ਸਮਝ ਕੇ ਅਤੇ ਉਸ ਦਾ ਸਵਾਮੀ ਬਣ ਕੇ ਹੁਣ ਜੀਵ ਨਾਮ ਕਮਾਈ ਵਿਚ ਅੱਠੇ ਪਹਿਰ ਮਗਨ ਰਹਿਣ ਲੱਗਾ। ਪਹਿਲੇ ਪਹਿਲ ਤਾਂ ਜੀਵ ਨੂੰ ਬੜੀ ਤਕਲੀਫ ਹੋਈ। ਜਦ ਨਾਮ ਸਿਮਰਨ



ਵਿਚ ਬੈਠਦਾ, ਮਾਯਾ ਜੀਵ ਦੇ ਸੰਕਲਪਾਂ ਵਿਕਲਪਾਂ ਦਵਾਰਾ ਆ ਕੇ ਉਸ ਨੂੰ ਉਸ ਦੇ ਪਿਤਾ ਦੇ ਚਰਨਾਂ ਵਿਚ ਜੁੜਨ ਤੋਂ ਰੋਕਦੀ, ਪਰ ਜੀਵ ਦੇ ਸਿਰ ਤੇ ਸਾਧੂ ਦਾ ਹੱਥ ਹੋਣ ਕਰ ਕੇ ਘਬਰਾਂਦਾ ਜਾਂ ਉਦਾਸ ਨਹੀਂ ਸੀ ਹੁੰਦਾ। ਨਾਮ ਅਭਿਆਸ ਵਿਚ ਪਹਿਲੇ ਪਹਿਲ ਜੀਵ ਨੂੰ ਕੀਰਤਨ ਵਾਲਾ ਮਹਾਂ ਸਵਾਦ ਵੀ ਨਾ ਆਵੇ, ਪਰ ਉਸ ਦਾ ਵਿਸ਼ਵਾਸ਼ ਸਾਧੂ ਦੇ ਬਚਨ ਵਿਚ ਅਟੱਲ ਸੀ, ਇਸ ਲਈ ਉਸ ਨੇ ਨਾਮ ਕਮਾਈ ਜਾਰੀ ਰੱਖੀ। ਕੁਝ ਚਿਰ ਭਟਕਣ ਮਗਰੋਂ ਜੀਵ ਦਾ ਮਨ ਨਾਮ ਅਭਿਆਸ ਵਿਚ ਖੂਬ ਠਹਿਰਨਾ ਸ਼ੁਰੂ ਹੋਇਆ। ਮਨ ਦੇ ਠਹਿਰਨ ਨਾਲ ਜੀਵ ਦੇ ਅੰਦਰ ਅਨੇਕਾਂ ਸ਼ਕਤੀਆਂ ਰਿੱਧੀਆਂ ਸਿੱਧੀਆਂ ਫੁਰਨ ਲਗ ਪਈਆਂ। ਜੀਵ ਜੋ ਚਾਹੁੰਦਾ ਉਹੋ ਹੋ ਜਾਂਦਾ, ਜਿਸ ਗੱਲ ਦੀ ਇਛਿਆ ਕਰਦਾ ਉਹੋ ਆਣ ਮਿਲਦੀ, ਪਰ ਜਦ ਜੀਵ ਨੇ ਆਪਣੀ ਹਾਲਤ ਸਾਧੂ ਨੂੰ ਦੱਸੀ ਤਾਂ ਸਾਧੂ ਨੇ ਜੀਵ ਨੂੰ ਆਖਿਆ, ਜੀਵ! ਦੇਖੀਂ ਕਿਤੇ ਮਾਯਾ ਦੇ ਇਸ ਆਖਰੀ ਛਲ ਵਿਚ ਨਾ ਆ ਜਾਵੀਂ। ਜਿਸ ਮਾਯਾ ਨੂੰ ਜਿੱਤ ਲਿਆ ਸਮਝਦਾ ਹੈਂ, ਉਹ ਅਜੇ ਪੂਰੀ ਜਿੱਤੀ ਨਹੀਂ ਗਈ। ਸੂਖਸ਼ਮ ਭੇਸ ਵਟਾ ਕੇ ਤੈਨੂੰ ਆਪਣੇ ਪਿਤਾ ਦੇ ਮਿਲਣ ਤੋਂ ਰੋਕ ਰਹੀ ਹੈ। ਜੇ ਤੂੰ ਕਮਜ਼ੋਰੀ ਦਿਖਾਈ, ਤਾਂ ਇਕ ਤਾਂ ਆਪਣੇ ਪਿਤਾ ਨੂੰ ਨਹੀਂ ਮਿਲ ਸਕੇਂਗਾ, ਦੂਜੇ ਇਹ ਡੇਗਦੀ ਡੋਗਦੀ ਤੈਨੂੰ ਉਸੇ ਤਰਸਯੋਗ ਅਵਸਥਾ ਵਿਚ ਲੈ ਜਾਵੇਗੀ, ਜਿਥੋਂ ਇਤਨੀਆਂ ਪ੍ਰਾਰਥਨਾਂ ਤੇ ਘਾਲਣਾ ਕਰ ਕੇ ਨਿਕਲਿਆ ਹੈਂ। ਜਿਵੇਂ ਮਾਯਾ ਹੁਣ ਤੇਰੀ ਦਾਸੀ ਹੈ, ਉਸੇ ਤਰ੍ਹਾਂ ਮਾਯਾ ਦੀਆਂ ਸਭ ਸ਼ਕਤੀਆਂ ਵੀ ਤੇਰੀਆਂ ਦਾਸੀਆਂ ਹਨ, ਪਰ ਇਹਨਾਂ ਦਾ ਮਨੋਰਥ ਅਸਲ ਵਿਚ ਤੇਰੀ ਸੇਵਾ ਕਰਨਾ ਨਹੀਂ, ਤੈਨੂੰ ਛਲਣਾ ਅਤੇ ਆਪਣੇ ਪਿਤਾ ਦੇ ਮਿਲਾਪ ਤੋਂ ਰੋਕਣਾ ਹੈ। ਮਨ ਦੇ ਖਲੋਣ ਨਾਲ ਰਿਧੀਆਂ ਸਿੱਧੀਆਂ ਫੁਰਨੀਆਂ ਹਨ ਪਰ ਤੂੰ ਇਹਨਾਂ ਵਲ ਮੁੜਨ ਦੀ ਬਜਾਏ ਆਪਣੇ ਪਿਤਾ ਦੇ ਮਿਲਾਪ ਦਾ ਨਿਸ਼ਾਨਾ ਅੱਖਾਂ ਅੱਗੇ ਰੱਖਣਾ ਹੈ।

*ਰਿਧਿ ਸਿਧਿ ਸਭੁ ਮੋਹੁ ਹੈ......॥* ਅੰਕ - 593

ਜੀਵ ਨੇ ਸਾਧੂ ਦੇ ਚਰਨਾਂ ਤੇ ਸਿਰ ਰੱਖ ਕੇ ਨਮਸਕਾਰ ਕੀਤੀ ਅਤੇ ਲੱਗਾ ਨਾਮ ਜਾਪ ਦੀਆਂ ਅਖੀਰਲੀਆਂ ਮੰਜ਼ਲਾਂ ਵਿਚ ਖੇਡਣ। ਮਨ ਦੇ ਟਿਕਾਅ ਵਿਚ ਇਸ ਨੇ ਦੇਖਿਆ ਕਿ ਮਾਯਾ ਦੀ ਸਾਰੀ ਨਗਰੀ, ਜੀਵ ਦੇ ਅੰਦਰ ਹੀ ਮੌਜੂਦ ਹੈ। ਜੀਵ ਜਦ ਚਾਹੇ ਇਹ ਮਾਯਾ ਦੀ ਨਗਰੀ ਜੀਵ ਦੇ ਅੰਦਰ ਹੀ ਰਚੀ ਜਾਵੇ ਅਤੇ ਜਦ ਚਾਹੇ ਅਲੋਪ ਹੋ ਜਾਵੇ।

*ਜੋ ਬ੍ਰਹਮੰਡਿ ਖੰਡਿ ਸੋ ਜਾਣਹੁ॥* ਅੰਕ - 1041

*ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ॥*

*ਅੰਕ - 907*

ਅਖੀਰ ਜੀਵ ਦਾ ਹੋਰ ਨਾਮ ਅਭਿਆਸ ਵਧਿਆ ਤੇ ਉਸ ਨੇ ਦੇਖਿਆ ਕਿ ਇਹ ਮਾਯਾ ਦੀ ਖੇਡ ਸਭ ਉਸ ਦੇ ਆਪਣੇ ਫੁਰਨੇ ਦੀ ਰਚਨਾ ਹੈ, ਉਸ ਦੀ ਆਪਣੀ ਇਛਿਆ ਦਾ ਨਤੀਜਾ ਹੈ। ਉਸ ਨੂੰ ਇਹ ਵੀ ਪਤਾ ਲਗ ਗਿਆ ਕਿ ਕਿਸੇ ਵੇਲੇ ਕਿਸੇ ਤਰ੍ਹਾਂ ਉਸ ਨੇ ਮਾਯਾ ਨਾਲ ਖੇਡਣਾ ਆਪ ਮਨਜ਼ੂਰ ਕੀਤਾ ਸੀ। ਹੁਣ ਜਦ ਜੀਵ ਦਾ ਮਾਯਾ ਨੂੰ ਤਿਆਗ ਕੇ ਆਪਣੇ ਪਿਤਾ ਦੇ ਮਿਲਾਪ ਦਾ ਫੁਰਨਾ ਪੱਕਾ ਹੋ ਗਿਆ ਤਾਂ ਮਾਯਾ ਤੇ ਉਸ ਦੀ ਨਗਰੀ ਸਭ ਸੁਫਨੇ ਦੀਆਂ ਤਸਵੀਰਾਂ ਬਣ ਬਣ ਕੇ ਜੀਵ ਦੀ ਯਾਦਦਾਸ਼ਤ ਵਿਚੋਂ ਅਲੋਪ ਹੋਣ ਲੱਗੀਆਂ। ਇਕ ਦਿਨ ਨਾਮ ਅਭਿਆਸ ਵਿਚ ਜਦ ਮਾਯਾ ਬਿਲਕੁਲ ਅਲੋਪ ਹੋ ਗਈ ਤਾਂ ਜੀਵ ਦੀਆਂ ਅੱਖਾਂ ਤੋਂ ਅਵਿਦਿਆ ਨਾਮੀ ਐਨਕ ਆਪਣੇ ਆਪ ਡਿੱਗ ਪਈ। ਇਸ ਐਨਕ ਦੇ ਡਿਗਦੇ ਸਾਰ ਹੀ ਜੀਵ ਨੇ ਆਪਣੇ ਆਪ ਨੂੰ ਕਿਸੇ ਮਹਾਨ ਉਚਾਈ ਵਲ ਉਡਦੇ ਮਹਿਸੂਸ ਕੀਤਾ। ਉਪਰੰਤ ਜੀਵ ਦੇ ਸਾਮ੍ਹਣੇ ਇਕ ਬੜਾ ਸੁੰਦਰ ਦਰਬਾਰ ਲਗ ਗਿਆ, ਜਿਸ ਵਿਚ ਇਕ ਮਹਾਨ ਤੇਜਮਈ ਪੁਰਸ਼ ਦੀ ਹਜ਼ੂਰੀ ਵਿਚ ਮਾਯਾ ਨਿਰਤ ਕਰ ਰਹੀ ਸੀ ਅਤੇ ਸਭ ਅਹਿਲਕਾਰ ਤੇ ਦਰਬਾਰੀ ਬੈਠੇ ਅਨੰਦ ਲੈ ਰਹੇ ਸੀ। ਇਹ ਤੇਜਮਈ ਪੁਰਸ਼ ਇਸ ਦਰਬਾਰ ਦੇ ਵਿਚਕਾਰ ਇਕ ਉਚੇ ਜੜਾਊ ਤਖਤ ਉਤੇ ਬਿਰਾਜ ਰਿਹਾ ਸੀ। ਇਸ ਵਲ ਤੱਕਿਆਂ ਜੀਵ ਦੀਆਂ ਅੱਖਾਂ ਚੁੰਧਿਆ ਗਈਆਂ, ਕਿਉਂਕਿ ਇਹ ਪੁਰਸ਼ ਸਮੁੱਚੇ ਨੂਰ ਦਾ ਬਣਿਆ ਹੋਇਆ ਸੀ। ਇਸ ਤੇਜਮਈ ਪੁਰਸ਼ ਵਿਚੋਂ ਜੀਵ ਦੇ ਦੇਖਦੇ ਦੇਖਦੇ ਇਕ ਕਿਰਨ ਨਿਕਲੀ ਅਤੇ ਇਕ ਇਨਸਾਨ ਦਾ ਰੂਪ ਧਾਰਨ ਕਰ ਕੇ ਜੀਵ ਦੇ ਸਾਮ੍ਹਣੇ ਖਲੋ ਗਈ। ਜਦ ਜੀਵ ਨੇ ਚੰਗੀ ਤਰ੍ਹਾਂ ਇਸ ਇਨਸਾਨੀ ਸ਼ਕਲ ਵਲ ਤੱਕਿਆ ਤਾਂ ਬੜਾ ਹੈਰਾਨ ਹੋਇਆ ਕਿਉਂਕਿ ਇਹ ਸੂਰਤ ਬਿਲਕੁਲ ਸਾਧੂ ਦੀ ਹੀ ਸੀ। ਜੀਵ ਹੱਕਾ ਬੱਕਾ ਖੜ੍ਹਾ ਸੀ, ਐਪਰ ਇਸ ਕਿਰਨ ਤੋਂ ਬਣੇ ਸਾਧੂ ਨੇ ਜੀਵ ਨੂੰ ਇਸ਼ਾਰੇ ਨਾਲ ਆਪਣੇ ਪਾਸ ਬੁਲਾਇਆ। ਜਦ ਜੀਵ ਸਾਧੂ ਦੇ ਕੋਲ ਪਹੁੰਚਿਆ ਤਾਂ ਸਾਧੂ ਨੇ ਉਸ ਤੇਜਮਈ ਪੁਰਸ਼ ਵਲ ਇਸ਼ਾਰਾ ਕਰਕੇ ਕਿਹਾ, ਜੀਵ! ਇਹ ਤੇਰੇ ਪਿਤਾ ਮਹਾਰਾਜ ਹਨ। ਇਹ ਕਹਿ ਕੇ ਸਾਧੂ ਫੇਰ ਕਿਰਨ ਰੂਪ ਹੋ ਗਿਆ। ਜੀਵ ਨੇ ਅੱਗੇ ਵਧ ਕੇ ਆਪਣੇ ਪਿਤਾ ਮਹਾਰਾਜ ਦੇ ਚਰਨਾਂ ਤੇ ਸਿਰ ਰਖ ਦਿਤਾ। ਜੀਵ ਦਾ ਚਰਨਾਂ



ਨੂੰ ਛੋਹਣਾ ਸੀ ਕਿ ਜੀਵ ਵੀ ਕਿਰਨ ਰੂਪ ਹੋ ਗਿਆ। ਹੁਣ ਇਕ ਪਾਸੇ ਸਾਧੂ ਕਿਰਨ ਰੂਪ ਹੋ ਕੇ ਖੜ੍ਹਾ ਸੀ, ਦੂਜੇ ਪਾਸੇ ਜੀਵ ਅਤੇ ਵਿਚਕਾਰ ਜੀਵ ਦਾ ਪਿਤਾ 'ਮਹਾਰਾਜ' ਸੂਰਜ ਦੀ ਤਰ੍ਹਾਂ ਨੂਰ ਦਾ ਸੋਮਾ ਖੜ੍ਹਾ ਸੀ। ਜੀਵ ਭਾਵੇਂ ਕਿਰਨ ਰੂਪ ਹੋ ਗਿਆ ਸੀ ਪਰ ਉਸ ਵਿਚ ਸਮਝ ਸੋਚ ਕਾਇਮ ਸੀ। ਜੀਵ, ਸਾਧੂ ਤੇ ਮਹਾਰਾਜ ਹੁਣ ਤਿੰਨੇ ਨੂਰ ਰੂਪ ਸਨ। ਜਦ ਜੀਅ ਕਰਦਾ ਤਿੰਨੇ ਮਿਲ ਕੇ ਇਕ ਰੂਪ ਹੋ ਜਾਂਦੇ, ਜਦ ਜੀਅ ਕਰਦਾ ਤਿੰਨੇ ਸਾਧੂ ਰੂਪ ਬਣ ਜਾਂਦੇ, ਜਦ ਜੀਅ ਕਰਦਾ ਤਿੰਨੇ ਜੀਵ ਰੂਪ ਹੋ ਜਾਂਦੇ, ਜਦ ਜੀਅ ਕਰਦਾ ਤਿੰਨੇ ਮਹਾਰਾਜ ਰੂਪ ਹੋ ਜਾਂਦੇ। ਇਸ ਤਰ੍ਹਾਂ ਕਈ ਵਾਰੀ ਇਕ ਦੂਸਰੇ ਦੇ ਰੂਪ ਵਿਚ ਲੀਨ ਹੋ ਕੇ ਜਦ ਜੀਵ ਨੂੰ ਨਿਸਚਾ ਹੋ ਗਿਆ ਕਿ ਜੀਵ ਅਤੇ ਸਾਧੂ ਮਹਾਰਾਜ ਦੇ ਹੀ ਦੂਸਰੇ ਸਰੂਪ ਸਨ ਅਤੇ ਜਦ ਇਹ ਲੀਨ ਹੋ ਜਾਣ ਤਾਂ ਮਹਾਰਾਜ ਹੀ ਰਹਿ ਜਾਂਦੇ ਹਨ, ਤਾਂ ਜੀਵ ਨੂੰ ਮਹਾਰਾਜ ਵਿਚ ਲੀਨ ਹੋ ਕੇ ਮੁੜ ਕੁਝ ਨਾ ਬਣਨ ਦੀ ਇਛਿਆ ਫੁਰ ਆਈ। ਉਪਰੰਤ ਜੀਵ 'ਮਹਾਰਾਜ' ਵਿਚ ਲੀਨ ਹੋ ਗਿਆ ਅਤੇ ਦਰਬਾਰ ਦੀਆਂ ਅਪੱਛਰਾਂ ਨੇ ਮਿਲ ਕੇ ਬੜੀ ਮਧੁਰ ਤੇ ਸੁਰੀਲੀ ਲੈਅ ਵਿਚ ਗਾਇਆ-

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥* *ਅੰਕ - 846*

# ਸ਼ਹਿਨਸ਼ਾਹ ਕੌਣ ਸੀ?

ਹਜ਼ਰਤ ਮੀਆਂ ਮੀਰ ਸਾਹਿਬ ਆਪਣੇ ਸਮੇਂ ਦੇ ਬੜੇ ਪਵਿੱਤਰ ਜੀਵਨ ਵਾਲੇ ਮੁਸਲਮਾਨ ਫਕੀਰ ਹੋਏ ਹਨ। ਰੱਬ ਦੇ ਬੰਦਿਆਂ ਦਾ ਰੱਬ ਵਾਂਗਰ ਕੋਈ ਮਜ਼ਹਬ ਨਹੀ ਹੁੰਦਾ, ਜਾਂ ਇਜ ਕਹੋ ਕਿ ਰੱਬ ਦੇ ਪਿਆਰੇ ਹੀ ਉਹਨਾਂ ਦਾ ਭਾਈਚਾਰਾ ਹੁੰਦਾ ਹੈ। ਹਜ਼ਰਤ ਮੀਆਂ ਮੀਰ ਮੁਸਲਮਾਨਾਂ ਦੇ ਪੀਰ ਅਤੇ ਗੁਰੂ ਅਰਜਨ ਦੇਵ ਸਾਹਿਬ ਹਿੰਦੂਆਂ ਦੇ ਗੁਰੂ। ਗੁਰੂ ਜੀ ਅਤੇ ਹਜ਼ਰਤ ਮੀਆਂ ਮੀਰ ਦੀ ਰੱਬ ਦੇ ਬੰਦੇ ਜਾਂ ਰੱਬ ਦੇ ਪਿਆਰੇ ਹੋਣ ਦੀ ਹੈਸੀਅਤ ਵਿਚ ਇਕ ਦੂਸਰੇ ਨਾਲ ਬੜੀ ਗੂੜ੍ਹੀ ਦੋਸਤੀ ਤੇ ਮੁਹੱਬਤ ਸੀ। ਗੁਰੂ ਅਰਜਨ ਦੇਵ ਜੀ ਨੇ ਜਦ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਰੱਖਣੀ ਸੀ, ਤਾਂ ਇਸ ਸ਼ੁਭ ਤੇ ਪਵਿੱਤਰ ਕੰਮ ਨੂੰ ਸਿਰੇ ਚਾੜ੍ਹਨ ਲਈ ਮੁਸਲਮਾਨਾਂ ਦੇ ਪੀਰ ਹਜ਼ਰਤ ਮੀਆਂ ਮੀਰ ਸਾਹਿਬ ਨੂੰ ਚੁਣਿਆ ਸੀ ਅਤੇ ਉਹ ਹਰਿਮੰਦਰ, ਜਿਸ ਦੀ ਹਿੰਦੂ ਤੇ ਸਿੱਖ ਕੌਮ ਦੇ ਦਿਲਾਂ ਵਿਚ ਅੱਜ ਇਤਨੀ ਇਜ਼ਤ ਹੈ ਅਤੇ ਜਿਸ ਦੀ ਹਸਤੀ ਕਾਇਮ ਰੱਖਣ ਵਾਸਤੇ ਸਿੱਖਾਂ ਨੇ ਬੇਸ਼ੁਮਾਰ ਕੁਰਬਾਨੀਆਂ ਕੀਤੀਆਂ ਹੋਈਆਂ ਹਨ, ਇਕ ਮੁਸਲਮਾਨ ਦਰਵੇਸ਼ ਦੇ ਹੱਥੋਂ ਬੁਨਿਆਦ ਰਖਵਾ ਕੇ ਤਾਅਮੀਰ ਕੀਤਾ ਗਿਆ ਸੀ।

ਹਜ਼ਰਤ ਮੀਆਂ ਮੀਰ ਸਾਹਿਬ ਜਿਥੇ ਰੱਬ ਦੇ ਆਸ਼ਕ ਅਤੇ ਰੱਬ ਦੇ ਪਿਆਰਿਆਂ ਦੇ ਮਿੱਤਰ ਸਨ, ਉਥੇ ਦੁਨੀਆਂਦਾਰਾਂ, ਅਮੀਰਾਂ, ਰਾਜਿਆਂ ਬਾਦਸ਼ਾਹਾਂ ਦੀ ਸੰਗਤ ਤੋਂ ਬਹੁਤ ਕਤਰਾਂਦੇ ਤੇ ਪਰਹੇਜ਼ ਕਰਦੇ ਸਨ। ਆਪ ਨੇ, ਆਪਣੇ ਅਸਥਾਨ ਉਤੇ, ਆਪਣੇ ਦਰਵੇਸ਼ ਮੁਰੀਦਾਂ ਦਾ ਪਹਿਰਾ ਲਗਾਇਆ ਹੋਇਆ ਹੁੰਦਾ ਸੀ, ਤਾਕਿ ਕੋਈ ਦੁਨੀਆਂ ਦਾ ਦੀਵਾਨਾ, ਹਿਰਸ ਦੇ ਲੋਭ ਦਾ ਮਾਰਿਆ ਹੋਇਆ ਬੰਦਾ ਬਗੈਰ ਇਜਾਜ਼ਤ ਦੇ ਆਪ ਦੀ ਹਜ਼ੂਰੀ ਵਿਚ ਨਾ ਆ ਕੇ।

ਇਕ ਵਾਰੀ ਸ਼ਹਿਨਸ਼ਾਹ ਜਹਾਂਗੀਰ, ਹਜ਼ਰਤ ਮੀਆਂ ਮੀਰ ਦੀ ਜ਼ਿਆਰਤ ਜਾਂ ਦਰਸ਼ਨ ਕਰਨ, ਆਪਣੇ ਅਹਿਲਕਾਰਾਂ ਸਮੇਤ ਬੜੀ ਸਜ



ਧਜ ਨਾਲ ਆਇਆ। ਅੱਗੋਂ ਦਰਵੇਸ਼ ਦੇ ਪਹਿਰੇਦਾਰ ਨੇ ਰੋਕ ਦਿਤਾ ਤੇ ਆਖਿਆ ਕਿ ਬਗੈਰ ਇਜਾਜ਼ਤ ਦੇ ਅੰਦਰ ਜਾਣਾ ਮਨ੍ਹਾ ਹੈ, ਸ਼ਹਿਨਸ਼ਾਹ ਨੇ ਸਾਰੀ ਉਮਰ ਵਿਚ ਇਸ ਕਿਸਮ ਦੇ ਹਰਫ਼ ਨਹੀਂ ਸਨ ਸੁਣੇ, ਬੜਾ ਗੁੱਸਾ ਆਇਆ, ਪਰ ਅਖੀਰ ਜ਼ਬਤ ਕਰ ਕੇ ਆਖਣ ਲੱਗਾ ਕਿ ਜਾਓ ਅੰਦਰ ਹਜ਼ਰਤ ਸਾਹਿਬ ਨੂੰ ਜਾ ਕੇ ਆਖੋ ਕਿ ਸ਼ਹਿਨਸ਼ਾਹ ਉਹਨਾਂ ਦੇ ਦਰਸ਼ਨ ਕਰਨ ਆਇਆ ਹੈ। ਪਹਿਰੇਦਾਰ ਨੇ ਆਖਿਆ ਕਿ ਆਪ ਇਥੇ ਹੀ ਖੜ੍ਹੇ ਰਹਿਣਾ, ਮੈਂ ਅੰਦਰ ਜਾ ਕੇ ਖਬਰ ਪੁਚਾ ਦੇਂਦਾ ਹਾਂ। ਹਿਦੁਸਤਾਨ ਦਾ ਬਾਦਸ਼ਾਹ ਸਮੇਤ ਅਹਿਲਕਾਰਾਂ ਤੇ ਜਰਨੈਲਾਂ ਦੇ ਇਕ ਫ਼ਕੀਰ ਦੇ ਬੂਹੇ ਉਤੇ ਇਸ ਉਡੀਕ ਵਿਚ ਖੜ੍ਹਾ ਸੀ ਕਿ ਕਦ ਫ਼ਕੀਰ ਦੇ ਦਰਸ਼ਨ ਕਰੇ। ਪਰ ਕਿੰਨਾ ਚਿਰ ਦਰਵੇਸ਼ ਅੰਦਰੋਂ ਨਾ ਮੁੜਿਆ। ਬਾਦਸ਼ਾਹ ਸਲਾਮਤ ਆਪਣੀ ਸਖ਼ਤ ਹੱਤਕ ਮਹਿਸੂਸ ਕਰ ਰਹੇ ਸਨ ਅਤੇ ਵਾਪਸ ਮੁੜ ਜਾਣਾ ਚਾਹੁੰਦੇ ਸਨ, ਪਰ ਫਿਰ ਕੁਝ ਸੋਚ ਕੇ ਉਤਨਾ ਚਿਰ ਖੜ੍ਹੇ ਰਹੇ ਜਦ ਤਕ ਕਿ ਪਹਿਰੇਦਾਰ ਨੇ ਅੰਦਰੋਂ ਆ ਕੇ ਨਾ ਆਖਿਆ ਕਿ ਬਾਦਸ਼ਾਹ ਨੂੰ ਅੰਦਰ ਆਉਣ ਦੀ ਇਜਾਜ਼ਤ ਹੈ।

ਬਾਦਸ਼ਾਹ ਦੇ ਨਾਲ ਅਹਿਲਕਾਰ ਵੀ ਸਨ, ਜਿਨ੍ਹਾਂ ਨੇ ਸਭ ਕੁਝ ਆਪਣੀ ਅੱਖੀਂ ਦੇਖਿਆ ਸੀ, ਇਸ ਲਈ ਆਪਣੇ ਬਾਦਸ਼ਾਹੀ ਰੋਅਬ ਦਾਬ ਨੂੰ ਕਾਇਮ ਰੱਖਣ ਵਾਸਤੇ ਬਾਦਸ਼ਾਹ ਨੇ ਹਜ਼ਰਤ ਮੀਆਂ ਮੀਰ ਸਾਹਿਬ ਪਾਸ ਪਹੁੰਚਦਿਆਂ ਹੀ ਫ਼ਾਰਸੀ ਜ਼ਬਾਨ ਵਿਚ ਆਖਿਆ -

ਬਦਰ ਦਰਵੇਸ਼ ਦਰਬਾਨੇ ਨ ਬਾਇਦ।

ਉਲਥਾ - ਦਰਵੇਸ਼ਾਂ ਦੇ ਬੂਹੇ ਉਤੇ ਨਾ ਚਾਹੀਏ ਦਰਬਾਨ।

ਹਜ਼ਰਤ ਮੀਆਂਮੀਰ, ਜਿਸ ਦੀ ਬੰਦਗੀ ਵਿਚ ਗਿਆਨ ਦੀ ਅੱਖ ਖੁਲ੍ਹ ਚੁੱਕੀ ਸੀ ਅਤੇ ਜਿਸ ਦੀ ਕਾਦਰਿ-ਮੁਤਲਕ (ਸਰਬ ਸ਼ਕਤੀਮਾਨ) ਅੱਲਾਹ ਜੀ ਦੇ ਦਰ ਤਕ ਪਹੁੰਚ ਸੀ, ਭਲਾ ਦੁਨੀਆਂ ਦੇ ਇਕ ਬਾਦਸ਼ਾਹ ਨੂੰ ਕੀ ਜਾਣਦੇ ਸਨ? ਆਪ ਨੇ ਫੌਰਨ ਬੇਪਰਵਾਹੀ ਵਿਚ ਬਾਦਸ਼ਾਹ ਨੂੰ ਜਵਾਬ ਦਿਤਾ -

ਬਬਾਇਦ ਕਿ ਸਗੋ ਦੁਨੀਆਂ ਨਾ ਆਇਦ।

ਉਲਥਾ - ਏਸ ਲਈ ਚਾਹੀਏ ਕਿ ਕੁੱਤੇ ਦੁਨੀਆਂ ਦੇ ਨਾ ਆਣ। ਬਾਦਸ਼ਾਹ ਇਹ ਜਵਾਬ ਸੁਣ ਕੇ ਡਾਢਾ ਸ਼ਰਮਿੰਦਾ ਹੋਇਆ ਅਤੇ ਹਜ਼ਰਤ ਪਾਸੋਂ ਆਪਣੀ ਗੁਸਤਾਖੀ ਦੀ ਖਿਮਾਂ ਮੰਗੀ। ਖਿਮਾਂ ਮੰਗਣ ਪਿਛੋਂ ਸ਼ਹਿਨਸ਼ਾਹ ਜਹਾਂਗੀਰ ਨੇ ਹੱਥ ਜੋੜ ਕੇ ਆਖਿਆ—ਯਾ ਹਜ਼ਰਤ,

ਮੈਂ ਚਾਹੁੰਦਾ ਹਾਂ ਕਿ ਦੱਖਣ ਦੀ ਮੁਹਿਮ ਵਿਚ ਮੇਰੀ ਜਿਤ ਹੋਵੇ। ਆਪ ਮੇਰੇ ਵਾਸਤੇ ਅੱਲਾਹ ਤਾਅਲਾ ਪਾਸ ਦੁਆ ਕਰੋ।

ਇਤਨੇ ਚਿਰ ਵਿਚ ਹਜ਼ਰਤ ਮੀਆਂ ਮੀਰ ਸਾਹਿਬ ਦੇ ਦਰਸ਼ਨਾਂ ਨੂੰ ਇਕ ਗਰੀਬ ਮੁਸਲਮਾਨ ਆਇਆ ਅਤੇ ਸਤਿਕਾਰ ਨਾਲ ਮੱਥਾ ਟੇਕ ਕੇ ਰੁਪਿਆ ਅੱਗੇ ਨਜ਼ਰ ਰੱਖੀ। ਹਜ਼ਰਤ ਸਾਹਿਬ ਨੇ ਉਸ ਆਦਮੀ ਨੂੰ ਆਖਿਆ ਕਿ ਇਹ ਰੁਪਿਆ ਤੂੰ ਇਥੇ ਬੈਠੇ ਸਭ ਤੋਂ ਗਰੀਬ ਤੇ ਲੋੜਵੰਦ ਬੰਦੇ ਨੂੰ ਦੇ ਦੇਹ। ਉਸ ਆਦਮੀ ਨੇ ਉਠ ਕੇ, ਉਥੇ ਬੈਠੇ ਦਰਵੇਸ਼ਾਂ ਨੂੰ ਵਾਰੋ ਵਾਰੀ ਰੁਪਿਆ ਲੈਣ ਵਾਸਤੇ ਆਖਿਆ ਪਰ ਕਿਸੇ ਨੇ ਰੁਪਿਆ ਨਾ ਲੀਤਾ ਅਤੇ ਸਭ ਨੇ ਜਵਾਬ ਦਿਤਾ ਕਿ ਸਾਨੂੰ ਜ਼ਰੂਰਤ ਨਹੀਂ। ਉਹ ਆਦਮੀ ਸਾਰੇ ਦਰਵੇਸ਼ਾਂ ਵਿਚੋਂ ਲੰਘਦਾ ਹਜ਼ਰਤ ਮੀਆਂ ਮੀਰ ਪਾਸ ਵਾਪਸ ਆ ਕੇ ਆਖਣ ਲੱਗਾ, ਯਾ ਹਜ਼ਰਤ! ਇਥੇ ਬੈਠੇ ਕਿਸੇ ਆਦਮੀ ਨੂੰ ਇਸ ਰੁਪਏ ਦੀ ਜ਼ਰੂਰਤ ਨਹੀਂ। ਹਜ਼ਰਤ ਸਾਹਿਬ ਨੇ ਉਸ ਆਦਮੀ ਨੂੰ ਜਵਾਬ ਦਿਤਾ ਕਿ ਤੈਨੂੰ ਦਿਸਦਾ ਨਹੀਂ ਕਿ ਇਥੇ ਦੁਨੀਆਂ ਦਾ ਇਕ ਅਤੀ ਲੋੜਵੰਦ ਤੇ ਮੁਥਾਜ ਆਦਮੀ ਆ ਕੇ ਬੈਠਾ ਹੋਇਆ ਹੈ, ਜਿਸ ਦੀ ਹਸਰਤ ਤੇ ਤ੍ਰਿਸ਼ਨਾ ਐਡੇ ਰਾਜ ਮਿਲਣ ਉਤੇ ਵੀ ਪੂਰੀ ਨਹੀਂ ਹੋਈ। ਜੋ ਇਤਨੇ ਮੁਲਕ ਹੁੰਦਿਆਂ ਵੀ ਭਿਖਾਰੀਆਂ ਦੀ ਤਰ੍ਹਾਂ ਸਾਡੇ ਪਾਸ ਦੱਖਣ ਦੇ ਮੁਸਲ ਦੀ ਭਿਖਿਆ ਲੈਣ ਦੂਰੋਂ ਚਲ ਕੇ ਆਇਆ ਹੈ। ਇਸ ਨੂੰ ਲਾਲਚ ਨੇ ਅਤੀ ਦੁਖੀ ਤੇ ਪਰੇਸ਼ਾਨ ਕਰ ਰੱਖਿਆ ਹੈ। ਜਾਹ ਇਹ ਰੁਪਿਆ ਇਸ ਨੂੰ ਦੇ ਦੇਹ। ਇਸ ਤੋਂ ਵੱਡਾ ਲੋੜਵੰਦ ਤੇ ਮੁਥਾਜ ਇਥੇ ਬੈਠਿਆਂ ਵਿਚੋਂ ਹੋਰ ਕੋਈ ਨਹੀਂ। ਉਸ ਆਦਮੀ ਨੇ ਆਪਣਾ ਰੁਪਿਆ ਜਾ ਕੇ ਜਹਾਂਗੀਰ ਬਾਦਸ਼ਾਹ ਦੇ ਸਾਮ੍ਹਣੇ ਰੱਖ ਦਿਤਾ।

ਸ਼ਹਿਨਸ਼ਾਹ ਕੌਣ ਸੀ?

ਜਹਾਂਗੀਰ ਕਿ ਮੀਆਂ ਮੀਰ?



# ਰੱਬ ਜੀ ਦਾ ਸੁਭਾਉ

ਇਕ ਮੁਸਲਮਾਨ ਮਹਾਤਮਾ ਤਦ ਤਕ ਰੋਟੀ ਨਹੀਂ ਸਨ ਖਾਂਦੇ ਜਦ ਤਕ ਕਿ ਉਹਨਾਂ ਨਾਲ ਬੈਠ ਕੇ ਖਾਣ ਵਾਲਾ ਕੋਈ ਮਹਿਮਾਨ ਨਾ ਹੋਵੇ। ਸਾਰੇ ਦੇਸ਼ ਵਿਚ ਪ੍ਰਸਿੱਧ ਹੋਣ ਕਰਕੇ ਆਮ ਤੌਰ ਤੇ ਆਪ ਦੇ ਪਾਸ ਕੋਈ ਨਾ ਕੋਈ ਮਹਿਮਾਨ ਆਇਆ ਹੀ ਰਹਿੰਦਾ ਸੀ, ਪਰ ਕਦੀ ਐਸਾ ਵੀ ਹੁੰਦਾ ਕਿ ਘਰ ਕੋਈ ਵੀ ਮਹਿਮਾਨ ਨਾ ਹੋਵੇ। ਐਸੀ ਹਾਲਤ ਵਿਚ ਮਹਾਤਮਾ ਘਰੋਂ ਬਾਹਰ ਨਿਕਲ ਜਾਂਦੇ ਅਤੇ ਕਿਸੇ ਰਾਹੀਂ, ਮੁਸਾਫਰ ਨੂੰ ਸੜਕ ਤੋਂ ਬੁਲਾ ਕੇ ਲੈ ਆਉਂਦੇ ਅਤੇ ਉਸ ਨੂੰ ਆਪਣੇ ਨਾਲ ਰੋਟੀ ਖਵਾਂਦੇ।

ਇਕ ਵਾਰੀ ਰੋਟੀ ਖਾਣ ਵੇਲੇ ਘਰ ਵਿਚ ਕੋਈ ਮਹਿਮਾਨ ਨਾ ਹੋਣ ਕਰ ਕੇ ਮਹਾਤਮਾ ਘਰੋਂ ਬਾਹਰ ਜਾ ਕੇ ਸੜਕ ਉਤੇ ਲੰਘ ਰਹੇ ਇਕ ਗਰੀਬ ਬੁੱਢੇ ਨੂੰ ਨਾਲ ਲੈ ਆਏ ਅਤੇ ਘਰ ਲਿਆ ਕੇ ਉਸ ਨੂੰ ਰੋਟੀ ਖਾਣ ਵਾਸਤੇ ਪ੍ਰੇਰਿਆ। ਪਹਿਲੇਂ ਤਾਂ ਬੁੱਢਾ ਰੋਟੀ ਖਾਣ ਵਾਸਤੇ ਨਾ ਮੰਨੇ, ਪਰ ਬਹੁਤਾ ਜ਼ੋਰ ਦੇਣ ਉਤੇ ਉਸ ਨੇ ਮਹਾਤਮਾ ਦੇ ਨਾਲ ਦਸਤਰਖਾਨ ਤੇ ਬੈਠ ਕੇ ਰੋਟੀ ਖਾਣੀ ਪਰਵਾਨ ਕਰ ਲੀਤੀ।

ਜਦ ਦਸਤਰਖਾਨ ਵਿਛ ਗਿਆ ਅਤੇ ਸਭ ਖਾਣੇ ਦਸਤਰਖਾਨ ਤੇ ਰੱਖੇ ਗਏ ਤਾਂ ਮਹਾਤਮਾ ਨੇ ਹੱਥ ਜੋੜ ਕੇ ਸ਼ੁਕਰੀਏ ਵਜੋਂ ਖੁਦਾ ਅੱਗੇ ਦੁਆ (ਪ੍ਰਾਰਥਨਾ) ਕੀਤੀ, ਪਰ ਉਹ ਬੁੱਢਾ ਉਸੇ ਤਰ੍ਹਾਂ ਬੈਠਾ ਰਿਹਾ ਅਤੇ ਮਹਾਤਮਾ ਦੀ ਦੁਆ ਵਿਚ ਸ਼ਾਮਲ ਨਾ ਹੋਇਆ। ਮਹਾਤਮਾ ਨੇ ਆਖਿਆ, ਮੇਰੇ ਦੋਸਤ, ਖਾਣੇ ਤੋਂ ਪਹਿਲੇ ਖੁਦਾ ਦਾ ਸ਼ੁਕਰ ਕਰਨਾ ਚਾਹੀਦਾ ਹੈ, ਤੂੰ ਵੀ ਖੁਦਾ ਦਾ ਸ਼ੁਕਰ ਕਰ ਤਾਂ ਕਿ ਅਸੀਂ ਇਕੱਠੇ ਖਾਣਾ ਸੁਰੂ ਕਰੀਏ। ਬੁੱਢੇ ਨੇ ਮਹਾਤਮਾ ਨੂੰ ਗੁੱਸੇ ਹੋ ਕੇ ਜਵਾਬ ਦਿਤਾ ਕਿ ਆਪ ਨੇ ਖਾਣਾ ਖਿਲਾਣਾ ਹੈ ਤਾਂ ਖਿਲਾਉ, ਮੈਂ ਖੁਦਾ ਦਾ ਨਾ ਕਦੀ ਪਿਛੇ ਸ਼ੁਕਰ ਕੀਤਾ ਹੈ, ਨਾ ਕਦੀ ਅੱਗੇ ਨੂੰ ਸ਼ੁਕਰ ਕਰਨ ਲਈ ਤਿਆਰ ਹਾਂ। ਇਹ ਗੱਲ ਸੁਣ ਕੇ ਮਹਾਤਮਾ ਬੜੇ ਹੈਰਾਨ ਹੋਏ ਅਤੇ

ਆਖਣ ਲੱਗੇ, ਮੀਆਂ! ਤੈਨੂੰ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ, ਖੁਦਾ ਨੇ ਇਨਸਾਨ ਨੂੰ ਜੋ ਨਿਆਮਤਾਂ ਤੇ ਦਾਤਾਂ ਬਖਸ਼ੀਆਂ ਹਨ, ਉਹਨਾਂ ਦਾ ਇਨਸਾਨ ਨੂੰ ਹਰ ਵਕਤ ਸ਼ੁਕਰ-ਗੁਜ਼ਾਰ ਰਹਿਣਾ ਚਾਹੀਦਾ ਹੈ।

ਬੁੱਢਾ - ਦੇਖੋ ਜੀ, ਆਪ ਨੇ ਮੈਨੂੰ ਖਾਣਾ ਖਿਲਾਣ ਵਾਸਤੇ ਨਾਲ ਲਿਆਂਦਾ ਸੀ, ਨਾ ਕਿ ਖੁਦਾ ਦਾ ਸ਼ੁਕਰ ਕਰਾਨ ਵਾਸਤੇ ਅਤੇ ਉਪਦੇਸ਼ ਦੇਣ ਵਾਸਤੇ। ਖਾਣਾ ਖਿਲਾਣਾ ਹੈ ਤਾਂ ਖਵਾਉ, ਨਹੀਂ ਖਵਾਣਾ ਤਾਂ ਨਾ ਪਾਉ, ਮੈਂ ਖੁਦਾ ਦਾ ਸ਼ੁਕਰ ਕਦੀ ਨਹੀਂ ਕਰਨਾ।

ਮਹਾਤਮਾ - ਮੀਆਂ! ਤੂੰ ਕੈਸੇ ਕੁਫਰ ਦੇ ਕਲਮੇ ਮੂੰਹੋਂ ਪਿਆ ਕਢਦਾ ਹੈਂ? ਖੁਦਾ ਨੇ ਤੇਰਾ ਕੀ ਵਿਗਾੜਿਆ ਹੈ ਜੋ ਤੂੰ ਉਸ ਤੇ ਇਤਨਾ ਨਾਰਾਜ਼ ਹੈਂ? ਖੁਦਾ ਦਾ ਤਾਂ ਹਰ ਹਾਲਤ ਵਿਚ ਇਨਸਾਨ ਨੂੰ ਸ਼ੁਕਰ ਕਰਨਾ ਚਾਹੀਦਾ ਹੈ।

ਇਹ ਗੱਲ ਸੁਣ, ਬੁੱਢਾ ਗੁੱਸੇ ਵਿਚ ਆ ਗਿਆ ਅਤੇ ਆਖਣ ਲੱਗਾ, ਤੂੰ ਮੈਨੂੰ ਉਸ ਦਾ ਸ਼ੁਕਰ ਕਰਨ ਲਈ ਆਖਦਾ ਹੈਂ ਜਿਸ ਨੇ ਦੁਨੀਆਂ ਵਿਚ ਮੌਤ ਵਰਗੀ ਬੁਰੀ ਚੀਜ਼ ਬਣਾਈ, ਜੋ ਕਿਸੇ ਵੱਡੇ ਛੋਟੇ ਨੂੰ ਛੱਡਦੀ ਹੀ ਨਹੀਂ, ਜਿਸ ਨੇ ਦੁਨੀਆਂ ਵਿਚ ਬੀਮਾਰੀਆਂ ਅਤੇ ਦੁਖ ਪੈਦਾ ਕੀਤੇ, ਜਿਸ ਨੇ ਸਾਰੇ ਇਨਸਾਨਾਂ ਨੂੰ ਤੰਗ ਕਰ ਰੱਖਿਆ ਹੈ। ਜਿਸ ਖੁਦਾ ਨੇ ਦੁਨੀਆਂ ਵਿਚ ਇਤਨੀਆਂ ਮਾੜੀਆਂ ਚੀਜ਼ਾਂ ਪੈਦਾ ਕਰ ਕੇ ਇਨਸਾਨ ਨੂੰ ਦੁਖੀ ਤੇ ਲਾਚਾਰ ਬਣਾਇਆ ਹੋਵੇ, ਤੂੰ ਮੈਨੂੰ ਐਸੇ ਜ਼ਾਲਮ, ਅਨਿਆਈ ਤੇ ਪਾਜੀ ਖੁਦਾ ਦਾ ਸ਼ੁਕਰ ਕਰਨ ਲਈ ਆਖਦਾ ਹੈਂ। ਮੈਂ ਖੁਦਾ ਦਾ ਸ਼ੁਕਰ ਕਦੀ ਨਹੀਂ ਕਰਾਂਗਾ। ਖੁਦਾ ਦੀ ਇਤਨੀ ਹਤਕ ਹੁੰਦੀ ਦੇਖ ਕੇ ਮਹਾਤਮਾ ਨੂੰ ਵੀ ਜੋਸ਼ ਆ ਗਿਆ ਅਤੇ ਉਸ ਨੇ ਆਪਣੇ ਨੌਕਰਾਂ ਨੂੰ ਹੁਕਮ ਦਿਤਾ ਕਿ ਉਸ ਬੁੱਢੇ ਨੂੰ ਧੱਕੇ ਮਾਰ ਕੇ ਘਰੋਂ ਬਾਹਰ ਕੱਢ ਦੇਣ।

ਰਾਤ ਨੂੰ ਮਹਾਤਮਾ ਇਬਾਦਤ (ਸਿਮਰਨ) ਵੇਲੇ ਜਦ ਖੁਦਾ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਤਾਂ ਮਹਾਤਮਾ ਨੂੰ ਖੁਦਾ ਨੇ ਆਖਿਆ, ਤੂੰ ਅੱਜ ਮੇਰੇ ਇਕ ਬੰਦੇ ਨੂੰ ਭੁੱਖਾ ਘਰੋਂ ਕਿਉਂ ਕੱਢ ਦਿਤਾ?

ਮਹਾਤਮਾ ਨੇ ਖੁਦਾ ਅੱਗੇ ਹੱਥ ਜੋੜ ਕੇ ਆਖਿਆ 'ਯਾ ਖੁਦਾ, ਉਹ ਬੁੱਢਾ ਤਾਂ ਬੜਾ ਕਾਫਰ ਸੀ। ਮੈਂ ਉਸ ਨੂੰ ਖਾਣੇ ਤੋਂ ਪਹਿਲਾਂ ਤੇਰਾ ਸ਼ੁਕਰ ਕਰਨ ਵਾਸਤੇ ਆਖਿਆ ਤਾਂ ਉਸ ਨੇ ਨਾ ਕੇਵਲ ਤੇਰਾ ਸ਼ੁਕਰ ਕਰਨ ਤੋਂ ਹੀ ਇਨਕਾਰ ਕੀਤਾ, ਸਗੋਂ ਤੈਨੂੰ ਗਾਲ੍ਹਾਂ ਕੱਢੀਆਂ।



ਕਹਿਣ ਲੱਗਾ ਕਿ ਨਾ ਮੈਂ ਪਿਛੇ ਖੁਦਾ ਦਾ ਕਦੀ ਸ਼ੁਕਰ ਕੀਤਾ ਹੈ, ਨਾ ਅੱਗੇ ਨੂੰ ਕਦੀ ਕਰਾਂਗਾ।

ਖੁਦਾ ਨੇ ਹੱਸ ਕੇ ਮਹਾਤਮਾ ਨੂੰ ਪੁਛਿਆ, ਉਸ ਬੰਦੇ ਦੀ ਤੇਰੇ ਖਿਆਲ ਵਿਚ ਕਿਤਨੀ ਉਮਰ ਹੋਵੇਗੀ?

ਮਹਾਤਮਾ - ਜੀ! ਕਰੀਬਨ ਸੱਠ ਸੱਤਰ ਸਾਲ ਦੀ।

ਖੁਦਾ - ਕੀ ਉਹ ਕਹਿੰਦਾ ਸੀ ਕਿ ਉਸ ਨੇ ਪਿਛੇ ਸਾਰੀ ਉਮਰ ਵਿਚ ਮੇਰਾ ਕਦੀ ਸ਼ੁਕਰ ਨਹੀਂ ਕੀਤਾ?

ਮਹਾਤਮਾ - ਹਾਂ ਜੀ! ਇਕ ਵਾਰੀ ਨਹੀਂ, ਉਸ ਨੇ ਕਈ ਵਾਰੀ ਇਹ ਆਖਿਆ ਕਿ ਨਾ ਮੈਂ ਪਿਛੇ ਕਦੀ ਖੁਦਾ ਦਾ ਸ਼ੁਕਰ ਕੀਤਾ ਹੈ ਤੇ ਨਾ ਮੈਂ ਅੱਗੇ ਨੂੰ ਕਰਾਂਗਾ। ਐਸੇ ਖਰਾਬ ਆਦਮੀ ਨੂੰ ਮੈਂ ਰੋਟੀ ਖਵਾਏ ਬਗੈਰ ਹੀ ਨੌਕਰਾਂ ਪਾਸੋਂ ਧੱਕੇ ਮਰਵਾ ਕੇ ਘਰੋਂ ਬਾਹਰ ਕਢਵਾ ਦਿਤਾ।

ਖੁਦਾ - ਤੂੰ ਚੰਗਾ ਨਹੀਂ ਕੀਤਾ, ਤੂੰ ਮੇਰੀ ਸ੍ਰਿਸ਼ਟੀ ਦੇ ਇਕ ਜੀਵ ਨੂੰ ਭੁੱਖਿਆਂ ਘਰੋਂ ਬਾਹਰ ਕੱਢ ਕੇ ਮੈਨੂੰ ਦੁਖਾਇਆ ਹੈ।

ਮਹਾਤਮਾ - ਖੁਦਾਵੰਦ! ਮੈਂ ਉਸ ਦਾ ਆਪ ਸਬੰਧੀ ਇਤਨਾ ਬਕਵਾਸ ਸੁਣ ਕੇ ਵੀ ਉਸ ਨੂੰ ਕਿਵੇਂ ਰੋਟੀ ਖਵਾ ਸਕਦਾ ਸਾਂ?

ਖੁਦਾ - (ਹੱਸ ਕੇ) ਮੈਂ ਉਸ ਪਾਸੋਂ ਸੱਤਰ ਸਾਲ ਗਾਲ੍ਹਾਂ ਸੁਣ ਕੇ ਹਰ ਰੋਜ਼, ਦਿਨ ਰਾਤ ਉਸ ਨੂੰ ਰੋਟੀ ਦਿਤੀ ਹੈ, ਤੇ ਤੂੰ ਇਕ ਡੰਗ ਵੀ ਨਾ ਦੇ ਸਕਿਉਂ?

*ਮਿਹਰਵਾਨੁ ਸਾਹਿਬੁ ਮਿਹਰਵਾਨੁ ॥*
*ਸਾਹਿਬੁ ਮੇਰਾ ਮਿਹਰਵਾਨੁ ॥*
*ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥*
*ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥*
*ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥*
*ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥*
*ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥*

*ਅੰਗ - 724*

# ਮੈਂ ਕੌਣ ਹਾਂ?

ਇਕ ਮਹਾਤਮਾ ਆਪਣੇ ਕਮਰੇ ਦਾ ਬੂਹਾ ਬੰਦ ਕਰੀ ਨਿਰੰਕਾਰ ਦੀ ਯਾਦ ਵਿਚ ਜੁੜੇ ਬੈਠੇ ਸਨ। ਕਿਸੇ ਨੇ ਆ ਕੇ ਕੁੰਡਾ ਖੜਕਾਇਆ। ਮਹਾਤਮਾ ਦੀ ਸੁਰਤ ਪ੍ਰਭੂ ਯਾਦ ਤੋਂ ਉਖੜੀ ਅਤੇ ਆਪ ਨੇ ਪੁਛਿਆ, ਕੌਣ ਹੈ?

ਜਵਾਬ ਆਇਆ—ਜੀ ਮੈਂ ਇਹੀ ਪੁੱਛਣ ਆਇਆ ਹਾਂ ਕਿ ਮੈਂ ਕੌਣ ਹਾਂ? ਬੜੀ ਮੁਦਤ ਤੋਂ ਭਟਕ ਰਿਹਾ ਹਾਂ, ਪਰ ਕਿਤੋਂ ਤਸੱਲੀ ਨਹੀਂ ਹੋਈ। ਕਿਰਪਾ ਕਰ ਕੇ ਬੂਹਾ ਖੋਲ੍ਹੋ ਅਤੇ ਦੱਸਣ ਦੀ ਕ੍ਰਿਪਾਲਤਾ ਕਰੋ ਕਿ ਮੈਂ ਕੌਣ ਹਾਂ?

ਮਹਾਤਮਾ ਇਹ ਜਵਾਬ ਸੁਣ ਕੇ ਖੁਸ਼ ਹੋਏ ਅਤੇ ਤਾੜ ਗਏ ਕਿ ਇਹ ਕੋਈ ਸਾਧਾਰਨ ਪੁਰਸ਼ ਨਹੀਂ, ਖੋਜੀ ਹੈ, ਮੁਤਲਾਸ਼ੀ ਹੈ — ਸੱਚੇ ਅਰਥਾਂ ਵਿਚ 'ਸਿੱਖ' ਹੈ, ਇਸ ਲਈ ਉਨ੍ਹਾਂ ਨੇ ਉਠ ਕੇ ਬੂਹਾ ਖੋਲ੍ਹਿਆ ਅਤੇ ਸਿੱਖ ਨੂੰ ਆਪਣੇ ਕੋਲ ਬਿਠਾ ਕੇ ਪੁਛਿਆ, ਪਹਿਲੇ ਦੱਸ ਕਿ ਤੂੰ ਆਪਣੇ ਆਪ ਨੂੰ ਕੀ ਸਮਝਦਾ ਹੈਂ?

ਸਿੱਖ—ਮਹਾਰਾਜ! ਮੈਂ ਤਾਂ ਆਪਣੇ ਆਪ ਨੂੰ ਇਸ ਤਰ੍ਹਾਂ ਦਾ ਕੁਝ ਸਮਝਦਾ ਹਾਂ ਕਿ ਮੈਂ ਭਗਤ ਸਿੰਘ ਦਾ ਪੁੱਤਰ ਹਾਂ, ਮੇਰਾ ਨਾਮ ਸੇਵਕ ਸਿੰਘ ਹੈ, ਦਿੱਲੀ ਦਾ ਰਹਿਣ ਵਾਲਾ ਹਾਂ, ਮੇਰੀ ਇਕ ਇਸਤ੍ਰੀ ਤੇ ਚਾਰ ਬੱਚੇ ਹਨ। ਦਿੱਲੀ ਦੇ ਇਕ ਇਲਾਕੇ ਸਬਜ਼ੀ ਮੰਡੀ ਵਿਚ ਮੇਰਾ ਮਕਾਨ ਹੈ।

ਮਹਾਤਮਾ ਬੜੇ ਹੱਸੇ ਅਤੇ ਆਖਣ ਲੱਗੇ—ਕੀ ਤੂੰ ਆਪਣੇ ਆਪ ਨੂੰ ਇਹੀ ਕੁਝ ਸਮਝਦਾ ਹੈਂ, ਜੋ ਦੱਸਿਆ ਈ, ਜਾਂ ਇਸ ਤੋਂ ਇਲਾਵਾ ਵੀ ਕੁਝ ਸਮਝਦਾ ਹੈਂ?

ਸਿੱਖ— ਜੀ ਹਾਂ! ਇਸ ਤੋਂ ਇਲਾਵਾ ਮੈਂ ਸਮਝਦਾ ਹਾਂ ਕਿ ਮੈਂ ਪੰਜਾਬੀ ਹਾਂ, ਹਿੰਦੁਸਤਾਨੀ ਹਾਂ। ਹਿੰਦੁਸਤਾਨ ਸਾਰੀ ਦੁਨੀਆਂ ਦਾ ਇਕ ਹਿੱਸਾ ਹੈ ਅਤੇ ਸਾਰੀ ਦੁਨੀਆਂ, ਸਾਰੇ ਬ੍ਰਹਿਮੰਡ ਦਾ ਇਕ ਹਿੱਸਾ ਹੈ।



ਮਹਾਤਮਾ—ਏਸ ਲਈ ਤਾਂ ਤੂੰ ਅਸ਼ਾਂਤ ਹੈਂ। ਜੋ ਕੁਝ ਸਮਝ ਰਿਹਾ ਹੈਂ, ਗਲਤ ਸਮਝ ਰਿਹਾ ਹੈਂ।

ਸਿੱਖ—ਮਹਾਰਾਜ, ਦੁਨੀਆਂ ਦੇ ਸਭ ਆਦਮੀ ਆਪਣੇ ਆਪ ਨੂੰ ਇਸੇ ਤਰ੍ਹਾਂ ਸਮਝਦੇ ਹਨ।

ਮਹਾਤਮਾ—ਹਾਂ! ਦੁਨੀਆਂ ਦੇ ਬਹੁਤ ਸਾਰੇ ਪੁਰਸ਼ ਆਪਣੇ ਆਪ ਨੂੰ ਇਹੋ ਕੁਝ ਸਮਝਦੇ ਹਨ, ਜੋ ਕੁਝ ਤੂੰ ਸਮਝਦਾ ਹੈਂ। ਇਸੇ ਵਾਸਤੇ ਉਹ ਸਾਰੇ ਵੀ ਤੇਰੀ ਤਰ੍ਹਾਂ ਅਸ਼ਾਂਤ ਜੀਵਨ ਬਤੀਤ ਕਰਦੇ ਹਨ। ਜਦ ਤੈਨੂੰ ਪਤਾ ਲਗ ਗਿਆ ਤੂੰ ਕੌਣ ਹੈਂ, ਤਾਂ ਤੇਰੇ ਮਨ ਵਿਚ ਉਸੇ ਤਰ੍ਹਾਂ ਅਸ਼ਾਂਤੀ ਨਹੀਂ ਰਹੇਗੀ, ਜਿਵੇਂ ਚਾਨਣ ਵਿਚ ਹਨ੍ਹੇਰਾ ਨਹੀਂ ਰਹਿੰਦਾ।

ਸਿੱਖ—ਮਹਾਰਾਜ, ਫੇਰ ਦੇਰ ਨਾ ਕਰੋ, ਜਲਦੀ ਦੱਸੋ ਕਿ ਮੈਂ ਕੌਣ ਹਾਂ?

ਮਹਾਤਮਾ—ਜਲਦੀ ਨਾਲ ਇਹ ਕੰਮ ਹੋਣ ਵਾਲਾ ਨਹੀਂ, ਜਦ ਤੈਨੂੰ ਪਤਾ ਲਗਣਾ ਸ਼ੁਰੂ ਹੋਇਆ ਕਿ ਤੂੰ ਕੌਣ ਹੈਂ, ਤਾਂ ਤੇਰੀ ਦੁਨੀਆਂ ਬਦਲਣੀ ਸ਼ੁਰੂ ਹੋ ਜਾਵੇਗੀ। ਤੂੰ ਦੇਖੇਂਗਾ ਕਿ ਖਿਆਲ ਹੀ ਦੁਨੀਆਂ ਹੈ ਅਤੇ ਤੇਰੇ ਖਿਆਲ ਦੇ ਬਦਲਣ ਨਾਲ ਤੇਰੀ ਸਾਰੀ ਦੁਨੀਆਂ ਬਦਲ ਰਹੀ ਹੈ। ਇਹ ਕੰਮ ਜੇਕਰ ਫੌਰਨ ਹੋ ਜਾਵੇ ਤਾਂ ਤੇਰੇ ਲਈ ਆਪਣੀ ਨਵੀਂ ਬਦਲੀ ਦੁਨੀਆਂ ਵਿਚ ਰਹਿਣਾ ਮੁਸ਼ਕਲ ਹੋ ਜਾਵੇਗਾ, ਕਿਉਂਕਿ ਤੂੰ ਜਿਸ ਦੁਨੀਆਂ ਵਿਚ ਰਹਿਣ ਦਾ ਆਦੀ ਹੈਂ, ਉਸ ਤੋਂ ਤੈਨੂੰ ਹੌਲੀ ਹੌਲੀ ਕੱਢ ਕੇ ਤੇਰੀ ਨਵੀਂ ਦੁਨੀਆਂ ਵਿਚ ਟਿਕਾਣਾ ਠੀਕ ਹੈ।

ਸਿੱਖ—ਮਹਾਰਾਜ, ਮੈਨੂੰ ਤਾਂ ਆਪ ਦੀ ਬਾਤ ਦਾ ਕੁਝ ਪਤਾ ਨਹੀਂ ਲੱਗਾ, ਜਿਵੇਂ ਆਪ ਯੋਗ ਸਮਝੋ, ਉਵੇਂ ਹੀ ਸਮਝਾਵੋ ਕਿ ਮੈਂ ਅਸਲ ਵਿਚ ਕੌਣ ਹਾਂ?'

ਮਹਾਤਮਾ—ਤੂੰ ਆਖਿਆ ਹੈ ਕਿ ਮੈਂ ਸੇਵਕ ਸਿੰਘ ਹਾਂ, ਪਰ ਸੇਵਕ ਸਿੰਘ ਤਾਂ ਇਕ ਨਾਮ ਹੈ, ਜੋ ਤੇਰੇ ਮਾਤਾ ਪਿਤਾ ਨੇ ਤੇਰੇ ਜਨਮ ਸਮੇਂ ਤੇਰੇ ਨਾਲ ਲਗਾ ਦਿਤਾ ਸੀ, ਤੂੰ ਖੁਦ ਸੇਵਕ ਸਿੰਘ ਕਿਵੇਂ ਹੋਇਆ? 'ਸੇਵਕ ਸਿੰਘ' ਦੇ ਅੱਖਰ ਤੂੰ ਨਹੀਂ, ਇਹ ਕਿਸੇ ਆਰਜ਼ੀ ਸਮੇਂ ਲਈ ਤੈਨੂੰ ਬੁਲਾਣ ਵਾਸਤੇ, ਦੁਨੀਆਂ ਵਿਚ ਤੇਰੀ ਹਸਤੀ ਨੂੰ ਦੂਸਰਿਆਂ ਨਾਲੋਂ ਨਿਖੇੜਨ ਵਾਸਤੇ ਬਣਾਏ ਗਏ ਸਨ।

ਸਿੱਖ—ਇਹ ਤਾਂ ਗੱਲ ਠੀਕ ਜਾਪਦੀ ਹੈ ਕਿ ਮੈਂ 'ਸੇਵਕ ਸਿੰਘ' ਨਹੀਂ।'

ਮਹਾਤਮਾ—ਫੇਰ ਤੂੰ ਆਖਿਆ ਹੈ ਕਿ ਮੈਂ ਭਗਤ ਸਿੰਘ ਦਾ ਪੁੱਤਰ ਹਾਂ। ਜਿਵੇਂ ਤੂੰ 'ਸੇਵਕ ਸਿੰਘ' ਨਹੀਂ, ਉਵੇਂ ਹੀ 'ਤੇਰਾ ਪਿਤਾ ਭਗਤ ਸਿੰਘ ਨਹੀਂ।' ਭਗਤ ਸਿੰਘ ਭੀ ਇਕ ਨਾਮ ਹੈ, ਜੋ ਤੇਰੇ ਬਾਬੇ ਤੇ ਦਾਦੀ ਨੇ ਤੇਰੇ ਪਿਤਾ ਦੇ ਜਨਮ ਸਮੇਂ ਉਸ ਨੂੰ ਬੁਲਾਣ ਚਲਾਣ ਲਈ ਉਸ ਦੇ ਨਾਲ ਲਗਾ ਦਿਤਾ ਸੀ। ਅਸਲ ਵਿਚ ਤੇਰਾ ਪਿਤਾ 'ਭਗਤ ਸਿੰਘ' ਅੱਖਰ ਨਹੀਂ, ਸਗੋਂ ਉਹਨਾਂ ਅੱਖਰਾਂ ਦੇ ਪਿਛੇ ਜੋ ਅਸਲੀਅਤ ਹੈ, ਉਹ ਹੈ। ਤੂੰ ਭੀ ਸੇਵਕ ਸਿੰਘ ਨਹੀਂ, ਸਗੋਂ ਇਹਨਾਂ ਅੱਖਰਾਂ ਦੇ ਪਿਛੇ ਜੋ ਅਸਲੀਅਤ ਹੈ, ਉਹ ਹੈਂ।

ਸਿੱਖ—ਜੀ ਮੈਂ ਇਥੇ ਤਕ ਸਮਝ ਗਿਆ ਹਾਂ ਅਤੇ ਮੇਰਾ ਬੜਾ ਭਾਰਾ ਭੁਲੇਖਾ ਦੂਰ ਹੋਇਆ ਹੈ, ਕਿਰਪਾ ਕਰ ਕੇ ਅੱਗੇ ਦੱਸੋ?

ਮਹਾਤਮਾ—ਤੂੰ ਫੇਰ ਆਖਿਆ ਹੈ ਕਿ ਮੈਂ ਦਿੱਲੀ ਦਾ ਰਹਿਣ ਵਾਲਾ ਹਾਂ, ਸਬਜ਼ੀ ਮੰਡੀ ਵਿਚ ਮੇਰਾ ਮਕਾਨ ਹੈ, ਸ੍ਰਿਸ਼ਟੀ ਨਾਲੋਂ ਅੱਡ ਕਰਨ ਲਈ ਵਰਤਿਆ ਹੈ ਅਤੇ ਫੇਰ ਇਸ ਅਸਥਾਨ ਦੀਆਂ ਅੱਗੇ ਵੰਡੀਆਂ ਪਾ ਕੇ ਉਸ ਦੇ ਇਕ ਹਿੱਸੇ ਨੂੰ ਦੂਸਰੇ ਹਿਸਿਆਂ ਨਾਲੋਂ ਨਖੇੜਨ ਵਾਸਤੇ ਇਕ ਹਿਸੇ ਦਾ ਨਾਮ 'ਸਬਜ਼ੀ ਮੰਡੀ' ਰੱਖ ਦਿਤਾ ਹੈ। ਅੱਗੋਂ 'ਸਬਜ਼ੀ ਮੰਡੀ' ਦੇ ਇਲਾਕੇ ਨੂੰ ਹੋਰ ਛੋਟਿਆਂ ਟੁਕੜਿਆਂ ਵਿਚ ਵੰਡ ਕੇ ਇਕ ਟੁਕੜੇ ਉਤੇ ਇੱਟਾਂ, ਪੱਥਰਾਂ, ਮਿਟੀ, ਚੂਨੇ ਦੇ ਬਣੇ ਇਕ ਮਕਾਨ ਨੂੰ ਤੇਰਾ ਮਕਾਨ ਆਖ ਦਿਤਾ ਹੈ। ਦਰਅਸਲ ਤਾਂ ਸਾਰੀ ਸ੍ਰਿਸ਼ਟੀ ਹੀ ਇਕ ਸਮੁੱਚੀ ਚੀਜ਼ ਹੈ। ਇਸ ਦੀਆਂ ਅਸਲ ਵਿਚ ਕੋਈ ਵੰਡੀਆਂ ਨਹੀਂ। ਇਨਸਾਨ ਨੇ ਆਪਣੀ ਸਹੂਲੀਅਤ ਲਈ ਸ੍ਰਿਸ਼ਟੀ ਦੇ ਅਨੇਕਾਂ ਹਿੱਸੇ ਕਰ ਕੇ, ਹਰ ਹਿੱਸੇ ਦਾ ਵਖਰਾ ਨਾਮ ਰੱਖ ਕੇ ਇਸੇ ਇਕ ਸਮੁੱਚੀ ਸ੍ਰਿਸ਼ਟੀ ਨੂੰ ਨਾਨਾ ਪ੍ਰਕਾਰ ਦੇ ਹਿੱਸਿਆਂ ਵਿਚ ਵੰਡ ਦਿਤਾ ਹੈ। ਤੂੰ ਸਮਝਦਾ ਹੈਂ ਕਿ ਤੂੰ ਪੰਜਾਬ ਦਾ ਰਹਿਣ ਵਾਲਾ ਹੈਂ ਅਤੇ ਪੰਜਾਬ ਨੂੰ ਹਿੰਦੁਸਤਾਨ ਦਾ ਅਤੇ ਹਿੰਦੁਸਤਾਨ ਨੂੰ ਏਸ਼ੀਆ ਅਤੇ ਏਸ਼ੀਆ ਨੂੰ ਸਾਰੀ ਦੁਨੀਆਂ ਦਾ ਇਕ ਹਿੱਸਾ ਸਮਝਦਾ ਹੈਂ। ਇਹ ਸਭ ਨਾਮ 'ਪੰਜਾਬ, ਹਿੰਦੁਸਤਾਨ, ਏਸ਼ੀਆ ਅਤੇ ਦੁਨੀਆਂ ਫਰਜ਼ੀ ਨਾਮ ਹਨ ਜੋ ਇਨਸਾਨ ਨੇ ਆਪਣੀ ਸਹੂਲੀਅਤ ਲਈ ਰੱਖੇ ਹੋਏ ਹਨ। ਦਰਅਸਲ ਪੰਜਾਬ, ਹਿੰਦੁਸਤਾਨ, ਏਸ਼ੀਆਂ, ਦੁਨੀਆਂ ਕੋਈ ਵੱਖ ਵਖਰੀਆਂ ਚੀਜ਼ਾਂ ਨਹੀਂ ਹਨ। ਏਸੇ ਤਰ੍ਹਾਂ ਇਨਸਾਨ ਦੇ ਖਿਆਲ ਵਿਚ ਹੀ ਉਸ ਦੀ ਦੁਨੀਆਂ ਭੀ ਸ੍ਰਿਸ਼ਟੀ ਜਾਂ ਬ੍ਰਹਿਮੰਡ ਦਾ ਇਕ ਨਿੱਕਾ ਜਿਹਾ ਹਿੱਸਾ ਹੈ। ਅਸਲ ਵਿਚ ਵੇਖੀਏ ਤਾਂ ਦੁਨੀਆਂ ਵੀ ਸ੍ਰਿਸ਼ਟੀ ਨਾਲੋਂ ਵੱਖਰੀ ਕੋਈ



ਚੀਜ਼ ਨਹੀਂ। ਸਾਰੀ ਸ੍ਰਿਸ਼ਟੀ ਇਕ ਅੱਖੰਡ (ਨਾ ਵੰਡੀ ਜਾ ਸਕਣ ਵਾਲੀ) ਚੀਜ਼ ਹੈ। ਇਸ ਕਰ ਕੇ ਤੂੰ ਦਿੱਲੀ ਦੀ ਸਬਜ਼ੀ ਮੰਡੀ ਵਿਖੇ ਨਹੀਂ ਰਹਿੰਦਾ ਸਗੋਂ ਅਖੰਡ (ਵੰਡੀ ਨਾ ਜਾ ਸਕਣ ਵਾਲੀ) ਸ੍ਰਿਸ਼ਟੀ ਤੇ ਰਹਿੰਦਾ ਹੈਂ।

ਤੂੰ ਸਮਝਦਾ ਹੈਂ ਕਿ ਤੇਰੀ ਇਕ ਇਸਤ੍ਰੀ ਤੇ ਚਾਰ ਬੱਚੇ ਹਨ ਪਰ ਅਸਲ ਵਿਚ ਇਸਤ੍ਰੀ ਅਤੇ ਬੱਚੇ ਦੇ ਅੰਤਰ ਵੀ ਇਨਸਾਨ ਨੇ ਘੜੇ ਹਨ, ਕੁਦਰਤ ਅੰਦਰ ਐਸੀ ਕੋਈ ਵੰਡ ਨਹੀਂ। ਜਿਵੇਂ ਚੰਦ, ਸੂਰਜ, ਧਰਤੀ ਅਤੇ ਬ੍ਰਹਿਮੰਡ ਭਾਵੇਂ ਉਪਰੋਂ ਵੱਖ ਵਖਰੀਆਂ ਚੀਜ਼ਾਂ ਭਾਸਦੀਆਂ ਹਨ, ਪਰ ਅਸਲ ਵਿਚ ਇਕੋ ਅਖੰਡ ਰਚਨਾ ਹੈ, ਉਸੇ ਤਰ੍ਹਾਂ ਦੁਨੀਆਂ ਤੇ ਸਭ ਦਰਖਤ, ਜਾਨਵਰ, ਪਰਿੰਦੇ ਤੇ ਇਨਸਾਨ ਭਾਵੇਂ ਉਪਰੋਂ ਵੱਖ ਵੱਖ ਚੀਜ਼ਾਂ ਨਜ਼ਰ ਆਉਣ, ਅਸਲ ਵਿਚ ਇਕੋ ਹਨ ਅਤੇ ਸਾਰੀ ਰਚਨਾ ਅਖੰਡ ਹੈ ਅਤੇ ਸਮੁੱਚੀ ਇਕ ਚੀਜ਼ ਹੈ। ਉਪਰੋਂ ਦੇਖਿਆਂ ਕਰਤਾਰ ਦੀ ਰਚਨਾ ਨਾਨਾ ਪ੍ਰਕਾਰ ਦੀ ਨਜ਼ਰ ਆਉਂਦੀ ਹੈ ਪਰ ਖੋਜ ਕੀਤਿਆਂ ਅਸਲੀਅਤ ਵਿਚ ਇਹ ਇਕੋ ਚੀਜ਼ ਭਿੰਨ ਭਿੰਨ ਸ਼ਕਲਾਂ ਵਿਚ ਖਿਲਰੀ ਦਿਸਦੀ ਹੈ। ਪਾਣੀ, ਲੱਕੜ, ਲੋਹਾ ਅਤੇ ਜਾਨਵਰ ਅਸਲ ਵਿਚ ਇਕੋ ਚੀਜ਼ ਦੇ ਭਿੰਨ ਭਿੰਨ ਰੂਪ ਹਨ।

ਸਿੱਖ—ਮਹਾਰਾਜ, ਇਹ ਤਾਂ ਮੈਂ ਸਮਝ ਗਿਆ ਹਾਂ ਕਿ ਇਸ ਸਾਰੀ ਅਖੰਡ ਜਗਤ ਰਚਨਾ ਦੀਆਂ ਇਨਸਾਨ ਨੇ ਵੰਡੀਆਂ ਪਾ ਕੇ ਆਪਣੀ ਦੁਨੀਆਂ, ਉਸ ਦੁਨੀਆਂ ਵਿਚ ਆਪਣਾ ਦੇਸ਼, ਉਸ ਦੇਸ਼ ਵਿਚ ਆਪਣਾ ਇਲਾਕਾ, ਉਸ ਇਲਾਕੇ ਵਿਚ ਆਪਣਾ ਸ਼ਹਿਰ, ਉਸ ਸ਼ਹਿਰ ਵਿਚ ਆਪਣਾ ਮਹੱਲਾ, ਉਸ ਮਹੱਲੇ ਵਿਚ ਆਪਣਾ ਘਰ, ਕਲਪਤ ਕਰ ਲੀਤਾ ਹੈ ਜਾਂ ਮਨ ਨਾਲ ਫਰਜ਼ੀ ਤੌਰ ਤੇ ਘੜ ਲੀਤਾ ਹੈ। ਇਸੇ ਤਰ੍ਹਾਂ ਦੁਨੀਆਂ ਦੇ ਸਭ ਜੀਆ ਜੰਤ ਦੀਆਂ ਇਨਸਾਨ ਨੇ ਵੰਡੀਆਂ ਪਾ ਕੇ ਕਿਸੇ ਦਾ ਨਾਮ ਦਰਖਤ, ਕਿਸੇ ਦਾ ਪੰਛੀ ਕਿਸੇ ਦਾ ਆਦਮੀ ਰਖ ਲੀਤਾ ਹੈ ਅਤੇ ਫੇਰ ਸਭ ਜੀਅ ਜੰਤ ਦੀਆਂ ਨਰ, ਨਾਰੀ ਦੋ ਜਾਤੀਆਂ ਵਿਚ ਵੰਡੀਆਂ ਪਾ ਦਿਤੀਆਂ ਹਨ। ਅਸਲ ਵਿਚ ਇਹ ਜਗਤ ਸਮੁੱਚੀ ਇਕੋ ਚੀਜ਼ ਹੈ। ਵੰਡੀਆਂ ਪਾਈਏ ਤਾਂ ਇਹ ਭਿੰਨ ਭਿੰਨ ਨਜ਼ਰ ਆਉਂਦੀ ਹੈ ਪਰ ਜੇ ਏਕਤਾ ਦੀ ਦ੍ਰਿਸ਼ਟੀ ਨਾਲ ਦੇਖੀਏ ਤਾਂ ਇਕੋ ਸਮੁੱਚੀ ਤੇ ਅਖੰਡ ਚੀਜ਼ ਦਿਸਦੀ ਹੈ। ਮੈਂ ਇਹ ਵੀ ਸਮਝ ਗਿਆ ਹਾਂ ਕਿ ਜਗਤ ਰਚਨਾ ਦੀ ਤਹਿ ਵਿਚ ਇਕੋ ਹੀ ਚੀਜ਼ ਹੈ ਅਤੇ ਉਸ ਇਕੋ ਚੀਜ਼ ਤੋਂ ਉਪਜੀ ਜਗਤ ਰਚਨਾ ਇਨਸਾਨੀ ਅੱਖ ਨੂੰ

ਨਾਨਾ ਪ੍ਰਕਾਰ ਹੋ ਭਾਸਦੀ ਹੈ। ਪਰ ਮੈਂ ਤੇ ਪੁੱਛਣ ਆਇਆ ਹਾਂ ਕਿ ਮੈਂ ਕੌਣ ਹਾਂ? ਮੇਰਾ ਅਜੇ ਇਹ ਸਵਾਲ ਹੱਲ ਨਹੀਂ ਹੋਇਆ। ਕਿਰਪਾ ਕਰਕੇ ਮੇਰੀ ਇਹ ਗੁੰਝਲ ਖੋਲ੍ਹੋ?

ਮਹਾਤਮਾ—ਜੋ ਕੁਝ ਅੱਜ ਗੱਲ ਬਾਤ ਹੋਈ, ਘਰ ਜਾ ਕੇ ਇਸ ਬਾਤ ਦੀ ਸਹਾਇਤਾ ਲੈ ਕੇ ਤੂੰ ਵਿਚਾਰਨ ਦੀ ਕੋਸ਼ਿਸ਼ ਕਰੀਂ ਕਿ ਤੂੰ ਕੌਣ ਹੈਂ ਅਤੇ ਜਿਸ ਨਤੀਜੇ ਤੇ ਤੇਰੀ ਵਿਚਾਰ ਤੈਨੂੰ ਪੁਚਾਵੇ ਉਹ ਨਤੀਜਾ ਮੈਨੂੰ ਆ ਕੇ ਦੱਸੀਂ, ਫਿਰ ਅੱਗੇ ਵਿਚਾਰ ਹੋਵੇਗੀ।

ਸਿੱਖ ਮਹਾਤਮਾ ਅੱਗੇ ਨਮਸ਼ਕਾਰ ਕਰ ਕੇ ਘਰ ਚਲਿਆ ਗਿਆ ਅਤੇ ਮਹਾਤਮਾ ਨਾਲ ਹੋਈ ਗੱਲਬਾਤ ਨੂੰ ਲੱਗਾ ਵਿਚਾਰਨ।

ਕੁਝ ਚਿਰ ਮਗਰੋਂ ਸਿੱਖ ਫੇਰ ਮਹਾਤਮਾ ਪਾਸ ਆਇਆ ਅਤੇ ਹੱਥ ਜੋੜ ਕੇ ਆਖਣ ਲੱਗਾ— ਮਹਾਰਾਜ ਆਪ ਦੇ ਹੁਕਮ ਅਨੁਸਾਰ ਮੈਂ ਸੋਚਦਾ ਰਿਹਾ ਹਾਂ ਅਤੇ ਇਸੇ ਸਿੱਟੇ ਤੇ ਪੁਜਾ ਹਾਂ ਕਿ ਮੈਂ ਗੁਰੂ ਨਾਨਕ ਦਾ ਸਿੱਖ ਹਾਂ।

ਮਹਾਤਮਾ—ਜਿਸ ਤਰ੍ਹਾਂ ਤੂੰ 'ਭਗਤ ਸਿੰਘ ਦਾ ਪੁੱਤਰ ਨਹੀਂ ਅਤੇ 'ਸੇਵਕ ਸਿੰਘ' ਵੀ ਨਹੀਂ, ਇਸੇ ਤਰ੍ਹਾਂ ਗੁਰੂ ਨਾਨਕ ਦੇਵ ਵੀ ਤਾਂ ਇਕ ਹਸਤੀ ਦਾ ਨਾਮ ਸੀ, ਜੋ ਉਸ ਦੇ ਪਿਤਾ ਮਹਿਤਾ ਕਾਲੂ ਜੀ ਨੇ ਰੱਖ ਦਿਤਾ ਸੀ।

ਸਿੱਖ—ਤਾਂ ਫਿਰ ਮੈਂ ਇਕ ਸਰੀਰ ਹਾਂ ਜਿਸ ਦਾ ਨਾਮ ਬੁਲਾਣ ਲਈ ਸੇਵਕ ਸਿੰਘ ਰੱਖਿਆ ਹੋਇਆ ਹੈ।

ਮਹਾਤਮਾ—ਤੂੰ ਸਰੀਰ ਵੀ ਨਹੀਂ ਕਿਉਂਕਿ ਸਰੀਰ ਤਾਂ ਤੇਰਾ ਹੈ, ਤੇਰੇ ਹੁਕਮ ਅਨੁਸਾਰ ਚਲਦਾ ਫਿਰਦਾ, ਬੈਠਦਾ ਉਠਦਾ ਹੈ, ਤੂੰ ਆਪ ਸਰੀਰ ਕਿਸ ਤਰ੍ਹਾਂ ਹੋਇਆ?

ਸਿੱਖ—ਮੇਰੇ ਸਰੀਰ ਵਿਚ ਮੇਰਾ ਮਨ ਤੇ ਮਨ ਦੀਆਂ ਤਰੰਗਾਂ, ਬੁਰੇ ਭਲੇ ਖਿਆਲ, ਸੰਕਲਪ ਵਿਕਲਪ ਆਦਿ ਰਹਿੰਦੇ ਹਨ, ਜੇਕਰ ਮੈਂ ਸਰੀਰ ਨਹੀਂ ਤਾਂ ਫੇਰ ਮੈਂ ਮਨ ਜਾਂ ਮਨ-ਤਰੰਗਾਂ ਹਾਂ।

ਮਹਾਤਮਾ—ਜਿਸ ਤਰ੍ਹਾਂ ਸਰੀਰ ਤੇਰਾ ਹੈ, ਤੂੰ ਸਰੀਰ ਨਹੀਂ, ਉਸੇ ਤਰ੍ਹਾਂ ਮਨ ਜਾਂ ਮਨ ਤਰੰਗਾਂ ਤੇਰੀਆਂ ਹਨ, ਤੂੰ ਮਨ ਜਾਂ ਮਨ ਤਰੰਗਾਂ ਨਹੀਂ।

ਸਿੱਖ—ਮਹਾਰਾਜ ਇਸ ਤੋਂ ਅੱਗੇ ਮੇਰੀ ਸੋਚ ਕੰਮ ਨਹੀਂ ਕਰ ਸਕਦੀ, ਕਿਰਪਾ ਕਰ ਕੇ ਸਮਝਾਵੋ ਕਿ ਜੇਕਰ ਮੈਂ ਸੇਵਕ ਸਿੰਘ ਵੀ



ਨਹੀਂ ਸਰੀਰ ਵੀ ਨਹੀਂ, ਮਨ ਵੀ ਨਹੀਂ, ਤਾਂ ਫਿਰ ਮੈਂ ਕੌਣ ਹਾਂ?

ਮਹਾਤਮਾ—ਤੂੰ ਸਰੀਰ ਵਿਚ, ਮਨ ਵਿਚ ਰਹਿਣ ਵਾਲੀ ਇਕ ਅਸਚਰਜ ਚੀਜ਼ ਹੈਂ। ਇਸ ਚੀਜ਼ ਦਾ ਨਾਮ ਭਾਵੇਂ ਕੁਝ ਨਹੀਂ, ਪਰ ਜਿਸ ਤਰ੍ਹਾਂ ਇਨਸਾਨ ਨੇ ਸਮਝਾਣ ਵਾਸਤੇ ਸਭ ਚੀਜ਼ਾਂ ਦੇ ਕੁਝ ਨਾ ਕੁਝ ਨਾਮ ਰੱਖੇ ਹੋਏ ਹਨ, ਤੇਰੇ ਸਰੀਰ ਵਿਚ ਰਹਿਣ ਵਾਲੀ ਚੀਜ਼ ਦਾ ਨਾਮ 'ਆਤਮਾ' ਰੱਖਿਆ ਹੋਇਆ ਹੈ। ਇਸ ਲਈ ਤੂੰ ਆਤਮਾ ਹੈਂ।

ਸਿੱਖ—ਮਹਾਰਾਜ ਇਹ ਖੋਲ੍ਹ ਕੇ ਸਮਝਾਵੋ ਕਿ 'ਆਤਮਾ' ਤੋਂ ਆਪ ਦੀ ਕੀ ਮੁਰਾਦ ਹੈ? ਆਤਮਾ ਕੀ ਹੁੰਦੀ ਹੈ?

ਮਹਾਤਮਾ—'ਆਤਮਾ' ਤੋਂ ਮੁਰਾਦ ਸਰੀਰ ਅਤੇ ਮਨ ਤੋਂ ਪਰ੍ਹੇ ਤੇਰੀ ਅਸਲੀਅਤ ਹੈ, ਤੇਰੀ ਹਸਤੀ ਹੈ, ਤੇਰਾ ਆਪਾ ਹੈ।

ਸਿੱਖ—ਮਹਾਰਾਜ ਮੇਰੀ ਸਮਝ ਵਿਚ ਕੁਝ ਨਹੀਂ ਆਇਆ ਜਿਥੇ ਮੇਰਾ ਸਰੀਰ ਨਹੀਂ, ਮੇਰਾ ਮਨ ਨਹੀਂ, ਉਥੇ ਤਾਂ ਕੁਝ ਵੀ ਨਹੀਂ, ਹਨ੍ਹੇਰਾ ਹੀ ਹਨ੍ਹੇਰਾ ਹੈ।

ਮਹਾਤਮਾ—ਉਥੇ ਜੇਕਰ ਕੁਝ ਨਾ ਹੋਵੇ ਤਾਂ ਇਹ ਗੱਲ ਕੌਣ ਆਖੇ ਕਿ ਉਥੇ ਕੁਝ ਵੀ ਨਹੀਂ, ਹਨ੍ਹੇਰਾ ਹੀ ਹਨ੍ਹੇਰਾ ਹੈ, ਜਿਥੇ ਤੇਰਾ ਸਰੀਰ ਨਹੀਂ, ਮਨ ਅਤੇ ਮਨ ਦੇ ਸੰਕਲਪ ਨਹੀਂ, ਉਥੇ 'ਤੂੰ' ਤੇ 'ਤੇਰੀ ਅਸਲੀਅਤ' ਜ਼ਰੂਰ ਹੈ ਜੋ ਆਖ ਰਹੀ ਹੈ ਕਿ ਉਥੇ ਕੁਝ ਵੀ ਨਹੀਂ।

ਸਿੱਖ—ਮਹਾਰਾਜ, ਹੋਰ ਚੰਗੀ ਤਰ੍ਹਾਂ ਸਮਝਾਵੋ।

ਮਹਾਤਮਾ—ਤੇਰਾ ਸਰੀਰ ਜੋ ਦਿਸਦਾ ਹੈ, ਇਸ ਵਿਚ ਤੂੰ ਰਹਿੰਦਾ ਹੈਂ। ਸਰੀਰ ਜੜ੍ਹ (lifeless) ਵਸਤੂ ਹੈ, ਇਸ ਨੂੰ ਹਰਕਤ ਦੇਣ ਵਾਲਾ, ਚਲਾਣ ਵਾਲਾ, ਤੂੰ ਤੇ ਤੇਰੀ ਅਸਲੀਅਤ ਹੈ। ਤੇਰਾ ਮਨ ਜਾਂ ਤੇਰੇ ਖਿਆਲ ਵੀ ਤੂੰ ਜਾਂ ਤੇਰੀ ਅਸਲੀਅਤ ਨਹੀਂ। ਮਨ, ਬੁੱਧ, ਸੁਰਤ, ਮਤ ਜੋ ਵੀ ਤੈਨੂੰ ਸਰੀਰ ਵਿਚ ਭਾਸਦੇ ਹਨ ਉਹ ਸਭ ਤੇਰੀ 'ਅਸਲੀਅਤ' ਵਿਚੋਂ ਉਪਜੇ ਹਨ, 'ਅਸਲੀਅਤ' ਨਹੀਂ। ਜਿਥੇ ਸਰੀਰ, ਮਨ, ਬੁਧ, ਸੁਰਤ ਖਤਮ ਹੋ ਜਾਵੇ, ਉਥੇ ਵੀ ਤੂੰ ਤੇ ਤੇਰੀ ਅਸਲੀਅਤ ਕਾਇਮ ਰਹਿੰਦੇ ਹੋ। ਜਿਵੇਂ ਪੈਰ ਉਤੇ ਜੁਰਾਬ ਤੇ ਜੁਰਾਬ ਉਤੇ ਬੂਟ ਪਾ ਲਈਏ ਤੇ ਅੰਦਰੋਂ ਪੈਰ ਹਿਲਾਣ ਨਾਲ ਜੁਰਾਬ ਤੇ ਬੂਟ ਵੀ ਹਿਲਦੇ ਹਨ, ਉਸੇ ਤਰ੍ਹਾਂ ਆਤਮਾ ਉਤੇ, ਮਨ, ਬੁਧ, ਖਿਆਲਾਂ ਆਦਿ ਦਾ ਗਿਲਾਫ਼ ਜਾਂ ਜੁਰਾਬਾਂ ਚੜ੍ਹੀਆਂ ਹੋਈਆਂ ਹਨ ਅਤੇ ਮਨ, ਬੁਧ ਉਤੇ ਸਰੀਰ ਦਾ ਬੂਟ ਚੜ੍ਹਿਆ ਹੋਇਆ ਹੈ। ਜਦ ਅੰਦਰੋਂ ਆਤਮਾ ਚਾਹੇ, ਮਨ, ਬੁੱਧ ਅਤੇ ਗਿਆਨ ਇੰਦਰੇ ਹਰਕਤ ਵਿਚ ਆਉਂਦੇ ਹਨ ਅਤੇ

ਉਨ੍ਹਾਂ ਦੇ ਹਰਕਤ ਵਿਚ ਆਉਣ ਨਾਲ ਸਰੀ ਹਿਲਦਾ-ਜੁਲਦਾ, ਦੌੜਦਾ-ਭਜਦਾ, ਦਿਸਦਾ ਹੈ. ਗਿਆਨੀ ਪੁਰਸ਼ ਨੂੰ ਪਤਾ ਹੁੰਦਾ ਹੈ ਕਿ ਅਸਲ ਵਿਚ ਅੰਦਰੋਂ ਉਸ ਦੀ 'ਅਸਲੀਅ' ਸਭ ਚੀਜ਼ਾਂ ਨੂੰ ਹਰਕਤ ਦੇ ਰਹੀ ਹੈ।

ਸਿੱਖ–ਮੇਰੀ ਅਸਲੀਅਤ ਦਾ ਕੀ ਨਾਮ ਰੱਖਿਆ ਗਿਆ ਹੈ?

ਮਹਾਤਮਾ-ਮੌਜੂਦਾ ਸਾਇੰਸਦਾਨਾਂ ਨੂੰ ਸਾਰੇ ਜਗਤ ਵਿਚ ਦੋ ਚੀਜ਼ਾਂ ਲੱਭੀਆਂ ਹਨ, ਇਕ ਪਦਾਰਥ (matter) ਦੂਜੇ ਸ਼ਕਤੀ (energy) ਉਨ੍ਹਾਂ ਦੇ ਖਿਆਲ ਵਿਚ ਸਾਰੀ ਜਗਤ ਰਚਨਾ ਪਦਾਰਥ ਅਤੇ ਸ਼ਕਤੀ ਤੋਂ ਬਣੀ ਹੋਈ ਹੈ, ਐਪਰ ਸ਼ਕਤੀ ਇਕ ਅੰਧੀ (blind) ਤਾਕਤ ਹੈ। ਇਸ ਵਿਚ ਅਕਲ, ਦਿਮਾਗ ਅਤੇ ਚੇਤਨਤਾ ਨਹੀਂ। ਇਸ ਲਈ ਸ਼ਕਤੀ ਨੂੰ ਕਿਸੇ ਨਿਯਮਾਂ ਅਨੁਸਾਰ ਚਲਾਣ ਵਾਲੀ ਕੋਈ ਹੋਰ ਚੇਤਨਾ, ਦਿਮਾਗ ਤੇ ਸੋਚ ਵਾਲੀ ਮਹਾਂਸ਼ਕਤੀ ਹੈ। ਪੂਰਬ ਦੇ ਮਹਾਂਪੁਰਖਾਂ ਨੇ ਦੁਨੀਆਂ ਦੇ ਮੂਲ, ਇਸ ਮਹਾਂ ਸ਼ਕਤੀ ਨੂੰ ਪਰਮ-ਆਤਮਾ ਆਖਿਆ ਹੈ, ਇਸ ਲਈ ਸਾਰੇ ਜਗਤ ਵਿਚ ਜਿਥੇ ਵੀ ਕਿਸੇ ਪਦਾਰਥ ਦੀ ਬਾਹਰੋਂ ਸ਼ਕਲ ਵਜ੍ਹਾ (ਆਕਾਰ) ਹੈ, ਉਥੇ ਉਸ ਪਦਾਰਥ ਦੀ ਅੰਦਰਲੀ ਅਸਲੀਅਤ (ਨਿਰਆਕਾਰ ਪਰਮ-ਆਤਮਾ) ਵੀ ਮੌਜੂਦ ਹੁੰਦੀ ਹੈ। ਇਸ ਵਾਸਤੇ ਐ ਗੁਰਸਿੱਖ, ਤੂੰ ਬਾਹਰੋਂ ਸਰੀਰ ਭਾਸਦਾ ਹੈਂ ਪਰ ਅੰਦਰੋਂ ਅਸਲੀਅਤ ਵਿਚ ਆਪਣੇ ਖਿਆਲਾਂ, ਮਨ, ਬੁੱਧ, ਮੱਤ ਆਦਿ ਸਭ ਤੋਂ ਪਰ੍ਹੇ ਪਰਮਾਤਮਾ ਦਾ ਸਰੂਪ ਆਤਮਾ ਹੈਂ। ਮੌਤ ਵੇਲੇ ਵੀ ਜਦ ਸਰੀਰ ਨਹੀਂ ਰਹਿੰਦਾ, ਤੂੰ ਤੇ ਤੇਰੀ ਅਸਲੀਅਤ ਜਿਉਂ ਦੀ ਤਿਉਂ ਰਹਿੰਦੇ ਹੋ।

ਸਿੱਖ–ਮਹਾਤਮਾ, ਮੇਰੀ ਅਸਲੀਅਤ ਪਰਮ-ਆਤਮਾ ਦਾ ਤੇ ਮੇਰਾ ਕੀ ਸਬੰਧ ਹੈ? ਉਹ ਕੀ ਹੈ ਤੇ ਮੈਂ ਕੀ ਹਾਂ?

ਮਹਾਤਮਾ–ਤੇਰੀ 'ਅਸਲੀਅਤ' ਇਕ ਸਾਗਰ ਹੈ ਅਤੇ ਤੂੰ ਉਸ ਸਾਗਰ ਦੀ ਇਕ ਲਹਿਰ ਜਾਂ ਬੁਲਬੁਲਾ ਹੈਂ। ਜਿਵੇਂ ਬੁਲਬੁਲੇ ਨੂੰ ਜਾਂ ਲਹਿਰ ਨੂੰ ਕੋਈ ਸਾਗਰ ਨਾਲੋਂ ਵਖਰਾ ਨਹੀਂ ਕਰ ਸਕਦਾ, ਉਸੇ ਤਰ੍ਹਾਂ ਤੈਨੂੰ ਤੇਰੀ 'ਅਸਲੀਅਤ' ਪਰਮ-ਆਤਮਾ ਨਾਲੋਂ ਕੋਈ ਜੁਦਾ ਨਹੀਂ ਕਰ ਸਕਦਾ। ਜੁਗਾਂ ਜੁਗਾਂਤਰਾਂ ਤੋਂ ਤੂੰ ਆਪਣੀ ਅਸਲੀਅਤ 'ਪਰਮ-ਆਤਮਾ' ਵਿਚੋਂ ਉਤਰ ਕੇ, ਕੁਝ ਚਿਰ ਲਈ ਜਗਤ ਰਚਨਾ ਵਿਚ ਜੀਵਨ ਬਤੀਤ ਕਰ ਕੇ ਮੁੜ ਅਸਲੀਅਤ ਜਾਂ ਪਰਮ-ਆਤਮਾ ਵਿਚ ਲੀਨ ਹੋ ਜਾਂਦਾ ਹੈ।



*ਨਾਨਕ ਗੁਰਮੁਖਿ ਸਹਜਿ ਮਿਲਾਏ*
*ਜਿਉ ਜਲੁ ਜਲਹਿ ਸਮਾਵੈ॥* *ਅੰਕ - 1191*

ਸਿੱਖ–ਮਹਾਤਮਾ, ਇਹ ਤਾਂ ਮੇਰੀ 'ਅਸਲੀਅ' ਜਾਂ 'ਪਰਮ-ਆਤਮਾ' ਦਾ ਅਤੇ ਮੇਰਾ ਉਪਜਨ ਤੇ ਨਿਪਜਨ ਵੇਲੇ ਦਾ ਸਬੰਧ ਹੋਇਆ। ਜਦ ਮੈਂ ਜਗਤ ਵਿਚ ਜੀਵਨ ਬਤੀਤ ਕਰਦਾ ਹਾਂ, ਉਸ ਵੇਲੇ ਮੇਰਾ ਤੇ ਮੇਰੀ 'ਅਸਲੀਅਤ' ਜਾਂ ਪਰਮ ਆਤਮਾ ਦਾ ਕੀ ਸਬੰਧ ਹੋਇਆ?

ਮਹਾਤਮਾ– 'ਤੂੰ ਹੈਂ ਤਾਂ ਸਦਾ ਹੀ ਆਪਣੀ ਅਸਲੀਅਤ, ਪਰਮ-ਆਤਮਾ ਦਾ ਸਰੂਪ, ਸਦਾ ਹੀ ਉਸੇ ਵਰਗਾ, ਪਰ ਜਦ ਤੈਨੂੰ ਆਪਣਾ ਇਹ ਸਬੰਧ ਜਾਂ ਰਿਸ਼ਤਾ ਭੁੱਲ ਜਾਂਦਾ ਹੈ, ਜਦੋਂ ਤੂੰ ਅਗਿਆਨਤਾ ਵਿਚ ਆਪਣੇ ਆਪ ਨੂੰ ਆਪਣੇ ਅਸਲੇ ਤੋਂ ਅਲਹਿਦਾ ਇਕ ਛੋਟੀ ਜਿਹੀ ਚੀਜ਼ ਸਮਝਦਾ ਹੈਂ, ਉਸ ਵੇਲੇ ਤੇਰਾ ਆਪਣੇ ਆਪ ਨੂੰ ਆਪਣੀ ਅਸਲੀਅਤ ਤੋਂ ਅਲਹਿਦਾ ਤੇ ਛੋਟੀ ਚੀਜ਼ ਸਮਝਣਾ ਹੀ ਤੇਰੇ ਅਨੇਕ ਦੁਖਾਂ ਦਾ ਕਾਰਨ ਬਣ ਜਾਂਦਾ ਹੈ। ਇਸ ਅਗਿਆਨਤਾ ਵਿਚ ਹੀ ਤੂੰ ਆਪਣੇ ਆਪ ਨੂੰ ਸਰੀਰ, ਸੇਵਕ ਸਿੰਘ, ਕਿਸੇ ਦਾ ਪੁੱਤਰ, ਕਿਸੇ ਦਾ ਪਿਤਾ, ਕਿਸੇ ਖਾਸ ਦੇਸ਼ ਦੇ ਕਿਸੇ ਖਾਸ ਹਿੱਸੇ ਵਿਚ ਰਹਿਣ ਵਾਲਾ ਇਕ ਛੋਟਾ ਜਿਹਾ ਆਦਮੀ ਜਾਂ ਜੀਵ ਪ੍ਰਤੀਤ ਕਰਦਾ ਹੈਂ। ਜਦ ਤੈਨੂੰ ਤੇਰੀ ਇਹ ਤੰਗ ਦੁਨੀਆਂ ਤਸੱਲੀ ਨਹੀਂ ਦੇਂਦੀ, ਤਾਂ ਤੂੰ ਆਪਣੀ ਅਸਲੀਅਤ ਦਾ ਗਿਆਨ ਹਾਸਲ ਕਰ ਕੇ ਸੰਤੁਸ਼ਟ ਤੇ ਸ਼ਾਂਤ ਹੋ ਜਾਂਦਾ ਹੈਂ।

ਸਿੱਖ–ਜਦ ਮੈਂ ਆਪਣੀ ਅਸਲੀਅਤ ਨੂੰ ਪਛਾਣ ਲੈਂਦਾ ਹਾਂ ਅਤੇ ਸ਼ਾਂਤ ਤੇ ਸੰਤੁਸ਼ਟ ਹੋ ਜਾਂਦਾ ਹਾਂ, ਤਾਂ ਉਸ ਵੇਲੇ ਮੈਨੂੰ ਕੀ ਪਤਾ ਲਗਦਾ ਹੈ?

ਮਹਾਤਮਾ–ਉਸ ਵੇਲੇ ਤੈਨੂੰ ਇਹ ਪਤਾ ਲਗਦਾ ਹੈ ਕਿ ਜੋ ਸਿਫਤਾਂ ਤੇਰੀ ਅਸਲੀਅਤ ਪਰਮ-ਆਤਮਾ ਵਿਚ ਹਨ, ਉਸ ਤੋਂ ਅੱਡ ਨਾ ਹੋਣ ਕਰ ਕੇ ਉਹ ਸਭ ਸਿਫਤਾਂ ਤੇਰੇ ਵਿਚ ਹਨ, ਤੂੰ ਉਹੋ ਕੁਝ ਹੈਂ, ਜੋ ਤੇਰੀ 'ਅਸਲੀਅਤ' ਜਾਂ ਪਰਮ-ਆਤਮਾ, ਓਡਾ ਵੱਡਾ, ਓਡਾ ਸ਼ਕਤੀਵਾਨ, ਓਡਾ ਸੁਖੀ ਤੇ ਨਿਰਭੈ।

ਤਦ ਮਹਾਤਮਾ ਨੇ ਇਹ ਵਾਕ ਉਚਾਰੇ –

*ਨਾ ਓਹੁ ਮਰਤਾ ਨਾ ਹਮ ਡਰਿਆ॥*
*ਨਾ ਓਹੁ ਬਿਨਸੈ ਨਾ ਹਮ ਕੜਿਆ॥*

*ਨਾ ਓਹੁ ਨਿਰਧਨੁ ਨਾ ਹਮ ਭੂਖੇ॥*
*ਨਾ ਓਸੁ ਦੂਖੁ ਨ ਹਮ ਕਉ ਦੂਖੇ॥*
*ਅਵਰੁ ਨ ਕੋਊ ਮਾਰਨਵਾਰਾ॥*
*ਜੀਅਉ ਹਮਾਰਾ ਜੀਉ ਦੇਨਹਾਰਾ।ਰਹਾਉ॥*
*ਨਾ ਉਸੁ ਬੰਧਨ ਨਾ ਹਮ ਬਾਧੇ॥*
*ਨਾ ਉਸੁ ਧੰਧਾ ਨਾ ਹਮ ਧਾਧੇ॥*
*ਨਾ ਉਸੁ ਮੈਲੁ ਨ ਹਮ ਕਉ ਮੈਲਾ॥*
*ਓਸੁ ਅਨੰਦੁ ਤ ਹਮ ਸਦ ਕੇਲਾ॥*
*ਨਾ ਉਸੁ ਸੋਚੁ ਨ ਹਮ ਕਉ ਸੋਚਾ॥*
*ਨਾ ਉਸੁ ਲੇਪੁ ਨ ਹਮ ਕਉ ਪੋਚਾ॥*
*ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ॥*
*ਜਾ ਊਹੁ ਨਿਰਮਲੁ ਤਾਂ ਹਮ ਜਚਨਾ॥* *ਅੰਕ - 390*

ਸਿੱਖ—ਜੇਕਰ ਮੈਂ ਆਪਣੀ ਅਸਲੀਅਤ ਜਾਂ ਪਰਮ—ਆਤਮਾ ਵਰਗਾ ਹੀ ਹਾਂ, ਤਾਂ ਮੈਂ ਉਸ ਦੇ ਬਰਾਬਰ ਹੋਇਆ, ਉਸ ਦਾ ਸ਼ਰੀਕ ਹੋਇਆ?

ਮਹਾਤਮਾ—ਨਹੀਂ, ਤੂੰ ਉਸ ਦੇ ਬਰਾਬਰ ਜਾਂ ਉਸ ਦਾ ਸ਼ਰੀਕ ਇਸ ਕਰਕੇ ਨਹੀਂ, ਕਿ ਉਹ ਤੇਰਾ ਕਾਰਨ ਹੈ, ਉਸ ਦੇ ਹੋਣ ਕਰਕੇ ਤੂੰ ਹੈਂ। ਜਿਵੇਂ ਬੁਲਬੁਲੇ ਜਾਂ ਤਰੰਗ ਦੇ ਨਾ ਹੋਣ ਉਤੇ ਵੀ ਸਾਗਰ ਜਿਉਂ ਦਾ ਤਿਉਂ ਰਹਿੰਦਾ ਹੈ, ਉਸੇ ਤਰ੍ਹਾਂ ਜਦ ਤੂੰ ਨਾ ਵੀ ਹੋਵੇਂ, ਉਦੋਂ ਵੀ ਪਰਮ-ਆਤਮਾ ਜਿਉਂ ਦਾ ਤਿਉਂ ਰਹਿੰਦਾ ਹੈ। ਪਰ ਐਸਾ ਕਦੀ ਨਹੀਂ ਹੋ ਸਕਦਾ ਕਿ ਤੂੰ ਹੋਵੇਂ ਤੇ ਉਹ ਨਾ ਹੋਵੇ। ਇਸ ਕਰਕੇ ਤੇਰਾ ਹੋਣਾ ਉਸ ਦੇ ਹੋਣ ਕਰ ਕੇ ਉਸ ਦੇ ਹੋਣ ਦੀ ਦਲੀਲ ਜਾਂ ਸਬੂਤ ਹੈ। ਤੂੰ ਉਸ ਦਾ ਸ਼ਰੀਕ ਨਹੀਂ ਸਗੋਂ ਉਸ ਦਾ ਸਬੂਤ ਹੈਂ।

ਸਿੱਖ—ਜਦ ਮੈਂ ਉਸ ਦੇ ਹੋਣ ਕਰਕੇ ਹੀ ਹਾਂ ਤਾਂ ਫਿਰ ਮੈਂ ਕੁਝ ਵੀ ਨਾ ਹੋਇਆ, ਉਹੋ ਉਹ ਹੈ?

ਮਹਾਤਮਾ—ਠੀਕ ਹੈ, ਉਸ ਤੋਂ ਬਿਨਾਂ ਤੂੰ ਕੁਝ ਵੀ ਨਹੀਂ।

*`ਹਮ ਕਿਛੁ ਨਾਹੀ ਏਕੈ ਓਹੀ॥*
*ਆਗੈ ਪਾਛੈ ਏਕੋ ਸੋਈ॥* *ਅੰਕ - 391*

ਸਿੱਖ—ਮਹਾਤਮਾ, ਕੀ ਮੈਂ ਕੁਝ ਨਹੀਂ? ਕੀ ਮੈਂ ਸਿਫਰ ਹਾਂ? ਮਹਾਤਮਾ ਇਹ ਤੁਸੀਂ ਕੀ ਆਖ ਦਿਤਾ?



ਮਹਾਤਮਾ—ਮੇਰੇ ਸ਼ਬਦਾਂ ਨੂੰ ਜ਼ਰਾ ਵਿਚਾਰ, ਮੈਂ ਆਖਿਆ ਹੈ ਉਸ ਤੋਂ ਬਗੈਰ ਤੂੰ ਕੁਝ ਨਹੀਂ, ਪਰ ਉਸ ਦੇ ਅਧਾਰ ਤੇ ਤੂੰ ਸਭ ਕੁਝ ਹੈਂ, ਤੂੰ ਤੇ ਉਹ ਇਕ ਹੋ।

ਸਿੱਖ ਨੇ ਮਹਾਤਮਾ ਦੇ ਚਰਨਾਂ ਉਤੇ ਬੜੇ ਸਤਿਕਾਰ ਨਾਲ ਮੱਥਾ ਟੇਕਿਆ ਅਤੇ ਪਾਤਸ਼ਾਹਾਂ ਨਾਲੋਂ ਵਧੇਰੇ ਪ੍ਰਸੰਨਤਾ ਦੀ ਹਾਲਤ ਵਿਚ ਇਹ ਕਹਿੰਦਾ ਵਾਪਸ ਮੁੜਿਆ -

*ਨਾਨਕ ਗੁਰਿ ਖੋਏ ਭ੍ਰਮ ਭੰਗਾ॥*
*ਹਮ ਓਇ ਮਿਲਿ ਹੋਏ ਇਕ ਰੰਗਾ॥* *ਅੰਕ - 391*

# ਜ਼ਹਿਮਤ ਕਿ ਰਹਿਮਤ

ਮਈ 1945 ਵਿਖੇ ਪੰਜਾਬ ਦੀ ਦੋ ਮਹੀਨਿਆਂ ਦੀ ਪ੍ਰਚਾਰ ਫੇਰੀ ਮਗਰੋਂ ਜਦ ਮੈਂ ਕਲਕੱਤੇ ਪਹੁੰਚਿਆ ਤਾਂ ਇਹ ਦੇਖ ਕੇ ਬੜਾ ਹੈਰਾਨ ਹੋਇਆ ਕਿ ਰਾਤ ਨੂੰ ਮੈਨੂੰ ਨੀਂਦਰ ਆਉਣੀ ਬੰਦ ਹੋ ਗਈ ਹੈ। ਸਾਰੀ ਰਾਤ ਜਾਗਣ ਮਗਰੋਂ ਕੇਵਲ ਸਵੇਰੇ ਪੰਜ ਵਜੇ ਦੇ ਲਗਭੱਗ ਦੋ ਘੰਟਿਆਂ ਵਾਸਤੇ ਮੇਰੀ ਥੋੜ੍ਹੀ ਜਿਹੀ ਅੱਖ ਲਗਦੀ ਸੀ। ਕਿਉਂਕਿ ਮੇਰਾ ਸ਼ੁਰੂ ਤੋਂ ਇਹ ਵਿਸ਼ਵਾਸ਼ ਚਲਿਆ ਆਉਂਦਾ ਸੀ ਕਿ ਸਿਹਤ ਕਾਇਮ ਰੱਖਣ ਵਾਸਤੇ ਪੰਜ ਛੇ ਘੰਟੇ ਸੌਣਾ ਬੜਾ ਜ਼ਰੂਰੀ ਹੈ, ਇਸ ਲਈ ਹੁਣ ਜਦ ਸਾਰੀ ਰਾਤ ਨੀਂਦਰ ਨਾ ਆਵੇ ਤਾਂ ਮੈਨੂੰ ਤਰ੍ਹਾਂ ਤਰ੍ਹਾਂ ਦੇ ਖਿਆਲ ਆ ਕੇ ਪਰੇਸ਼ਾਨ ਕਰਨ ਲੱਗੇ।

ਜਦ ਮੈਨੂੰ ਕੋਈ ਤਕਲੀਫ ਆਵੇ ਤਾਂ ਪਹਿਲੋਂ ਉਸ ਨੂੰ ਮੈਂ ਆਤਮਕ ਤੌਰ ਤੇ ਦਰੁਸਤ ਕਰਨ ਦੀ ਕੋਸ਼ਿਸ਼ ਕਰਦਾ ਹਾਂ ਅਤੇ ਮੇਰੀਆਂ 90 ਫੀ ਸਦੀ ਤਕਲੀਫਾਂ (ਸਰੀਰਕ ਅਤੇ ਮਾਨਸਕ) ਕੇਵਲ ਆਤਮਕ ਤਰੀਕੇ ਨਾਲ ਦੂਰ ਹੋ ਜਾਂਦੀਆਂ ਹਨ। ਐਪਰ ਅਜੇ ਤਕ ਮੇਰੇ ਅੰਦਰ ਕਈ ਤਰ੍ਹਾਂ ਦੀਆਂ ਊਣਤਾਈਆਂ ਹੋਣ ਕਰਕੇ ਮੇਰੀਆਂ ਕਰੀਬਨ 10 ਫੀ ਸਦੀ ਤਕਲੀਫਾਂ ਮੈਥੋਂ ਆਪ ਆਤਮਕ ਇਲਾਜ ਨਾਲ ਦਰੁਸਤ ਨਹੀਂ ਹੁੰਦੀਆਂ। ਇਹਨਾਂ ਨੂੰ ਦਰੁਸਤ ਕਰਨ ਵਾਸਤੇ ਅਵਲ ਤਾਂ ਮੈਂ ਆਤਮਕ ਮਾਰਗ ਤੇ ਚੱਲਣ ਵਾਲੇ ਦੂਸਰੇ ਗੁਰਮੁਖਾਂ ਦੀ ਜਾਂ ਧਰਮ ਪੁਸਤਕਾਂ ਦੀ ਸਹਾਇਤਾ ਲੈਂਦਾ ਹਾਂ ਅਤੇ ਅਗਰ ਇਹ ਵੀ ਕਾਰਗਰ ਨਾ ਹੋਵੇ ਤਾਂ ਡਾਕਟਰਾਂ ਅਤੇ ਦਵਾਈਆਂ ਦਾ ਇਸਤੇਮਾਲ ਕਰਦਾ ਹਾਂ।

ਜਦ ਮੈਨੂੰ ਨੀਂਦਰ ਨਾ ਆਉਣ ਦੀ ਤਕਲੀਫ ਹੋਈ ਤਾਂ ਉਤੇ ਦੱਸੇ ਅਨੁਸਾਰ ਪਹਿਲੇ ਮੈਂ ਇਹ ਕੋਸ਼ਿਸ਼ ਕੀਤੀ ਕਿ ਇਸ ਨੂੰ ਬਗੈਰ ਦਵਾਈ ਜਾਂ ਡਾਕਟਰਾਂ ਦੀ ਸਹਾਇਤਾ ਦੇ ਕੇਵਲ ਆਤਮਕ ਤਰੀਕਿਆਂ ਅਤੇ ਆਤਮਕ ਲੋਕਾਂ ਦੀ ਸਹਾਇਤਾ ਨਾਲ ਰਾਜ਼ੀ ਕਰਾਂ। ਇਸ ਸਬੰਧ ਵਿਚ



ਮੈਂ ਪਹਿਲੇ ਸਾਰੀ ਰਾਤ ਗੁਰਬਾਣੀ ਪੜ੍ਹਨ, ਸਿਮਰਨ ਅਭਿਆਸ ਕਰਨ, ਚੰਗੀਆਂ ਪੁਸਤਕਾਂ ਪੜ੍ਹਨ ਅਤੇ ਟਹਿਲ ਟਹਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਝ ਸ਼ਬਦਾਂ ਦਾ ਪਾਠ ਕਰਨ ਦਾ ਪ੍ਰੋਗਰਾਮ ਬਣਾਇਆ। ਇਸ ਪ੍ਰੋਗਰਾਮ ਅਨੁਸਾਰ ਮੇਰੀ ਕਰੀਬਨ ਸਾਰੀ ਰਾਤ ਬੀਤ ਜਾਂਦੀ ਅਤੇ ਸਵੇਰੇ ਚਾਰ ਪੰਜ ਵਜੇ ਕੁਝ ਚਿਰ ਲਈ ਅੱਖ ਲਗ ਜਾਂਦੀ ਸੀ।

ਇਸ ਪਰੋਗਰਾਮ ਅੰਦਰ ਕਿਸੇ ਕਿਸੇ ਵੇਲੇ ਮੈਂ ਬੜੇ ਉਚੇ ਆਤਮਕ ਮੰਡਲਾਂ ਵਿਚ ਪਹੁੰਚ ਜਾਂਦਾ, ਜਿਥੇ ਸਰੀਰ ਭਾਸਦਾ ਵੀ ਨਹੀਂ ਸੀ, ਜਾਂ ਸੁਫਨੇ ਦੇ ਸਰੀਰ ਵਾਂਗਰ ਅਤਿ ਹਲਕਾ ਤੇ ਸੂਖਸ਼ਮ ਹੋ ਜਾਂਦਾ ਸੀ। ਮੇਰੀ ਆਤਮਾ ਵਿਚੋਂ ਅਨੰਦ ਦਾ ਕਿਸੇ ਕਿਸੇ ਵੇਲੇ ਹੜ੍ਹ ਵਗਣ ਲਗ ਜਾਂਦਾ ਸੀ ਅਤੇ ਮੈਂ ਉਸ ਮਹਾਂ-ਰਸ ਨੂੰ ਮਾਣਦਾ ਮਾਣਦਾ ਬੇਸੁਧ ਹੋ ਜਾਂਦਾ ਸੀ। ਕਿਸੇ ਵੇਲੇ ਮੈਂ ਆਪਣੇ ਅੰਦਰੋਂ ਕਿਸੇ ਨੂੰ ਇਹ ਆਖਦਾ ਪਰਤੀਤ ਕਰਦਾ ਸੀ ਕਿ ਤੇਰੇ ਪਰਚਾਰ ਹਿਤ ਸੱਚੇ ਦਿਲੋਂ ਕੀਤੀ ਨਿਰਮਾਣ ਸੇਵਾ ਦਾ ਇਹ ਤੈਨੂੰ ਫਲ ਮਿਲਿਆ ਹੈ ਕਿ ਤੂੰ ਨੀਂਦਰ ਦੀ ਕੈਦ ਤੋਂ ਆਜ਼ਾਦ ਕੀਤਾ ਜਾ ਰਿਹਾ ਹੈਂ।

ਨੀਂਦਰ ਨਾ ਆਉਣ ਦੀ ਅਵਸਥਾ ਮੇਰੇ ਉਤੇ ਕੋਈ ਦੋ ਢਾਈ ਮਹੀਨੇ ਤਕ ਰਹੀ, ਪਰ ਮੈਂ ਇਹ ਦੇਖ ਕੇ ਬੜਾ ਹੈਰਾਨ ਸੀ ਕਿ ਮੇਰੀ ਸਰੀਰਕ ਸ਼ਕਤੀ ਅਤੇ ਵਜ਼ਨ ਕਿਸੇ ਤਰ੍ਹਾਂ ਘਟ ਨਹੀਂ ਸੀ ਹੋ ਰਹੇ। ਮੈਨੂੰ ਕਈ ਵਾਰੀ ਆਪਣੇ ਅੰਦਰੋਂ ਅੱਗੇ ਨਾਲੋਂ ਵਧੇਰੇ ਸ਼ਕਤੀ ਮਹਿਸੂਸ ਕਰ ਕੇ ਹੈਰਾਨੀ ਹੁੰਦੀ ਅਤੇ ਡਰ ਆਉਣ ਲਗ ਜਾਂਦਾ ਸੀ। ਮੈਂ ਕਿਸੇ ਵੇਲੇ ਮਹਿਸੂਸ ਕਰਦਾ ਸੀ ਮੈਂ ਗੈਰ-ਕੁਦਰਤੀ (Unnatural) ਜੀਵਨ ਬਤੀਤ ਕਰਨ ਲਗ ਗਿਆ ਹਾਂ ਅਤੇ ਇਸ ਖਿਆਲ ਦੇ ਆਉਣ ਨਾਲ ਕਾਫੀ ਘਬਰਾ ਜਾਂਦਾ ਸੀ।

ਇਸ ਘਬਰਾਹਟ ਦੀ ਹਾਲਤ ਅੰਦਰ ਮੈਂ ਦੋ ਗੁਰਮੁਖਾਂ (ਆਤਮ ਸਾਇੰਸ ਦੇ ਮਾਹਿਰਾਂ) ਦੀ ਸਹਾਇਤਾ ਲੀਤੀ। ਇਕ ਅੰਗਰੇਜ਼ ਸੀ ਅਤੇ ਇਕ ਸਿੱਖ। ਅੰਗਰੇਜ਼ ਮਿੱਤਰ ਨੇ ਮੈਨੂੰ ਦੱਸਿਆ ਕਿ ਤੂੰ ਵਾਹਿਗੁਰੂ ਦਾ ਸਰੂਪ (Immage of God) ਹੋਣ ਦੇ ਕਾਰਨ ਆਪਣੇ ਅੰਦਰ ਸੁਭਾਵਿਕ ਹੀ ਵਾਹਿਗੁਰੂ ਜੀ ਦੀਆਂ ਸਿਫ਼ਤਾਂ ਰਖਦਾ ਹੈਂ। ਕਿਉਂਕਿ ਵਾਹਿਗੁਰੂ ਜੀ ਕਦੀ ਨਹੀਂ ਸੌਂਦੇ ਅਤੇ ਕੰਮ ਕਰਦਿਆਂ ਭੀ ਸਹਿਜ ਅਵਸਥਾ ਵਿਚ ਟਿਕੇ ਰਹਿੰਦੇ ਹਨ (God rests in action) ਇਸ ਲਈ ਉਹਦੇ ਸਰੂਪ (ਆਤਮ ਸਾਇੰਸ ਦੇ ਵਿਦਿਆਰਥੀ) ਨੂੰ ਸਿਹਤ ਕਾਇਮ ਰੱਖਣ ਵਾਸਤੇ ਜ਼ਰੂਰੀ ਨਹੀਂ ਕਿ ਸਵੇਂ। ਸੋਣ ਦਾ ਸਾਡੀ ਸਿਹਤ

ਨਾਲ ਕੋਈ ਵਾਸਤਾ ਨਹੀਂ। ਸੌਣਾ ਇਕ ਆਦਤ ਹੈ, ਇਸ ਨੂੰ ਜਿਤਨਾ ਚਾਹੋ ਵਧਾ ਘਟਾ ਲਵੋ। ਇਸ ਅੰਗਰੇਜ਼ ਮਿਤਰ ਦੀਆਂ ਗੱਲਾਂ ਸੁਣ ਕੇ ਮੈਨੂੰ ਬੜਾ ਧਰਵਾਸ ਆ ਜਾਂਦਾ ਸੀ ਅਤੇ ਮੈਂ ਸਾਰੀ ਰਾਤ ਆਪਣੇ ਬਣਾਏ ਪਰੋਗਰਾਮ ਅਨੁਸਾਰ ਬਤੀਤ ਕਰਦਾ ਸੀ, ਪਰ ਜਦ ਘਰ ਦੇ ਅਤੇ ਆਲੇ ਦੁਆਲੇ ਦੇ ਸਾਰੇ ਲੋਕੀਂ ਸੌ ਜਾਂਦੇ ਅਤੇ ਮੈਨੂੰ ਇਹ ਖਿਆਲ ਆਉਂਦਾ ਕਿ ਮੈਂ ਵੀ ਕਦੀ ਰਾਤ ਨੂੰ ਖੂਬ ਸੌਂਦਾ ਹੁੰਦਾ ਸੀ ਅਤੇ ਹੁਣ ਕੋਸ਼ਿਸ਼ ਕਰਨ ਉਤੇ ਵੀ ਨਹੀਂ ਸੌਂ ਸਕਦਾ, ਤਾਂ ਇਕ ਬੇਚੈਨੀ ਜਿਹੀ ਪੈਦਾ ਹੋ ਜਾਂਦੀ। ਜਦ ਮੈਂ ਆਪਣੀ ਅਵਸਥਾ ਬਾਰੇ ਆਪਣੇ ਪਿਤਾ ਸਰਦਾਰ ਲਹਿਣਾ ਸਿੰਘ ਜੀ ਨੂੰ ਲਿਖਿਆ ਤਾਂ ਉਹਨਾਂ ਨੇ ਮੇਰੇ ਪਾਸ ਕਲਕੱਤੇ ਆ ਕੇ ਕੁਝ ਦਿਨ ਰਹਿਣਾ ਪ੍ਰਵਾਨ ਕੀਤਾ। ਜਦ ਉਹ ਕਲਕੱਤੇ ਆਏ ਤਾਂ ਮੈਨੂੰ ਆਖਣ ਲੱਗੇ, ਅਸੀਂ ਵੀ ਤੇਰੇ ਕਮਰੇ ਵਿਚ ਹੀ ਰਾਤ ਨੂੰ ਸੌਂਵਿਆ ਕਰਾਂਗੇ. ਪਰ ਮੈਂ ਇਹ ਦੇਖ ਕੇ ਬੜਾ ਹੈਰਾਨ ਹੋਇਆ ਕਿ ਉਹ ਰਾਤ ਨੂੰ ਸੌਣ ਦੀ ਬਜਾਏ ਮੇਰੇ ਪਾਸ ਬੈਠ ਕੇ ਭਜਨ ਕਰਦੇ ਰਹਿੰਦੇ। ਮੈਂ ਵਿਚੋਂ ਤੇ ਬੜਾ ਖੁਸ਼ ਸੀ ਕਿ ਮੇਰੇ ਨਾਲ ਜਾਗਣ ਵਾਲੇ ਇਕ ਹੋਰ ਮਿੱਤਰ ਆ ਗਏ ਹਨ, ਪਰ ਉਹਨਾਂ ਦੀ ਸੱਤਰ ਸਾਲ ਦੇ ਲੱਗਭੱਗ ਉਮਰ ਦਾ ਖਿਆਲ ਕਰ ਕੇ, ਉਹਨਾਂ ਨੂੰ ਜਦ ਵੀ ਸੌਣ ਵਾਸਤੇ ਆਖਾਂ, ਉਹ ਅੱਗੋਂ ਹੱਸ ਕੇ ਇਸ ਪ੍ਰਕਾਰ ਦੇ ਬਚਨ ਆਖਣ ਕਿ ਮੈਂ ਤੇਰੇ ਪਾਸ ਪੰਜਾਬ ਤੋਂ ਚਲ ਕੇ ਸੌਣ ਨਹੀਂ ਆਇਆ—ਸਗੋਂ ਤੈਨੂੰ ਅਮਲੀ ਤੌਰ ਉਤੇ ਦੱਸਣ ਆਇਆ ਹਾਂ ਕਿ ਸੌਣਾ ਸਿਹਤ ਵਾਸਤੇ ਜ਼ਰੂਰੀ ਨਹੀਂ, ਇਹ ਕੇਵਲ ਆਦਤ ਹੈ। ਘੱਟ ਸੌਣ ਦੀ ਆਦਤ ਸਿਹਤ ਨੂੰ ਖਰਾਬ ਨਹੀਂ ਕਰਦੀ। ਅਸੀਂ ਵਾਹਿਗੁਰੂ ਦਾ ਰੂਪ ਹਾਂ, ਸਾਨੂੰ ਆਪਣਾ ਮੂਲ ਪਛਾਨਣਾ ਚਾਹੀਦਾ ਹੈ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਅੰਕ - 441*

ਭਾਵੇਂ ਮੈਂ ਅੱਗੇ ਸੁਣਿਆ ਹੋਇਆ ਸੀ ਕਿ ਪੁਰਾਤਨ ਗੁਰਮੁਖ ਘਟ ਸੌਂ ਕੇ ਅਤੇ ਥੋੜ੍ਹਾ ਖਾ ਕੇ ਆਪਣੀ ਸਿਹਤ ਬੜੀ ਚੰਗੀ ਰਖਦੇ ਹੁੰਦੇ ਸਨ, ਪਰ ਇਸ ਬਿਰਧ ਨੂੰ ਅਮਲੀ ਤੌਰ ਉਤੇ ਆਪਣੇ ਨਾਲੋਂ ਘਟ ਸੌਂਦਾ ਦੇਖ ਕੇ ਮੈਨੂੰ ਬੜੀ ਅਸਚਰਜਤਾ ਭਰੀ ਪ੍ਰਸੰਨਤਾ ਹੁੰਦੀ। ਇਕ ਦੋ ਵਾਰੀ ਮੇਰੇ ਬਹੁਤ ਆਖਣ ਉਤੇ ਇਹਨਾਂ ਗੁਰਮੁਖਾਂ ਨੇ ਆਖਿਆ, ਅੱਛਾ ਜਦ ਤੂੰ ਸੌਂ ਜਾਵੇਂਗਾ ਤਾਂ ਅਸੀਂ ਸਵਾਂਗੇ।

ਇਹਨਾਂ ਦਿਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਤੇ ਹੋਰ ਆਤਮਕ ਪੁਸਤਕਾਂ ਦੇ ਮਹਾਂਵਾਕ ਮੈਨੂੰ ਤਸੱਲੀ ਦੇਂਦੇ ਅਰ ਹੌਸਲਾ



ਵਧਾਂਦੇ ਸਨ। ਉਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ -

In sleep, cause and effect are mere illusions. They seem to be something, but are not. Oblivion and dreams, not realities, come with sleep.

God is spirit and man is His immage and likeness. Therefore man is spiritual and not material.

Better the suffering which awakens mortals mind from its fleshly dream than the false pleasure which tend to as perpetuate this dream.

The consiousness of Truth rests us more than hours of repose in unconciousness.

*ਭਿੰਨੀ ਰੈਨੜੀਐ ਚਾਮਕਨਿ ਤਾਰੇ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥*
*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥*
*ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥*
*ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ॥*
*ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ॥*
*ਅੰਕ-459*

*ਰੈਣਿ ਦਿਨਸੁ ਕਰ ਜੋੜਿ ਹਰਿ ਹਰਿ ਧਿਆਈਐ॥*
*ਅੰਕ - 398*

*ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ॥*
*ਅੰਕ - 213*

*ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ॥*
*ਅੰਕ - 821*

ਇਹਨਾਂ ਦਿਨਾਂ ਵਿਚ ਮੈਂ ਕਲਕੱਤੇ ਦੇ ਇਕ ਪ੍ਰਸਿੱਧ ਡਾਕਟਰ ਪਾਸ ਵੀ ਗਿਆ ਅਤੇ ਉਸ ਨੂੰ ਸਾਰੀ ਹਕੀਕਤ ਦੱਸੀ। ਉਸ ਨੇ ਇਕ ਨੁਸਖਾ ਲਿਖ ਦਿਤਾ ਅਤੇ ਆਖਿਆ ਕਿ ਆਪ ਨੂੰ ਨੀਂਦਰ ਦੀਆਂ ਦਵਾਈਆਂ ਦੇਣ ਨਾਲ ਫਾਇਦਾ ਨਹੀਂ ਹੋਵੇਗਾ। ਇਹ ਨੁਸਖਾ ਨੀਂਦਰ ਲਿਆਣ ਵਾਲਾ ਨਹੀਂ, ਕੇਵਲ ਮੇਹਦੇ ਨੂੰ ਅਤੇ ਪੇਟ ਨੂੰ ਦਰੁਸਤ ਰੱਖਣ ਵਾਲਾ ਹੈ। ਇਸ ਨੂੰ ਇਸਤੇਮਾਲ ਕਰੋ ਅਤੇ ਸਵੇਰੇ ਸ਼ਾਮ ਲੰਬੀ ਸੈਰ ਕਰੋ। ਇਸ ਤਰ੍ਹਾਂ ਚਾਰ ਆਨੇ (ਚੌਥਾ ਹਿੱਸਾ) ਤੁਹਾਨੂੰ ਫਾਇਦਾ ਹੋ

ਜਾਵੇਗਾ। ਐਪਰ ਬਾਕੀ ਬਾਰ੍ਹਾਂ ਆਨੇ (ਤਿੰਨ ਹਿੱਸੇ) ਫਾਇਦਾ ਤੁਹਾਡਾ ਈਸ਼ਵਰ ਦੀ ਕਿਰਪਾ ਨਾਲ ਹੋਵੇਗਾ। ਇਸ ਡਾਕਟਰ ਨੇ ਮੈਨੂੰ ਦੱਸਿਆ ਕਿ ਉਸ ਦੇ ਆਪਣੇ ਘਰ ਵਿਚ ਇਕ ਆਦਮੀ ਹੈ ਜਿਸ ਨੂੰ ਦੋ ਢਾਈ ਘੰਟੇ ਤੋਂ ਵਧ ਕਈ ਸਾਲਾਂ ਤੋਂ ਨੀਂਦ ਨਹੀਂ ਆਈ।

ਸੰਤ ਗੁਰਬਖਸ਼ ਸਿੰਘ ਜੀ ਜਬੋਵਾਲ ਵਾਲੇ ਕਲਕੱਤੇ ਆਏ ਤਾਂ ਉਹਨਾਂ ਨਾਲ ਮੈਂ ਆਪਣੀ ਨੀਂਦਰ ਦੇ ਨਾਂਹ ਆਉਣ ਦੀ ਜਦ ਗੱਲ ਕੀਤੀ ਤਾਂ ਆਖਣ ਲੱਗੇ ਕਿ ਸਾਨੂੰ ਇਕ ਵਾਰੀ ਕਰੀਬਨ ਛੇ ਮਹੀਨੇ ਨੀਂਦਰ ਨਹੀਂ ਸੀ ਆਈ। ਐਵੇਂ ਘੰਟਾ ਦੋ ਘੰਟੇ ਕਿਸੇ ਵੇਲੇ ਮਸਾਂ ਅੱਖ ਲਗਦੀ ਸੀ। ਆਪ ਨੇ ਇਹ ਵੀ ਆਖਿਆ ਕਿ ਉਹਨਾਂ ਦਿਨਾਂ ਵਿਚ ਅਸੀਂ ਪੰਜਾਹ ਰੁਪਏ ਇਨਾਮ ਉਸ ਆਦਮੀ ਲਈ ਰਖਿਆ ਹੋਇਆ ਸੀ ਜਿਹੜਾ ਸਾਨੂੰ ਕਿਸੇ ਵੇਲੇ ਆ ਕੇ ਸੁਤਿਆਂ ਪਕੜ ਲਵੇ।

ਕਲਕੱਤੇ ਵਿਚ 1947 ਵਿਚ ਕਰਨਲ ਵਾਸਦੇਵ ਜੀ ਪੋਸਟਲ ਮਹਿਕਮੇ ਦੇ ਬੜੇ ਅਫਸਰ ਸਨ। ਆਪ ਬੜੇ ਗੁਰਮੁਖ ਤੇ ਨਾਮ ਅਭਿਆਸੀ ਸਨ। ਆਪ ਦਸਦੇ ਹਨ ਕਿ ਨਾਮ ਜਪਣ ਵਾਲੇ ਪੁਰਸ਼ ਕੇਵਲ ਨਾਮ ਵਿਚੋਂ ਹੀ ਸ਼ਕਤੀ ਹਾਸਲ ਕਰ ਸਕਦੇ ਹਨ। ਆਪ ਖੁਦ ਬਹੁਤ ਘਟ ਸੌਂਦੇ ਸਨ ਅਤੇ ਦਸਦੇ ਸਨ ਕਿ ਕਿਸੇ ਵੇਲੇ ਨੀਂਦਰ ਨੂੰ ਜਿੱਤਣ ਵਾਸਤੇ ਉਹ ਗਰਮੀਆਂ ਵਿਚ ਮਕਾਨ ਦੀ ਉਤਲੀ ਛੱਤ ਦੀ ਤਪੀ ਹੋਈ ਰੋਸ ਉਤੇ ਰਾਤ ਗੁਜ਼ਾਰਦੇ ਸਨ। ਆਪ ਇਹ ਵੀ ਦਸਦੇ ਸਨ ਕਿ ਸੰਤ ਅਤਰ ਸਿੰਘ ਜੀ ਮਹਾਰਾਜ ਵੀ ਬਹੁਤ ਘੱਟ ਸੌਂਦੇ ਸਨ ਅਤੇ ਨੀਂਦਰ ਜਿੱਤਣ ਵਾਸਤੇ ਉਹ ਵੀ ਗਰਮੀਆਂ ਵਿਚ ਗਰਮ ਤਪਦੀ ਜਗ੍ਹਾ ਉਤੇ ਰਾਤਾਂ ਗੁਜ਼ਾਰਦੇ ਹੁੰਦੇ ਸਨ।

ਮੈਨੂੰ ਅੱਜਕਲ੍ਹ ਫੇਰ ਕਾਫੀ ਨੀਂਦਰ ਆਉਂਦੀ ਹੈ ਪਰ ਮੇਰਾ ਨੀਂਦਰ ਸਬੰਧੀ ਨਿਸਚਾ ਬਿਲਕੁਲ ਬਦਲ ਚੁਕਿਆ ਹੈ। ਮੈਂ ਇਸ ਨੂੰ ਸਿਹਤ ਵਾਸਤੇ ਹੁਣ ਉਤਨਾ ਜ਼ਰੂਰ ਨਹੀਂ ਸਮਝਦਾ, ਜਿਤਨਾ ਕਿਸੇ ਵੇਲੇ ਖਿਆਲ ਕਰਦਾ ਸੀ।



# ਸਭ ਤੋਂ ਪਹਿਲਾ ਮਿੱਤਰ

(੧੯੩੫ ਵਿਚ ਲਿਖਿਆ ਗਿਆ)

ਜਦ ਕਦੀ ਮੈਨੂੰ ਇਕਲਿਆਂ ਬੈਠ ਕੇ ਆਪਣੀ ਬੀਤ ਚੁੱਕੀ ਜ਼ਿੰਦਗੀ ਤੇ ਨਜ਼ਰ ਮਾਰਨ ਦਾ ਮੌਕਾ ਮਿਲਦਾ ਹੈ ਤਾਂ ਅੱਖਾਂ ਅਗੇ ਪਿਛਲਾ ਸਮਾਂ ਸਿਨੇਮੇ ਦੀ ਫਿਲਮ ਦੀ ਤਰ੍ਹਾਂ ਫਿਰਨ ਲਗ ਜਾਂਦਾ ਹੈ। ਬੀਤ ਚੁੱਕੇ ਵਾਕਿਆਤ, ਗੁਜ਼ਰ ਚੁੱਕੀਆਂ ਗੱਲਾਂ, ਸੀਨ ਬਣ ਕੇ ਅੱਖਾਂ ਸਾਮ੍ਹਣੇ ਨੱਚਣੇ ਸ਼ੁਰੂ ਹੋ ਜਾਂਦੇ ਹਨ। ਬਚਪਨ ਆਪਣੇ ਭੋਲੇਪਨ, ਬੇਫਿਕਰੀ, ਬੇਪਰਵਾਹੀ, ਬੇਗਰਜ਼ੀ, ਆਜ਼ਾਦੀ, ਨਿਰਲੇਪਤਾ ਸਮੇਤ ਹੂ-ਬ-ਹੂ ਸਾਮ੍ਹਣੇ ਆ ਖਲੋਂਦਾ ਹੈ ਅਤੇ ਦੁਨੀਆਂ ਦੇ ਝਮੇਲਿਆਂ ਤੋਂ, ਜ਼ਿੰਦਗੀ ਦੀ ਲੜਾਈ ਤੋਂ, ਫਰਜ਼ਾਂ ਦੇ ਬੋਝ ਤੋਂ, ਜ਼ਮਾਨੇ ਦੇ ਕੋਰੇਪਨ ਤੋਂ, ਕੁਦਰਤ ਅਤੇ ਜੀਵਨ ਨੂੰ ਨਾ ਸਮਝ ਸਕਣ ਦੀ ਨਿਰਾਸਤਾ ਤੋਂ, ਸਾਥ ਛੱਡ ਗਏ ਮਿੱਤਰਾਂ ਦੇ ਵਿਛੋੜੇ ਤੋਂ ਅਤੇ ਆਉਣ ਵਾਲੀ ਭੈਭੀਤ ਮੌਤ ਦੇ ਖਿਆਲਾਂ ਤੋਂ ਤੰਗ ਆਇਆ ਤੇ ਅਕਿਆ ਹੋਇਆ ਮਨ ਫੇਰ ਬਾਲ ਅਵਸਥਾ ਵਿਚ ਜਾਣ ਨੂੰ ਲੋਚਣ ਲਗ ਜਾਂਦਾ ਹੈ। ਇਸ ਅਵਸਥਾ ਵਿਚ ਬੈਠਿਆਂ ਮੈਨੂੰ ਅਕਸਰ ਆਪਣੇ ਬਚਪਨ ਦਾ ਜੋ ਸਭ ਤੋਂ ਪਹਿਲਾ ਅਤੇ (ਉਸ ਸਮੇਂ ਦਾ) ਸਭ ਤੋਂ ਪਿਆਰਾ ਮਿਤਰ ਚੇਤੇ ਆਉਂਦਾ ਹੈ, ਉਹ ਇਕ ਕਬੂਤਰ ਹੈ। ਇਸ ਕਬੂਤਰ ਦੀ ਯਾਦ ਮੈਨੂੰ ਆਪਣੀ ਹਵੇਲੀ ਦੇ ਉਸ ਸਿਖਰਲੇ ਕੋਠੇ ਤੇ ਲੈ ਜਾਂਦੀ ਹੈ ਜਿਥੇ ਮੈਂ ਦਿਨ ਦਾ ਬਹੁਤ ਸਾਰਾ ਹਿੱਸਾ ਗੁੱਡੀਆਂ ਡੋਰਾਂ ਉਡਾਉਣ ਵਿਚ ਗੁਜ਼ਾਰਦਾ ਹੁੰਦਾ ਸੀ। ਕਈ ਵਾਰੀ ਮੇਰੀ ਮਾਤਾ ਜੀ ਨੂੰ ਮੇਰੀ ਰੋਟੀ ਵੀ ਏਸੇ ਕੋਠੇ ਤੇ ਹੀ ਭੇਜਣੀ ਪੈਂਦੀ ਸੀ ਕਿਉਂਕਿ ਗੁੱਡੀਆਂ ਪਤੰਗਾਂ ਦੇ ਦਿਨਾਂ ਵਿਚ ਮੈਨੂੰ ਕੋਠੇ ਤੋਂ ਹੇਠਾਂ ਲਿਆ ਕੇ ਰੋਟੀ ਖਵਾਣੀ ਕੋਈ ਆਸਾਨ ਗੱਲ ਨਹੀਂ ਸੀ ਹੁੰਦੀ। ਏਸੇ ਕੋਠੇ ਉਤੇ ਇਕ ਦਿਨ ਸੰਧਿਆ ਵੇਲੇ ਇਕ ਚਿੱਟਾ ਕਬੂਤਰ ਜਿਸ ਦੇ ਪਰਾਂ ਵਿਚੋਂ ਲਹੂ ਨਿਕਲ ਰਿਹਾ ਸੀ, ਆਣ ਬੈਠਾ। ਆਸਮਾਨ ਵਿਚ ਸ਼ਾਇਦ ਬੈਹਰੀ ਨੇ ਇਸ ਨੂੰ ਜ਼ਖਮੀ

ਕੀਤਾ ਸੀ। ਇਸ ਦੀ ਜ਼ੋਰ ਨਾਲ ਧੜਕਦੀ ਛਾਤੀ ਅਤੇ ਕਾਹਲੇ-ਕਾਹਲੇ ਸਾਹਾਂ ਤੋਂ ਇੰਜ ਜਾਪਦਾ ਸੀ ਕਿ ਇਹ ਬਹੁਤ ਦੇਰ ਉਡਣ ਦੇ ਬਾਅਦ ਬੰਨੇ ਤੇ ਆ ਕੇ ਬੈਠਾ ਹੈ। ਮੈਂ ਝਟ ਕੋਠੀ ਦੀ ਇਕ ਨੁਕਰ ਵਿਚ ਸ਼ੈਹ ਲਾ ਕੇ ਲੁਕ ਗਿਆ ਅਤੇ ਚੰਗੀ ਤਰ੍ਹਾਂ ਹਨ੍ਹੇਰਾ ਹੋ ਜਾਣ ਉਤੇ ਉਸ ਨੂੰ ਮਲਕੜੇ ਪਿਛੋਂ ਦੀ ਆਣ ਫੜਿਆ। ਉਹ ਕੈਸਾ ਅਜੀਬ ਸਮਾਂ ਸੀ ਜਦ ਕਿ ਸਿਰਫ ਇਕ ਜ਼ਖਮੀ ਕਬੂਤਰ ਨੂੰ ਫੜ ਕੇ ਮੇਰੇ ਦਿਲ ਵਿਚ ਖ਼ੁਸ਼ੀ, ਅਨੰਦ ਅਤੇ ਉਤਸ਼ਾਹ ਦੀਆਂ ਉਹ ਠਾਠਾਂ ਵਜੀਆਂ ਕਿ ਹੁਣ ਜਿਨ੍ਹਾਂ ਦਾ ਕਦੀ ਪਰਛਾਵਾਂ ਵੀ ਨੇੜੇ ਨਹੀਂ ਛੋਂਹਦਾ। ਉਮਰ ਦੇ ਵਾਧੇ ਨੇ, ਅਕਲ ਦੀ ਤਰੱਕੀ ਨੇ, ਜ਼ਿੰਦਗੀ ਦੇ ਤਜਰਬੇ ਨੇ, ਦੂਰ-ਅੰਦੇਸ਼ੀ ਨੇ, ਮੈਥੋਂ ਮੇਰੀ ਬਾਲ ਅਵਸਥਾ ਦੀ ਨਾਵਾਕਫੀ ਦੇ ਅਨੰਦ ਅਤੇ ਭੋਲੇਪਨ ਦੀ ਬੇਹੱਦ ਖ਼ੁਸ਼ੀ ਨੂੰ ਕਿਉਂ ਖੋਹ ਲਿਆ ਹੈ? ਮੈਨੂੰ ਤਾਂ ਇਸ ਸੌਦੇ ਵਿਚ ਕੋਈ ਲਾਭ ਨਹੀਂ ਦਿਸਦਾ? ਕਬੂਤਰ ਦਾ ਫੜਨਾ, ਉਸ ਦੇ ਜ਼ਖਮ ਨੂੰ ਧੋ ਕੇ ਪੱਟੀ ਬੰਨ੍ਹਣੀ, ਰਾਤ ਵੇਲੇ ਲਾਹੌਰ ਜਿਹੇ ਸ਼ਹਿਰ ਵਿਚੋਂ ਕਣਕ ਦਾ ਲੱਭ ਕੇ ਲਿਆਉਣਾ, ਲੈਂਪ ਦੀ ਰੋਸ਼ਨੀ ਵਿਚ ਕਬੂਤਰ ਨੂੰ ਦਾਣਾ ਖਵਾਣਾ, ਰਾਤ ਭਰ ਨੀਂਦ ਦਾ ਨਾ ਆਉਣਾ ਕਿ ਮਤੇ ਬਿੱਲੀ ਆ ਕੇ ਕਬੂਤਰ ਨੂੰ ਨਾ ਖਾ ਜਾਵੇ। ਇਹ ਸਾਰੀਆਂ ਗੱਲਾਂ ਜਦ ਮੇਰੀਆਂ ਅੱਖਾਂ ਅੱਗੇ ਫਿਰਦੀਆਂ ਹਨ ਤਾਂ ਮੈਂ ਸੱਚੀ ਮੁਚੀ ਫੇਰ ਉਸੇ ਬਚਪਨ ਦੇ ਜ਼ਮਾਨੇ ਵਿਚੋਂ ਲੰਘਦਾ ਜਾਪਦਾ ਹਾਂ।

ਥੋੜ੍ਹੇ ਦਿਨਾਂ ਅੰਦਰ ਹੀ ਇਸ ਕਬੂਤਰ ਦਾ ਨਾਮ 'ਮੋਤੀ' ਰੱਖਿਆ ਗਿਆ, ਇਸ ਵਾਸਤੇ ਇਕ ਕਬੂਤਰੀ ਲਿਆਂਦੀ ਗਈ, ਇਸ ਦੇ ਪੈਰਾਂ ਵਿਚ ਝਾਂਜਰਾਂ ਪਾਈਆਂ ਗਈਆਂ, ਧੁਰ ਕੋਠੇ ਉਤੇ ਏਹਨਾਂ ਦੇ ਰਹਿਣ ਵਾਸਤੇ ਤਾਕੀਆਂ ਬਣਵਾਈਆਂ ਗਈਆਂ।

ਮੋਤੀ ਮੇਰੇ ਨਾਲ ਇਤਨਾ ਹਿਲਿਆ ਕਿ ਜਦ ਮੈਂ ਕੋਠੇ ਤੇ ਚੜ੍ਹਦਾ, ਇਹ ਉਡ ਕੇ ਮੇਰੇ ਮੋਢੇ ਤੇ ਆਣ ਬੈਠਦਾ। ਮੇਰੇ ਹੱਥ ਉਤੇ ਬੈਠ ਕੇ ਦਾਣਾ ਚੁਗਦਾ। ਅਗਰ ਮੈਂ ਇਸ ਨੂੰ ਪਕੜਦਾ ਤਾਂ ਉਡਦਾ ਨਹੀਂ ਬਲਕਿ ਬੈਠਾ ਰਹਿੰਦਾ ਅਤੇ ਮੇਰੇ ਪਿਆਰ ਨੂੰ ਮਾਣਦਾ ਸੀ। ਮੋਤੀ ਦੇ ਅਤੇ ਮੇਰੇ ਏਸ ਪ੍ਰੇਮ ਨੇ ਮੇਰੇ ਦਿਲ ਵਿਚ ਇਹ ਵਿਚਾਰ ਪੈਦਾ ਕਰ ਦਿਤੀ ਕਿ ਕੀ ਹੋਇਆ ਮੈਂ ਭਾਵੇਂ ਆਦਮੀ ਅਤੇ ਮੋਤੀ ਇਕ ਕਬੂਤਰ ਹੈ, ਪਰ ਸਾਡੇ ਅੰਦਰ ਕੋਈ ਐਸੇ ਸਾਂਝੇ ਅਤੇ ਉਚੇ ਅਸੂਲ ਕੰਮ ਕਰ ਰਹੇ ਹਨ ਜਿਨ੍ਹਾਂ ਦੀ ਤੈਹ ਵਿਚ ਛੁਪੀ ਹੋਈ ਅਸਲੀਅਤ ਇਕ ਹੈ। ਮੈਂ ਇਸ ਖਿਆਲ ਨੂੰ ਭਾਵੇਂ ਉਸ ਵਕਤ ਅੱਛੀ ਤਰ੍ਹਾਂ ਜ਼ਾਹਰ ਨਹੀਂ



ਕਰ ਸਕਦਾ ਸੀ ਲਕਿਨ ਮੈਂ ਜਦ ਮੋਤੀ ਨੂੰ ਚੁੰਮਦਾ ਯਾ ਛਾਤੀ ਨਾਲ ਲਾਂਦਾ ਹੁੰਦਾ ਸੀ, ਤਾਂ ਮਹਿਸੂਸ ਕਰਦਾ ਸੀ ਕਿ ਉਸ ਦੇ ਅਤੇ ਮੇਰੇ ਅੰਦਰ ਰਹਿਣ ਵਾਲੀ ਹਸਤੀ ਇਕੋ ਹੀ ਹੈ। ਸ਼ਾਇਦ ਮੈਂ ਮੋਤੀ ਨੂੰ ਅੱਜ ਤਕ ਯਾਦ ਨਾ ਰੱਖ ਸਕਦਾ, ਅਗਰ ਉਸ ਵਿਚ ਕਈ ਇਕ ਖਾਸ ਅਤੇ ਉਘੇ ਗੁਣ ਨਾ ਹੁੰਦੇ, ਜਿਨ੍ਹਾਂ ਦਾ ਅਸਰ ਮੇਰੀ ਆਤਮਾ ਤੇ ਬੜਾ ਗਹਿਰਾ ਹੋ ਚੁੱਕਿਆ ਹੈ। ਮੈਂ ਹੁਣ ਵੀ ਜਦ ਸੋਚਦਾ ਹਾਂ ਤਾਂ ਇਸ ਨਤੀਜੇ ਤੇ ਪਹੁੰਚਦਾ ਹਾਂ ਕਿ ਇਨਸਾਨ ਦੀ ਜ਼ਿੰਦਗੀ ਅਤੇ ਹੈਵਾਨਾਂ ਤੇ ਪਰਿੰਦਿਆਂ ਦੀਆਂ ਜ਼ਿੰਦਗੀਆਂ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਤੇ ਫਸੌਣੀਆਂ ਇਕੋ ਹੀ ਕਿਸਮ ਦੀਆਂ ਹੁੰਦੀਆਂ ਹਨ ਅਤੇ ਹੈਵਾਨ ਤੇ ਪਰਿੰਦੇ ਉਹਨਾਂ ਮੁਸ਼ਕਲਾਂ ਨੂੰ ਇਨਸਾਨ ਨਾਲੋਂ ਕੋਈ ਖਾਸ ਘਟੀਆ ਤਰੀਕੇ ਵਿਚ ਹੱਲ ਨਹੀਂ ਕਰਦੇ। ਕਈ ਹਾਲਤਾਂ ਵਿਚ ਇਨਸਾਨ ਨੂੰ ਹੈਵਾਨਾਂ ਅਤੇ ਪਰਿੰਦਿਆਂ ਦੇ ਜੀਵਨਾਂ ਤੋਂ ਡਾਹਢੇ ਲਾਭਦਾਇਕ ਸਬਕ ਮਿਲ ਸਕਦੇ ਹਨ। ਮਸਲਨ ਮੇਰਾ 'ਮੋਤੀ' ਕਬੂਤਰ ਆਪਣੀਆਂ ਮੁਸ਼ਕਲਾਂ ਨੂੰ ਅਜੀਬ ਆਸਾਨ ਤਰੀਕਿਆਂ ਵਿਚ ਹੱਲ ਕਰਦਾ ਸੀ। ਮੈਂ ਇਸ ਦੇ ਕਈ ਜਜ਼ਬਿਆਂ ਦੀ ਅਜੇ ਤਕ ਇਜ਼ਤ ਤੇ ਸ਼ਲਾਘਾ ਕਰਨੋਂ ਨਹੀਂ ਰਹਿ ਸਕਦਾ।

ਜਦ ਇਸ ਦੀ ਕਬੂਤਰੀ ਨੂੰ ਬਾਜ਼ਾਰੋਂ ਲਿਆ ਕੇ ਇਸ ਦੇ ਪਾਸ ਰੱਖਿਆ ਗਿਆ, ਤਾਂ ਜਿਸ ਤਰ੍ਹਾਂ ਇਸ ਨੇ ਆਪਣੇ ਜੀਵਨ ਦੀ ਸਾਥਣ ਦਾ ਗਰਦਨ ਫੁਲਾ ਫੁਲਾ ਕੇ, ਗੁਟਕੂੰ ਗੁਟਕੂੰ ਕਰ ਕੇ, ਅੱਗੇ ਪਿਛੇ ਫਿਰ ਫਿਰ ਕੇ, ਸਵਾਗਤ ਕੀਤਾ ਕਿ ਮੈਂ ਇਸ ਦੇ ਮੂੰਹ ਤੇ ਪਰਤੱਖ ਚਾਅ ਚੜ੍ਹਿਆ ਹੋਇਆ ਦੇਖਦਾ ਸੀ। ਆਪਣੀ ਕਬੂਤਰੀ ਦੇ ਸਾਮ੍ਹਣੇ ਇਹ ਅੱਖਾਂ ਵਿਛਾਂਦਾ ਦਿਸਦਾ ਸੀ। ਇਸ ਦੇ ਲਾਲ ਲਾਲ ਪੈਰਾਂ ਵਿਚ ਪਿੱਤਲ ਦੀਆਂ ਝਾਂਜਰਾਂ ਦੀ ਝਨਕਾਰ ਤੇ ਇਸ ਦਾ ਖੁਸ਼ੀ ਤੇ ਮਸਤੀ ਵਿਚ ਆ ਕੇ ਪ੍ਰਿਯ ਦੇ ਸਾਮ੍ਹਣੇ ਪ੍ਰੇਮ ਵਿਚ ਬੇਖੁਦ ਹੋ ਕੇ, ਬੇਹਬਲ ਹੋ ਕੇ ਨਾਚ ਕਰਨਾ, ਇਨਸਾਨੀ ਆਸ਼ਕਾਂ ਕੋਲੋਂ ਕਿਸੇ ਹਾਲਤ ਵਿਚ ਘੱਟ ਨਹੀਂ ਸੀ। ਮੈਨੂੰ ਯਕੀਨ ਹੈ ਕਿ 'ਮੋਤੀ' ਆਪਣੀ ਪਿਆਰੀ ਕਬੂਤਰੀ ਨੂੰ ਹਰਗਿਜ਼ ਆਪਣੇ ਪੈਰਾਂ ਦੀ ਜੁੱਤੀ ਯਾ ਆਪਣੀ ਦਾਸੀ, ਯਾ ਆਪਣੀ ਉਪਾਸ਼ਕ ਯਾ ਆਪਣੇ ਕਾਮ ਦੇ ਪੂਰਾ ਕਰਨ ਦਾ ਵਸੀਲਾ ਨਹੀਂ ਸੀ ਸਮਝਦਾ। ਉਸ ਦੀ ਕਬੂਤਰੀ ਉਸ ਦੀ ਖੁਸ਼ੀ ਦਾ ਸੋਮਾ ਸੀ ਤੇ ਜ਼ਿੰਦਗੀ ਦਾ ਆਧਾਰ ਸੀ। ਮੋਤੀ ਸਿਰਫ ਪਰੇਮੀ ਹੀ ਨਹੀਂ ਸੀ ਬਲਕਿ ਸੂਰਬੀਰ ਵੀ ਸੀ। ਇਕ ਦਿਨ ਇਹ ਹੇਠਲੇ ਕੋਠੇ ਤੇ ਪਾਣੀ

ਪੀ ਰਿਹਾ ਸੀ ਤੇ ਇਸ ਦੀ ਕਬੂਤਰੀ ਸਿਖਰ ਕੋਠੇ ਤੇ ਆਪਣੇ ਪਰਾਂ ਨੂੰ ਚੁੰਜਾਂ ਨਾਲ ਸਵਾਰ ਰਹੀ ਸੀ ਕਿ ਸਾਡੇ ਮਹੱਲੇ ਦਾ ਇਕ ਹੋਰ ਕਬੂਤਰ ਮੋਤੀ ਦੀ ਕਬੂਤਰੀ ਨੂੰ ਇਕੱਲਿਆਂ ਵੇਖ ਕੇ ਉਹਦੇ ਉਦਾਲੇ ਆ ਗੁਟਕਣ ਲੱਗਾ। ਕਬੂਤਰੀ ਹੈਰਾਨ ਸੀ ਕਿ ਇਕੱਲੀ ਕੀ ਕਰੇ? ਇਕ ਬੰਨੇ ਤੋਂ ਉਡ ਕੇ ਵਿਚਾਰੀ ਦੂਜੇ ਤੇ ਬਹਿੰਦੀ, ਦੂਜੇ ਤੋਂ ਉਡ ਤੀਜੇ ਤੇ ਜਾਂਦੀ, ਲਾਚਾਰ ਉਹ ਉਡ ਕੇ ਹੇਠਲੇ ਕੋਠੇ ਤੇ, ਜਿਥੇ ਮੋਤੀ ਪਾਣੀ ਪੀ ਕੇ ਆਪਣੇ ਪਰ ਖੋਲ੍ਹੀ ਮਿੱਟੀ ਵਿਚ ਲੇਟਿਆ ਹੋਇਆ ਧੁੱਪ ਸੇਕ ਰਿਹਾ ਸੀ, ਪਾਸ ਆ ਕੇ ਬੈਠ ਗਈ, ਪਰ ਉਹ ਬਦਮਾਸ਼ ਕਬੂਤਰ ਐਵੇਂ ਕਿਥੇ ਟਲਦਾ ਸੀ। ਮਗਰ ਹੀ ਹੇਠਲੇ ਕੋਠੇ ਤੇ ਪਹੁੰਚਿਆ। ਫੇਰ ਕੀ ਸੀ, ਮੋਤੀ ਤੇ ਉਹ ਮੁਹੱਲੇ ਦਾ ਕਬੂਤਰ ਸਕਿੰਟਾਂ ਵਿਚ ਹੀ ਗੁਥਮਗੁਥਾ ਹੋਏ ਦੂਰੋਂ ਬਿਲਕੁਲ ਇਕ ਹੀ ਜਾਪਦੇ ਸਨ। ਤਿੰਨਾਂ ਚੌਹਾਂ ਮਿੰਟਾਂ ਵਿਚ ਹੀ ਮੋਤੀ ਨੇ ਪਰ ਤੇ ਚੁੰਜਾਂ ਮਾਰ ਮਾਰ ਕੇ ਆਪਣੇ ਵੈਰੀ ਨੂੰ ਹਰਾ ਦਿਤਾ। ਜਦ ਉਹ ਕਬੂਤਰ ਭਾਂਜ ਖਾ ਕੇ ਨਸਿਆ ਤਾਂ ਮੋਤੀ ਨੇ ਬਰਾਬਰ ਉਸ ਦੇ ਘਰ ਤਕ ਉਸ ਦਾ ਪਿੱਛਾ ਕੀਤਾ ਅਤੇ ਉਸ ਦੇ ਘਰ ਜਾ ਕੇ ਵੀ ਪੰਜ ਸੱਤ ਹਲੂਣੇ ਦੇ ਕੇ ਵਾਪਸ ਪਰਤਿਆ। ਕੀ ਮਜਾਲ ਸੀ ਮਹੱਲੇ ਦੇ ਕਿਸੇ ਰਾਖਵੇਂ ਯਾ ਜੰਗਲੀ ਕਬੂਤਰ ਦੀ ਕਿ ਮੋਤੀ ਦੀ ਕਬੂਤਰੀ ਵਲ ਅੱਖ ਚੁੱਕ ਕੇ ਤੱਕੇ। ਮੋਤੀ ਦਾ ਸਿੱਕਾ ਸਾਰੇ ਕਬੂਤਰ ਮੰਨਦੇ ਸਨ।

ਇਕ ਦਿਨ ਮੈਂ ਬੜਾ ਹੈਰਾਨ ਹੋਇਆ, ਜਦ ਮੋਤੀ ਆਪਣੀ ਚੁੰਜ ਵਿਚ ਤੀਲੇ ਬਾਹਰੋਂ ਲਿਆਉਂਦਾ ਤੇ ਆਪਣੀ ਤਾਕੀ ਵਿਚ ਰੱਖ ਕੇ ਫਿਰ ਉਡ ਜਾਂਦਾ ਵੇਖਿਆ। ਪਰ ਪੰਜ ਛਿਆਂ ਦਿਨਾਂ ਬਾਅਦ ਮੈਂ ਇਸ ਨੂੰ ਤੇ ਇਸ ਦੀ ਕਬੂਤਰੀ ਨੂੰ ਆਪਣੇ ਆਹਲਣੇ ਵਿਚ ਹੀ ਵੜੇ ਰਹਿੰਦੇ ਵੇਖ ਕੇ ਸਮਝਿਆ ਕਿ ਕਿਤੇ ਬੀਮਾਰ ਨਾ ਹੋ ਗਏ ਹੋਣ। ਜਦ ਤੀਲਿਆਂ ਦੇ ਢੇਰ ਤੋਂ ਮੋਤੀ ਹੋਰਾਂ ਨੂੰ ਚੁੱਕਿਆ ਤਾਂ ਕੀ ਵੇਖਿਆ ਕਿ ਦੋ ਛੋਟੇ-ਛੋਟੇ ਦੁੱਧ ਵਰਗੇ ਆਂਡੇ ਪਏ ਹਨ। ਮੈਂ ਕੋਠੇ ਉਤੇ ਖੁਸ਼ੀ ਵਿਚ ਕੁਦਦਾ ਤੇ ਗੇੜੇ ਲਾਉਂਦਾ ਸੀ ਅਤੇ ਮੋਤੀ ਤੇ ਉਸ ਦੀ ਕਬੂਤਰੀ ਵਲ ਇਜ ਤਕਦਾ ਸੀ, ਜਿਵੇਂ ਮੈਂ ਉਹਨਾਂ ਦੀ ਬੜੀ ਭਾਰੀ ਚੋਰੀ ਫੜ ਲਈ ਹੁੰਦੀ ਹੈ। ਮੇਰੇ ਲਈ ਇਹ ਇਕ ਹੈਰਾਨੀ ਭਰਿਆ ਅਚੰਭਾ ਸੀ, ਜਿਸ ਦੀ ਤਹਿ ਵਿਚ ਮੈਨੂੰ ਕੋਈ ਮਹਾਂਸ਼ਕਤੀਵਾਨ ਅਤੇ ਸਮਝ ਵਾਲੀ ਹਸਤੀ ਮਹਿਸੂਸ ਹੁੰਦੀ ਸੀ। ਮੈਨੂੰ ਇਹ ਵੀ ਯਾਦ ਹੈ ਕਿ ਉਦੋਂ ਮੇਰੀ ਆਤਮਾ ਵਿਚੋਂ ਇਕ ਅਜੀਬ ਸ਼ੁਕਰੀਏ ਦੀ ਤਰੰਗ ਉਠੀ ਅਤੇ ਕਿਸੇ



ਅਣਡਿੱਠ ਸ਼ਹਿਰ ਵਿਚ ਰਹਿਣ ਵਾਲੀ ਅਣਡਿੱਠ ਹਸਤੀ ਵਲ ਉਹ ਤਰੰਗ ਟੁਰ ਗਈ, ਜਿਸ ਦਾ ਮਤਲਬ ਕੁਝ ਇੰਜ ਸੀ – ਮੈਂ ਤੇਰੇ ਤੇ ਬੜਾ ਖੁਸ਼ ਹਾਂ ਕਿ ਤੂੰ ਮੇਰੇ ਮੋਤੀ ਨੂੰ ਦੋ ਅੰਡੇ ਭੇਜੇ ਹਨ, ਜਿਨ੍ਹਾਂ ਕਰ ਕੇ ਮੇਰੀ ਖੇਡ ਬਣੀ ਰਹੂ, ਸਗੋਂ ਦਿਨ ਦਿਨ ਵਧਦੀ ਫੁਲਦੀ ਜਾਵੇਗੀ।

ਅੰਡੇ ਸਹਿਣ ਵਿਚ ਮੋਤੀ ਦਾ ਆਪਣੀ ਕਬੂਤਰੀ ਦੀ ਮਦਦ ਕਰਨਾ, ਬੱਚੇ ਨਿਕਲਣ ਤੇ ਉਹਨਾਂ ਦੀ ਪ੍ਰਵਿਰਸ਼ ਵਿਚ ਕਬੂਤਰੀ ਨਾਲ ਮੋਢਾ ਡਾਹ ਕੇ ਆਪਣੇ ਫਰਜ਼ਾਂ ਨੂੰ ਨਿਭਾਉਣਾ ਮੇਰੇ ਲਈ ਸਕੂਲ ਦੀ ਤਾਲੀਮ ਤੋਂ ਕਿਤੇ ਵਧ ਅਸਰ ਰਖਦਾ ਸੀ। ਮੀਂਹ ਜਾਵੇ ਹਨ੍ਹੇਰੀ, ਹਵਾ ਭਾਵੇਂ ਝੱਖੜ ਸਰਦੀ ਹੋਵੇ ਭਾਵੇਂ ਗਰਮੀ, ਮੋਤੀ ਦੀ ਛਾਤੀ ਤਣੀ ਹੋਈ, ਗਰਦਨ ਸਿੱਧੀ ਅਤੇ ਸਿਰ ਉਚਾ ਹੀ ਰਹਿੰਦਾ ਸੀ। ਉਹ ਆਪਣੇ ਬਾਲ ਬੱਚਿਆਂ ਵਿਚ ਹਮੇਸ਼ਾ ਖੁਸ਼ੀ ਤੇ ਚੜ੍ਹਦੀਆਂ ਕਲਾਂ ਵਿਚ ਨਜ਼ਰ ਔਂਦਾ ਸੀ। ਜ਼ਮੀਨ ਤੇ ਗੁਟਰ ਘੂੰ ਗੁਟਰ ਘੂੰ ਕਰ ਕੇ ਆਪਣੀ ਕਬੂਤਰੀ ਦੇ ਰੀਝਾਣ ਲਈ ਪੈਲਾਂ ਵੀ ਪਾਂਦਾ ਸੀ ਪਰ ਉਸ ਦੇ ਤੇ ਬੱਚਿਆਂ ਦੇ ਮੋਹ ਤੋਂ ਨਿਰਲੇਪ ਵੀ ਰਹਿੰਦਾ ਸੀ। ਉਸ ਦੀ ਵਸੋਂ ਭਾਵੇਂ ਜ਼ਿਆਦਾ ਜ਼ਮੀਨ ਤੇ ਸੀ ਪਰ ਉਸ ਦੀ ਨਿਗਾਹ ਹਮੇਸ਼ਾਂ ਆਸਮਾਨ ਤੇ ਰਹਿੰਦੀ ਸੀ। ਕਈ ਵਾਰੀ ਐਸੀ ਉਚੀ ਉਡਾਰੀ ਲਾਂਦਾ ਸੀ ਕਿ ਨੀਲੇ ਆਸਮਾਨ ਤੇ ਬੜੀ ਨੀਝ ਲਾ ਕੇ ਵੇਖਣ ਉਤੇ ਹੀ ਇਕ ਰਾਈ ਦੇ ਦਾਣੇ ਤੋਂ ਵੱਧ ਨਹੀਂ ਸੀ ਦਿਸਦਾ।

ਜਿਸ ਸ਼ਾਨ ਨਾਲ ਮੋਤੀ ਨੇ ਆਪਣੀ ਮੌਤ ਦਾ ਸਵਾਗਤ ਕੀਤਾ, ਉਸ ਨੂੰ ਯਾਦ ਕਰ ਕੇ ਮੈਨੂੰ ਅਜੇ ਤਕ ਰਸ਼ਕ ਆਉਂਦਾ ਹੈ। ਇਸ ਦੇ ਬਾਲ ਬੱਚੇ ਬਹੁਤ ਸਾਰੇ ਹੋ ਗਏ ਸਨ ਅਤੇ ਇਹ ਉਹਨਾਂ ਵਿਚ ਬੜਾ ਨਿਹਾਲ ਰਹਿੰਦਾ ਸੀ। ਇਕ ਦਿਨ ਆਪਣੇ ਸਭ ਤੋਂ ਛੋਟੇ ਨਵੇਂ ਨਿਕਲੇ ਬੱਚੇ ਦੀ ਚੁੰਜ ਵਿਚ ਚੁੰਜ ਪਾ ਕੇ ਇਹ ਆਪਣੇ ਮੂੰਹੋਂ ਦਾਣੇ ਕੱਢ ਕੱਢ ਕੇ ਉਸ ਦੇ ਮੂੰਹ ਵਿਚ ਪਾ ਰਿਹਾ ਸੀ ਕਿ ਬਿੱਲੀ ਨੇ ਪਰਿਉਂ ਦੀ ਆ ਕੇ ਇਹਨਾਂ ਦੋਵਾਂ ਨੂੰ ਝਪਟਾ ਮਾਰਿਆ। ਉਹ ਚਿੜੀ-ਬਾਜ਼ ਦੀ ਲੜਾਈ ਦਾ ਐਨ ਨਜ਼ਾਰਾ ਸੀ। ਬਿੱਲੀ ਦੀ ਇਹ ਮਰਜ਼ੀ ਸੀ ਕਿ ਇਹਨਾਂ ਕਬੂਤਰਾਂ ਨੂੰ ਆਪਣੇ ਮੂੰਹ ਵਿਚ ਫੜ ਕੇ ਲੈ ਜਾਵੇ। ਬਿੱਲੀ ਦੇ ਮੂੰਹ ਵਿਚ ਵੀ ਮੋਤੀ ਦਾ ਅਣਖ ਨਾ ਦਬੀ, ਫਰਜ਼ ਨਾ ਭੁੱਲਿਆ, ਐਸੇ ਜ਼ੋਰ ਨਾਲ ਫੜਫੜਾਇਆ ਕਿ ਲਾਚਾਰ ਬਿੱਲੀ ਨੂੰ ਮੋਤੀ ਦਾ ਬੱਚਾ ਛੱਡਣਾ ਪਿਆ। ਮੋਤੀ ਨੂੰ ਲੈ ਕੇ ਬਿੱਲੀ ਨਸ ਗਈ, ਪਰ ਮੇਰੇ ਅਤੇ ਹਮਸਾਏ ਮੁੰਡਿਆਂ ਦੇ ਲਲਕਾਰਿਆਂ ਤੋਂ ਡਰ ਕੇ

ਇਸ ਨੇ ਮੋਤੀ ਨੂੰ ਦੂਸਰੇ ਕੋਠੇ ਤੇ ਜਾ ਸੁੱਟਿਆ ਤੇ ਆਪ ਨਸ ਗਈ। ਪਰ ਅਫਸੋਸ! ਮੋਤੀ ਦੇ ਜਿਸਮ ਵਿਚ ਬਿੱਲੀ ਦੇ ਦੰਦ ਦੂਰ ਤਕ ਖੁਭ ਚੁੱਕ ਸਨ ਅਤੇ ਮੂੰਹ ਤੋਂ ਲਹੂ ਨਿਕਲ ਰਿਹਾ ਸੀ। ਮੈਂ ਉਸ ਨੂੰ ਲਿਆ ਕੇ, ਉਸ ਦੇ ਬੱਚਿਆਂ ਤੇ ਉਸ ਦੀ ਕਬੂਤਰੀ ਦੇ ਸਾਮ੍ਹਣੇ ਲਿਟਾ ਦਿਤਾ। ਮੋਤੀ ਦੀਆਂ ਅਧਮੀਟੀਆਂ ਅੱਖਾਂ ਆਪਣੇ ਪਰਿਵਾਰ ਨੂੰ ਵੇਖ ਰਹੀਆਂ ਸਨ ਅਤੇ ਰੁਖਸਤ ਮੰਗ ਰਹੀਆਂ ਸਨ, ਪਰ ਨਿਰਾਸਤਾ ਦਾ ਉਹਦੇ ਚਿਹਰੇ ਤੇ ਨਿਸ਼ਾਨ ਤਕ ਨਹੀਂ ਸੀ। ਉਹ ਮੌਤ ਤੋਂ ਇਨਸਾਨ ਦੀ ਤਰ੍ਹਾਂ ਡਰਦਾ ਨਹੀਂ ਸੀ। ਜਿਸ ਤਰ੍ਹਾਂ ਪਰਿਵਾਰ ਨੂੰ ਛੱਡ ਕੇ ਰੋਜ਼ ਆਸਮਾਨ ਵਿਚ ਜਾ ਕੇ ਗੇੜੇ ਲਾਉਂਦਾ ਸੀ, ਉਸੇ ਤਰ੍ਹਾਂ ਉਸ ਦੀ ਆਤਮਾ ਨਿਰਲੇਪ ਅਤੇ ਅਡੋਲ ਕਿਸੇ ਆਸਮਾਨ ਵਲ ਮਲਕੜੇ ਦੀ ਉਡ ਗਈ। ਮੈਂ ਬੜੀ ਵਾਰੀ ਆਪਣੇ ਮਨ ਨੂੰ ਸਮਝਾਇਆ ਹੈ ਕਿ ਉਹ ਇਕ ਕਬੂਤਰ ਸੀ, ਪੰਛੀ ਸੀ, ਉਸ ਨੂੰ ਭੁੱਲ ਜਾਣਾ ਚਾਹੀਦਾ ਹੈ। ਉਹ ਬੇਸੋਚ ਸੀ, ਬੇਅਕਲ ਸੀ, ਅਗਿਆਨ ਸੀ, ਉਸ ਦਾ ਤੇ ਮੇਰਾਂ ਕੀ ਸਬੰਧ ਸੀ? ਪਰ ਮੇਰੀ ਇਹ ਕੋਸ਼ਿਸ਼ ਅਜੇ ਤਕ ਉਸ ਬਾਲ ਅਵਸਥਾ ਦੇ ਮਿਤਰ ਨੂੰ ਭੁੱਲ ਜਾਣ ਵਿਚ ਉਕਾ ਹੀ ਨਾਕਾਮ ਰਹੀ ਹੈ। ਜਦ ਤਕ ਮੈਂ ਵੇਹਲਾ ਬਹਿ ਕੇ ਆਪਣੀ ਪਿਛਲੀ ਜ਼ਿੰਦਗੀ ਉਤੇ ਨਜ਼ਰ ਮਾਰਦਾ ਰਹਾਂਗਾ, ਮੋਤੀ ਦੇ ਪਿਆਰ ਦੀ ਯਾਦ ਚੇਤੇ ਆ ਕੇ ਬਿਹਬਲ ਕਰਦੀ ਰਹੇਗੀ। ਮੋਤੀ ਪਿਛੋਂ ਮੈਂ ਸਭ ਪੰਛੀਆਂ ਤੇ ਹੈਵਾਨਾਂ ਨੂੰ ਪਿਆਰ ਕਰਨ ਲਗ ਗਿਆ ਹਾਂ। ਕਿਉਂਕਿ ਇਹਨਾਂ ਸਾਰਿਆਂ ਵਿਚ ਮੈਨੂੰ ਉਹੀ ਝਲਕ ਦਿਸਦੀ ਹੈ, ਜੋ ਕਿ ਮੋਤੀ ਦੀਆਂ ਕਾਲੀਆਂ ਅੱਖੀਆਂ ਵਿਚ ਮੈਨੂੰ ਕਦੀ ਦਿਸਦੀ ਹੁੰਦੀ ਸੀ।



# ਰਾਜਾ ਸੁਰਗ ਨੂੰ ਗਿਆਨ ਪ੍ਰਾਪਤੀ

(ਵਸ਼ਿਸ਼ਟ ਯੋਗ ਵਿਚੋਂ ਉਲਥਾ)

ਕਰਾਂਤ ਦੇਸ਼ ਦਾ ਰਾਜਾ ਸੁਰਗ ਬੜਾ ਧਨਵਾਨ, ਬੁੱਧੀਮਾਨ ਅਤੇ ਗਿਆਨੀ ਸੀ। ਇਕ ਵਾਰੀ ਆਪਣੇ ਮਹਲ ਵਿਚ ਬੈਠਾ ਵਿਚਾਰਨ ਲੱਗਾ ਕਿ ਉਹੋ! ਮੈਂ ਜੀਵਾਂ ਨੂੰ ਬੜਾ ਦੁਖ ਦੇਂਦਾ ਹਾਂ, ਪਰ ਅਪਰਾਧੀਆਂ ਨੂੰ ਸਜ਼ਾ ਦਿਤੇ ਬਿਨਾਂ ਰਾਜ ਦਾ ਕੰਮ ਨਹੀਂ ਚਲ ਸਕਦਾ। ਹੁਣ ਮੈਂ ਕੀ ਕਰਾਂ? ਦੋਹਾਂ ਬਾਤਾਂ ਵਿਚ ਕਸ਼ਟ ਹੈ।

ਰਾਜਾ ਇਸ ਵਿਚਾਰ ਵਿਚ ਮਗਨ ਸੀ ਕਿ ਉਸ ਦੇ ਘਰ ਪਾਂਡੂ ਮੁਨੀ ਆਏ। ਰਾਜਾ ਨੇ ਉਹਨਾਂ ਦੀ ਪੂਜਾ ਕਰ ਕੇ ਪੁਛਿਆ ਕਿ ਮਹਾਰਾਜ ਮੇਰਾ ਇਕ ਸੰਸਾ ਹੈ, ਉਸ ਨੂੰ ਨਵਿਰਤ ਕਰੋ, ਕਿਉਂਕਿ ਸੰਸਾ ਹੀ ਦੁਖ ਦਾ ਕਾਰਨ ਹੈ। ਹੇ ਮੁਨੀ! ਜੇਕਰ ਕੋਈ ਮਾੜਾ ਕਰਮ ਕਰਦਾ ਹੈ ਤਾਂ ਮੈਂ ਉਸ ਨੂੰ ਸਜ਼ਾ ਦੇਂਦਾ ਹਾਂ, ਪਰ ਜਦ ਉਹ ਸਜ਼ਾ ਭੁਗਤਦਾ ਤੇ ਦੁਖੀ ਹੁੰਦਾ ਹੈ ਤਾਂ ਮੈਨੂੰ ਤਰਸ ਆ ਜਾਂਦਾ ਹੈ ਅਤੇ ਉਸ ਦਾ ਦੁਖ ਦੇਖਿਆ ਨਹੀਂ ਜਾਂਦਾ। ਕ੍ਰਿਪਾ ਕਰ ਕੇ ਮੈਨੂੰ ਉਹ ਉਪਾਓ ਦੱਸੋ ਜਿਸ ਨਾਲ ਮੈਂ ਹਰ ਹਾਲਤ ਵਿਚ ਸਮ ਜਾਂ ਅਡੋਲ ਹੋ ਜਾਵਾਂ, ਦੁਖ ਸੁਖ ਵਿਚ ਇਕ ਰਸ ਵਿਚ ਟਿਕਿਆ ਰਹਾਂ।

ਪਾਂਡੂ ਮੁਨੀ ਬੋਲੇ, ਹੇ ਰਾਜਾ! ਏਹ ਤਾਂ ਬੜਾ ਆਸਾਨ ਕੰਮ ਹੈ ਅਤੇ ਆਪਣੇ ਵਸ ਦੀ ਗੱਲ ਹੈ। ਸਭ ਉਪਾਧੀ ਮਨ ਵਿਚੋਂ ਉਪਜਦੀ ਹੈ ਅਤੇ ਵਿਚਾਰ ਕਰਨ ਨਾਲ ਮਿਟ ਜਾਂਦੀ ਹੈ, ਤਦ ਅਡੋਲਤਾ ਜਾਂ ਸਹਿਜ ਦਾ ਦਰਜਾ ਪ੍ਰਾਪਤ ਹੁੰਦਾ ਹੈ। ਰਾਜਾ, ਤੂੰ ਸੋਚ ਕਿ ਮੈਂ ਕੌਣ ਹਾਂ? ਇੰਦ੍ਰੀਆਂ ਕੀ ਹਨ? ਜਨਮ ਮਰਨ ਕਿਸਨੂੰ ਕਹਿੰਦੇ ਹਨ? ਇਸ ਪ੍ਰਕਾਰ ਵਿਚਾਰ ਕਰ ਕੇ ਜਦ ਤੂੰ ਆਪਣੇ ਅਸਲ ਸਰੂਪ ਜਾਂ ਨਿਜ ਘਰ ਵਿਚ ਟਿਕ ਜਾਵੇਂਗਾ ਤਦ ਤੈਨੂੰ ਹਰਖ ਸੋਗ, ਦੁਖ ਅਤੇ ਸੁਖ ਆਦਿ ਕੁਝ ਨਹੀਂ ਹੋਵੇਗਾ। ਤਦ ਤੂੰ ਪਹਾੜ ਦੀ ਤਰ੍ਹਾਂ ਅਚਲ ਹੋਵੇਂਗਾ। ਆਤਮ ਗਿਆਨ ਹੋਣ ਨਾਲ ਮਨ ਦਾ ਭਾਵ ਮਿਟ ਜਾਵੇਗਾ ਅਤੇ

ਤੂੰ ਸੰਤਾਪ ਰਹਿਤ ਹੋ ਕੇ ਆਪਣੇ ਸਰੂਪ ਨੂੰ ਪ੍ਰਾਪਤ ਕਰੇਂਗਾ। ਮਨ ਵੀ ਰਹੇਗਾ, ਐਪਰ ਧਿਆਨ ਵਿਚੋਂ ਅਗਿਆਨ ਨਸ਼ਟ ਹੋ ਜਾਵੇਗਾ। ਜਿਸ ਤਰ੍ਹਾਂ ਕਾਲ ਤਾਂ ਉਹੀ ਰਹਿੰਦਾ ਹੈ ਪਰ ਮੌਸਮ ਬਦਲ ਜਾਂਦੇ ਹਨ, ਉਸੇ ਤਰ੍ਹਾਂ ਮਨ ਤਾਂ ਉਹੀ ਰਹੇਗਾ ਪਰ ਸੁਭਾਵ ਬਦਲ ਜਾਵੇਗਾ। ਤਦ ਤੇਰੀ ਪਰਜਾ ਭੀ ਨੇਕ ਬਣ ਜਾਵੇਗੀ ਅਤੇ ਤੇਰੇ ਹੁਕਮ ਵਿਚ ਚਲੇਗੀ ਅਤੇ ਤੈਨੂੰ ਵੇਖ ਕੇ ਸਭ ਪ੍ਰਸੰਨ ਹੋਣਗੇ। ਫੇਰ ਤੂੰ ਰਾਜ ਦ੍ਵੈਸ਼ ਵਿਚ ਗਲਤਾਨ ਨਹੀਂ ਹੋਵੇਂਗਾ। ਹੇ ਰਾਜਨ! ਜਗਤ ਦ੍ਰਿਸ਼ ਰੂਪੀ ਅਨਾਤਮ (ਆਤਮਾ ਦੇ ਉਲਟ) ਭਾਵ ਨੂੰ ਤਿਆਗ ਕੇ ਆਤਮ ਤੱਤ ਵਿਚ ਬਿਰਾਜੋ। ਸਤ ਵਸਤੂ ਨੂੰ ਹਿਰਦੇ ਵਿਚ ਰੱਖੇਂ ਅਤੇ ਅਸਤਿ ਨੂੰ ਤਿਆਗ ਦੇਵੇਂ। ਤੂੰ ਸਭ ਵਿਚ ਸਭ ਤਰ੍ਹਾਂ, ਸਭ ਕਾਲ, ਸਰਬ ਆਤਮਾ ਦੀ ਭਾਵਨਾ ਕਰ। ਜਾਂ ਜਿਤਨਾ ਦ੍ਰਿਸ਼ ਜਗਤ ਹੈ, ਸਭ ਤਿਆਗ ਕੇ ਜੋ ਬਾਕੀ ਬਚੇ, ਉਸ ਦਾ ਧਿਆਨ ਧਾਰੋ, ਫਿਰ ਤੇਰਾ ਅਸਲ ਆਪਾ ਤੈਨੂੰ ਭਾਸਣ ਲਗ ਜਾਵੇਗਾ। ਜਬ ਤਕ ਸਰਬ ਦ੍ਰਿਸ਼ (ਦਿਸਣ ਵਾਲੀਆਂ ਚੀਜ਼ਾਂ) ਦਾ ਤਿਆਗ ਨਹੀਂ ਕਰੋਗੇ, ਤਦ ਤਕ ਆਤਮ ਪਦ ਦੀ ਪ੍ਰਾਪਤੀ ਨਹੀਂ ਹੋਵੇਗੀ। ਹੇ ਰਾਜਨ! ਜਦ ਆਦਮੀ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਬਾਕੀ ਸਭ ਕੁਝ ਤਿਆਗ ਕੇ ਉਸ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਦ ਉਸ ਚੀਜ਼ ਦੀ ਪ੍ਰਾਪਤੀ ਹੁੰਦੀ ਹੈ। ਫੇਰ ਦੂਸਰੀਆਂ ਸਭ ਚੀਜ਼ਾਂ ਨੂੰ ਤਿਆਗ ਕੇ ਸਿਰਫ ਆਤਮ ਤੱਤ ਦੀ ਵਿਚਾਰ ਬਿਨਾਂ ਉਹ (ਆਤਮ ਤੱਤ) ਕਿਸ ਤਰ੍ਹਾਂ ਪ੍ਰਾਪਤ ਹੋਵੇ? ਬਸ ਹੁਣ ਆਪਣੀ ਸਾਰੀ ਕੋਸ਼ਿਸ਼ ਇਸ ਪਾਸੇ ਲਗਾ ਦੇਵੋ, ਤਦ ਆਤਮ ਤੱਤ ਦੀ ਪ੍ਰਾਪਤੀ ਹੋਵੇਗੀ। ਇਤਨਾ ਉਪਦੇਸ਼ ਦੇ ਕੇ ਪਾਂਡੂ ਮੁਨੀ ਆਪਣੇ ਅਸਥਾਨ ਤੇ ਚਲੇ ਗਏ।

ਤਦ ਰਾਜਾ ਸੁਰਗ ਇਕਾਂਤ ਵਿਚ ਬੈਠ ਕੇ ਵਿਚਾਰਨ ਲੱਗਾ ਕਿ ਮੈਂ ਕੌਣ ਹਾਂ? ਨਾ ਮੈਂ ਜਗਤ ਹਾਂ, ਨਾ ਮੇਰਾ ਜਗਤ ਹੈ, ਨਾ ਮੈਂ ਪ੍ਰਿਥਵੀ ਹਾਂ, ਨਾ ਮੇਰੀ ਪ੍ਰਿਥਵੀ ਹੈ। ਨਾ ਮੈਂ ਕ੍ਰਾਂਤ (ਰਾਜਾ ਦੇ ਦੇਸ਼ ਦਾ ਨਾਮ) ਹਾਂ, ਆਪਣੀ ਜਗ੍ਹਾ ਅਸਥਿਰ ਖੜ੍ਹੇ ਹਨ, ਮੇਰੇ ਭਾਵ ਨਾਲ ਨਹੀਂ। ਜੇ ਮੈਂ ਨਾ ਵੀ ਰਹਾਂ, ਤਦ ਵੀ ਇਹ ਜਿਉਂ ਦੇ ਤਿਉਂ ਰਹਿਣਗੇ। ਤਦ ਇਹ ਮੇਰੇ ਕਿਸ ਤਰ੍ਹਾਂ ਹੋਏ ਅਤੇ ਮੈਂ ਇਹਨਾਂ ਦਾ ਕਿਸ ਤਰ੍ਹਾਂ ਹੋਇਆ? ਨਾ ਮੈਂ ਨਗਰ ਹਾਂ, ਨਾ ਮੇਰਾ ਨਗਰ ਹੈ, ਹਾਥੀ ਘੋੜੇ, ਧਨ, ਇਸਤ੍ਰੀ ਆਦਿ ਜੋ ਵੀ ਪਦਾਰਥ ਹਨ, ਉਹ ਨਾ ਮੇਰੇ ਹਨ, ਨਾ ਮੈਂ ਉਹਨਾਂ ਦਾ ਹਾਂ। ਇਹਨਾਂ ਵਿਚ ਫਸਣਾ ਫਜ਼ੂਲ ਹੈ। ਜਿਤਨੇ ਭੋਗ



ਵਿਲਾਸ ਹਨ, ਉਹ ਨਾ ਮੈਂ ਹਾਂ; ਨਾ ਉਹ ਮੇਰੇ ਹਨ। ਨਾ ਮੈਂ ਰਾਜਾ ਹਾਂ, ਨਾ ਮੇਰਾ ਰਾਜ ਹੈ। ਇਹਨਾਂ ਵਿਚ ਮੋਹ ਕਰਨਾ ਫਜ਼ੂਲ ਤੇ ਦੁਖਦਾਈ ਹੈ। ਇਹ ਸਰੀਰ ਵੀ ਨਾ ਮੇਰਾ ਹੈ, ਨਾ ਮੈਂ ਸਰੀਰ ਹਾਂ। ਸਰੀਰ ਤਾਂ ਲਹੂ ਹੱਡੀਆਂ ਤੇ ਮਾਸ ਦਾ ਬਣਿਆ ਹੋਇਆ ਹੈ ਅਤੇ ਜੜ੍ਹ (lifeless) ਹੈ, ਪਰ ਮੈਂ ਚੇਤਨ (Living & Intelligent) ਹਾਂ। ਜੜ੍ਹ ਤੇ ਚੇਤਨ ਦਾ ਜਾਂ ਸਰੀਰ ਦਾ ਤੇ ਮੇਰਾ ਮੇਲ ਕਿਸ ਤਰ੍ਹਾਂ ਹੋਵੇ? ਜਿਸ ਤਰ੍ਹਾਂ ਜਲ ਦਾ ਕੰਵਲ ਨਾਲ ਕੋਈ ਸਬੰਧ ਨਹੀਂ ਹੁੰਦਾ, ਏਸੇ ਤਰ੍ਹਾਂ ਮੇਰਾ ਤੇ ਸਰੀਰ ਦਾ ਆਪਸ ਵਿਚ ਕੋਈ ਮੇਲ ਨਹੀਂ। ਨਾ ਮੈਂ ਕਰਮ ਇੰਦਰੀਆਂ ਹਾਂ, ਨਾ ਮੇਰੀਆਂ ਕਰਮ ਇੰਦਰੀਆਂ ਹਨ। ਇਹ ਸਭ ਜੜ੍ਹ ਹਨ, ਪਰ ਮੈਂ ਚੇਤਨ ਹਾਂ। ਮਨ, ਬੁੱਧੀ, ਚਿੱਤ, ਹੰਕਾਰ ਇਹ ਸਭ ਆਤਮਾ ਤੋਂ ਉਲਟ ਅਨਾਤਮ ਰੂਪ ਹਨ। ਮੇਰਾ ਇਹਨਾਂ ਨਾਲ ਅਗਿਆਨ ਕਰ ਕੇ ਸਬੰਧ ਹੈ। ਭਰਮ ਜਾਂ ਧੋਖੇ ਨਾਂਲ ਮੈਂ ਪਿਆ ਇਹਨਾਂ ਨੂੰ ਆਪਣਾ ਜਾਣਦਾ ਸੀ। ਇਹ ਪੰਜ ਭੂਤਕ ਹਨ। ਇਹਨਾਂ ਦੇ ਪਿਛੇ ਚੇਤਨ ਜੀਵ ਹੈ, ਜੋ ਦ੍ਰਿਸ਼ ਨੂੰ ਚੇਤਨ ਵਾਲਾ ਹੈ, ਸੋ ਭੀ ਮੈਂ ਨਹੀਂ ਹਾਂ। ਮੇਰਾ ਆਪਣਾ ਸਰੂਪ ਅਚੇਤ ਚਿੰਨ੍ਹ ਮਾਤਰ, ਇੱਛਾ-ਰਹਿਤ ਅਤੇ ਸਰਬ ਸ਼ਕਤੀਮਾਨ ਹਸਤੀ (desireless & All powerfull Being) ਹੈ। ਬੜੀ ਖੁਸ਼ੀ ਹੋਈ ਜੋ ਮੈਂ ਆਪਣਾ ਆਪ ਪਾ ਲੀਤਾ ਹੈ। ਹੁਣ ਮੈਂ ਜਾਗ ਪਿਆ ਹਾਂ। ਬੜੀ ਹੈਰਾਨੀ ਹੈ ਕਿ ਮੈਂ ਐਵੇਂ ਸਰੀਰ ਆਦਿ ਨੂੰ ਆਪਣਾ ਜਾਣ ਦੇ ਦੁਖ ਦੇ ਮੋਹ ਵਿਚ ਫਸਿਆ ਰਿਹਾ ਹਾਂ, ਮੈਂ ਤੇ ਨਿਰ-ਵਿਕਲਪ, ਚੇਤਨ ਅਤੇ ਅਨੰਦ ਆਤਮਾ, ਸਭ ਵਿਚ ਵਿਆਪ ਰਿਹਾ ਹਾਂ। ਮੈਂ ਤੇ ਬ੍ਰਹਮ ਰੂਪ ਆਤਮਾ ਹਾਂ। ਬ੍ਰਹਮਾ ਤੋਂ ਲੈ ਕੇ ਤੀਲੇ ਤਕ ਸਭ ਦਾ ਆਤਮਾ ਮੈਂ ਹੀ ਹਾਂ। ਸਭ ਪਰਕਾਸ਼ ਦੇਣ ਵਾਲਾ ਮੈਂ ਹੀ ਹਾਂ। ਮੇਰੀ ਸੱਤਾ (ਸ਼ਕਤੀ) ਨਾਲ ਹੀ ਸਰੀਰ ਰੂਪੀ ਰਥ ਚਲਦਾ ਹੈ। ਅਸਲ ਵਿਚ ਸਰੀਰ ਆਦਿ ਕੁਝ ਵੀ ਨਹੀਂ, ਕੇਵਲ ਚਿੱਤ ਵਿਚ ਜਗਤ ਫੁਰਦਾ ਹੈ। ਬੜੀ ਹੈਰਾਨੀ ਹੈ ਕਿ ਮੈਂ ਅਸਤਿ ਭਰਮ ਨੂੰ ਸਤ ਰੂਪ ਵਿਚ ਵੇਖਦਾ ਹਾਂ। ਹੁਣ ਮੇਰੀ ਭਰਮ ਦ੍ਰਿਸ਼ਟੀ ਮਿਟ ਗਈ ਹੈ ਅਤੇ ਬ੍ਰਹਮ ਦ੍ਰਿਸ਼ਟੀ ਪੈਦਾ ਹੋਈ ਹੈ। ਹੁਣ ਮੈਂ ਜੋ ਵੇਖਣ ਦੇ ਯੋਗ ਸੀ, ਵੇਖਿਆ ਹੈ ਅਤੇ ਜੋ ਪ੍ਰਾਪਤ ਕਰਨ ਦੇ ਯੋਗ ਸੀ, ਉਹ ਪ੍ਰਾਪਤ ਕੀਤਾ ਹੈ। ਮੈਂ ਚਿੱਤ ਪੂਰਨ ਅਤੇ ਨਿਤ ਸ਼ੁਧ ਅਨੰਦ ਆਤਮਾ ਆਪਣੇ ਆਪ ਵਿਚ ਅਸਥਿਰ ਹਾਂ। ਲੈਣਾ ਕੀ ਤੇ ਛੋੜਨਾ ਕੀ? ਨਾ ਕੋਈ ਦੁਖ ਹੈ—ਨਾ ਕੋਈ ਸੁਖ ਹੈ। ਸਰਬ ਬ੍ਰਹਮ ਹੈ,

ਦੂਸਰੀ ਵਸਤੂ ਕੋਈ ਹੈ ਨਹੀਂ। ਸੋ ਰਾਗ ਕਿਸ ਨਾਲ ਕਰਾਂ? ਅਤੇ ਦ੍ਵੈਸ਼ ਕਿਸ ਨਾਲ ਕਰਾਂ? ਹੁਣ ਮੈਂ ਕੀ ਵੇਖਾਂ, ਕੀ ਕਰਾਂ ਅਤੇ ਕਿਥੇ ਰਹਾਂ? ਇਹ ਸਭ ਜਗਤ ਆਤਮਾ ਦਾ ਪ੍ਰਕਾਸ਼ ਅਤੇ ਆਤਮਾ ਰੂਪ ਹੈ। ਹੁਣ ਮੇਰੀ ਦ੍ਰਿਸ਼ਟੀ ਨਿਸ਼ਕਲੰਕ ਹੋਈ ਹੈ। ਮੈਨੂੰ ਹੁਣ ਸੱਚਾ ਗਿਆਨ ਹੋ ਗਿਆ ਹੈ, ਮੇਰੀ ਮੈਨੂੰ ਨਿਮਸ਼ਕਾਰ ਹੈ।

ਇਸ ਤਰ੍ਹਾਂ ਆਤਮ ਪਦ ਨੂੰ ਪ੍ਰਾਪਤ ਕਰਕੇ ਕਰਾਂਤ ਦੇਸ਼ ਦਾ ਰਾਜਾ ਸੁਰਗ ਪਰਮ ਅਨੰਦ ਨੂੰ ਪ੍ਰਾਪਤ ਹੋਇਆ ਅਤੇ ਰਾਗ ਦ੍ਵੈਸ਼ ਤੋਂ ਰਹਿਤ ਹੋ ਕੇ ਰਾਜ ਕਰਦਾ ਰਿਹਾ। ਉਹ ਅਪਰਾਧੀਆਂ ਨੂੰ ਸਜ਼ਾ ਭੀ ਦਿੰਦਾ ਸੀ ਅਤੇ ਉਹਨਾਂ ਤੇ ਤਰਸ ਭੀ ਕਰਦਾ ਸੀ, ਅੰਪਰ ਉਸ ਦੀ ਨਿਗਾਹ ਵਿਚ ਰਹਿਮ ਤੇ ਬੇਰਹਿਮੀ ਕੁਝ ਨਹੀ ਸੀ। ਉਹ ਦੁਖ-ਸੁਖ, ਖੁਸ਼ੀ ਗਮੀ ਵਿਚ ਕੇਵਲ ਇਕ ਆਤਮ ਭਾਵ ਨੂੰ ਵੇਖਦਾ ਅਤੇ ਆਪਣੇ ਹਿਰਦੇ ਵਿਚ ਪੂਰਨਮਾਸ਼ੀ ਦੇ ਚੰਦ ਵਾਂਗ ਸੀਤਲ ਰਹਿੰਦਾ ਸੀ। ਜਿਸ ਤਰ੍ਹਾਂ ਪੱਥਰ ਨੂੰ ਕੋਈ ਫੁਰਨਾ ਨਹੀਂ ਫੁਰਦਾ, ਉਸੇ ਤਰ੍ਹਾਂ ਰਾਜੇ ਨੂੰ ਕਰਮ ਕਰ ਕੇ ਜਾਂ ਭੋਗ ਭੋਗ ਕੇ ਕੋਈ ਮਾਨ ਅਭਿਮਾਨ ਜਾਂ ਕਰਤਪੁਨਾ ਨਹੀਂ ਸੀ ਫੁਰਦਾ। ਉਹ ਨਿਰਲੇਪ ਜੀਵਨ ਮੁਕਤ ਹੋ ਕੇ ਰਾਜ ਕਰਦਾ ਰਿਹਾ। ਜਦ ਕਾਫੀ ਸਮਾਂ ਗੁਜ਼ਰ ਗਿਆ, ਤਦ ਜਿਵੇਂ ਬਰਫ ਦਾ ਟੁਕੜਾ ਸੂਰਜ ਦੀ ਗਰਮੀ ਨਾਲ ਪਾਣੀ ਹੋ ਜਾਂਦਾ ਹੈ, ਇਸੇ ਤਰ੍ਹਾਂ ਰਾਜਾ ਅਪਣੱਤ (ਹਉਮੈਂ) ਭਾਵ ਨੂੰ ਤਿਆਗ ਕੇ ਆਤਮ ਤੱਤ ਵਿਚ ਲੀਨ ਹੋ ਗਿਆ। ਜਿਵੇਂ ਦਰਿਆ ਸਮੁੰਦਰ ਵਿਚ ਜਾ ਕੇ ਮਿਲ ਜਾਂਦੇ ਹਨ, ਉਸੇ ਤਰ੍ਹਾਂ ਉਹ ਨਿਰਮਲ ਬ੍ਰਹਮ ਨੂੰ ਪ੍ਰਾਪਤ ਹੋਇਆ। ਜਿਸ ਤਰ੍ਹਾਂ ਘੜਾ ਟੁੱਟਣ ਨਾਲ, ਘੜੇ ਦੇ ਅੰਦਰ ਦਾ ਅਕਾਸ਼ (ਘਟ ਅਕਾਸ਼) ਮਹਾਂ ਅਕਾਸ਼ ਹੋ ਜਾਂਦਾ ਹੈ, ਉਸੇ ਤਰ੍ਹਾਂ ਉਹ ਪੂਰਨ ਸਤ ਚਿੱਤ ਅਨੰਦ ਹੋ ਗਿਆ।



# ਸਦਾ ਸੁਹਾਗ

## (ਵਸ਼ਿਸ਼ਟ ਯੋਗ ਵਿਚੋਂ ਉਲਥਾ)

ਰਾਮ ਚੰਦਰ ਜੀ ਨੇ ਮਹਾਂਰਿਸ਼ੀ ਵਸ਼ਿਸ਼ਟ ਜੀ ਤੋਂ ਪੁਛਿਆ ਕਿ ਹੇ ਤ੍ਰਿਕਾਲਦਰਸ਼ੀ, ਰਾਜਾ ਸ਼ਿਖਰ ਧ੍ਵਜ ਕੌਣ ਸੀ ਤੇ ਕਿਸ ਪ੍ਰਕਾਰ ਦੇ ਕਰਮ ਕਰਦਾ ਸੀ, ਕ੍ਰਿਪਾ ਕਰਕੇ ਦੱਸੋ? ਵਸ਼ਿਸ਼ਟ ਜੀ ਬੋਲੇ ਕਿ ਰਾਮ ਜੀ, ਸਤਿ ਮਨਵੰਤ੍ਰਾਂ ਦੇ ਗੁਜ਼ਰਨ ਮਗਰੋਂ ਦੁਆਪਰ ਯੁੱਗ ਦੀ ਚੌਥੀ ਚੌਕੜੀ ਵਿਚ ਇਕ ਸ਼ਿਖਰ ਧ੍ਵਜ ਰਾਜਾ ਹੋਇਆ ਹੈ। ਉਹ ਸੰਪੂਰਨ ਪ੍ਰਿਥਵੀ ਦਾ ਤਿਲਕਧਾਰੀ ਤੇ ਮਹਾਂ ਸੂਰਬੀਰ ਸੀ, ਬੜੇ ਬੜੇ ਭੋਗ ਭੋਗਦਾ ਸੀ, ਪਰ ਉਨ੍ਹਾਂ ਵਿਚ ਫਸਿਆ ਹੋਇਆ ਨਹੀਂ ਸੀ। ਪੂਰਨ ਉਦਾਰ ਤੇ ਧੀਰਜਵਾਨ ਸੀ ਅਤੇ ਕਿਸੇ ਪਰ ਅਨਿਆਏ ਨਹੀਂ ਕਰਦਾ ਸੀ। ਸਮ ਚਿੱਤ ਸੀ ਅਰ ਸ਼ਾਂਤ ਪਦ ਵਿਚ ਅਸੰਥਿਤ ਸੀ। ਸਰਬ ਦੁਖਾਂ ਤੋਂ ਰਹਿਤ ਸੀ ਤੇ ਅਰਥੀ ਦਾ ਅਰਥ ਪੂਰਾ ਕਰਦਾ ਸੀ। ਇਹ ਇਕ ਦਿਨ, ਜਦ ਸੋਲ੍ਹਾਂ ਵਰ੍ਹਿਆਂ ਦਾ ਰਾਜਕੁਮਾਰ ਸੀ, ਸ਼ਿਕਾਰ ਨੂੰ ਨਿਕਲਿਆ। ਬਸੰਤ ਰੁੱਤ ਦਾ ਸਮਾਂ ਸੀ, ਇਕ ਅੱਤ ਮਨੋਹਰ ਜੰਗਲੀ ਬਾਗ ਵਿਚ, ਜਿਥੇ ਅਨੇਕ ਪ੍ਰਕਾਰ ਦੇ ਸੁੰਦਰ ਪੰਛੀ ਪੈਲਾਂ ਪਾ ਰਹੇ ਸਨ, ਅਰ ਫਲ ਫੁੱਲਾਂ ਦੇ ਸੁਹਾਵਣੇ ਬਿਰਛ ਮਧੁਰ ਵਾਯੂ ਨਾਲ ਝੂਲ ਰਹੇ ਸਨ, ਇਕ ਸਰੋਵਰ ਦੇ ਕੰਢੇ ਬੈਠ ਗਿਆ, ਨਾਲ ਮੰਤਰੀ ਵੀ ਸਨ, ਸਮੇਂ ਤੇ ਅਸਥਾਨ ਦੇ ਪ੍ਰਭਾਵ ਕਰਕੇ ਕੁਝ ਪੰਛੀਆਂ ਦੀ ਕ੍ਰੀੜਾ ਵੇਖ ਕੇ ਰਾਜੇ ਦੇ ਮਨ ਵਿਚ ਇਸਤ੍ਰੀ ਦਾ ਸੰਕਲਪ ਫੁਰਿਆ, ਅਰ ਇਹ ਚਿੰਤਾ ਲਗ ਗਈ ਕਿ ਕਦੋਂ ਇਸਤ੍ਰੀ ਅਰ ਸੇਜ ਦਾ ਸੁਖ ਮਾਣਾਂ। ਜਦ ਇਸ ਪ੍ਰਕਾਰ ਉਹ ਚਿੰਤਾ ਕਰਨ ਲੱਗਾ ਤਾਂ ਮੰਤਰੀਆਂ ਨੂੰ ਪਤਾ ਲਗ ਗਿਆ। ਉਨ੍ਹਾਂ ਥੋੜ੍ਹੇ ਹੀ ਚਿਰ ਵਿਚ ਇਕ ਰਾਜ ਸੁੰਦਰੀ ਨਾਲ ਵਿਆਹ ਕਰਵਾ ਦਿਤਾ ਅਰ ਉਹ ਰਾਣੀ ਲੈ ਕੇ ਘਰ ਪਹੁੰਚਿਆ। ਰਾਣੀ ਦਾ ਨਾਮ ਚੁੜਾਲਾ ਸੀ। ਇਨ੍ਹਾਂ ਦੋਹਾਂ ਦਾ ਆਪੋ ਵਿਚ ਅਤਿ ਪ੍ਰੇਮ ਹੋ ਗਿਆ ਤੇ ਛੇਤੀ ਹੀ ਇਕ ਦੂਜੇ ਤੋਂ ਕੁਰਬਾਨ ਹੋਣ ਲੱਗੇ। ਕੁਝ

ਚਿਰ ਮਗਰੋਂ ਰਾਜਾ, ਰਾਜ ਨੂੰ ਮੰਤਰੀਆਂ ਦੇ ਸਪੁਰਦ ਕਰਕੇ ਆਪ ਰਾਣੀ ਨੂੰ ਨਾਲ ਲੈ ਕੇ ਇਕ ਰਮਣੀਕ ਬਣ ਦੇ ਲੀਲਾ ਭਵਨ ਵਿਚ ਚਲਾ ਗਿਆ। ਬਨ ਵਿਚ ਰਾਜਾ ਤਾਂ ਰਿਸ਼ੀਆ ਤੋਂ ਯੋਗ ਕਲਾ ਭੀ ਸਿੱਖਣਾ ਚਾਹੁੰਦਾ ਸੀ, ਪਰ ਰਾਣੀ ਉਸ ਨੂੰ ਭੋਗ ਕਲਾ ਹੀ ਸਿਖਾਂਦੀ ਰਹੀ। ਇਸ ਤਰ੍ਹਾਂ ਉਹ ਦੋਵੇਂ ਇਸ ਕਲਾ ਵਿਚ ਪੂਰਨ ਹੋਏ। ਰਾਣੀ ਦੀ ਬੁੱਧੀ ਰਾਜੇ ਨਾਲੋਂ ਜ਼ਿਆਦਾ ਤੇਜ਼ ਸੀ, ਇਸ ਲਈ ਉਹ ਛੇਤੀ ਹੀ ਕੋਈ ਨਾ ਕੋਈ ਗੱਲ ਸਿੱਖ ਲੈਂਦੀ ਸੀ, ਅਰ ਮਗਰੋਂ ਰਾਜੇ ਨੂੰ ਵੀ ਸਿਖਾ ਦੇਂਦੀ ਸੀ।

ਸਮੇਂ ਅਨੁਸਾਰ ਰਾਜਾ ਤੇ ਰਾਣੀ ਵਿਸ਼ੇ ਭੋਗਾਂ ਦਾ ਰੰਗ ਮਾਣ ਕੇ ਹੌਲੀ ਹੌਲੀ ਦੁਰਬਲ ਹੋ ਗਏ। ਜਿਸ ਤਰ੍ਹਾਂ ਫੁਟੇ ਘੜੇ ਦਾ ਪਾਣੀ ਹੌਲੀ ਹੌਲੀ ਸਾਰਾ ਹੀ ਘੜੇ ਵਿਚੋਂ ਵਗ ਕੇ ਬਾਹਰ ਨਿਕਲ ਜਾਂਦਾ ਹੈ ਅਰ ਘੜਾ ਖਾਲੀ ਹੋ ਜਾਂਦਾ ਹੈ, ਇਸੇ ਤਰ੍ਹਾਂ ਵਿਸ਼ੇ ਭੋਗਾਂ ਦਵਾਰਾ ਉਨ੍ਹਾਂ ਦੀ ਸਰੀਰਕ ਸ਼ਕਤੀ ਦਿਨ ਬ ਦਿਨ ਘਟਦੀ ਗਈ। ਉਨ੍ਹਾਂ ਦੀ ਸੁੰਦਰ ਕਾਇਆ ਹੌਲੀ ਹੌਲੀ ਖੀਣ ਹੋ ਗਈ, ਯੁਵਾ-ਅਵਸਥਾ ਸਾਥ ਛੱਡ ਗਈ ਅਰ ਉਹ ਬਿਰਧ ਹੋ ਗਏ। ਹੁਣ ਉਨ੍ਹਾਂ ਦੇ ਮਨ ਵਿਚ ਵੈਰਾਗ ਉਤਪੰਨ ਹੋਇਆ, ਅਰ ਉਹ ਵਿਚਾਰਨ ਲੱਗੇ ਕਿ ਜਿਸ ਪ੍ਰਕਾਰ ਆਕਾਸ਼ ਵਿਚ ਬਿਜਲੀ ਦਾ ਚਮਤਕਾਰ ਛਿਨ ਮਾਤ੍ਰਿਕ ਹੈ, ਇਸੇ ਪ੍ਰਕਾਰ ਸਰੀਰ ਵਿਚ ਜਵਾਨੀ ਦੇ ਭੋਗ ਵੀ ਛਿਨ ਮਾਤ੍ਰਿਕ ਹਨ। ਜਿਸ ਪ੍ਰਕਾਰ ਪੱਕਾ ਹੋਇਆ ਅੰਬ ਬ੍ਰਿਛ ਤੋਂ ਡਿੱਗ ਪੈਂਦਾ ਹੈ, ਅਰ ਸੁੱਕੇ ਹੋਏ ਪੱਤਰ ਵੀ ਬ੍ਰਿਛ ਨਾਲ ਨਹੀਂ ਰਹਿ ਸਕਦੇ, ਇਸੇ ਪ੍ਰਕਾਰ ਜਵਾਨੀ ਢਲਦਿਆਂ ਹੀ ਵਿਸ਼ਿਆਂ ਦੇ ਸੁਖ ਵੀ ਸਰੀਰ ਦਾ ਸਾਥ ਛੱਡ ਜਾਂਦੇ ਹਨ, ਤਾਂ ਤੇ ਕੋਈ ਐਸਾ ਉਪਾਓ ਕਰੀਏ ਕਿ ਸਦਾ ਸੁਖ ਦੀ ਪ੍ਰਾਪਤੀ ਹੋਵੇ। ਪਰ ਸੰਸਾਰ ਰੂਪੀ ਤਪਦਿਕ ਦੀ ਨਵਿਰਤੀ ਹਿਤ ਅਰ ਕੇਵਲ ਬ੍ਰਹਮ ਵਿਦਿਆ ਦੀ ਪ੍ਰਾਪਤੀ ਲਈ ਮਹਾਂਪੁਰਸ਼ਾਂ ਦੀ ਸੰਗਤ ਕਰੀਏ। ਇਸ ਪ੍ਰਕਾਰ ਵਿਚਾਰਦੇ ਹੋਏ ਰਾਜਾ ਤੇ ਰਾਣੀ ਆਤਮ ਧਿਆਨ ਦੀ ਖੋਜ ਵਿਚ ਨਿਕਲੇ, ਅਰ ਕੁਝ ਚਿਰ ਮਗਰੋਂ ਐਸੇ ਮਹਾਤਮਾ ਪਾਸ ਪਹੁੰਚੇ ਜਿਨ੍ਹਾਂ ਦਾ ਚਿੱਤ ਸ਼ੁਧ ਚੇਤਨ ਵਿਚ ਅਸਥਿਤ ਸੀ ਅਰ ਜੋ ਜਲ ਵਿਚ ਕਮਲ ਵਾਂਗ ਸੰਸਾਰ ਵਿਚ ਰਹਿੰਦੇ ਹੋਏ ਵੀ ਇਸ ਦੇ ਵਿਸ਼ਿਆਂ ਤੋਂ ਸਰਵਥਾ ਨਿਰਲੇਪ ਸਨ।

ਵਸ਼ਿਸ਼ਟ ਜੀ ਨੇ ਕਿਹਾ ਕਿ ਹੇ ਰਾਮਚੰਦਰ ਜੀ, ਐਸੇ ਪਰਮ ਪੁਰਖਾਂ ਦੀ ਸੰਗਤ ਵਿਚ ਰਾਜਾ ਤਾਂ ਕੋਰਾ ਹੀ ਰਿਹਾ ਪਰ ਥੋੜ੍ਹੇ ਹੀ ਚਿਰ ਵਿਚ, ਰਾਣੀ ਚੁੜਾਲਾ ਦਾ ਮਨ ਟਿਕ ਗਿਆ। ਉਸ ਨੂੰ ਭਾਸਣ



ਲਗਾ ਕਿ ਮੈਂ ਮਨ, ਸਰੀਰ ਅਰ ਇੰਦ੍ਰੀਆਂ ਤੋਂ ਪਰ੍ਹੇ ਹਾਂ, ਕਿਉਂ ਜੋ ਇਹ ਸਭ ਜੜ੍ਹ ਹਨ ਅਰ ਮੈਂ ਸ਼ੁੱਧ ਚੇਤਨ ਹਾਂ। ਮੈਂ ਬੁੱਧੀ ਵੀ ਨਹੀਂ, ਕਿਉਂਕਿ ਬੁੱਧੀ ਵਿਚ ਨਿਰਨਾ ਕਰਨ ਦੀ ਸ਼ਕਤੀ, ਹੰਕਾਰ ਤੋਂ ਉਤਪੰਨ ਹੁੰਦੀ ਹੈ ਅਤੇ ਹੰਕਾਰ ਵੀ ਜੜ੍ਹ ਹੈ, ਕਿਉਂਕਿ ਇਸ ਵਿਚ ਹੰਗਤਾ, ਚੇਤਨਾ ਤੋਂ ਉਤਪੰਨ ਹੁੰਦੀ ਹੈ ਅਰ ਚੇਤਨਾ ਜੀਵ ਤੋਂ ਹੁੰਦੀ ਹੈ। ਸੋ ਜੀਵ ਭੀ ਮੈਂ ਨਹੀਂ ਕਿਉਂਕਿ ਜੀਵ ਫੁਰਨਾ ਰੂਪ ਹੈ ਅਰ ਮੇਰਾ ਸਰੂਪ ਅਫੁਰ, ਸਦਾ ਉਦੈ ਰੂਪ, ਅਰ ਸਤ ਮਾਤ੍ਰ ਹੈ। ਮੇਰੇ ਸ਼ੁਧ ਸਵਰੂਪ ਵਿਚ ਫੁਰਨੇ ਦਾ ਅਭਾਵ ਹੈ। ਮੈਂ ਰਾਗ ਦ੍ਵੈਸ਼ ਰਹਿਤ ਹਾਂ, ਮੇਰੇ ਵਿਚ ਤ੍ਰਿਤਾਪ ਦੋਸ਼ ਵੀ ਕੋਈ ਨਹੀਂ। ਮੈਂ ਅਬਿਨਾਸ਼ੀ ਤੇ ਅਨੰਤ ਹਾਂ। ਮੈਂ ਇਕ ਰਸ ਹਾਂ। ਹੇ ਰਾਮ ਜੀ, ਹੁਣ ਚੁੜਾਲਾ ਦੀ ਤ੍ਰਿਸ਼ਨਾ ਮਿਟ ਚੁੱਕੀ ਸੀ, ਜੋ ਦੁਖ, ਡਰ ਅਰ ਭੋਗ ਵਾਸ਼ਨਾ ਤੋਂ ਨਿਵਿਰਤ ਹੋ ਕੇ, ਕੇਵਲ ਸ਼ਾਂਤ ਪਦ ਵਿਚ ਸ਼ਸ਼ੋਭਿਤ ਹੋਈ ਸੀ, ਯੋਗ ਪਦ ਨੂੰ ਪਾ ਕੇ ਇਹ ਵੀ ਜਾਣ ਗਈ ਕਿ ਇਤਨਾ ਸਮਾਂ ਮੈਂ ਆਪਣੇ ਨਿਜ ਰੂਪ ਤੋਂ ਡਿਗੀ ਰਹੀ ਹਾਂ, ਪਰ ਹੁਣ ਮੈਨੂੰ ਸ਼ਾਂਤੀ ਪ੍ਰਾਪਤ ਹੋਈ ਹੈ, ਅਰ ਮੇਰੇ ਰੋਗ ਮਿਟ ਗਏ ਹਨ। ਇਸ ਪ੍ਰਕਾਰ ਦੀ ਦ੍ਰਿੜ੍ਹ ਇਸਥਿਤੀ ਵਿਚ, ਜਦ ਚੁੜਾਲਾ ਸਦਾ ਮਗਨ ਰਹਿੰਦੀ ਦਿਸੀ ਅਰ ਉਸ ਦਾ ਰੂਪ ਤੇਜਸਵੀ ਤੇ ਦਿੱਬ ਸੁੰਦਰਤਾ ਨਾਲ ਰੰਗਿਆ ਹੋਇਆ ਦਿਸਿਆ, ਤਾਂ ਰਾਜਾ ਡਾਢਾ ਹੈਰਾਨ ਹੋ ਕੇ ਉਸ ਨੂੰ ਕਹਿਣ ਲੱਗਾ ਕਿ ਹੇ ਰਾਣੀ, ਤੂੰ ਤਾਂ ਹੁਣ ਮੁੜ ਜੁਆਨ ਹੋਈ ਲਗਦੀ ਹੈਂ, ਅਰ ਤੈਨੂੰ ਕੋਈ ਮਹਾਂ ਅਨੰਦ ਦੀ ਪ੍ਰਾਪਤ ਹੋਈ ਹੋਈ ਭਾਸਦੀ ਹੈ, ਕੀ ਤੈਂ ਅੰਮ੍ਰਿਤ ਦਾ ਸਾਰ ਪੀਤਾ ਹੈ? ਹੇ ਰਾਣੀ ਤੈਨੂੰ ਕੀ ਪ੍ਰਾਪਤ ਹੋਇਆ ਹੈ? ਤੇਰੇ ਸੁਖ ਦਾ ਆਦਿ ਅੰਤ ਪ੍ਰਤੀਤ ਨਹੀਂ ਹੁੰਦਾ। ਤੇਰੇ ਵਿਚ ਭੋਗ ਵਾਸ਼ਨਾ ਦਾ ਵੀ ਅਭਾਸ ਭਾਸਦਾ ਹੈ। ਤੂੰ ਸਰਦ ਰੁੱਤ ਦੇ ਨਿਰਮਲ ਆਕਾਸ਼ ਵਾਂਗ ਪਰਮ ਨਿਰਮਲ ਪ੍ਰਤੀਤ ਹੁੰਦੀ ਹੈਂ। ਤੇਰੇ ਚਿੱਟੇ ਵਾਲ ਵੀ ਸੁੰਦਰ ਲਗਦੇ ਹਨ। ਦੱਸ ਤਾਂ ਸਹੀ, ਤੈਨੂੰ ਕੀ ਲੱਭਾ ਹੈ? ਚੁੜਾਲਾ ਬੋਲੀ ਕਿ ਹੇ ਰਾਜਨ, ਇਹ ਜੋ ਕੁਝ ਵੀ ਦ੍ਰਿਸ਼ਟੀ ਆਉਂਦਾ ਹੈ, ਬਦਲਣਹਾਰ ਤੇ ਚਲਾਇਮਾਨ ਹੈ। ਇਸ ਤੋਂ ਪਰ੍ਹੇ ਜੋ ਸਦਾ ਸਥਿਰ ਤੇ ਨਿਹਕੇਵਲ ਪਦ ਹੈ, ਉਸ ਨੂੰ ਪਾ ਕੇ ਨਿਹਾਲ ਹੋਈ ਹਾਂ। ਮੈਂ ਭੋਗਾਂ ਤੋਂ ਰਹਿਤ ਹੋ ਕੇ ਅਭੋਗ ਭੋਗ ਭੋਗਦੀ ਹਾਂ, ਅਰ ਉਸ ਤੋਂ ਸਦਾ ਤ੍ਰਿਪਤ ਰਹਿੰਦੀ ਹਾਂ। ਹੇ ਰਾਜਨ, ਮੈਨੂੰ ਆਤਮ ਗਿਆਨ ਪ੍ਰਾਪਤ ਹੋਇਆ ਹੈ। ਮੈਂ ਹੁਣ ਨਿਜਾਤਮਾ ਵਿਚ ਡੇਰਾ ਲਾਇਆ ਹੈ। ਮੈਂ ਛਿਨ ਭੰਗਰ ਰਾਜ ਸੁਖਾਂ ਨੂੰ ਤਿਆਗ ਕੇ, ਪਰਮ ਸੁਖ ਭੋਗ ਰਹੀ ਹਾਂ। ਰਾਗ ਦ੍ਵੈਸ਼ ਨੂੰ ਤਿਆਗ ਕੇ ਮੈਂ ਕੇਸੀ ਹਾਂ, ਸੰਸਾਰੀਆਂ ਲਈ ਮੈਂ

ਹੈ ਹੀ ਨਹੀਂ, ਅਰ ਆਪਣੇ ਆਪ ਵਿਚ ਮੈਂ ਹੀ ਮੈਂ ਹਾਂ, ਮੇਰੇ ਬਿਨਾਂ ਹੋਰ ਕੋਈ ਨਹੀਂ। ਜੋ ਕੁਝ ਭੀ ਇੰਦ੍ਰੀਆਂ ਤੋਂ ਜਾਣਿਆਂ ਜਾਂਦਾ ਹੈ, ਅਰ ਮਨ ਦੁਆਰਾ ਜਿਸ ਦਾ ਚਿੰਤਨ ਹੁੰਦਾ ਹੈ, ਉਹ ਸਭ ਮਿਥਿਆ ਸੁਪਨੇ ਦੀ ਤਰ੍ਹਾਂ ਹੈ। ਮੈਂ ਉਥੇ ਇਸਥਿਤ ਹੋਈ ਹਾਂ, ਜਿਥੇ ਮਨ ਇੰਦਰੀਆਂ ਦੀ ਗਮਤਾ ਨਹੀਂ, ਅਰ ਜਿਥੇ ਅਹੰਕਾਰ ਦਾ ਭੀ ਉਥਾਨ ਨਹੀਂ। ਰਾਜਨ, ਮੈਂ ਉਸ ਪਦ ਨੂੰ ਪਾਇਆ ਹੈ ਜੋ ਸਭ ਦਾ ਆਧਾਰ ਭੂਤ ਹੈ। ਮੈਂ ਅੰਮ੍ਰਿਤ ਦਾ ਸਾਰ ਪੀਤਾ ਹੈ, ਮੈਂ ਅਬਿਨਾਸ਼ੀ ਹਾਂ, ਮੈਂ ਨਿਰਭੈ ਹਾਂ। ਹੇ ਰਾਮ ਜੀ, ਰਾਜਾ ਇਹ ਗੱਲਾਂ ਸੁਣ ਕੇ ਹੱਸ ਪਿਆ ਤੇ ਆਖਣ ਲੱਗਾ, ਕਿ ਹੇ ਮੂਰਖ ਇਸਤਰੀ! ਤੈਨੂੰ ਕੀ ਹੋਇਆ ਹੈ? ਤੇਰੀ ਮੱਤ ਕਿਉਂ ਟਿਕਾਣੇ ਨਹੀਂ? ਤੂੰ ਪ੍ਰਤੱਖ ਵਸਤੂ ਨੂੰ ਮਿਥਿਆ ਕਹਿ ਰਹੀ ਹੈਂ, ਅਰ ਕਹਿੰਦੀ ਹੈਂ ਕਿ ਮੈਨੂੰ ਦਿਸਦੀ ਨਹੀਂ। ਅਰ ਜੋ ਅਸੱਤ ਵਸਤੂ ਹੈ, ਅਰ ਦਿਸਦੀ ਨਹੀਂ, ਉਹ ਨੂੰ ਸੱਤ ਮੰਨੀ ਬੈਠੀ ਹੈਂ, ਅਰ ਕਹਿੰਦੀ ਹੈਂ ਕਿ ਮੈਨੂੰ ਦਿਸਦੀ ਹੈ? ਤੇਰੀਆਂ ਇਹ ਗੱਲਾਂ ਕੌਣ ਮੰਨੇਗਾ? ਤੂੰ ਆਖਦੀ ਹੈਂ ਕਿ ਮੈਂ ਰਾਜਸੀ ਭੋਗ ਤੇ ਐਸ਼ਵਰਜ ਤਿਆਗ ਕੇ, ਸਦਾ ਸੁਖ ਦੀ ਪ੍ਰਾਪਤੀ ਕੀਤੀ ਹੈ। ਸੋ ਇਹ ਗੱਲਾਂ ਚੰਗੀਆਂ ਨਹੀਂ। ਤੂੰ ਸੁਰਤ ਵਿਚ ਆ ਤੇ ਸ਼ੋਭਾ ਵਾਲੀਆਂ ਗੱਲਾਂ ਕਰ।

ਰਾਜਾ ਇਹ ਕਹਿ ਕੇ ਉਠ ਕੇ ਖੜ੍ਹਾ ਹੋਇਆ ਅਤੇ ਇਸ਼ਨਾਨ ਕਰਨ ਚਲਾ ਗਿਆ। ਪਰ ਰਾਣੀ ਤੇ ਮਨ ਵਿਚ ਸ਼ੱਕ ਹੋਇਆ ਕਿ ਰਾਜਾ ਅਗਿਆਨ ਗ੍ਰਸਤ ਹੈ। ਇਸ ਨੇ ਆਤਮ ਪਦ ਨੂੰ ਨਹੀਂ ਜਾਣਿਆ। ਮੇਰੇ ਵਾਕਾਂ ਨੂੰ ਝੂਠ ਸਮਝਿਆ ਹੈ। ਇਸੇ ਚਿੰਤਾ ਵਿਚ ਉਹ ਆਪਣੇ ਕੰਮ ਕਾਜ ਵਿਚ ਰੁਝ ਗਈ ਅਤੇ ਰਾਜੇ ਨੂੰ ਮੁੜ ਆਪਣਾ ਵਿਸ਼ਵਾਸ਼ ਕਦੇ ਪ੍ਰਗਟ ਨਾ ਕੀਤਾ, ਸਗੋਂ ਉਸ ਦੇ ਸਾਮ੍ਹਣੇ ਸਦਾ ਉਸੇ ਤਰ੍ਹਾਂ ਵਰਤਦੀ ਰਹੀ ਜ਼ਿਕਰ ਅਗਿਆਨ ਕਾਲ ਵਿਚ ਵਰਤਦੀ ਸੀ। ਰਾਜਾ ਭਾਵੇਂ ਰਾਣੀ ਦੀਆਂ ਗੱਲਾਂ ਤੋਂ ਹੱਸਿਆ ਹੀ ਸੀ, ਉਸਨੂੰ ਕਿਸੇ ਪ੍ਰਕਾਰ ਨਿਸ਼ਚਾ ਵੀ ਨਾ ਆਇਆ ਸੀ ਤਾਂ ਵੀ ਜਿਉਂ ਜਿਉਂ ਦਿਨ ਬੀਤਣ ਲੱਗੇ, ਰਾਜੇ ਦੇ ਮਨ ਪੁਰ ਹੌਲੀ ਹੌਲੀ ਰਾਣੀ ਦੇ ਗਿਆਨ ਦਾ ਪ੍ਰਭਾਵ ਪੈਣਾ ਅਰੰਭ ਹੋਇਆ। ਉਸ ਦੇ ਮਨ ਵਿਚ ਵੈਰਾਗ ਉਤਪੰਨ ਹੋਇਆ। ਉਸ ਨੇ ਵਿਚਾਰਿਆ ਕਿ ਸੱਚਮੁਚ ਅਸਾਂ ਅਨੇਕਾਂ ਭੋਗ ਭੋਗੇ ਹਨ, ਪਰ ਸਾਡੇ ਚਿਤ ਨੂੰ ਸ਼ਾਂਤੀ ਨਹੀਂ ਆਈ। ਇਨ੍ਹਾਂ ਭੋਗਾਂ ਦਾ ਨਤੀਜਾ ਦੁਖ ਹੈ। ਇਸ ਪ੍ਰਕਾਰ ਵਿਚਾਰ ਕੇ ਰਾਜੇ ਨੇ ਬ੍ਰਾਹਮਣਾਂ, ਗਰੀਬਾਂ ਅਰ ਮੁਸਾਫਰਾਂ ਨੂੰ ਅਨੇਕ ਪ੍ਰਕਾਰ ਦੇ ਲੋੜੀਂਦੇ ਪਦਾਰਥ, ਧਨ, ਬਸਤਰ ਆਦਿ ਦਾਨ ਕੀਤੇ। ਰੋਜ਼ ਰਿਸ਼ੀਆਂ, ਮੁਨੀਆਂ ਦੀ ਸੰਗਤ ਵਿਚ



ਸਮਾਂ ਗੁਜ਼ਾਰਨ ਲੱਗਾ। ਆਖਰ ਇਕ ਦਿਨ ਆਇਆ ਕਿ ਉਸ ਨੇ ਰਾਜ ਦਾ ਪੂਰਨ ਤਿਆਰ ਕਰਕੇ, ਰਾਣੀ ਤੋਂ ਵਿਦਾ ਹੋਣ ਦੀ ਪ੍ਰਸੰਨਤਾ ਮੰਗੀ। ਕਹਿਣ ਲੱਗਾ ਕਿ ਹੇ ਆਤਮ ਨਿਪੁੰਨ ਪਤਿਬ੍ਰਤਾ, ਮੈਂ ਹੁਣ ਬਨ ਨੂੰ ਜਾਂਦਾ ਹਾਂ, ਤਾਂ ਜੋ ਜਪ ਤਪ ਸੰਜਮ ਦੁਆਰਾ ਮਨ ਨੂੰ ਕਾਬੂ ਕਰਾਂ ਅਰ ਮਹਾਂਪੁਰਖਾਂ ਦਾ ਸੰਗ ਕਰਕੇ ਆਤਮਪਦ ਵਿਚ ਇਸਥਿਤ ਹੋਵਾਂ। ਮੈਨੂੰ ਚੰਗੀ ਤੌਰ੍ਹਾਂ ਭਾਸ ਰਿਹਾ ਹੈ ਕਿ ਇਹ ਜੀਵਨ ਤੇ ਜੁਆਨੀ ਦੇ ਵਿਸ਼ੇ ਭੋਗ ਬਿਲਕੁਲ ਸੁਪਨੇ ਵਾਂਗ ਚਮਤਕਾਰੀ ਹਨ। ਇਨ੍ਹਾਂ ਵਿਚ ਕੋਈ ਸਥਿਰਤਾ ਨਹੀਂ। ਪੁੱਤਰ, ਪੁਤਰੀਆਂ, ਮਿੱਤਰ, ਮੁਲਾਜ਼ਮ, ਰਿਸ਼ਤੇਦਾਰ, ਸਭ ਸਵਾਰਥ ਦੇ ਸਾਥੀ ਅਤੇ ਹਿਤੂ ਹਨ। ਹੇ ਰਾਣੀ ਤੂੰ ਜਲ ਵਿਚ ਕਮਲ ਵਾਂਗ ਨਿਰਲੇਪ ਹੋ ਗਈ ਹੈਂ। ਤੇਰੇ ਤੇ ਦੇਸ਼, ਕਾਲ ਤੇ ਸੰਸਾਰ ਦੀਆਂ ਬਦਲਣਹਾਰ ਹਾਲਤਾਂ ਦਾ ਕੋਈ ਅਸਰ ਨਹੀਂ ਰਿਹਾ। ਹੁਣ ਤੂੰ ਹੀ ਰਾਜ ਕਰ ਤੇ ਮੈਨੂੰ ਜੀਵਨ ਦਾ ਲਾਹਾ ਲੈਣ ਲਈ ਘੋਰ ਬਨਾਂ ਵਿਚ ਜਾਣ ਦੇਹ। ਰਾਣੀ ਇਹ ਸੁਣ ਕੇ ਅਤਿ ਪ੍ਰਸੰਨ ਹੋਈ ਪਰ ਰਾਜੇ ਦੀ ਦ੍ਰਿੜ੍ਹਤਾ ਨੂੰ ਪਰਖਣ ਲਈ ਆਖਣ ਲੱਗੀ ਕਿ ਰਾਜਨ, ਆਪ ਇਥੇ ਹੀ ਰਹਿ ਕੇ ਯੋਗ ਕਮਾਓ। ਆਪ ਦੀ ਕਾਇਆ ਅਤਿ ਕੋਮਲ ਹੈ। ਆਪ ਸੇਵਾਦਾਰਾਂ ਤੋਂ ਬਿਨਾਂ ਬਨਾਂ ਵਿਚ ਹਰ ਪ੍ਰਕਾਰ ਦੇ ਦੁਖ ਸਹਾਰੋਗੇ ਤੇ ਮੈਂ ਇਥੇ ਸਦਾ ਚਿੰਤਾਭਵਨ ਵਿਚ ਮੁਰਦੇ ਵਾਂਗ ਜੀਵਨ ਬਤੀਤ ਕਰਾਂਗੀ। ਰਾਣੀ ਨੇ ਇਸ ਪ੍ਰਕਾਰ ਦੇ ਅਨੇਕਾਂ ਦੁਖਾਂ ਅਤੇ ਜਾਨਵਰਾਂ ਦੇ ਡਰ ਵੀ ਦੱਸੇ, ਪਰ ਰਾਜਾ ਅਡੋਲ ਰਿਹਾ। ਤਤਕਾਲ ਰਾਜ ਮੰਤਰੀਆਂ, ਪਰੋਹਿਤਾਂ ਤੇ ਸੈਨਾਚਾਰੀਆਂ ਨੂੰ ਬੁਲਾ ਕੇ, ਭਰੇ ਦੀਵਾਨ ਵਿਚ ਐਲਾਨ ਕੀਤਾ ਕਿ ਮੈਂ ਆਤਮ ਪਦ ਦੀ ਪ੍ਰਾਪਤੀ ਲਈ, ਰਾਜ ਦਾ ਅਧਿਕਾਰ ਰਾਣੀ ਨੂੰ ਦੇ ਕੇ, ਆਪ ਬਨ ਨੂੰ ਜਾਂਦਾ ਹਾਂ। ਪਰਜਾ ਦੇ ਚੰਗੇ ਮੰਦੇ ਤੇ ਨਿੱਕੇ ਵੱਡੇ ਇਹ ਸੁਣ ਕੇ ਸਭ ਦੁਖੀ ਹੋਏ ਪਰ ਕਿਸੇ ਦਾ ਹੌਸਲਾ ਨਾ ਪਿਆ ਕਿ ਰਾਜੇ ਨੂੰ ਉਲਟ ਉਪਦੇਸ਼ ਕਰਕੇ, ਉਸ ਨੂੰ ਉਸ ਦੇ ਇਰਾਦੇ ਤੋਂ ਹਟਾਵੇ। ਬੱਸ ਥੋੜ੍ਹੇ ਹੀ ਚਿਰ ਮਗਰੋਂ, ਰਾਜਾ ਇਕ ਰਾਤ, ਜਦ ਮਹਿਲਾਂ ਵਿਚ ਸਭ ਸੁੱਤੇ ਪਏ ਸਨ, ਨਗਰ ਵਿਚ ਵੀ ਕੋਈ ਜਾਗਦਾ ਨਹੀਂ ਸੀ, ਸੇਜਾਂ ਤੋਂ ਉਠ ਕੇ ਚੁੱਪ ਚਾਪ, ਬਨ ਨੂੰ ਜਾਣ ਲਈ ਮਹਿਲਾਂ ਤੋਂ ਬਾਹਰ ਆਇਆ। ਹਰ ਥਾਂ ਪਹਿਰੇਦਾਰਾਂ ਤੋਂ ਹੌਲੀ ਹੌਲੀ ਬਚਦਾ ਹੋਇਆ; ਨਗਰ ਤੋਂ ਬਾਹਰ ਨਿਕਲ ਗਿਆ। ਨਦੀਆਂ, ਨਾਲੇ, ਦਰਿਆ, ਪਹਾੜ ਲੰਘਦਾ-ਲੰਘਦਾ, ਕਿੰਨੇ ਹੀ ਚਿਰ ਮਗਰੋਂ ਮੰਦਰਾਚਲ ਪਰਬਤ ਦੇ ਪਾਸ ਪਹੁੰਚਿਆ। ਉਥੇ ਇਕ ਤੀਲਿਆਂ ਤੇ ਪੱਤਰਾਂ ਦੀ ਝਗੀ ਬਣਾ ਕੇ, ਉਸ ਵਿਚ ਰਹਿਣ

ਲੱਗਾ। ਹੇ ਰਾਮ ਜੀ, ਜਦ ਕੁਝ ਕਾਲ ਇਸ ਤਰ੍ਹਾਂ ਬੀਤ ਗਿਆ ਤਾਂ ਰਾਣੀ ਨੇ ਵਿਚਾਰਿਆ ਕਿ ਰਾਜੇ ਦੀ ਹਾਲਤ ਵੇਖਣੀ ਚਾਹੀਦੀ ਹੈ, ਜੁ ਹੁਣ ਕਿਸ ਤਰ੍ਹਾਂ ਜੀਵਨ ਬਤੀਤ ਕਰ ਰਿਹਾ ਹੈ ਅਤੇ ਕਿਸ ਭੂਮਿਕਾ ਦਾ ਵਾਸੀ ਹੈ? ਇਹ ਵਿਚਾਰ ਦ੍ਰਿੜ੍ਹ ਕਰਕੇ ਉਹ ਅੰਤਰ ਧਿਆਨ ਹੋਈ, ਆਤਮ ਬਲ ਨਾਲ ਰਾਜੇ ਨੂੰ ਮੰਦਰਾਚਲ ਪਰਬਤ ਤੇ ਇਕ ਕੁਟੀਆ ਵਿਚ ਵੇਖਿਆ। ਪਰ ਉਸ ਨੂੰ ਛੇਤੀ ਹੀ ਗਿਆਤ ਹੋਇਆ ਕਿ ਰਾਜਾ ਅਜੇ ਕੱਚਾ ਹੈ, ਅਰ ਉਸ ਨੇ ਕੁਝ ਸਮਾ ਇਸ ਤਰ੍ਹਾਂ ਗੁਜ਼ਾਰਨਾ ਹੈ। ਤਾਂ ਤੇ ਉਸ ਨੂੰ ਹੁਣੇ ਮਿਲਣਾ ਠੀਕ ਨਹੀ, ਭਾਵੇਂ ਉਸ ਨੇ ਮੇਰੇ ਹੀ ਉਪਦੇਸ਼ ਕਰਕੇ ਜਾਗਣਾ ਹੈ, ਤਾਂ ਵੀ ਅਜ ਨੀਯਤ ਸਮਾਂ ਦੂਰ ਹੈ। ਇਸ ਪ੍ਰਕਾਰ ਰਾਣੀ ਨੇ ਅੱਠ ਸਾਲ ਰਾਜ ਕੀਤਾ ਅਰ ਪਰਜਾ ਨੂੰ ਕਿਸੇ ਤਰ੍ਹਾਂ ਵੀ ਰਾਜੇ ਦੀ ਗੈਰ-ਹਾਜ਼ਰੀ ਦਾ ਦੁਖ ਮਹਿਸੂਸ ਨਾ ਹੋਣ ਦਿਤਾ। ਫਿਰ ਇਸ ਦੇ ਮਨ ਵਿਚ ਫੁਰਿਆ ਕਿ ਰਾਜੇ ਨੂੰ ਤਪ ਕਰਦਿਆਂ ਅੱਠ ਵਰ੍ਹੇ ਬੀਤ ਗਏ ਹਨ, ਹੁਣ ਉਹ ਜ਼ਰੂਰ ਮੇਰੇ ਉਪਦੇਸ਼ ਦਾ ਅਧਿਕਾਰੀ ਹੋਇਆ ਹੋਵੇਗਾ, ਕਿਉਂ ਜੋ ਨਿਸ਼ਕਾਮ ਤਪ ਨਾਲ ਉਸ ਦਾ ਅੰਤਹਕਰਨ ਸੁਧ ਹੋ ਗਿਆ ਹੋਵੇਗਾ, ਤਾਂ ਤੇ ਹੁਣ ਰਾਜੇ ਨੂੰ ਮਿਲਣਾ ਚਾਹੀਏ। ਇਹ ਵਿਚਾਰ ਕੇ, ਜਿਉਂ ਹੀ ਉਹ ਅੰਤਰ ਧਿਆਨ ਹੋਈ ਤਾਂ ਪਹਿਲੇ ਇਕ ਸੁੰਦਰ ਨਗਰ ਵਿਚ ਪਹੁੰਚੀ ਅਰ ਉਥੇ ਇਕ ਬਾਗ ਨੂੰ ਵੇਖਣ ਲਗ ਪਈ। ਜਿਉਂ ਹੀ ਉਥੋਂ ਦਿਬੱਜ ਮਨ-ਹਰਣਪਣ ਲੱਗੀ, ਇਸ ਦੇ ਚਿੱਤ ਵਿਚ ਫੁਰਿਆ, ਹਾਇ! ਕਦੋਂ ਮੈਨੂੰ ਮੇਰਾ ਭਰਤਾ ਮਿਲੇਗਾ? ਪਰ ਛੇਤੀ ਹੀ ਸੰਭਲ ਕੇ ਆਖਣ ਲੱਗੀ ਕਿ ਬੜੀ ਹੈਰਾਨਗੀ ਦੀ ਬਾਤ ਹੈ, ਮੈਂ ਤਾਂ ਸਤ ਪਦ ਨੂੰ ਪ੍ਰਾਪਤ ਹੋਈ ਸਾਂ, ਤਦ ਵੀ ਮੇਰਾ ਮਨ ਚਲਾਇਮਾਨ ਹੋ ਗਿਆ। ਜੇ ਮੇਰੀ ਇਹ ਹਾਲਤ ਹੈ, ਤਾਂ ਆਮ ਜੀਵਾਂ ਦੀ ਕੀ ਗਿਣਤੀ ਹੈ? ਫਿਰ ਜ਼ਰਾ ਅੱਗੇ ਪਹੁੰਚੀ ਤਾਂ ਇਕ ਰਮਣੀਕ ਸਰੋਵਰ ਵਿਚ ਕੰਵਲ ਦੇਖ ਕੇ ਆਖਣ ਲੱਗੀ, ਹਾਇ! ਭਰਤਾ ਕਦੋਂ ਮਿਲੇਗਾ? ਨਾਲ ਨਾਲ ਹੀ ਕਾਮਦੇਵ ਨੇ ਬਲ ਪਾਇਆ, ਪਰ ਛੇਤੀ ਹੀ ਮਨ ਨੂੰ ਧਿਕਾਰਨ ਲੱਗੀ ਕਿ ਹੇ ਦੁਸ਼ਟ! ਤੂੰ ਤਾਂ ਸੱਚ ਪਦ ਨੂੰ ਪ੍ਰਾਪਤ ਹੋਇਆ ਸੀ। ਤੇਰਾ ਭਰਤਾ ਆਤਮਾ ਹੈ, ਹੁਣ ਤੂੰ ਮਿਥਿਆ ਪਦਾਰਥਾਂ ਦੀ ਅਭਿਲਾਸ਼ਾ ਨਾ ਕਰ। ਰਾਣੀ ਨੂੰ ਇਹ ਵੀ ਪ੍ਰਤੀਤ ਆਈ ਕਿ ਜਦ ਤਕ ਦੇਹ ਨਾਲ ਹੈ, ਤਦ ਤਕ ਦੇਹ ਦੇ ਸੁਭਾਵ ਵੀ ਇਸ ਦੇ ਨਾਲ ਹੀ ਰਹਿੰਦੇ ਹਨ। ਇਸੇ ਕਰਕੇ ਮਨ ਚਲਾਇਮਾਨ ਹੋਇਆ ਸੀ।



ਰਾਣੀ ਮਘ, ਬਿਜਲੀ, ਨਦੀਆਂ ਤੇ ਪਰਬਤ ਲੰਘਦੀ ਹੋਈ, ਉਸ ਬਨ ਵਿਚ ਜਾ ਪਹੁੰਚੀ ਜਿਥੇ ਉਸ ਦਾ ਪਤੀ ਤਪ ਕਰ ਰਿਹਾ ਸੀ। ਸਮਾਧੀ ਵਿਚ ਇਸਥਿਤ ਹੋਈ ਤਾਂ ਠੀਕ ਉਹ ਅਸਥਾਨ ਵੀ ਦਿਸਿਆ ਜਿਥੇ ਉਸ ਦੀ ਕੁਟੀਆ ਸੀ। ਪਰ ਰਾਣੀ ਨੇ ਸੋਚਿਆ ਕਿ ਜੇ ਮੈਂ ਇਸ ਰੂਪ ਵਿਚ ਰਾਜੇ ਪਾਸ ਪਹੁੰਚੀ ਤਾਂ ਉਸ ਨੂੰ ਮੈਥੋਂ ਕੋਈ ਲਾਭ ਨਹੀਂ ਪਹੁੰਚੇਗਾ, ਕਿਉਂ ਜੋ ਉਸ ਨੂੰ ਇਹ ਅਭਿਮਾਨ ਹੋਵੇਗਾ ਕਿ ਇਹ ਮੇਰੀ ਇਸਤ੍ਰੀ ਹੈ ਤਾਂ ਤੇ ਮੈਂ ਬ੍ਰਹਮਚਾਰੀ ਦਾ ਰੂਪ ਧਾਰਨ ਕਰਾਂ। ਇਹ ਵਿਚਾਰ ਕੇ ਤੁਰੰਤ ਹੀ ਉਸ ਨੇ ਬ੍ਰਹਮਚਾਰੀ ਦਾ ਰੂਪ ਧਾਰਨ ਕਰ ਲਿਆ। ਹੱਥ ਵਿਚ ਰੁਦ੍ਰਾਕਸ਼ ਦੀ ਮਾਲਾ ਤੇ ਕਮੰਡਲ, ਅਰ ਮੋਢੇ ਤੇ ਮ੍ਰਿਗਛਾਲਾ ਧਾਰਨ ਕੀਤੀ, ਅਰ ਸੁੰਦਰ ਬਦਨ ਪੁਰ ਬਿਭੂਤ ਮਲ ਕੇ, ਅਤਿ ਬਾਂਕੀ ਮਨ-ਹਰਣ ਮੂਰਤੀ ਬਣ ਗਈ। ਬਸ ਇਸ ਰੂਪ ਵਿਚ ਮਸਤੀ ਨਾਲ ਹੌਲੀ ਹੌਲੀ ਤੁਰਦੀ ਹੋਈ, ਰਾਜੇ ਦੇ ਸਾਮ੍ਹਣੇ ਜਾ ਬਿਰਾਜੀ। ਬਚਿੱਤ੍ਰ ਬ੍ਰਹਮਚਾਰੀ ਦੇ ਬਚਿੱਤ੍ਰ ਰੂਪ ਪੁਰ, ਦ੍ਰਿਸ਼ਟੀ ਪੈਂਦਿਆਂ ਹੀ ਰਾਜਾ ਉਠ ਖਲੋਤਾ, ਅਰ ਨਮਸ਼ਕਾਰ ਕਰਕੇ, ਉਹਦੇ ਚਰਨਾਂ ਪੁਰ ਫੁਲ ਚੜ੍ਹਾਏ। ਫਿਰ ਆਦਰ ਸਨਮਾਨ ਨਾਲ ਬਿਠਾ ਕੇ ਪੁੱਛਣ ਲੱਗਾ ਕਿ ਹੇ ਦੇਵ ਪੁੱਤਰ! ਅੱਜ ਮੇਰੇ ਧੰਨ ਭਾਗ ਹਨ ਜੋ ਆਪ ਨੇ ਦਰਸ਼ਨ ਦਿਤੇ ਹਨ। ਕ੍ਰਿਪਾ ਕਰਕੇ ਆਪਣੇ ਆਉਣ ਦਾ ਪ੍ਰਯੋਜਨ ਦੱਸੋ? ਦੇਵ ਪੁੱਤਰ ਬੋਲਿਆ, ਹੇ ਰਾਜਨ! ਅਸਾਂ ਬੜੇ ਬੜੇ ਪਰਬਤ ਵੇਖੇ ਹਨ, ਸਾਨੂੰ ਅਨੇਕਾਂ ਤੀਰਥਾਂ ਪੁਰ, ਅਨਗਿਣਤ ਜਤੀ, ਸਤੀ ਤੇ ਤਪਸਵੀ ਮਿਲੇ ਹਨ ਪਰ ਜੈਸੀ ਭਾਵਨਾ ਤੇਰੀ ਵੇਖੀ ਹੈ, ਐਸੀ ਹੋਰ ਕਿਸੇ ਦੀ ਨਹੀਂ ਦੇਖੀ। ਤੂੰ ਬੜਾ ਤਪ ਕੀਤਾ ਹੈ, ਅਰ ਇੰਦਰੀ ਜਿੱਤ ਪ੍ਰਤੀਤ ਹੁੰਦਾ ਹੈਂ। ਮੈਂ ਜਾਣਦਾ ਹਾਂ ਕਿ ਤੇਰਾ ਤਪ ਤਲਵਾਰ ਦੀ ਧਾਰ ਵਾਂਗ ਤੇਜ਼ ਹੈ, ਤੈਨੂੰ ਨਮਸ਼ਕਾਰ ਹੈ। ਪਰ ਹੇ ਰਾਜਨ! ਆਤਮ ਯੋਗ ਦੇ ਨਮਿੱਤ ਵੀ ਕੁਝ ਤਪ ਕੀਤਾ ਹਈ ਕਿ ਨਹੀਂ? ਸੋ ਦੱਸ। ਤਾਂ ਰਾਜੇ, ਫੁਲਾਂ ਦਾ ਸੇਹਰਾ ਜੋ ਦੇਵ ਪੂਜਾ ਲਈ ਰੱਖਿਆ ਹੋਇਆ ਸੀ, ਦੇਵ ਪੁੱਤਰ ਦੇ ਗਲੇ ਪਾ ਦਿਤਾ, ਅਰ ਹੱਥ ਜੋੜ ਕੇ ਆਖਣ ਲੱਗਾ ਕਿ ਆਪ ਵਰਗਿਆਂ ਦਾ ਦਰਸ਼ਨ ਦੁਰਲੱਭ ਹੈ, ਅਰ ਅਤਿਥੀ ਦੀ ਪੂਜਾ, ਮਹਾਤਮਾ ਦੇਵ ਪੂਜਾ ਤੋਂ ਵਧੀਕ ਹੈ। ਹੇ ਦੇਵ ਪੁੱਤਰ! ਆਪ ਦੇ ਅੰਗ ਭਾਵੇਂ ਸੋਹਣੇ ਲਗਦੇ ਹਨ। ਐਸੇ ਹੀ ਸੁੰਦਰ ਅੰਗ ਮੇਰੀ ਇਸਤਰੀ ਦੇ ਸਨ। ਅੱਡੀ ਤੋਂ ਚੋਟੀ ਤਕ ਤੁਸੀਂ ਉਸੇ ਵਾਂਗ ਨਜ਼ਰ ਆਉਂਦੇ ਹੋ। ਪਰ ਆਪ ਤਪੱਸਵੀ ਹੋ, ਸ਼ਾਂਤੀ ਮੂਰਤੀ ਹੋ। ਮੈਂ ਕਿਵੇਂ ਆਖਾਂ ਕਿ ਤੁਸੀਂ ਉਹੋ ਹੀ ਹੋ। ਹੇ ਦੇਵ ਪੁੱਤਰ! ਆਪ ਕਿਸ ਦੇ ਪੁੱਤਰ ਹੋ? ਇਥੇ ਕਿਸ

ਨਮਿਤ ਆਏ ਹੋ? ਅਰ ਅੱਗੇ ਕਿਥੇ ਜਾਓਗੇ? ਮੇਰਾ ਸੰਸਾ ਨਵਿਰਤ ਕਰੋ। ਦੇਵ ਪੁੱਤਰ ਨੇ ਕਿਹਾ ਕਿ ਮੇਰਾ ਨਾਮ ਕੁੰਭਜ ਹੈ। ਮੈਂ ਨਾਰਦ ਜੀ ਦਾ ਪੁੱਤਰ ਤੇ ਬ੍ਰਹਮਾ ਜੀ ਦਾ ਪੋਤਰਾ ਹਾਂ। ਸਰਸਵਤੀ ਮੇਰੀ ਮਾਤਾ ਤੇ ਗਾਇਤ੍ਰੀ ਮੇਰੀ ਮਾਸੀ ਹੈ। ਮੈਨੂੰ ਸਰਬ ਦਾ ਗਿਆਨ ਹੈ। ਰਾਜਾ ਬੋਲਿਆ, ਮਹਾਰਾਜ! ਮੈਂ ਧੰਨ ਹਾਂ, ਜੋ ਆਪ ਨੇਂ ਦਰਸ਼ਨ ਦਿਤੇ ਹਨ। ਮੈਂ ਨਿਹਾਲ ਹੋਇਆ ਹਾਂ। ਦੇਵ ਪੁੱਤਰ ਨੇ ਕਿਹਾ ਕਿ ਜੋ ਤੂੰ ਪੁਛਿਆ ਸੀ ਸੋ ਮੈਂ ਦੱਸ ਦਿਤਾ ਹੈ। ਹੁਣ ਤੂੰ ਦੱਸ, ਜੋ ਤੂੰ ਕੌਣ ਹੈਂ? ਰਾਜਾ ਬੋਲਿਆ, ਹੇ ਦੇਵ ਪੁੱਤਰ! ਮੈਂ ਰਾਜਾ ਹਾਂ, ਸ਼ਿਖਰ ਧਵਜ ਮੇਰਾ ਨਾਮ ਹੈ। ਮੈਨੂੰ ਸੰਸਾਰ ਦੁਖਾਂ ਦੀ ਖਾਣ ਦਿਸਿਆ। ਇਸ ਲਈ ਜਨਮ ਮਰਨ ਦੇ ਗੇੜਾਂ ਤੋਂ ਛੁਟਕਾਰਾ ਪਾਉਣ ਲਈ ਮੈਂ ਰਾਜ ਭਾਗ ਤਿਆਗ ਕੇ, ਤਪੱਸਵੀ ਹੋਇਆ ਹਾਂ। ਆਪ ਜਾਣੀ ਜਾਣ ਹੋ। ਤ੍ਰਿਕਾਲਦਰਸ਼ੀ ਹੋ ਤਾਂ ਬੇਨਤੀਪੂਰਵਕ ਦਸਦਾ ਹਾਂ ਕਿ ਮੈਂ ਹਰ ਸੰਧਿਆ ਆਦਿਕ ਨਿਤਨੇਮ, ਬਿਨਾਂ ਨਾਗਾ ਕਰਦਾ ਹਾਂ, ਅਰ ਜਪ ਭੀ ਕਰਦਾ ਹਾਂ ਪਰ ਚਿੱਤ ਬਿਲਕੁਲ ਨਹੀਂ ਟਿਕਦਾ। ਇਸ ਵਿਚ ਅਨੇਕ ਪ੍ਰਕਾਰ ਦੇ ਤਰੰਗ ਹਰ ਵਕਤ ਲਗਾਤਾਰ ਉਠਦੇ ਰਹਿੰਦੇ ਹਨ ਅਰ ਸ਼ਾਂਤੀ ਨਹੀਂ ਆਉਂਦੀ। ਤਾਂ ਤੇ ਉਹ ਉਪਾਵ ਦੱਸੋ ਜਿਸ ਤੋਂ ਮੇਰੇ ਦੁਖ ਨਵਿਰਤ ਹੋਵਨ? ਹੇ ਦੇਵ ਪੁੱਤਰ! ਮੈਂ ਅਨੇਕ ਵੇਰ ਅਠਸਠ ਤੀਰਥਾਂ ਦੇ ਇਸ਼ਨਾਨ ਕੀਤੇ ਹਨ, ਦਾਨ ਵੀ ਇਤਨਾ ਕੀਤਾ ਹੈ ਕਿ ਕੋਈ ਓੜਕ ਨਹੀਂ। ਹੁਣ ਅੱਠਾਂ ਵਰ੍ਹਿਆਂ ਤੋਂ ਇਕੱਲਾ ਇਸ ਮਹਾਂ ਭਿਆਨਕ ਬਨ ਵਿਚ ਬੈਠਾ ਹਾਂ। ਜਪ ਕਰ ਕਰ ਕੇ ਸੰਘ ਸੁੱਕ ਜਾਂਦਾ ਹੈ। ਮਨ ਕਰਕੇ ਵੀ ਧਿਆਨ ਕਰਦਾ ਹਾਂ ਪਰ ਹਨ੍ਹੇਰਾ ਦਿਸਦਾ ਹੈ, ਇਸ ਵਿਚ ਲੱਭਦਾ ਕੱਖ ਨਹੀਂ।

ਦੇਵ ਪੁੱਤਰ ਬੋਲਿਆ, ਹੇ ਰਾਜ ਰਿਸ਼ੀ! ਤੂੰ ਰਾਜ ਦਾ ਤਿਆਗ ਕਰਕੇ, ਤਪ ਰੂਪੀ ਟੋਏ ਵਿਚ ਡਿੱਗ ਪਿਉਂ। ਇਹ ਤੂੰ ਕਿਉਂ ਕੀਤਾ? ਜਿਸ ਪ੍ਰਕਾਰ ਧਰਤੀ ਤੋਂ ਪੈਰ ਚੁੱਕ ਕੇ, ਫਿਰ ਧਰਤੀ ਪੁਰ ਹੀ ਰੱਖ ਦੇਈਦਾ ਹੈ, ਇਸੇ ਪ੍ਰਕਾਰ ਤੂੰ ਇਕ ਟੋਏ ਵਿਚੋਂ ਨਿਕਲ ਕੇ ਦੂਜੇ ਟੋਏ ਵਿਚ ਜਾ ਪਿਆ ਹੈਂ। ਤੂੰ ਸਤ ਨੂੰ ਜਾਨਣ ਲਈ ਘਰੋਂ ਨਿਕਲਿਆ ਸ਼ੀ, ਉਸਨੂੰ ਨਹੀਂ ਜਾਣਿਆ। ਇਥੇ ਆ ਕੇ ਤੂੰ ਇਕ ਝੁੱਗੀ ਬਣਾ ਲਈ ਹੈ, ਅਰ ਇਸ ਵਿਚ ਇਕ ਚਿੱਪੀ ਤੇ ਮਿਰਗਸ਼ਾਲਾ ਰੱਖ ਲੀਤੀ ਹੈ, ਸੋ ਇਸ ਨਾਲ ਤਾਂ ਸ਼ਾਂਤੀ ਨਹੀਂ ਹੋਣੀ। ਤੂੰ ਆਪਣੇ ਸਵਰੂਪ ਵਿਚ ਜਾਗੇਂਗਾ ਤਾਂ ਤੇਰੇ ਸਾਰੇ ਦੁੱਖ ਦੂਰ ਹੋ ਜਾਣਗੇ। ਮੈਂ ਇਕ ਵੇਰ ਬ੍ਰਹਮਾ ਜੀ ਤੋਂ ਪੁੱਛਿਆ ਸੀ ਕਿ ਦਾਦਾ ਜੀ, ਕਰਮ ਉਤਮ ਹੈ ਕਿ ਗਿਆਨ? ਤਾਂ ਉਨ੍ਹਾਂ ਦੱਸਿਆ ਸੀ ਕਿ ਗਿਆਨ ਦੀ ਪ੍ਰਾਪਤੀ



ਬਿਨਾਂ ਜਨਮ ਮਰਨ ਦਾ ਗੇੜ ਖਤਮ ਨਹੀਂ ਹੁੰਦਾ, ਇਸ ਲਈ ਗਿਆਨ ਹੀ ਪਰਮ ਸਰੇਸ਼ਟ ਪਦਾਰਥ ਹੈ, ਪਰ ਜ਼ਦ ਤੱਕ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ, ਤਦ ਤਕ ਸ੍ਰੇਸ਼ਠ ਨਿਸ਼ਕਾਮ ਕਰਮ, ਅਰਥਾਤ ਸਾਧ ਸੇਵਾ, ਅਨਾਥ, ਦਰਿਦਰੀ ਤੇ ਦੁਖੀ ਦੀ ਸਹਾਇਤਾ ਅਰ ਪਰਉਪਕਾਰ ਦੇ ਕੰਮ ਕਰਨੇ ਹੀ ਉਤਮ ਹਨ। ਰਾਜਨ, ਤੂੰ ਇਸ ਟੋਏ ਵਿਚੋਂ ਨਿਕਲ। ਜਦ ਤੱਕ ਤੈਨੂੰ ਕਰਮ ਦਾ ਅਭਿਮਾਨ ਹੈ, ਤਦ ਤੱਕ ਦੁਖ ਦੀ ਨਵਿਰਤੀ ਨਹੀਂ ਹੋਣੀ। ਤੂੰ ਵਾਸ਼ਨਾ ਰਹਿਤ ਹੋ ਕੇ ਆਪਣੇ ਸਵਰੂਪ ਵਿਚ ਜਾਗ। ਵਾਸ਼ਨਾ ਰਹਿਤ ਹੋਣ ਦਾ ਨਾਮ ਹੀ ਮੁਕਤ ਹੋਣਾ ਹੈ। ਜਿਸ ਤਰ੍ਹਾਂ ਪਵਨ ਤੋਂ ਬਿਨਾਂ ਬ੍ਰਿਛ ਸ਼ਾਂਤ ਰਹਿੰਦਾ ਹੈ, ਪਰ ਪਵਨ ਲਗਦਿਆਂ ਹੀ ਹਿੱਲਣ ਜੁੱਲਣ ਲਗ ਪੈਂਦਾ ਹੈ, ਇਸੇ ਪ੍ਰਕਾਰ ਵਾਸ਼ਨਾ ਦੇ ਨਵਿਰਤ ਹੁੰਦਿਆਂ ਹੀ ਚਿੱਤ ਟਿਕ ਜਾਂਦਾ ਹੈ, ਅਰ ਸਦਾ ਸੁਖ ਦੀ ਪ੍ਰਾਪਤੀ ਹੁੰਦੀ ਹੈ, ਪਰ ਹੇ ਰਾਜਾ, ਤੂੰ ਕੋਈ ਗੁਰੂ ਵੀ ਧਾਰਿਆ ਹੈ ਕਿ ਨਹੀਂ? ਰਾਜਾ ਬੋਲਿਆ, ਹੇ ਦੇਵ ਪੁੱਤਰ, ਤੁਸੀਂ ਹੀ ਮੇਰੇ ਪਿਤਾ ਹੋ, ਤੁਸੀਂ ਹੀ ਮੇਰੇ ਗੁਰੂ ਹੋ, ਤੁਸੀਂ ਹੀ ਮੈਨੂੰ ਕ੍ਰਿਤਾਰਥ ਕਰੋ। ਮੈਂ ਵਾਸ਼ਨਾ ਦੇ ਅਧੀਨ ਹੋ ਕੇ ਬੜਾ ਦੁਖ ਪਾਇਆ ਹੈ।

ਇਹ ਸੁਣ ਕੇ ਕੁੰਭਜ ਬੋਲਿਆ ਕਿ ਰਾਜਨ, ਜਿਸ ਪੁਰਸ਼ ਨੇ ਵੈਰਾਗ ਅਰ ਵਿਵੇਕ, (ਬਬੇਕ) ਰੂਪੀ ਦੰਦਾਂ ਨਾਲ, ਆਸਾ ਰੂਪੀ ਜੰਜੀਰ ਨੂੰ ਨਹੀਂ ਕੱਟਿਆ, ਉਸ ਨੂੰ ਸੁਖ ਪ੍ਰਾਪਤ ਨਹੀਂ ਹੋ ਸਕਦਾ। ਅਸਤਿ ਪਦਾਰਥ ਦੀ ਇਛਿਆ ਨਾ ਕਰਨੀ, ਇਹੋ ਵੈਰਾਗ ਹੈ। ਸੱਤ ਅਰ ਅਸੱਤ ਦੇ ਗਿਆਨ ਦਾ ਨਾਮ ਵਿਵੇਕ ਹੈ। ਜੋ ਦੇਸ਼, ਕਾਲ ਅਰ ਬਦਲਣਹਾਰ ਹਾਲਤਾਂ ਤੇ ਵਸਤਾਂ ਦੇ ਅਧੀਨ ਹੈ, ਉਹ ਅਸੱਤ ਹੈ। ਜੋ ਇਨ੍ਹਾਂ ਦੇ ਅਧੀਨ ਨਹੀਂ, ਉਹ ਸੱਤ ਹੈ। ਸੋ ਤੂੰ ਵਿਵੇਕ ਤੇ ਵੈਰਾਗ ਨਾਲ ਆਸ਼ਾਵਾਂ ਦੀ ਬੇੜੀ ਕੱਟ ਦੇ, ਤੇਰੇ ਦੁਖ ਦੂਰ ਹੋ ਜਾਣਗੇ। ਹੇ ਰਾਜਾ, ਤੇਰੀ ਇਸਤਰੀ ਚੁੜਾਲਾ, ਬ੍ਰਹਮਵੇਤਾ ਹੈ। ਉਹ ਗਿਆਨੀਆਂ ਵਿਚ ਸਰਬ ਸ੍ਰੇਸ਼ਠ ਤੇ ਸੱਤ ਵਕਤਾ ਹੈ। ਤੈਨੂੰ ਉਸ ਨੇ ਜੋ ਉਪਦੇਸ਼ ਕੀਤਾ ਸੀ, ਤੈਂ ਉਹ ਕਿਉਂ ਨਾ ਮੰਨਿਆ? ਦੇਖ, ਮੈਂ ਤ੍ਰਿਕਾਲ ਦਰਸ਼ੀ ਹਾਂ, ਤੇ ਸਭ ਕੁਝ ਜਾਣਦਾ ਹਾਂ। ਤੂੰ ਇਕ ਤਾਂ ਉਸ ਤੱਤਵਦਰਸ਼ੀ ਦਾ ਉਪਦੇਸ਼ ਗ੍ਰਹਿਣ ਨਾ ਕੀਤਾ, ਅਰ ਫਿਰ ਇਹ ਗਲਤੀ ਕੀਤੀ ਕਿ ਬਿਨਾਂ ਸਰਬ ਦਾ ਤਿਆਗ ਕੀਤੇ, ਤਪੱਸਵੀ ਬਣ ਬੈਠਾ। ਦੱਸ, ਇਨ੍ਹਾਂ ਗੱਲਾਂ ਦਾ ਕੀ ਉਤਰ ਦੇਵੇਂਗਾ? ਰਾਜਾ ਬੋਲਿਆ, ਹੇ ਦੇਵ ਪੁੱਤਰ! ਮੈਂ ਤਾਂ ਇਸਤਰੀ, ਪ੍ਰਿਥਵੀ, ਮੰਦਰ, ਹਾਥੀ ਆਦਿਕ ਐਸ਼ਵਰਜ ਦਾ ਪੂਰਨ ਤਿਆਗ ਕੀਤਾ ਹੈ, ਆਪ ਕਿਸ ਤਰ੍ਹਾਂ ਆਖਦੇ ਹੋ ਕਿ ਮੈਂ ਸਰਬ ਦਾ ਤਿਆਗ ਨਹੀਂ ਕੀਤਾ? ਦੇਵ ਪੁੱਤਰ ਨੇ ਕਿਹਾ, ਹੇ ਰਾਜਨ! ਤੂੰ ਕੁਝ

ਵੀ ਨਹੀਂ ਤਿਆਗਿਆ। ਦੇਖ, ਰਾਜ ਵਿਚ ਤੇਰਾ ਕੀ ਸੀ? ਜੈਸਾ ਉਹ ਪਹਿਲਾਂ ਸੀ, ਵੈਸਾ ਹੀ ਹੁਣ ਹੈ। ਇਸਤਰੀ ਭੀ ਜਿਸ ਤਰ੍ਹਾਂ ਪਹਿਲਾ ਸੀ, ਉਸੇ ਤਰ੍ਹਾਂ ਹੁਣ ਹੈ। ਹੋਰ ਪ੍ਰਿਥਵੀ, ਹਾਥੀ, ਮੰਦਰ ਆਦਿ ਜਿਸ ਤਰ੍ਹਾਂ ਪਹਿਲਾਂ ਸੀ, ਉਸੇ ਤਰ੍ਹਾਂ ਹੁਣ ਵੀ ਹਨ, ਉਨ੍ਹਾਂ ਵਿਚ ਤੇਰਾ ਕੀ ਸੀ, ਜੋ ਤੂੰ ਤਿਆਗਿਆ ਹੈ? ਤੇਰੇ ਜੰਮਣ ਤੋਂ ਪਹਿਲਾਂ ਵੀ ਨਗਰ, ਹਾਥੀ, ਘੋੜੇ, ਮੌਜੂਦ ਸਨ, ਤੇਰੇ ਮਰਨ ਮਗਰੋਂ ਵੀ ਮੌਜੂਦ ਰਹਿਣਗੇ। ਇਨ੍ਹਾਂ ਵਿਚ ਤੇਰਾ ਕੁਝ ਨਹੀਂ। ਹੇ ਰਾਜਨ! ਸਰਬ ਦਾ ਤਿਆਗ ਤਾਂ ਤੂੰ ਅਜੇ ਵੀ ਨਹੀਂ ਕੀਤਾ, ਹਾਲਾਂਕਿ ਇਥੇ ਮਲੰਗ ਹੋਇਆ ਬੈਠਾ ਹੈਂ। ਜੋ ਤੇਰਾ ਹੈ, ਸੋ ਤਿਆਗ ਕੇ ਨਿਰਦੋਖ ਪਦ ਨੂੰ ਪ੍ਰਾਪਤ ਹੋ। ਹੇ ਰਾਮ ਜੀ, ਜਦ ਕੁੰਭਜ ਇਸ ਤਰ੍ਹਾਂ ਬੋਲਿਆ, ਤਾਂ ਰਾਜਾ ਨੇ, ਜੋ ਸੂਰਬੀਰ ਅਰ ਇੰਦਰੇ ਜਿਤ ਸੀ, ਮਨ ਵਿਚ ਵਿਚਾਰਿਆ ਕਿ ਇਹ ਬਨ ਮੇਰਾ ਹੈ ਅਰ ਬ੍ਰਿਛ, ਫੁਲ, ਫਲ ਭੀ ਸਭ ਮੇਰੇ ਹਨ, ਮੈਂ ਇਨ੍ਹਾਂ ਦਾ ਤਿਆਗ ਕਰਾਂ। ਇਹ ਵਿਚਾਰ ਕੇ ਬੋਲਿਆ, ਕਿ ਹੇ ਦੇਵ ਪੁੱਤਰ! ਮੈਂ ਬਨ, ਫੁੱਲ ਫਲ ਆਦਿਕ ਦਾ ਵੀ ਤਿਆਗ ਕਰਦਾ ਹਾਂ। ਕੀ ਹੁਣ ਮੈਂ ਸਰਬ ਤਿਆਗੀ ਹੋਇਆ ਹਾਂ? ਦੇਵ ਪੁੱਤਰ ਬੋਲਿਆ, ਇਹ ਸਭ ਤੈਥੋਂ ਸੁਤੰਤਰ ਹਨ ਇਨ੍ਹਾਂ ਵਿਚ ਤੇਰਾ ਕੁਝ ਨਹੀਂ। ਜੋ ਤੇਰਾ ਹੈ, ਤਿਆਗ ਕੇ ਸੁਖੀ ਹੋ। ਤਾਂ ਰਾਜਾ ਮਿਰਗ ਛਾਲਾ, ਕੁਟੀਆ, ਕਮੰਡਲ, ਮਾਲਾ, ਸੋਟੀ ਤੇ ਆਸਣ ਦਾ ਵੀ ਤਿਆਗ ਕਰ ਕੇ ਆਖਣ ਲੱਗਾ ਕਿ ਲਉ ਹੁਣ ਤਾਂ ਮੈਂ ਸਰਬ-ਤਿਆਗੀ ਹੋ ਗਿਆ ਹਾਂ। ਪਰ ਦੇਵ ਪੁੱਤਰ ਬੋਲਿਆ, ਰਾਜਨ, ਇਨ੍ਹਾਂ ਵਿਚ ਵੀ ਤੇਰਾ ਕੁਝ ਨਹੀਂ। ਕੁਟੀਆ ਮਿਟੀ ਦੀ ਹੈ, ਕਮੰਡਲ, ਮਾਲਾ ਤੇ ਸੋਟੀ ਕਾਠ ਦੀਆਂ ਹਨ, ਆਸਣ ਭੇਡ ਦੀ ਉਨ ਦਾ ਹੈ। ਜੋ ਤੇਰਾ ਹੈ ਸੋ ਤਿਆਗ ਕੇ ਅਭੈ ਪਦ ਵਿਚ ਇਸਥਿਤ ਹੋ। ਰਾਜਾ ਬੋਲਿਆ, ਹੇ ਭਗਵਾਨ, ਹੁਣ ਤਾਂ ਮੇਰੇ ਪਾਸ ਹੋਰ ਕੁਝ ਨਹੀਂ, ਨੰਗ ਮਲੰਗ ਤੁਹਾਡੇ ਸਾਮ੍ਹਣੇ ਖੜ੍ਹਾਂ ਹਾਂ। ਕੇਵਲ ਲਹੂ ਮਾਸ ਦੀ ਦੇਹ ਹੀ ਬਾਕੀ ਹੈ। ਜੇ ਆਖੋ ਤਾਂ ਇਸ ਨੂੰ ਵੀ ਅੱਗ ਵਿਚ ਸਾੜ ਕੇ ਸਵਾਹ ਕਰ ਦਿਆਂ। ਦੱਸੋ ਹੁਣ ਮੇਰਾ ਕੀ ਰਹਿ ਗਿਆ ਹੈ, ਜੋ ਤਿਆਗਾਂ? ਇਹ ਆਖ ਕੇ ਅਗਨ ਵਲ ਦੌੜਿਆ, ਪਰ ਕੁੰਭਜ ਨੇ ਰੋਕ ਲਿਆ ਅਰ ਕਿਹਾ ਕਿ ਸਰੀਰ ਤਿਆਗਣ ਨਾਲ ਕੁਝ ਨਹੀਂ ਸੰਵਰਨਾ, ਜੋ ਸਰਬ ਦੁੱਖਾਂ ਦਾ ਕਾਰਨ ਹੈ, ਉਸ ਦਾ ਤਿਆਗ ਕਰ। ਰਾਜਾ ਬੋਲਿਆ, ਹੇ ਪਰਸ਼ੋਤਮ, ਉਹ ਕਿਹੜੀ ਸ਼ੈ ਹੈ, ਜਿਸ ਦੇ ਤਿਆਗਣ ਨਾਲ, ਬਿਰਧ ਅਵਸਥਾ ਤੇ ਮੌਤ ਦਾ ਡਰ ਨਵਿਰਤ ਹੋ ਜਾਂਦਾ ਹੈ ਅਰ ਨਿਰਵਾਨ ਪਦ ਦੀ ਪ੍ਰਾਪਤੀ ਹੁੰਦੀ ਹੈ? ਕੁੰਭਜ ਨੇ ਕਿਹਾ, ਰਾਜਨ, ਤੂੰ ਚਿੱਤ



ਦਾ ਤਿਆਗ ਕਰ। ਇਸ ਦੇ ਤਿਆਗਣ ਨਾਲ, ਤੇਰਾ ਸਰਬ ਤਿਆਗ ਸਿੱਧ ਹੋਵੇਗਾ ਅਰ ਤੂੰ ਤਿਆਗ ਰੂਪੀ ਅੰਮ੍ਰਿਤ ਦਵਾਰਾ ਅਮਰ ਹੋ ਜਾਏਂਗਾ, ਪਰ ਜਦ ਤੱਕ ਚਿੱਤ ਦਾ ਤਿਆਗ ਨਾ ਕਰੇਂਗਾ, ਤਦ ਤਕ ਜਨਮ ਮਰਨ ਦੇ ਗੇੜਾਂ ਵਿਚ ਭੰਬਲ ਭੂਸੇ ਖਾਂਦਾ ਫਿਰੇਂਗਾ। ਚਿੱਤ ਦਾ ਤਿਆਗ ਕਰਨ ਨਾਲ ਰਾਗ ਦ੍ਵੈਸ਼ ਮਿਟ ਜਾਂਦੇ ਹਨ। ਚਿੱਤ, ਮਨ, ਜੀਵ, ਅਹੰਕਾਰ, ਮਾਇਆ ਆਦਿਕ ਚਿੱਤ ਦੇ ਹੀ ਨਾਮ ਹਨ। ਅਰ ਇਸ ਦਾ ਤਿਆਗਣਾ ਇਹੋ ਹੈ ਕਿ ਇਸ ਨੂੰ ਵਸ ਕੀਤਾ ਜਾਏ। ਹੇ ਰਾਜਾ! ਆਪਣੇ ਐਸ਼ਵਰਜ ਨੂੰ ਤਿਆਗਣ, ਅਰ ਭਿਛਿਆ ਮੰਗਣ ਨਾਲ ਚਿੱਤ ਵਸ ਵਿਚ ਨਹੀਂ ਹੁੰਦਾ। ਚਿੱਤ ਤਦ ਹੀ ਵਸ ਹੁੰਦਾ ਹੈ, ਜਦ ਪੁਰਸ਼ ਵਾਸ਼ਨਾ ਰਹਿਤ ਹੋ ਜਾਏ। ਜਦ ਤਕ ਚਿੱਤ ਵਿਚ ਫੁਰਨਾ ਹੈ, ਤਦ ਤਕ ਸਰਬ ਤਿਆਗ ਸਿੱਧ ਨਹੀਂ ਹੁੰਦਾ। ਜਦ ਫੁਰਨਾ ਨਵਿਰਤ ਹੋ ਜਾਂਦਾ ਹੈ, ਤਦ ਚਿੱਤ ਦਾ ਤਿਆਗ ਹੁੰਦਾ ਹੈ। ਕਿਉਂ ਜੋ ਤਿਆਗ ਦਾ ਅਭਿਮਾਨ ਤਦ ਹੀ ਮਿਟਦਾ ਹੈ, ਜਦ ਚਿੱਤ ਫੁਰਨਾ ਰਹਿਤ ਹੋ ਜਾਏ। ਹੇ ਰਾਜਨ, ਜਦ ਤੂੰ ਵਾਸ਼ਨਾ ਰਹਿਤ ਹੋ ਜਾਏਂਗਾ, ਤਦ ਆਪਣੇ ਸਰੂਪ ਵਿਚ ਅਸਥਿਤ ਹੋਵੇਂਗਾ। ਤਦ ਜਾਣੇਂਗਾ ਕਿ ਸਭ ਦਾ ਆਤਮਾ ਮੈਂ ਹੀ ਹਾਂ, ਜਿਸ ਨੇ ਸਰਬ ਨੂੰ ਧਾਰਨ ਕੀਤਾ ਹੋਇਆ ਹੈ। ਅਰ ਭੂਤ, ਭਵਿਸ਼, ਵਰਤਮਾਨ ਵੀ ਮੇਰੇ ਹੀ ਆਸਰੇ ਹਨ। ਰਾਜਨ! ਜਿਸ ਤਰ੍ਹਾਂ ਬੀਜ ਦੇ ਸੜਨ ਨਾਲ, ਬ੍ਰਿਛ ਦਾ ਵੀ ਅਭਾਵ ਹੋ ਜਾਂਦਾ ਹੈ, ਇਕੁਰ ਹੀ ਵਾਸ਼ਨਾ ਦੇ ਅਭਾਵ ਨਾਲ ਸੰਸਾਰ ਦਾ ਵੀ ਅਭਾਵ ਹੋ ਜਾਂਦਾ ਹੈ।

ਵਸ਼ਿਸ਼ਟ ਜੀ ਬੋਲੇ, ਹੇ ਰਾਮ ਜੀ! ਜਦ ਕੁੰਭਜ ਨੇ ਰਾਜਾ ਸ਼ਿਖਰਧ੍ਵਜ ਨੂੰ ਦੱਸਿਆ ਕਿ ਚਿੱਤ ਦਾ ਤਿਆਗਣਾ ਹੀ ਸਰਬ ਦਾ ਤਿਆਗ ਕਰਨਾ ਹੈ, ਤਾਂ ਰਾਜੇ ਨੇ ਪੁਛਿਆ ਕਿ ਹੇ ਤ੍ਰਿਕਾਲ-ਦਰਸ਼ੀ, ਮੈਂ ਚਿੱਤ ਨੂੰ ਕਿਸ ਤਰ੍ਹਾਂ ਸਥਿਰ ਕਰਾਂ? ਮੈਂ ਤਾਂ ਹਰ ਪ੍ਰਕਾਰ ਦੇ ਯਤਨ ਕਰ ਚੁੱਕਾ ਹਾਂ, ਪਰ ਇਹ ਟਿਕਣ ਵਿਚ ਨਹੀਂ ਆਉਂਦਾ। ਜਿਕੁਰ ਵੱਡਾ ਮਗਰਮੱਛ ਬਾਲਕ ਤੋਂ ਕਾਬੂ ਨਹੀਂ ਆ ਸਕਦਾ, ਇਕੁਰ ਹੀ ਹੇ ਮੁਨੀਸ਼ਰ! ਚਿੱਤ ਮੈਥੋਂ ਕਾਬੂ ਨਹੀਂ ਆਉਂਦਾ। ਮੈਨੂੰ ਪਹਿਲਾਂ ਕਿਰਪਾ ਕਰਕੇ ਚਿੱਤ ਦਾ ਸਰੂਪ ਤਾਂ ਸਮਝਾਓ। ਕੁੰਭਜ ਬੋਲਿਆ, ਰਾਜਨ, ਚਿੱਤ ਦਾ ਸਰੂਪ ਵਾਸ਼ਨਾ ਹੈ। ਇਸ ਦੇ ਨਸ਼ਟ ਹੋਣ ਨਾਲ ਚਿੱਤ ਵੀ ਨਸ਼ਟ ਹੋ ਜਾਂਦਾ ਹੈ। ਡਾਲ ਦੇ ਨਾਸ਼ ਕਰਨ ਨਾਲ, ਬ੍ਰਿਛ ਨਾਸ਼ ਨਹੀਂ ਹੁੰਦਾ। ਜੜ੍ਹ ਦੇ ਨਾਸ਼ ਕਰਨ ਨਾਲ ਬ੍ਰਿਛ ਦਾ ਨਾਸ਼ ਹੁੰਦਾ ਹੈ। ਏਕਾਂਤ ਵਿਚ ਬੈਠ ਕੇ, ਸਰਬ ਚਿੰਤਨਾਂ ਤੋਂ ਰਹਿਤ ਹੋ ਕੇ, ਇਕ ਆਸਰੇ ਦਾ ਤਿਆਗ ਕਰਨਾ

ਅਰ ਦੂਜੇ ਦਾ ਅੰਗੀਕਾਰ ਕਰਨਾ ਅਰ ਇਸ ਧਿਆਨ ਵਿਚ ਇਸਥਿਤ ਹੋਣਾ ਕਿ ਮੈਂ ਐਸਾ ਤਿਆਗੀ ਹਾਂ, ਬਸ ਇਹ ਚਿੰਤਨ ਕਰਨਾ ਹੀ ਡਾਲ ਦਾ ਨਾਸ਼ ਕਰਨਾ ਹੈ। ਹੇ ਰਾਜਨ! ਇਕ ਡਾਲ ਦੇ ਨਾਸ਼ ਕਰਨ ਨਾਲ ਬ੍ਰਿਛ ਨਾਸ਼ ਨਹੀਂ ਹੁੰਦਾ, ਸਗੋਂ ਹੋਰ ਵਧੇਰੇ ਫੁਲਦਾ ਫਲਦਾ ਹੈ। ਪਰ ਜੜ੍ਹ ਦੇ ਨਾਸ਼ ਕਰਨ ਨਾਲ ਬ੍ਰਿਛ ਦਾ ਨਾਸ਼ ਹੋ ਜਾਂਦਾ ਹੈ। ਤਿਵੇਂ ਵਾਸ਼ਨਾ ਦਾ ਬੀਜ ਹਉਮੈਂ ਹੰਕਾਰ ਨਸ਼ਟ ਹੋਣ ਨਾਲ, ਚਿੱਤ ਦੇ ਸਭ ਦੇ ਸਭ ਫੁਰਨੇ ਨਸ਼ਟ ਹੋ ਜਾਂਦੇ ਹਨ। ਤਾਂ ਤੇ ਹਉਮੈਂ ਹੰਕਾਰ ਦਾ ਨਾਸ਼ ਕਰਕੇ ਸਦਾ ਸੁੱਖ ਦੀ ਪ੍ਰਾਪਤੀ ਕਰ। ਰਾਜਾ ਬੋਲਿਆ, ਹੇ ਦੇਵ ਪੁੱਤਰ! ਮੈਨੂੰ ਹੁਣ ਸਮਝ ਆਈ ਹੈ ਕਿ ਸੰਸਾਰ ਰੂਪੀ ਦੁਖਾਂ ਦੇ ਬ੍ਰਿਛ ਦਾ ਨਾਸ਼, ਇਸ ਦੀ ਜੜ੍ਹ ਕੱਟਣ ਨਾਲ ਹੁੰਦਾ ਹੈ, ਡਾਲਾਂ ਕੱਟਣ ਨਾਲ ਨਹੀਂ ਹੁੰਦਾ, ਪਰ ਮੈਂ ਤਾਂ ਹੁਣ ਤੱਕ ਚਿਰੰਕਾਲ ਤੋਂ ਡਾਲਾਂ ਹੀ ਕੱਟਦਾ ਰਿਹਾ ਹਾਂ, ਇਸੇ ਕਰਕੇ ਮੇਰੇ ਦੁਖ ਵੀ ਨਵਿਰਤ ਨਹੀਂ ਹੋਏ। ਹੁਣ ਕ੍ਰਿਪਾ ਕਰਕੇ ਇਹ ਦੱਸੋ ਕਿ ਹਉਮੈਂ ਹੰਕਾਰ ਦੀ ਉਤਪਤੀ, ਕਿਥੋਂ ਤੇ ਕਿਸ ਪ੍ਰਕਾਰ ਹੁੰਦੀ ਹੈ? ਕੁੰਭਜ ਨੇ ਉਤਰ ਦਿਤਾ ਕਿ ਤ੍ਰੈਗੁਣ ਅਤੀਤ, ਸੁਧ, ਅਫੁਰ ਚੇਤਨ ਵਿਚ, ਆਪਣੇ ਸਹਿਜ ਸੁਭਾਵ ਦੁਆਰਾ ਮੈਂ ਹਾਂ ਇਹ ਫੁਰਨਾ ਪੈਦਾ ਹੁੰਦਾ ਹੈ। ਇਹੋ ਦੇਸ਼, ਕਾਲ ਤੇ ਕਾਰਨਾਂ ਦਾ ਰਚਿਆ ਜਗਤ ਹੋ ਭਾਸਦਾ ਹੈ। ਇਸ ਵਿਚ ਹੀ ਹਰ ਪ੍ਰਕਾਰ ਦੇ ਕਾਰਨਾਂ ਦੀ ਉਤਪਾਦਕ (ਪੈਦਾ ਕਰਨ ਵਾਲੀ) ਸ਼ਕਤੀ ਮੌਜੂਦ ਹੈ ਅਰ ਇਸ ਵਿਚ ਹੀ, ਸਹਿਜ ਸੁਭਾਵ ਦੁਆਰਾ ਮੁੜ ਸ਼ੁਧ ਚੇਤਨਾ ਵਿਚ ਲੀਨ ਹੋਣ ਦੀ ਰਗ਼ਾਵਤ ਹੈ। ਬਸ ਜਦ ਅਨੰਤ ਜਨਮ ਮਰਨ ਦੇ ਗੇੜਾਂ ਮਗਰੋਂ ਹੌਲੀ ਹੌਲੀ ਇਹ ਰਗ਼ਾਵਤ ਪਰਪੱਕ ਹੋ ਜਾਂਦੀ ਹੈ ਤਾਂ ਉਹ ਸਮਾਂ ਆਉਂਦਾ ਹੈ, ਜਦ ਬ੍ਰਹਮਵੇਤਾ ਗੁਰੂ ਦੇ ਦਰਸ਼ਨ ਹੁੰਦੇ ਹਨ, ਇਸ ਦੇ ਉਪਦੇਸ਼ ਦੁਆਰਾ ਮੁੜ ਮੈਂ ਹਾਂ, ਇਹ ਫੁਰਨਾ (ਯਾਨੀ ਹਉਮੈਂ ਹੰਕਾਰ) ਨਵਿਰਤ ਹੋ ਜਾਂਦਾ ਹੈ, ਅਰ ਸ਼ੁਧ ਚੇਤਨ ਆਪਣੀ ਪਹਿਲੀ ਅਫੁਰ ਅਵਸਥਾ ਵਿਚ ਹੀ ਵਿਦਯਮਾਨ ਹੋ ਜਾਂਦਾ ਹੈ। ਹੇ ਤਿਆਗਵਾਨਾਂ ਵਿਚੋਂ ਉਤਮ! ਇਸ ਦਾ ਨਾਮ ਨਿਰਬਾਣ ਪਦ ਹੈ। ਰਾਜਾ ਬੋਲਿਆ, ਹੇ ਦੇਵ ਪੁੱਤਰ, ਬ੍ਰਹਮਵੇਤਾ ਗੁਰੂ ਕਿਸ ਪ੍ਰਕਾਰ ਆਪਣੇ ਉਪਦੇਸ ਦੁਆਰਾ ਸ਼ਿਸ਼ ਦਾ ਹਉਮੈ ਹੰਕਾਰ ਨਸ਼ਟ ਕਰਦਾ ਹੈ? ਕੁੰਭਜ ਨੇ ਉਤਰ ਦਿਤਾ ਕਿ ਜਿਸ ਪ੍ਰਕਾਰ ਸੂਰਜ ਆਪਣੀਆਂ ਕਿਰਨਾ ਦੁਆਰਾ ਅੰਧਕਾਰ ਦਾ ਨਾਸ਼ ਕਰਦਾ ਹੈ, ਜਿਕੁਰ ਪ੍ਰਕਾਸ਼ ਤੋਂ ਬਿਨਾਂ ਹੋਰ ਕਿਸੇ ਤਰੀਕੇ ਨਾਲ ਵੀ ਅਧਕਾਰ ਦਾ ਨਾਸ਼ ਹੋਣਾ ਸੰਭਵ ਨਹੀਂ, ਇਕੁਰ ਹੀ ਤਤ੍ਵ-ਦਰਸ਼ੀ ਗੁਰੂ ਤੋਂ ਬਿਨਾਂ ਜੀਵ ਦਾ ਅਗਿਆਨ ਦੂਰ ਹੋਣਾ ਅਸੰਭਵ ਹੈ। ਰਾਜੇ



ਪੁਛਿਆ, ਮਹਾਰਾਜ, ਬ੍ਰਹਮਵੇਤਾ ਤੇ ਕਥਨੀ ਗੁਰੂ ਦਾ ਫਰਕ ਕੀ ਹੈ? ਕਿਸ ਤਰ੍ਹਾਂ ਤਤ੍ਵ-ਦਰਸ਼ੀ ਦੀ ਪਛਾਣ ਹੋਵੇ? ਇਸ ਦੀ ਕੀ ਨਿਸ਼ਾਨੀ ਹੈ? ਦੇਵ ਪੁੱਤਰ ਬੋਲਿਆ, ਜੋ ਅਸਲੀ ਤੇ ਨਕਲੀ, ਸਾਂਗਧਾਰੀ ਬਾਦਸ਼ਾਹ ਵਿਚ ਫਰਕ ਹੈ, ਉਹੋ ਬ੍ਰਹਮਵੇਤਾ ਤੇ ਕਥਨੀ ਗੁਰੂ ਵਿਚ ਫਰਕ ਹੈ। ਜੋ ਨਿਸ਼ਾਨੀ ਅਸਲੀ ਬਾਦਸ਼ਾਹ ਦੀ ਹੈ, ਉਹੋ ਅਸਲੀ ਤਤ੍ਵ-ਦਰਸ਼ੀ ਗੁਰੂ ਦੀ ਵੀ ਹੈ। ਜੋ ਨਿਸ਼ਾਨੀ ਸੱਚੇ ਮਾਂਦਰੀ ਦੀ ਹੈ, ਉਹੋ ਸੱਚੇ ਤਤ੍ਵ-ਦਰਸ਼ੀ ਦੀ ਹੈ। ਜੋ ਫਰਕ ਅਸਲੀ ਹੀਰੇ ਤੇ ਕੱਚ ਵਿਚ ਹੈ, ਉਹੋ ਅਸਲ ਤੇ ਬਾਤੂਨੀ ਬ੍ਰਹਮਵੇਤਾ ਵਿਚ ਹੈ। ਜਿਸ ਪ੍ਰਕਾਰ ਤਾਜ, ਤਖਤ, ਸਭਾ, ਸਮਾਜ, ਸੈਨਾ ਸਾਮੱਗਰੀ ਤੇ ਦੇਸ਼ ਤੋਂ ਬਿਨਾਂ ਬਾਦਸ਼ਾਹ ਲਈ ਜ਼ਰੂਰੀ ਹੈ ਕਿ ਉਸ ਵਿਚ ਨਿਜ ਹੁਕਮ ਮਨੌਣ ਦਾ ਤੇਜ ਹੋਵੇ, ਇਸੇ ਪ੍ਰਕਾਰ ਭੇਸ, ਸ਼ਾਸਤਰ ਵਿਦਯਾ ਅਰ ਜਪ, ਤਪ, ਸੰਜਮ ਤੋਂ ਇਲਾਵਾ ਬ੍ਰਹਮਵੇਤਾ ਲਈ ਆਵੱਸ਼ਕ ਹੈ ਕਿ ਹਉਮੈ ਹੰਕਾਰ ਤੋਂ ਰਹਿਤ ਹੋਵੇ, ਸਮਵੇਤਾ ਤੇ ਤ੍ਰਿਭਵਨ ਤ੍ਰਿਕਾਲਦਰਸ਼ੀ ਹੋਵੇ ਅਰ ਦੇਸ਼-ਕਾਲ ਰਚਿਤ ਬਦਲਣਹਾਰ ਹਾਲਤਾਂ ਦੇ ਅਧੀਨ ਨਾ ਹੋਵੇ। ਪਰ ਸਭ ਤੋਂ ਵੱਡੀ ਸਿਫਤ ਇਹ ਜ਼ਰੂਰੀ ਹੈ ਕਿ ਜਿਸਨੂੰ ਚਾਹੇ ਆਪਣੀ ਇੱਛਾ ਦੁਆਰਾ ਹੀ ਆਪਣੇ ਵਰਗਾ ਬਨਾਣ ਦੀ ਸ਼ਕਤੀ ਰੱਖਦਾ ਹੋਵੇ। ਜਿਸ ਪ੍ਰਕਾਰ ਸੱਚੇ ਮਾਂਦਰੀ ਦੇ ਮੰਤਰ, ਵਾਚਣ ਨਾਲ ਹੀ ਤਤਕਾਲ ਕੋਈ ਪ੍ਰਭਾਵ (ਅਸਰ) ਬਾਹਰਲੀ ਦੁਨੀਆਂ ਵਿਚ ਪ੍ਰਤੀਤ ਹੁੰਦਾ ਹੈ, ਇਸੇ ਪ੍ਰਕਾਰ ਬ੍ਰਹਮ ਵੇਤਾ ਦੇ ਸ਼ਬਦ ਵਿਚ ਸ਼ਕਤੀ ਹੁੰਦੀ ਹੈ। ਜਦ ਬ੍ਰਹਮਵੇਤਾ ਸਤਿਗੁਰੂ ਸ਼ਿਸ਼ ਦੇ ਸਿਰ ਤੇ ਹੱਥ ਰਖਦਾ ਹੈ, ਯਾ ਉਸ ਦੇ ਨੇਤਰਾਂ ਨਾਲ ਆਪਣੇ ਨੇਤਰ ਮਿਲਾਂਦਾ ਹੈ ਯਾ ਕੇਵਲ ਉਸ ਦੇ ਸਾਮ੍ਹਣੇ ਹੀ ਖੜ੍ਹਾ ਹੁੰਦਾ ਹੈ, ਯਾ ਦੂਰੋਂ ਹੀ ਉਸ ਵਲ ਕ੍ਰਿਪਾ ਪੂਰਵਕ ਧਿਆਨ ਕਰਦਾ ਹੈ ਅਤੇ ਆਖਦਾ ਹੈ ਕਿ ਦੇਖ ਅਰ ਜਾਣ ਕਿ ਤੂੰ ਪੰਚ ਭੂਤਕ ਦੇਹ ਨਹੀਂ, ਤੂੰ ਮਨ ਤੇ ਇੰਦਰੀਆਂ ਨਹੀਂ, ਤੂੰ ਬੁੱਧੀ ਤੇ ਹੰਕਾਰ ਭੀ ਨਹੀਂ, ਤੂੰ ਪ੍ਰਕ੍ਰਿਤੀ ਦੀ ਸਾਮਯ ਅਵਸਥਾ ਤੋਂ ਵੱਖਰਾ ਹੈਂ, ਤੂੰ ਪੁਰਸ਼ ਹੈਂ, ਤੂੰ ਆਤਮਾ ਹੈਂ, ਤੂੰ ਨਿਰਵਿਕਾਰ ਹੈਂ, ਤੂੰ ਅਵਿਨਾਸ਼ੀ ਹੈਂ, ਤੂੰ ਸਰਵਗਯ ਹੈ, ਸਰਬ ਵਿਆਪੀ ਹੈਂ, ਤੂੰ ਈਸ਼ਵਰ ਤੋਂ ਵੀ ਉਪਰ ਸਾਖਿਅਤ ਸਵਯੰ ਬ੍ਰਹਮ ਹੈਂ। ਜਿਵੇਂ ਬਿਜਲੀ ਦੀ ਕੜਕ ਦੇ ਨਾਲ ਹੀ ਬਿਜਲੀ ਦੀ ਲਿਸ਼ਕ ਹੁੰਦੀ ਹੈ, ਇਕੁੱਰ ਹੀ ਇਹ ਮਹਾਂਵਾਕ ਉਚਾਰਨ ਦੇ ਨਾਲ ਨਾਲ ਹੀ ਤੱਤਕਾਲ ਸ਼ਿਸ਼ ਦੇ ਚਿੱਤ ਵਿਚ ਪ੍ਰੀਵਰਤਣ ਹੁੰਦਾ ਜਾਂਦਾ ਹੈ। ਉਸ ਤੋਂ ਮਾਇਆ ਦੇ ਪਰਦੇ ਹਟਦੇ ਜਾਂਦੇ ਹਨ, ਉਸ ਦੀ ਹਉਮੈਂ ਨਸ਼ਟ ਹੁੰਦੀ ਜਾਂਦੀ ਹੈ। ਉਸ ਦਾ ਚਿੱਤ ਅਫੁਰ ਹੁੰਦਾ ਜਾਂਦਾ

ਹੈ ਅਰ ਕਥਨ ਮਾਤਰ ਕਾਲ ਦੀ ਅੰਸ਼ ਵਿਚ ਜੋ ਜੀਵ ਕੁਚਲ, ਕਠੋਰ, ਕਾਮੀ ਤੇ ਕਮਜ਼ੋਰ ਜੀਵ ਹੈ, ਸਵਯੰ ਸਰਬਗਯ ਪਾਰਬ੍ਰਹਮ, ਸਤਿ ਚਿੱਤ ਅਨੰਦ ਰੂਪ ਹੋ ਜਾਂਦਾ ਹੈ। ਪਰ ਜਿਸ ਪ੍ਰਕਾਰ ਕੋਈ ਰਾਜਾ ਕੇਵਲ ਉਸ ਪੁਰਸ਼ ਨੂੰ ਕਹਿੰਦਾ ਹੈ ਤੂੰ ਮੁੱਖ ਮੰਤਰੀ ਹੋਇਆ, ਤੂੰ ਸਭਾ ਵਿਚ ਸ਼੍ਰੋਮਣੀ ਹੋਇਆ, ਤੂੰ ਪਰਜਾ ਵਿਚ ਪ੍ਰਧਾਨ ਹੋਇਆ, ਤੂੰ ਸਰਬ ਅਧਿਕਾਰੀ ਹੋਇਆ, ਜਿਸਨੂੰ ਕਿ ਉਹ ਸੱਚਮੁੱਚ ਮੁਖ ਮੰਤਰੀ, ਸਭਾ ਸ਼੍ਰੋਮਣੀ, ਪਰਜਾ ਪ੍ਰਧਾਨ ਅਤੇ ਸਰਬਾਧਿਕਾਰੀ ਬਨਾਉਣ ਦੇ ਯੋਗ ਸਮਝਦਾ ਹੈ। ਜਿਸ ਮਨੁੱਖ ਨੂੰ ਉਹ ਇਸ ਤਰ੍ਹਾਂ ਸੰਬੋਧਨ ਕਰਦਾ ਹੈ, ਉਹ ਸੱਚਮੁਚ ਉਸੇ ਵੇਲੇ ਇਨ੍ਹਾਂ ਅਧਿਕਾਰਾਂ ਦਾ ਧਨੀ ਹੋ ਜਾਂਦਾ ਹੈ, ਇਸੇ ਪ੍ਰਕਾਰ ਬ੍ਰਹਮਵੇਤਾ ਸਤਿਗੁਰੂ ਕੇਵਲ ਉਸ ਸ਼ਿਸ਼ ਨੂੰ ਉਪਰ ਲਿਖੇ ਮਹਾਂਵਾਕ ਸੁਣਾਉਂਦਾ ਹੈ। ਜਿਸਨੂੰ ਕਿ ਆਵਾਗਵਨ ਤੋਂ ਮੁਕਤ ਕਰਾਉਣਾ ਚਾਹੁੰਦਾ ਹੈ। ਜਿਸ ਤਰ੍ਹਾਂ ਮੰਗਤੇ, ਮਿਰਾਸੀ, ਪੰਡੂ ਪਰੋਹਿਤ ਅਰ ਧਾਰਮਿਕ ਅਸਥਾਨਾਂ ਦੇ ਪੁਜਾਰੀ ਹਰ ਚਾਂਦੀ ਸੋਨਾ ਦਾਨ ਕਰੇਣ ਵਾਲੇ ਸਖੀ ਨੂੰ, ਯਾ ਭੇਟਾ ਚੜ੍ਹਾਉਣ ਵਾਲੇ ਭਗਤ ਨੂੰ ਨਿਤ ਉਚ ਸਿਖਰ ਦੀਆਂ ਅਸੀਸਾਂ ਤੇ ਵਰ ਦੇਂਦੇ ਰਹਿੰਦੇ ਹਨ, ਇਕੁਰ ਦੀਆਂ ਫੋਕੀਆਂ ਅਸੀਸਾਂ ਤੇ ਨਿਪਟ ਫੋਕੇ ਵਰ ਬ੍ਰਹਮਵੇਤਾ ਸਤਿਗੁਰੂ ਕਿਸੇ ਨੂੰ ਕਦੀ ਨਹੀਂ ਦਿੰਦਾ ਅਤੇ ਨਾ ਹੀ ਉਹ ਆਪਣਾ ਪਵਿੱਤਰ ਪੀਤਾਂਬਰ ਪਸ਼ੂਆਂ ਤੇ ਪਰੇਤਾਂ ਉਪਰ ਪਾਂਦਾ ਹੈ, ਨਾ ਮਾਇਆਧਾਰੀਆਂ ਦੀ ਭੇਟ ਕਰਦਾ ਹੈ। ਹੇ ਰਾਜਨ, ਐਸਾ ਸਤਿਗੁਰੂ ਪੂਰਨ ਭਾਗਾਂ ਦੁਆਰਾ ਮਿਲਦਾ ਹੈ ਅਰ ਉਸ ਦੀਆਂ ਸਾਰੀਆਂ ਸਿਫਤਾਂ ਦਾ ਵਰਨਣ ਇੰਦਰ ਅਰ ਬ੍ਰਹਮਾ ਵੀ ਕਰਨ ਤੋਂ ਅਸਮਰੱਥ ਹਨ। ਮੈਂ ਯਥਾ ਸੰਭਵ ਤੈਨੂੰ ਉਸ ਦੇ ਸਾਧਾਰਨ ਲੱਛਣ ਦੱਸੇ ਹਨ ਤਾਂ ਜੋ ਤੇਰੀ ਕਲਿਆਣ ਹੋਵੇ।

ਇਹ ਸੁਣ ਕੇ ਰਾਜਾ ਬੋਲਿਆ ਕਿ ਹੇ ਪਤਿਤ ਪਾਵਨ, ਮੈਨੂੰ ਹੁਣ ਅਸਲੀ ਬ੍ਰਹਮਵੇਤਾ ਸਤਿਗੁਰੂ ਦੀ ਚੰਗੀ ਤਰ੍ਹਾਂ ਸਮਝ ਆ ਗਈ ਹੈ ਪਰ ਮੇਰੇ ਚਿੱਤ ਵਿਚੋਂ ਹਉਮੈਂ ਹੰਕਾਰ ਰੂਪੀ ਕਲੰਕ ਦੂਰ ਕਿਉਂ ਨਹੀਂ ਹੁੰਦਾ? ਕਿਉਂ ਮੈਨੂੰ ਬਾਰ ਬਾਰ ਇਹ ਫੁਰਨਾ ਫੁਰਦਾ ਹੈ ਕਿ ਮੈਂ ਸ਼ਿਖਰ ਪੂਜ ਰਾਜਾ ਹਾਂ? ਕੁੰਭਜ ਬੋਲਿਆ, ਹੇ ਰਾਜਨ, ਸੰਸਾਰ ਵਿਚ ਕਾਰਨ ਬਿਨਾ ਕਾਰਜ ਦੀ ਉਤਪਤੀ ਨਹੀਂ ਹੁੰਦੀ। ਜੇ ਕਾਰਨ ਤੋਂ ਬਿਨਾਂ ਕਾਰਜ ਭਾਸੇ ਤਾਂ ਜਾਣੋਂ ਕਿ ਭਰਮ ਮਾਤਰ ਤੇ ਮਿਥਿਆ ਹੈ। ਬੱਸ ਜਿਸਦਾ ਕਾਰਨ ਹੈ ਉਹ ਸਤ ਹੈ। ਜਿਸ ਦਾ ਕਾਰਨ ਨਹੀਂ ਉਹ ਅਸੱਤ ਮਿਥਿਆ ਤੇ ਭਰਮ ਮਾਤਰ ਹੈ। ਭਲਾ ਦੱਸ ਤਾਂ ਤੇਰੇ ਹੰਕਾਰ ਦਾ ਕਾਰਨ ਕੀ ਹੈ? ਫਿਰ ਮੈਂ ਤੇਰੇ ਬਾਕੀ ਪ੍ਰਸ਼ਨਾਂ ਦਾ ਉਤਰ ਦਿਆਂਗਾ। ਰਾਜਾ



ਬੋਲਿਆ, ਹੇ ਭਗਵਾਨ, ਹਉਮੈਂ ਦਾ ਕਾਰਨ ਸ਼ੁਧ ਆਤਮਾ ਹੈ। ਸ਼ੁਧ ਆਤਮਾ ਵਿਚ ਜੋ 'ਜਾਨਣਾ' ਪੈਦਾ ਹੋਇਆ ਹੋਇਆ ਹੈ, ਅਰ 'ਜਾਨਣ ਮਾਤਰ' ਵਿਚ ਜੋ ਜਾਨਣ ਦਾ ਉਠਾਓ ਉਠਣਾ ਹੈ, ਯਾਨਿ ਦ੍ਰਿਸ਼ਯ (ਵੇਖਣ ਯੋਗ, ਨਜ਼ਰ ਆਉਣ ਵਾਲੀ ਸ਼ੈ) ਦੀ ਤਰਫ ਲਗਣਾ ਹੈ, ਸੋ 'ਜਾਨਣਾ' ਰੂਪੀ ਹੁਲਾਰਾ (ਸਮਵੇਦਨ) ਹੀ ਹਉਮੈ ਹੰਕਾਰ ਦਾ ਕਾਰਨ ਹੈ। ਕੁੰਭਜ ਬੋਲਿਆ, ਰਾਜਨ ਇਸ ਜਾਨਣ ਦਾ ਕਾਰਨ ਕੀ ਹੈ? ਪਹਿਲਾਂ ਤੂੰ ਇਸ ਦਾ ਉਤਰ ਦੇਹ ਮਗਰੋਂ ਮੈਂ ਤੈਨੂੰ ਇਸ ਦੀ ਨਵਿਰਤੀ ਦਾ ਉਪਾ ਦੱਸਾਂਗਾ। ਹੇ ਰਾਜਨ ਜਿਸ ਦਾ ਕਾਰਨ ਸਤ ਹੁੰਦਾ ਹੈ, ਉਸ ਦਾ ਕਾਰਜ ਭੀ ਸਤ ਹੁੰਦਾ ਹੈ। ਅਰ ਜੇ ਕਾਰਨ ਝੂਠ ਹੋਵੇ ਤਾਂ ਉਸ ਦਾ ਕਾਰਜ ਭੀ ਝੂਠ ਹੁੰਦਾ ਹੈ। ਰਾਜੇ ਨੇ ਉਤਰ ਦਿਤਾ ਕਿ ਜਾਨਣ ਦਾ ਕਾਰਨ ਦੇਹ ਆਦਿ ਦ੍ਰਿਸ਼ਯ ਹਨ। ਕਿਉਂਕਿ 'ਜਾਨਣਾ' ਤਦ ਹੁੰਦਾ ਹੈ ਜਦ ਜਾਨਣ ਯੋਗ ਵਸਤੂ ਸਾਮ੍ਹਣੇ ਮੌਜੂਦ ਹੋਵੇ। ਜੇ ਸਾਮ੍ਹਣੇ ਵਸਤੂ ਮੌਜੂਦ ਨਾ ਹੋਵੇ ਤਾਂ 'ਜਾਨਣਾ' ਭੀ ਨਹੀਂ ਹੁੰਦਾ। ਤਾਂ ਤੇ 'ਜਾਨਣ' ਦਾ ਕਾਰਨ ਦੇਹ ਆਦਿਕ ਹੋਏ। ਕੁੰਭਜ ਬੋਲਿਆ ਕਿ ਹੇ ਰਾਜਨ, ਇਹ ਦੇਹ ਆਦਿਕ ਸਭ ਮਿਥਿਆ ਹਨ ਤੇ ਭਰਮ ਤੋਂ ਹੋਏ ਹਨ, ਇਨ੍ਹਾਂ ਦਾ ਕਾਰਨ ਤਾਂ ਕੋਈ ਨਹੀਂ। ਰਾਜਾ ਬੋਲਿਆ, ਦੇਹ ਦਾ ਕਾਰਨ ਤਾਂ ਪ੍ਰਤੱਖ ਹੈ ਕਿਉਂਕਿ ਖਾਂਦੀ ਪੀਂਦੀ ਹੈ ਅਰ ਪਿਤਾ ਤੋਂ ਇਸ ਦੀ ਉਤਪਤੀ ਹੈ। ਫਿਰ ਪ੍ਰਤੱਖ ਕਾਰਜ ਕਰਤਾ ਵੀ ਨਜ਼ਰ ਆ ਰਹੀ ਹੈ, ਆਪ ਕਿਵੇਂ ਕਹਿੰਦੇ ਹੋ ਕਿ ਇਹ ਕਾਰਨ ਤੋਂ ਬਿਨਾਂ ਹੈ ਅਰ ਮਿਥਿਆ ਹੈ? ਕੁੰਭਜ ਬੋਲਿਆ ਪਿਤਾ ਦਾ ਕਾਰਜ ਕੌਣ ਹੈ? ਪਿਤਾ ਭੀ ਮਿਥਿਆ ਹੈ? ਜਿੱਕੁਰ ਕੋਈ ਸੁਪਨੇ ਵਿਚ ਪਿਤਾ ਅਰ ਪੁੱਤਰ ਵੇਖੇ ਤਾਂ ਦੋਵੇਂ ਮਿਥਿਆ ਹੁੰਦੇ ਹਨ, ਇਸੇ ਪ੍ਰਕਾਰ ਇਹ ਪਿਤਾ ਭੀ ਮਿਥਿਆ ਹੈ। ਰਾਜਾ ਬੋਲਿਆ ਕਿ ਪਿਤਾ ਦਾ ਕਾਰਨ ਪਿਤਾਮਾ ਹੈ, ਪਰ ਪਿਤਾਮਾ ਦਾ ਕਾਰਣ ਪਰ ਪਿਤਾਮਾ। ਇਸੇ ਤਰ੍ਹਾਂ ਆਦਿ ਵਿਚ ਸਭ ਦਾ ਕਾਰਣ ਬ੍ਰਹਮਾ ਹੈ, ਕਿਉਂਕਿ ਸਭ ਦੀ ਉਤਪਤੀ ਬ੍ਰਹਮਾ ਤੋਂ ਹੋਈ ਹੈ। ਕੁੰਭਜ ਬੋਲਿਆ, ਹੇ ਰਾਜਨ, ਬ੍ਰਹਮਾ ਤੋਂ ਲੈ ਕੇ ਤੀਲੇ ਤਕ ਸਾਰੀ ਸ੍ਰਿਸ਼ਟੀ ਸੰਕਲਪ ਦੀ ਰਚੀ ਹੋਈ ਹੈ ਅਰ ਦੇਹ ਵੀ ਭਰਮ ਕਰਕੇ ਭਾਸਦੀ ਹੈ। ਜਿੱਕੁਰ ਮ੍ਰਿਗ ਤ੍ਰਿਸ਼ਨਾ ਦਾ ਜਲ ਅਰ ਸਿੱਪੀ ਵਿਚ ਰੂਪਾ ਭਰਮ ਕਰਕੇ ਭਾਸਦੇ ਹਨ, ਇਕੁੱਰ ਹੀ ਆਤਮਾ ਵਿਚ ਦੇਹ ਭਾਸਦੀ ਹੈ ਅਰ ਇਥੇ ਜੋ ਕ੍ਰਿਆ ਦ੍ਰਿਸਟੀ ਆ ਰਹੀ ਹੈ, ਉਹ ਭੀ ਸੁਪਨੇ ਦੀ ਕ੍ਰਿਆ ਵਾਂਗ ਭਰਮ ਮਾਤਰ ਹੀ ਹੈ। ਹੇ ਰਾਜਨ। ਇਹ ਸੰਸਾਰ ਤੇਰੇ ਭਰਮ ਵਿਚ ਹੀ ਹੈ, ਜਦ ਤੇਰਾ ਭਰਮ ਮਿਟ ਜਾਵੇਗਾ, ਤਦ ਕੇਵਲ ਆਤਮਾ ਹੀ

ਭਾਸੇਗਾ। ਆਤਮਾ ਅਨੰਤ ਹੈ। ਜੋ ਅਨੰਤ ਹੈ, ਉਸ ਦੀ ਦੇਸ਼, ਕਾਲ ਤੇ ਵਸਤੂ ਦੁਆਰਾ ਹੱਦਬੰਦੀ ਨਹੀਂ ਹੋ ਸਕਦੀ ਅਰ ਕਿਸੇ ਪ੍ਰਕਾਰ ਵੰਡਿਆ ਭੀ ਨਹੀਂ ਜਾ ਸਕਦਾ। ਜੋ ਸਰਬ ਦੇਸ਼, ਸਰਬ ਕਾਲ ਤੇ ਸਰਬ ਵਸਤੂ ਵਿਚ ਪੂਰਣ ਹੈ, ਉਹ ਕਾਰਣ (cause) ਤੇ ਕਾਰਜ (effect) ਵੀ ਕਿਸੇ ਦਾ ਨਹੀਂ ਹੋ ਸਕਦਾ। ਕਾਰਣ ਤਦ ਹੋਵੇ, ਜੇ ਪਹਿਲੇ ਦ੍ਵੈਤ ਹੋਵੇ ਪਰ ਆਤਮਾ ਅਦ੍ਵੈਤ ਹੈ। ਕਾਰਣ ਉਸ ਨੂੰ ਆਖਦੇ ਹਨ, ਜੋ ਕਾਰਜ ਤੋਂ ਪਹਿਲੇ ਹੋਵੇ ਅਰ ਪਿਛੋਂ ਵੀ ਉਹ ਹੀ ਹੋਵੇ। ਜਿਕੁਰ ਘੜੇ ਦਾ ਆਦਿ ਮਿਟੀ ਹੈ ਤੇ ਅੰਤ ਵੀ ਮਿਟੀ ਹੈ, ਸੋ ਮਿੱਟੀ ਕਾਰਣ ਕਹਾਉਂਦੀ ਹੈ ਪਰ ਆਤਮਾ ਵਿਚ ਨਾ ਆਦਿ ਹੈ ਨਾ ਅੰਤ, ਆਤਮਾ ਤਾਂ ਅਨੰਤ ਹੈ। ਕੋਈ ਪਦਾਰਥ ਕਿਸੇ ਹੋਰ ਦਾ ਕਾਰਣ ਤਦ ਹੁੰਦਾ ਹੈ, ਜਦ ਪਦਾਰਥ ਵਿਚ ਕੋਈ ਪ੍ਰਣਾਮ ਯਾਨਿ ਤਬਦੀਲੀ (Change, transformation) ਆਵੇ, ਪਰ ਆਤਮਾ ਅਚਯੁਤ (ਅਚੱਲ) ਸਥਿਰ ਹੈ। ਇਹ ਆਪਣੇ ਸਰੂਪ ਤੋਂ ਕਦੇ ਨਹੀਂ ਡਿੱਗਾ। ਇਸ ਵਿਚ ਕਦੇ ਕੋਈ ਤਬਦੀਲੀ ਨਹੀਂ ਆਈ। ਭੋਗਣਾ ਵੀ ਦ੍ਵੈਤ ਕਰਕੇ ਹੀ ਹੁੰਦਾ ਹੈ, ਪਰ ਆਤਮਾ ਅਦ੍ਵੈਤ ਹੈ। ਇਸ ਕਰਕੇ ਇਹ ਭੋਗ ਤੇ ਭੋਗੀ ਵੀ ਨਹੀਂ ਅਰ ਆਤਮਾ ਵਿਚ ਕ੍ਰਿਆ ਦਾ ਭੀ ਅਭਾਵ ਹੈ, ਕਿਉਂ ਜੋ ਇਹ ਸਰਬ ਵਿਆਪੀ ਹੈ, ਇਹ ਕਿਸੇ ਹੋਰ ਪਦਾਰਥ ਦਾ ਕਾਰਜ (Effect) ਵੀ ਨਹੀਂ, ਕਿਉਂ ਜੋ ਕਾਰਜ ਇੰਦਰੀਆਂ ਦਾ ਵਿਸ਼ਾ (Object) ਹੁੰਦਾ ਹੈ, ਪਰ ਆਤਮਾ ਅਵਯਕ੍ਤ ਅਸਫੁਟ ਅਪਰਕਾਸ਼ਿਤ, ਗੁਪਤ (transcendental) ਹੈ, ਇਹ ਇੰਦਰੀਆਂ ਦਾ ਵਿਸ਼ਾ ਨਹੀਂ। ਫਿਰ ਜੋ ਕਾਰਜ ਹੁੰਦਾ ਹੈ, ਉਸ ਦਾ ਕੋਈ ਕਾਰਣ ਵੀ ਹੁੰਦਾ ਹੈ, ਪਰ ਆਤਮਾ ਤੋਂ ਪਹਿਲੇ ਕੀ ਸੀ ਜੋ ਇਸ ਦਾ ਕਾਰਣ ਹੋਵੇ? ਬਸ ਇਸ ਦਾ ਕਾਰਣ ਭੀ ਕੋਈ ਨਹੀਂ। ਹੇ ਰਾਜਨ, ਐਸਾ ਨਿਤ, ਨਿਰਮਲ ਤੇ ਵਿਆਪਕ ਆਤਮਾ ਦਾ ਸਰੂਪ ਜਦੋਂ ਜਾਣੇਂਗਾ, ਜਾਣੇਂਗਾ।

ਵਸ਼ਿਸ਼ਟ ਜੀ ਬੋਲੇ, ਹੇ ਰਾਜ ਜੀ, ਕੁੰਭਜ ਦੇ ਇਹ ਬਚਨ ਸੁਣ ਕੇ ਰਾਜਾ ਸ਼ਿਖਰਧ੍ਵਜ ਕੁਝ ਚਿਰ ਚੁੱਪ ਰਿਹਾ, ਮਗਰੋਂ ਬੋਲਿਆ, ਹੇ ਆਤਮ ਦਰਸ਼ੀ, ਆਪ ਨੇ ਜਿਤਨੀ ਵਿਆਖਿਆ ਕੀਤੀ ਹੈ ਸੋ ਮੈਂ ਖੂਬ ਸਮਝ ਲਈ ਹੈ, ਪਰ ਅਜੇ ਇਕ ਪ੍ਰਸ਼ਨ ਹੋਰ ਪੁੱਛਣਾ ਬਾਕੀ ਹੈ। ਕ੍ਰਿਪਾ ਕਰਕੇ ਉਸ ਦਾ ਉਤਰ ਬਖਸ਼ੋ, ਤਾਂ ਜੋ ਮੈਂ ਦ੍ਰਿੜ੍ਹ ਇਸਥਿਤ ਹੋ ਕੇ ਵਿਚਾਰਾਂ। ਆਪ ਨੇ ਦੱਸਿਆ ਹੈ ਕਿ ਆਤਮਾ ਇਕ ਹੈ, ਅਰ ਆਕਾਸ਼ ਰੂਪ ਹੈ, ਚੇਤਨ ਮਾਤਰ ਹੈ, ਸ਼ੁਧ ਹੈ, ਪਰ ਜੇ ਐਸਾ ਹੈ ਤਾਂ ਉਸ ਵਿਚ ਦ੍ਰਿਸ਼ਟੀ, ਦਰਸ਼ਨ ਤੇ ਦ੍ਰਿਸ਼ਯ, ਇਹ ਤ੍ਰਿਪਟੀ ਕਿਥੋਂ ਉਪਜੀ ਹੈ? ਕੁੰਭਜ ਨੇ ਕਿਹਾ,



ਹੇ ਰਾਜਨ, ਇਹ ਤ੍ਰਿਪਟੀ ਭਰਮ ਕਰਕੇ ਭਾਸ ਰਹੀ ਹੈ। ਆਤਮਾ ਆਪਣੇ ਆਪ ਦਾ ਨਾਮ ਹੈ। ਭਰਮ ਦੂਰ ਹੁੰਦਿਆਂ ਹੀ ਸੰਪੂਰਨ ਵਿਸ਼ਵ ਆਪਣਾ ਆਪ ਹੀ ਪ੍ਰਤੀਤ ਹੁੰਦਾ ਹੈ। ਫਿਰ ਆਪਣੇ ਆਪ ਤੋਂ ਭਿੰਨ ਹੋਰ ਬਿਲਕੁਲ ਕੁਝ ਨਹੀਂ ਭਾਸਦਾ। ਫੁਰਨੇ ਤੋਂ ਜਗਤ ਭਾਸਦਾ ਹੈ। ਅਫੁਰ ਹੁੰਦਿਆਂ ਹੀ ਸਭ ਆਪਣਾ ਆਪ ਭਾਸਦਾ ਹੈ, ਜਿਸ ਦੇ ਮਨ ਵਿਚ ਸੰਸਾਰ ਦੀ ਭਾਵਨਾ ਹੈ ਉਸ ਨੂੰ ਦੁਖ ਭਾਸਦਾ ਹੈ। ਜਿਸ ਦੇ ਮਨ ਵਿਚ ਇਸ ਦਾ ਅਭਾਵ ਹੈ ਉਸ ਨੂੰ ਸਦਾ ਸਰਬ ਅਨੰਦ ਹੈ। ਰਾਜੇ ਨੇ ਪੁਛਿਆ, ਹੇ ਮੁਨੀਸ਼ਵਰ ਮੈਨੂੰ ਫਿਰ ਸਮਝਾਓ। ਤੁਸੀ ਆਖਦੇ ਹੋ ਕਿ ਸੰਸਾਰ ਫੁਰਨਾ ਮਾਤਰ ਹੈ, ਫੁਰਨੇ ਤੋਂ ਬਿਨਾਂ ਸੰਸਾਰ ਕੋਈ ਨਹੀਂ। ਨਾਲੇ ਆਖਦੇ ਹੋ ਕਿ ਆਤਮਾ ਸ਼ੁਧ, ਸ਼ਾਂਤ ਤੇ ਨਿਰਵਿਕਲਪ ਹੈ, ਮੈਨੂੰ ਅਤਿ ਅਸਚਰਜ ਪ੍ਰਤੀਤ ਹੁੰਦਾ ਹੈ ਕਿ ਜੇ ਠੀਕ ਆਤਮਾ ਐਸਾ ਹੀ ਹੈ ਤਾਂ ਇਸ ਵਿਚ ਫੁਰਨਾ ਕਿਥੋਂ ਆਇਆ? ਕੁੰਭਜ ਨੇ ਕਿਹਾ, ਰਾਜਨ! ਫੁਰਨਾ ਵੀ ਭਰਮ ਮਾਤਰ ਹੈ। ਅੱਗੇ ਦੱਸਿਆ ਸੀ ਕਿ ਸ਼ੁਧ ਚੇਤਨ ਵਿਚ ਸਹਿਜ ਭਾਵ ਦਵਾਰਾ ਫੁਰਨਾ ਪ੍ਰਗਟ ਹੁੰਦਾ ਹੈ ਅਰ ਇਸ ਵਿਚ ਫੁਰਨਾ ਬੰਦ ਹੋਣ ਦਾ ਵੀ ਸਹਿਜ ਭਾਵ ਮੌਜੂਦ ਹੈ। ਜਿਕੁਰ ਪਵਨ ਚਲਦੀ ਹੈ ਅਰ ਠਹਿਰ ਵੀ ਜਾਂਦੀ ਹੈ, ਇਕੁੱਰ ਹੀ ਆਤਮਾ ਦੇ ਆਸਰੇ ਫੁਰਨੇ ਦਾ ਚਮਤਕਾਰ ਪ੍ਰਗਟ ਹੁੰਦਾ ਹੈ ਅਰ ਮਿਟ ਵੀ ਜਾਂਦਾ ਹੈ। ਸੰਸਾਰ ਭਾਵਨਾ ਮਾਤਰ ਹੈ। ਜੈਸੀ ਭਾਵਨਾ ਹੁੰਦੀ ਹੈ, ਤੈਸਾ ਹੀ ਹੋ ਕੇ ਭਾਸਦਾ ਹੈ। ਜੇ ਬਿਖ 'ਚ ਅੰਮ੍ਰਿਤ ਦੀ ਭਾਵਨਾ ਦ੍ਰਿੜ੍ਹ ਹੋ ਜਾਏ ਤਾਂ ਬਿਖ ਅੰਮ੍ਰਿਤ ਭਾਸਦਾ ਹੈ। ਜੇ ਅੰਮ੍ਰਿਤ 'ਚ ਬਿਖ ਦੀ ਭਾਵਨਾ ਹੋਵੇ ਤਾਂ ਅੰਮ੍ਰਿਤ ਬਿਖ ਭਾਸਦੀ ਹੈ। ਜਿਸ ਵਸਤ ਦੀ ਭਾਵਨਾ ਦ੍ਰਿੜ੍ਹ ਹੋ ਜਾਏ, ਉਹ ਵਸਤ ਜੇ ਸਾਮ੍ਹਣੇ ਨਾ ਵੀ ਹੋਵੇ ਤਾਂ ਮੌਜੂਦ ਹੋ ਜਾਂਦੀ ਹੈ। ਤਾਂ ਤੇ ਸੰਸਾਰ ਭਾਵਨਾ ਮਾਤਰ ਹੈ ਤੇ ਮਿਥਿਆ ਹੈ। ਹੇ ਰਾਜਨ, ਆਤਮਾ ਤੋਂ ਅੱਡ ਕੁਝ ਨਹੀਂ। 'ਮੈਂ' 'ਤੂੰ' ਵੀ ਸਭ ਆਤਮਾ ਦੇ ਆਸਰੇ ਹੀ ਹਨ। ਜਿਕਰ ਸੋਨੇ ਦੇ ਜ਼ੇਵਰ ਸੋਨੇ ਦੇ ਆਸਰੇ ਹਨ, ਜਿਕੁਰ ਘਰ, ਮੰਦਰ, ਮਹਿਲ, ਮਾੜੀਆਂ ਸਭ ਮਿਥਿਆ ਹਨ ਅਰ ਇਨ੍ਹਾਂ ਦਾ ਆਦਿ ਅੰਤ ਆਕਾਸ਼ ਹੈ, ਇਸੇ ਪ੍ਰਕਾਰ ਸਭ ਦਾ ਆਦਿ ਮਧ ਤੇ ਅੰਤ ਇਕ ਆਤਮਾ ਹੀ ਸਾਰ ਹੈ। ਜਦ ਪਹਿਲਾਂ ਤੂੰ ਪੰਜ ਇੰਦਰੀਆਂ ਤੇ ਮਨ ਤੋਂ ਰਹਿਤ ਹੋ ਕੇ ਆਪਣੇ ਆਪ ਨੂੰ ਵੇਖੇਂਗਾ ਤਾਂ ਫਿਰ ਇਨ੍ਹਾਂ ਦੇ ਨਾਲ ਵੀ ਤੈਨੂੰ ਸਭ ਚੇਤਨ ਮਾਤਰ ਹੀ ਦਿਸੇਗਾ। ਫਿਰ ਸੰਸਾਰ ਦਾ ਸ਼ਬਦ ਤੇ ਅਰਥ ਤੇਰੇ ਹਿਰਦੇ ਵਿਚੋਂ ਮੂਲੋਂ ਹੀ ਦੂਰ ਹੋ ਜਾਵੇਗਾ। ਸ਼ਬਦ ਇਹ ਕਿ ਸੰਸਾਰ ਹੈ ਤੇ ਅਰਥ ਇਹ ਕਿ ਸੰਸਾਰ ਨੂੰ ਸੱਤ ਜਾਣਨਾ। ਹੇ

ਰਾਜਨ! ਜੋ ਜਨਮਦਾ ਹੈ ਸੋ ਮਰਦਾ ਵੀ ਹੈ ਤੇ ਜੋ ਮਰਦਾ ਹੈ ਸੋ ਜਨਮਦਾ ਵੀ ਹੈ। ਪਰ ਆਤਮਾ ਸਭ ਦਾ ਆਦਿ ਹੈ। ਅਜਨਮਾ ਤੇ ਨਿਰਵਿਕਾਰ ਹੈ, ਤੂੰ ਇਸ ਵਿਚ ਇਸਥਿਤ ਹੋ, ਤਾਂ ਜੋ ਤੇਰਾ ਸੰਸਾਰ ਨਿਵਿਰਤ ਹੋ ਜਾਏ। ਸੰਸਾਰ ਇਸ ਲਈ ਭਾਸ ਰਿਹਾ ਹੈ ਕਿ ਤੈਨੂੰ ਆਪਣੇ ਸਰੂਪ ਦਾ ਗਿਆਨ ਨਹੀਂ। ਜਾਂ ਸਰੂਪ 'ਚ ਇਸਥਿਤ ਹੋ ਕੇ ਵੇਖੇਂਗਾ ਤਾਂ ਤੈਨੂੰ ਸੰਸਾਰ ਨਾ ਭਾਸੇਗਾ। ਇਹ ਵੀ ਨਾ ਭਾਸੇਗਾ ਕਿ ਅੱਗੇ ਸੀ ਤੇ ਹੁਣ ਨਵਿਰਤ ਹੋ ਗਿਆ ਹੈ, ਫਿਰ ਤਾਂ ਇਕ ਰਸ ਆਤਮਾ ਹੀ ਭਾਸੇਗਾ, ਅਰ ਕੇਵਲ ਸ਼ੂਨ (ਸੁੰਨ) ਆਕਾਸ਼ ਪ੍ਰਤੀਤ ਹੋਵੇਗਾ। ਸੰਸਾਰ ਤੋਂ ਰਹਿਤ ਹੋਣ ਨੂੰ ਸ਼ੂਨ (ਸੁੰਨ) ਆਖਦੇ ਹਨ। ਚੇਤਨ ਸਰੂਪ ਭਾਂਤਿ ਭਾਂਤਿ ਦਾ ਹੋ ਕੇ ਵੀ ਚੇਤਨ ਹੀ ਹੈ ਤੇ ਇਕ ਵੀ ਚੇਤਨ ਹੀ ਹੈ। ਦ੍ਵੈਤ ਰੂਪ ਵੀ ਚੇਤਨ ਹੀ ਹੈ ਤੇ ਅਦ੍ਵੈਤ ਵੀ ਚੇਤਨ ਹੀ ਹੈ। ਬਸ, ਇਸ ਪ੍ਰਕਾਰ ਸਭ ਬ੍ਰਹਮ ਹੀ ਦਿਸੇਗਾ, ਹੋਰ ਕੁਝ ਨਾ ਦਿਸੇਗਾ। ਹੇ ਰਾਜਨ, ਜਿਕੁਰ ਆਕਾਸ਼ ਵਿਚ ਨੀਲਾਪਨ, ਸੋਨੇ ਵਿਚ ਜ਼ੇਵਰ ਤੇ ਹਵਾ ਵਿਚ ਹਰਕਤ ਸਭ ਕਥਨ ਮਾਤਰ ਹਨ, ਇਕੁੱਰ ਹੀ ਆਤਮਾ ਵਿਚ ਸ੍ਰਿਸ਼ਟੀ ਭਰਮ ਹੈ। ਆਤਮਾ ਵਿਚ ਆਖਣਾ ਠੀਕ ਨਹੀਂ, ਕੇਵਲ ਸਮਝੌਣ ਦੇ ਨਮਿਤ ਕਿਹਾ ਹੈ। ਜਦ ਭਰਮ ਮਿਟ ਜਾਂਦਾ ਹੈ ਤਦ ਜਗਤ ਦਾ ਸ਼ਬਦ (ਅਸਤਿਤ੍ਵ) ਹਰ ਪਾਸਿਓਂ ਸ਼ਾਂਤ ਹੋ ਜਾਂਦਾ ਹੈ, ਅਰ ਸ਼ਬਦ ਦੇ ਅਰਥ ਦੀ ਭਾਵਨਾਂ ਤੋਂ ਜੋ ਚੇਸ਼ਟਾ ਹੁੰਦੀ ਹੈ, ਉਸ ਤੋਂ ਜਦ ਅਭਿਲਾਸ਼ਾ ਨਿਵਿਰਤ ਹੋ ਜਾਂਦੀ ਹੈ ਤਾਂ ਦੁਖ ਦੀ ਨਵਿਰਤੀ ਹੋ ਜਾਂਦੀ ਹੈ। ਬੱਸ, ਉਸ ਨੂੰ ਮੁਨੀਸ਼ਵਰ ਲੋਕ ਨਿਰਵਾਣ ਪਦ ਆਖਦੇ ਹਨ। ਜਿਸ ਨੂੰ ਨਿਰਵਾਣ ਪਦ ਪ੍ਰਾਪਤ ਹੁੰਦਾ ਹੈ ਉਹ ਸ਼ਾਂਤ ਰੂਪ ਸੁੰਨ ਵਿਚ ਇਸਥਿਤ ਹੁੰਦਾ ਹੈ। ਹੇ ਰਾਜਨ, ਇਕ ਛਿਨ ਭਰ ਆਤਮਾ ਦੇ ਸਾਖਸ਼ਾਤ ਹੁੰਦਿਆਂ ਹੀ ਸ੍ਰਿਸ਼ਟੀ ਦਾ ਨਿਸ਼ਾਨ ਵੀ ਬਾਕੀ ਨਹੀਂ ਰਹਿੰਦਾ। ਬਸ, ਗਿਆਨ ਹੀ ਮਹਾਂ ਪਰਲੋ ਹੈ। ਅਗਿਆਨ ਕਾਲ ਵਿਚ ਜੋ ਦ੍ਰਿਸ਼ਟ ਆਉਂਦਾ ਹੈ, ਸੋ ਮਿਥਿਆ ਹੈ। ਕ੍ਰਿਆ ਵੀ ਮਿਥਿਆ ਹੈ ਤੇ ਉਸ ਦਾ ਭਾਨ ਹੋਣਾ ਵੀ ਮਿਥਿਆ ਹੈ। ਜਿਕੁਰ ਸੁਪਨੇ ਦੀ ਕ੍ਰਿਆ ਵੀ ਮਿਥਿਆ ਹੈ ਤੇ ਉਸ ਦਾ ਭਾਨ ਹੋਣਾ ਵੀ ਮਿਥਿਆ ਹੈ ਤਿੱਕੁਰ ਹੀ ਜਾਗਰਤ ਸੰਸਾਰ ਸੁਪਨਾ ਮਾਤਰ ਹੈ, ਅਰ ਬਿਨਾਂ ਕਾਰਣ ਹੀ ਭਾਸਦਾ ਹੈ। ਇਸ ਦਾ ਕਾਰਣ ਅਗਿਆਨ ਹੈ। ਅਗਿਆਨ ਇਹ ਕਿ ਆਪਣੇ ਆਪ ਨੂੰ ਨਾ ਜਾਨਣਾ। ਜਿੱਕੁਰ ਸੁਪਨੇ ਦੀ ਸ੍ਰਿਸ਼ਟੀ ਸੁਪਨੇ ਵਿਚ ਆਪਣੇ ਤੋਂ ਬਾਹਰ ਭਾਸਦੀ ਹੈ ਪਰ ਜਾਗਰਤ ਹੁੰਦਿਆਂ ਹੀ ਉਸ ਦਾ ਅਭਾਵ ਹੋ ਜਾਂਦਾ ਹੈ ਤੇ ਇਹ ਨਿਸਚਾ ਪੱਕਾ ਹੋ ਜਾਂਦਾ ਹੈ ਕਿ



ਮੈਂ ਹੀ ਮੈਂ ਹਾਂ, ਮੇਰੇ ਬਿਨਾਂ ਹੋਰ ਕੁਝ ਨਾ ਸੀ। ਇਸੇ ਪ੍ਰਕਾਰ ਆਤਮ ਗਿਆਨ ਹੁੰਦਿਆਂ ਹੀ ਇਹ ਅਨੁਭਵ ਹੁੰਦਾ ਹੈ ਕਿ ਬਿਨਾਂ ਆਤਮਾ ਦੇ ਹੋਰ ਕੁਝ ਨਹੀਂ।

ਰਾਜਾ ਬੋਲਿਆ, ਹੇ, ਸਿੱਧੇਸ਼ਵਰ! ਆਤਮ ਗਿਆਨੀ ਦੀ ਇਸ ਜੀਵਨ ਕਾਲ ਵਿਚ ਸਾਧਾਰਨ ਵਰਤੋਂ ਕਿਸ ਪ੍ਰਕਾਰ ਦੀ ਹੁੰਦੀ ਹੈ? ਕਿਉਂ ਜੋ ਅਗਿਆਨੀ ਦਾ ਤਾਂ ਚਿੱਤ ਨਾਲ ਸਬੰਧ ਹੈ, ਪਰ ਗਿਆਨੀ ਜੋ ਨਿਜ ਸਰੂਪ ਵਿਚ ਇਸਥਿਤ ਹੋਇਆ ਹੈ, ਉਹ ਚਿੱਤ ਦੇ ਸਬੰਧ ਤੋਂ ਰਹਿਤ ਹੋ ਚੁੱਕਾ ਹੈ। ਸੋ ਕ੍ਰਿਪਾ ਕਰਕੇ ਦੱਸ ਕਿ ਜੀਵਨ ਮੁਕਤ ਦਸ਼ਾ ਵਿਚ ਗਿਆਨੀ ਦੀ ਵਰਤੋਂ ਅਗਿਆਨੀ ਤੋਂ ਕਿਹੜੀਆਂ ਗੱਲਾਂ ਵਿਚ ਨਿਰਾਲੀ ਹੁੰਦੀ ਹੈ? ਕੁੰਭਜ ਬੋਲਿਆ, ਰਾਜਨ! ਇਸ ਦਾ ਉੱਤਰ ਅਤਿ ਸੁਖਾਲਾ ਹੈ। ਜਿਸ ਪ੍ਰਕਾਰ ਹਨ੍ਹੇਰੇ ਵਿਚ ਮਨੁਖ ਚੰਗਾ ਭਲਾ ਸੁਜਾਖਾ ਹੁੰਦਾ ਹੋਇਆ ਵੀ ਸ੍ਰਿਸ਼ਟੀ ਦਾ ਕੋਈ ਲਾਭ ਨਹੀਂ ਉਠਾ ਸਕਦਾ, ਇਸੇ ਪ੍ਰਕਾਰ ਆਤਮ ਪ੍ਰਕਾਸ਼ ਦੇ ਅਭਾਵ ਵਿਚ ਤ੍ਰਿਗੁਣਾਤਮਕ ਬੁੱਧੀ ਅਰ ਵਿਦਿਆ ਦਾ ਬਿਲਕੁਲ ਕੋਈ ਲਾਭ ਨਹੀਂ ਪਹੁੰਚਦਾ। ਜਿਸ ਪ੍ਰਕਾਰ ਹਨ੍ਹੇਰੇ ਵਿਚ ਅੰਨ੍ਹਾਂ ਤੇ ਸੁਜਾਖਾ ਦੋਵੇਂ ਇਕੋ ਜਿਹੇ ਠੇਡੇ ਖਾਂਦੇ ਹਨ ਅਰ ਟੋਇਆਂ ਵਿਚ ਡਿਗਦੇ ਫਿਰਦੇ ਹਨ, ਇਸੇ ਪ੍ਰਕਾਰ ਵਿਵੇਕ (ਬਿਬੇਕ) ਬੁੱਧੀ ਦੇ ਚਾਨਣੇ ਤੋਂ ਬਿਨ੍ਹਾਂ ਮਹਾਂ ਮੂੜ੍ਹ ਅਨਪੜ੍ਹ ਅਰ ਮਹਾਂਚਤੁਰ ਵਿਦਵਾਨ ਦੋਵੇਂ ਇਕੋ ਜਿਹੇ ਹੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਭੈ, ਲੱਜਾ, ਸ਼ੰਕਾ ਤੇ ਈਰਖਾ ਦੇ ਅਥਾਹ ਸਾਗਰ ਵਿਚ ਗੋਤੇ ਖਾ ਰਹੇ ਹਨ, ਦੋਹਾਂ ਦੀ ਦਸ਼ਾ ਅਤਿ ਤਰਸਯੋਗ ਹੈ। ਹਰ ਰੋਜ਼ ਵੇਖਦੇ ਹਾਂ ਕਿ ਮਹਾਂ ਵਿਦਵਾਨ ਉਨ੍ਹਾਂ ਹੀ ਦੁਰਾਚਾਰਾਂ ਨਾਲ ਆਪਣੇ ਆਪ ਨੂੰ ਭ੍ਰਿਸ਼ਟ ਕਰ ਰਹੇ ਹਨ, ਜਿਨ੍ਹਾਂ ਨਾਲ ਅਨਪੜ੍ਹ ਤੇ ਮਹਾਂ ਮੂਰਖ ਕਰਦੇ ਹਨ, ਇਸੇ ਕਰਕੇ ਦੁਖ ਸੁਖ ਵੀ ਦੋਵੇਂ ਹੀ ਬਰਾਬਰ ਭੋਗ ਰਹੇ ਹਨ। ਹੇ ਰਾਜਨ, ਤੱਤਵ ਗਿਆਨੀ ਹਰ ਵੇਲੇ, ਹਰ ਜਗ੍ਹਾ, ਹਰ ਹਾਲਾਤ ਵਿਚ ਇਕੋ ਜਿਹਾ ਰਹਿੰਦਾ ਹੈ। ਉਸ ਪਰ ਨਿਜ ਦੁਖ ਸੁਖ ਦੇ ਕਾਰਨਾਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ, ਕਿਉਂ ਜੋ ਉਸ ਦੀ ਹਉਮੈਂ ਨਿਵਿਰਤ ਹੋ ਚੁੱਕੀ ਹੁੰਦੀ ਹੈ। ਹਉਮੈਂ ਤੋਂ ਬਿਨਾਂ ਨਿਜ ਦੁਖ ਸੁਖ ਦਾ ਅਨੁਭਵ ਹੋਣਾ ਅਸੰਭਵ ਹੈ। ਤੱਤ ਦਰਸ਼ੀ ਕੋਈ ਵੀ ਕਰਮ ਹਉਮੈ ਦੇ ਹੁਲਾਰੇ ਨਾਲ ਕਦੇ ਨਹੀਂ ਕਰਦਾ। ਉਸ ਦੀ ਕ੍ਰਿਆ ਕੇਵਲ ਪਰਉਪਕਾਰ ਦੇ ਨਮਿਤ ਹੁੰਦੀ ਹੈ, ਉਹ ਭੁੱਲਣਹਾਰ ਜੀਵਾਂ ਦੀ ਕੋਟੀ ਵਿਚੋਂ ਨਿਕਲ ਕੇ ਅਭੁੱਲ ਕਰਤਾਰ ਦੀ ਕੋਟੀ ਵਿਚ ਪ੍ਰਵੇਸ਼ ਕਰ ਜਾਂਦਾ ਹੈ, ਇਸ ਲਈ ਉਸ ਤੋਂ ਜੋ ਵੀ ਹੁੰਦਾ ਹੈ, ਚੰਗਾ ਹੀ ਹੁੰਦਾ ਹੈ। ਉਹ ਲੋਕਾਂ ਦੇ

ਦੁਖ ਵਿਚ ਦੁਖ ਅਤੇ ਲੋਕਾਂ ਦੇ ਸੁੱਖ ਵਿਚ ਸੁਖ ਮਹਿਸੂਸ ਕਰਦਾ ਹੈ। ਸੰਸਾਰ ਦੇ ਕਿਸੇ ਪਦਾਰਥ ਪਰ ਜੋ ਉਸ ਦੀ ਮਲਕੀਅਤ ਹੁੰਦੀ ਹੈ, ਤਾਂ ਉਹ ਵੀ ਕੇਵਲ ਪਰਉਪਕਾਰ ਦੀ ਖਾਤਰ ਹੁੰਦੀ ਹੈ, ਮੇਰ ਜਮੋਣ ਲਈ ਨਹੀਂ ਅਰ ਜੇ ਕਿਸੇ ਪਦਾਰਥ ਤੋਂ ਉਸ ਦੀ ਮਲਕੀਅਤ ਹਟਣ ਨਾਲ ਸੰਸਾਰ ਦਾ ਭਲਾ ਹੁੰਦਾ ਹੋਵੇ, ਤਾਂ ਉਹ ਤੱਤਕਾਲ ਉਸ ਤੋਂ ਆਪਣੀ ਮਲਕੀਅਤ ਹਟਾ ਲੈਂਦਾ ਹੈ। ਉਹ ਖਾਂਦਾ, ਪੀਂਦਾ, ਪਹਿਨਦਾ, ਸੌਂਦਾ, ਜਾਗਦਾ ਜ਼ਰੂਰ ਹੈ, ਪਰ ਇਹਨਾਂ ਹਾਲਤਾਂ ਵਿਚ ਅਗਿਆਨੀ ਵਾਂਗ ਆਪਣੇ ਸਰੂਪ ਤੋਂ ਪਤਿਤ ਨਹੀਂ ਹੁੰਦਾ, ਜੇ ਉਹ ਪਤੀ ਪਤਨੀ ਸਬੰਧ ਵਿਚ ਪਰਵਿਰਤ ਹੁੰਦਾ ਹੈ, ਤਾਂ ਕਾਮ (Lust) ਦੇ ਅਧੀਨ ਹੋ ਕੇ ਨਹੀਂ। ਜੇ ਦੋਸ਼ੀਆ ਨੂੰ ਦੰਡ ਦੇਂਦਾ ਹੈ ਤਾਂ ਕਰੋਧ ਕਰ ਕੇ ਨਹੀਂ, ਜੇ ਬਿਰਹੋਂ ਵਿਚ ਵਿਆਕੁਲ ਹੁੰਦਾ ਹੈ, ਤਾਂ ਮੋਹ ਨਾਲ ਨਹੀਂ। ਜੇ ਸ਼ਕਤੀ ਪ੍ਰਕਾਸ਼ਤ ਕਰਦਾ ਹੈ ਤਾਂ ਹੰਕਾਰ ਦੁਆਰਾ ਨਹੀਂ, ਉਹ ਇਹਨਾਂ ਤੋਂ ਇਸ ਪ੍ਰਕਾਰ ਦੀਆਂ ਹੋਰ ਵੀ ਸਭ ਹਾਲਤਾਂ ਵਿਚ ਅਡੋਲ ਸਾਕਸ਼ੀ ਰਹਿੰਦਾ ਹੈ, ਉਹ ਨਿਰਭਉ ਤੇ ਨਿਰਵੈਰ ਹੁੰਦਾ ਹੈ। ਜਗਤ ਦਿਆਂ ਚੰਗਿਆਂ ਮੰਦਿਆਂ ਵਿਚ ਕਿਰਮ, ਕੀਟ ਤੇ ਪਸ਼ੂ ਪੰਛੀਆਂ ਵਿਚ ਵੀ ਸਦਾ ਇਕ ਰਸ, ਤੇਜਮਈ, ਪਰਮ ਪਰਸਾਦ ਰੂਪ ਹੋ ਕੇ ਵਿਚਰਦਾ ਹੈ।

ਵਸ਼ਿਸ਼ਟ ਜੀ ਬੋਲੇ, ਹੇ ਰਾਮ ਜੀ, ਤੱਤਵਦਰਸ਼ੀ ਨਿਰੂਪਨ ਸੁਣਦਿਆਂ-ਸੁਣਦਿਆਂ ਰਾਜਾ ਸ਼ਾਂਤ ਚਿੱਤ ਹੋ ਗਿਆ ਅਰ ਕੁੰਭਜ ਦੇ ਚਰਨਾਂ ਵਿਚ ਸੀਸ ਧਰ ਕੇ ਆਖਣ ਲੱਗਾ, ਮੇਰੀ ਪੂਰਨ ਸੰਕਾ ਨਿਵਿਰਤ ਹੋਈ ਹੈ। ਮੈਂ ਵਾਸ਼ਨਾਂ ਦੀਆਂ ਅੰਨ੍ਹੀਆਂ ਹਨੇਰੀਆਂ ਤੇ ਮਹਾਂ ਪਰਬਲ ਘੁੰਮਣ ਘੇਰੀਆਂ ਦੁਆਰਾ ਵੀ ਹਿੱਲਣ ਜੋਗਾ ਨਹੀਂ ਰਿਹਾ। ਮੇਰੇ ਮਨ ਦੇ ਸੰਕਲਪ ਰੂਪੀ ਥੰਭ ਟੁੱਟ ਗਏ ਹਨ। ਮੈਂ ਹੁਣ ਨਿਜ ਘਰ ਦੀ ਬਿਸਰਾਮ ਗੁਫਾ ਵਿਚ ਆਸਣ ਜਮਾਵਾਂਗਾ। ਮੈਨੂੰ ਨਿਜ ਘਰ ਆਤਮਾ ਤੋਂ ਬਿਨਾਂ ਹੋਰ ਕੋਈ ਟਿਕਾਣਾ ਨਹੀਂ ਦਿਸਦਾ। ਮੈਂ ਕਿਥੇ ਜਾਵਾਂ ਤੇ ਕਿਥੇ ਨਾ ਜਾਵਾਂ? ਮੈਂ ਬ੍ਰਹਿਮੰਡ ਨੂੰ ਸਰਵਥਾ ਤਿਆਗ ਕੇ ਹੁਣ ਸਦਾ ਪਿੰਡ ਵਿਚ ਹੀ ਵਸਾਂਗਾ। ਕੁੰਭਜ ਨੇ ਰਾਜੇ ਦਾ ਸਿਰ ਆਪਣੇ ਹੱਥਾਂ ਨਾਲ ਚੁੱਕ ਕੇ ਉਪਰ ਕੀਤਾ, ਅਰ ਉਸ ਵਲ ਦਿਬਯ ਪ੍ਰੇਮ ਨਾਲ ਵੇਖਿਆ ਅਰ ਕਿਹਾ ਕਿ ਰਾਜਨ, ਮੈਂ ਹੁਣ ਜਾਂਦਾ ਹਾਂ ਤੇ ਫਿਰ ਕਦੇ ਆਵਾਂਗਾ। ਤੂੰ ਜੋ ਸੁਣਿਆ ਤੇ ਮੰਨਿਆ ਹੈ ਉਸਦਾ ਨਿਧਿਆਸਨ ਕਰ। ਤੂੰ ਤੱਤ ਵਿਚਾਰ ਰੂਪੀ ਅੰਮ੍ਰਿਤ ਸਰੋਵਰ ਦੇ ਕੰਢੇ ਖੜ੍ਹਾ ਹੈਂ, ਤੂੰ ਇਸ ਵਿਚ ਇਸ਼ਨਾਨ ਕਰਕੇ ਮਾਇਆ ਦੀ ਮੈਲ ਦੂਰ ਕਰ ਕੇ ਹਰਿਮੰਦਰ ਵਿਚ ਪ੍ਰਵੇਸ਼ ਕਰ। ਉਥੇ ਵਿਸਮਾਦ ਰਾਗ ਵਿਚ ਅਤੀਤ ਸ਼ਬਦ ਦਾ



ਨਿਰਵਾਣ ਕੀਰਤਨ ਹੁੰਦਾ ਹੈ, ਤੂੰ ਉਸ ਨੂੰ ਸੁਣ ਕੇ ਨਿਹਾਲ ਹੋ? ਇਹ ਉਪਦੇਸ਼ ਤੇ ਅਸੀਸ ਦੇ ਕੇ ਕੁੰਭਜ ਅਲੋਪ ਹੋ ਗਿਆ ਅਰ ਰਾਜਾ ਧਿਆਨ ਵਿਚ ਮਗਨ ਹੋਇਆ। ਕੁੰਭਜ ਨੇ ਵੇਖਿਆ ਕਿ ਰਾਜਾ ਹੁਣ ਜਪ ਤਪ ਸੰਜਮ ਆਦਿਕ ਸਾਧਨਾ ਦੀਆਂ ਘਾਟੀਆਂ ਟੱਪ ਕੇ ਅਨੁਭਵ ਨਗਰ ਦੇ ਕੋਟ ਸਮੀਪ ਆਣ ਪੁੱਜਾ ਹੈ। ਹੁਣ ਦੇਵ ਨਿਯਮ ਅਨੁਸਾਰ ਜ਼ਰੂਰੀ ਹੈ ਪ੍ਰਬੰਧ ਵਾਕ ਸੁਣਨ ਤੋਂ ਪਹਿਲੇ ਇਸ ਦੀ ਕਰੜੀ ਪ੍ਰੀਖਿਆ ਕਰਕੇ ਵੇਖਾਂ ਕਿ ਇਸ ਤੇ ਮਾਯਕ ਚਮਤਕਾਰਾਂ ਦਾ ਪ੍ਰਭਾਵ ਪੈਂਦਾ ਹੈ ਕਿ ਨਹੀਂ? ਇਹ ਵਿਚਾਰ ਕੇ ਕੁਝ ਦਿਨ ਮਗਰੋਂ ਕੁੰਭਜ ਨੇ ਦੇਵ ਪੁਤਰੀ ਦਾ ਰੂਪ ਧਾਰਿਆ ਅਰ ਰਾਜੇ ਪਾਸ ਪਹੁੰਚਿਆ। ਰਾਜਾ ਅਚਲ ਧਿਆਨ ਵਿਚ ਇਸਥਿਤ ਸੀ, ਕੁੰਭਜ ਇਹ ਵੇਖ ਕੇ ਅਤਿ ਪ੍ਰਸੰਨ ਹੋਇਆ, ਪਰ ਰਾਜੇ ਨੂੰ ਕੁੰਭਜ ਦੇ ਆਉਣ ਦਾ ਕੁਝ ਪਤਾ ਨਾ ਲੱਗਾ। ਜਦ ਕਿੰਨੀ ਹੀ ਦੇਰ ਹੋ ਗਈ ਅਰ ਰਾਜਾ ਬਾਹਿਰ ਮੁਖੀ ਨਾ ਹੋਇਆ ਤਾਂ ਦੇਵ ਪੁੱਤਰੀ ਰੂਪ ਕੁੰਭਜ ਨੇ ਵਿਚਾਰਿਆ ਕਿ ਇਸ ਨੂੰ ਜਗਾਵਾਂ। ਉਹ ਸ਼ੇਰ ਬੱਬਰ ਵਾਂਗ ਗਰਜੀ। ਬਣ ਦੇ ਪੁਰਖ ਪੰਛੀ ਸਭ ਦੂਰ-ਦੂਰ ਤਕ ਡਰ ਗਏ ਅਰ ਚੀਕਾਂ ਮਾਰ-ਮਾਰ ਕੇ ਪਰ੍ਹੇ ਦੌੜ ਗਏ ਪਰ ਰਾਜਾ ਜੋ ਇੰਦਰੀਆਂ, ਪ੍ਰਾਣ ਤੇ ਮਨ ਨੂੰ ਇਸਥਿਤ ਕਰ ਕੇ ਬੈਠਾ ਸੀ, ਬਿਲਕੁਲ ਨਾ ਹਿੱਲਿਆ। ਫਿਰ ਉਸ ਨੇ ਉਸ ਨੂੰ ਹੱਥ ਨਾਲ ਚੰਗੀ ਤਰ੍ਹਾਂ ਹਲੂਣਿਆਂ ਪਰ ਜਿਕੁਰ ਹਵਾ ਦੇ ਝੌਂਕੇ ਨਾਲ ਪਹਾੜ ਦੀ ਚੋਟੀ ਚਲਾਇਮਾਨ ਨਹੀਂ ਹੁੰਦੀ, ਤਿਕੁੱਰ ਹੀ ਉਹ ਵੀ ਚਲਾਇਮਾਨ ਨਾ ਹੋਇਆ। ਹੇ ਰਾਮ ਜੀ, ਰਾਜੇ ਦੀ ਐਸੀ ਦ੍ਰਿੜ ਬਿਰਤੀ ਵੇਖ ਕੇ ਦੇਵ ਪੁੱਤਰੀ ਰੂਪ ਚੁੜਾਲਾ ਨੂੰ ਅਸੀਮ ਖੁਸ਼ੀ ਹੋਈ ਕਿ ਰਾਜਾ ਹੁਣ ਛੇਤੀ ਜੀਵਨ ਮੁਕਤ ਹੋ ਕੇ ਰਾਜ ਕਰੇਗਾ। ਇਸ ਖੁਸ਼ੀ ਵਿਚ ਉਸ ਨੇ ਵਿਚਾਰਿਆ ਕਿ ਮੈਂ ਰਾਜੇ ਦੇ ਸਰੀਰ ਵਿਚ ਪਰਵੇਸ਼ ਕਰਾਂ ਤੇ ਉਸ ਨੂੰ ਵਿਚੋਂ ਉਠਾਵਾਂ। ਇਹ ਵਿਚਾਰ ਤੱਤਕਾਲ ਉਹ ਅੰਤਰ-ਮੁਖ ਹੋਣ ਦੇ ਫੁਰਨੇ ਨੂੰ ਆਪਣੀ ਚੇਤਨਤਾ ਵਿਚ ਧਾਰਨ ਕਰ ਕੇ ਰਾਜੇ ਦੇ ਸਰੀਰ ਵਿਚ ਪਰਵੇਸ਼ ਕਰ ਗਈ ਅਤੇ ਉਸ ਦੀ ਚੇਤਨਤਾ ਵਿਚ ਜੋ ਮੰਤਵ ਬਾਕੀ ਸੀ ਉਸ ਨੂੰ ਛੇੜ ਕੇ ਅਤਿਅੰਤ ਛੇਦ ਕੀਤਾ। ਜਦ ਰਾਜਾ ਹਿੱਲਿਆ ਤਾਂ ਉਸ ਵਿਚੋਂ ਬਾਹਰ ਨਿਕਲ ਕੇ ਆਪਣੇ ਸਰੀਰ ਵਿਚ ਵਾਪਸ ਆ ਗਈ। ਰਾਜੇ ਜਿਉਂ ਹੀ ਅੱਖਾਂ ਖੋਲ੍ਹੀਆਂ, ਸਾਮ੍ਹਣੇ ਦੇਵ ਪੁੱਤਰੀ ਦਿੱਸੀ, ਜੋ ਦਾਮਨੀ ਵਾਂਗ ਲਿਸ਼ਕੀ। ਉਸ ਨੂੰ ਦੇਖ ਕੇ ਰਾਜਾ ਉਸੇ ਵੇਲੇ ਫਿਰ ਧਿਆਨ ਵਿਚ ਇਸਥਿਤ ਹੋਣ ਲੱਗਾ, ਪਰ ਦੇਵ ਪੁੱਤਰੀ ਬੋਲੀ, ਹੇ ਯੋਗੀ! ਮੈਨੂੰ ਮਹੇਸ਼ਵਰ ਨੇ ਆਪ ਵਲ ਘੱਲਿਆ ਹੈ,

ਅਰ ਕਿਹਾ ਹੈ ਕਿ ਆਪ ਜੋ ਘਰ ਜਾਂ ਦੁਆਰਾ ਅਤਿ ਦੁਰਬਲ ਹੋ ਗਏ ਹੋ, ਮੈਂ ਆਪ ਦੀ ਸੇਵਾ ਕਰਾਂ। ਪਰ ਆਪ ਪੁਰਸ਼ ਹੋ ਤੇ ਮੈਂ ਇਸਤਰੀ ਹਾਂ, ਇਸ ਇਕਾਂਤ ਬਨ ਵਿਚ ਮੈਂ ਆਪ ਦੇ ਪਾਸ ਇਕੱਲੀ ਕੇਵਲ ਤਦ ਹੀ ਰਹਿ ਸਕਦੀ ਹਾਂ ਜੇ ਆਪ ਮੈਨੂੰ ਆਪਣੀ ਅਰਧੰਗਣੀ ਪਰਵਾਨ ਕਰੋ। ਆਪ ਸਦਾ ਸ਼ਿਵ ਦੀ ਆਗਿਆ ਮੰਨ ਕੇ ਛੱਤੀ ਸ਼ਾਸਤਰ ਵਿਧੀ ਅਨੁਸਾਰ ਮੇਰੇ ਨਾਲ ਵਿਆਹ ਕਰ ਕੇ ਮੇਥੋਂ ਮਨ-ਭਾਣੀ ਸੇਵਾ ਲਓ। ਰਾਜਾ ਜਿਸ ਦਾ ਮਨ ਸੁੱਚੀ ਸਫਟਿਕ ਮਣੀ ਦੀ ਤਰ੍ਹਾਂ ਨਿਰਮਲ ਹੋ ਚੁੱਕਾ ਸੀ, ਅਰ ਜਿਸ ਵਿਚੋਂ ਹਰ ਪ੍ਰਕਾਰ ਦੀ ਤ੍ਰਿਸ਼ਨਾ ਦਾ ਪੂਰਨ ਅਭਾਵ ਹੋ ਚੁੱਕਾ ਸੀ, ਮਹੇਸ਼ਵਰ ਦਾ ਨਾਮ ਸੁਣ ਕੇ ਅਤਿ ਪ੍ਰਸੰਨ ਹੋਇਆ ਅਰ ਦੇਵ ਪੁੱਤਰੀ ਨੂੰ ਦੇਵ ਵਿਧੀ ਪੂਰਬਕ ਗ੍ਰਹਿਣ ਕਰ ਕੇ ਆਪਣੀ ਕੁਟੀਆ ਵਿਚ ਨਿਵਾਸ ਦਿੱਤਾ।

ਇਤਨਾ ਕਹਿ ਕੇ ਵਸ਼ਿਸ਼ਟ ਜੀ ਬੋਲੇ ਕਿ ਹੇ ਰਾਮ ਜੀ, ਸਭ ਤੋਂ ਪਹਿਲਾ ਦੇਵ ਪੁੱਤਰੀ ਨੇ ਰਾਜੇ ਨੂੰ ਤਿੰਨ ਮਹੂਰਤ ਤੱਕ ਸ਼ਾਮ ਵੇਦ ਦੀ ਉਦਗੀਥ ਦੁਆਰਾ ਹਰੀ ਕੀਰਤਨ ਸੁਣਾਇਆ। ਫਿਰ ਦੋਵੇਂ ਉਠੇ ਅਰ ਇਸ਼ਨਾਨ ਕਰਕੇ ਸੰਧਿਆ ਗਾਇਤ੍ਰੀ ਵਿਚ ਮਗਨ ਹੋਏ। ਮਗਰੋਂ ਕੁਝ ਆਹਾਰ ਕੀਤਾ ਅਰ ਸੌਂ ਗਏ। ਜਦ ਦੇਵ ਪੁੱਤਰੀ ਉਥੇ ਟਿਕ ਗਈ ਤਾਂ ਰੋਜ਼ ਆਪਣੀ ਮਾਇਆ ਦੁਆਰਾ ਰਾਜੇ ਨੂੰ ਭਰਮੌਣ ਦਾ ਯਤਨ ਕਰਨ ਲੱਗੀ। ਕਦੇ ਤਾਂ ਉਸ ਨੂੰ ਨਾਲ ਲੈ ਕੇ ਤੀਰਥ ਯਾਤਰਾ ਨੂੰ ਚਲੀ ਜਾਂਦੀ ਸੀ, ਕਦੇ ਸੁੰਦਰ ਸਾਤਵਕ ਰਮਣੀਕ ਬਨਾਂ ਦੇ ਸੀਤਲ ਸਰੋਵਰਾਂ ਦੇ ਕੰਢੇ ਜਾ ਬਿਠਾਂਦੀ ਸੀ। ਕਦੇ ਅਤਿ ਗਰਮ ਰੇਤਲੇ ਅਸਥਲਾਂ ਵਿਚ ਪਾਣੀ ਤੋਂ ਬਿਨਾਂ ਭਟਕਾਂਦੀ ਫਿਰਦੀ ਸੀ। ਕਦੇ ਪਰਬਤਾਂ ਵਿਚ ਭਿਆਨਕ ਜਾਨਵਰਾਂ ਦੀਆਂ ਚੀਕ ਚਿੰਘਾੜਾਂ ਵਿਚੋਂ ਲੰਘਾਂਦੀ ਸੀ, ਕਦੇ ਮਨ ਹਰਣ ਚੰਚਲ ਰਮਣੀਆਂ ਦੇ ਰੰਗ ਤਮਾਸ਼ੇ ਜਾ ਵਿਖਾਂਦੀ ਸੀ। ਰਾਜਾ ਹਰ ਜਗ੍ਹਾ ਉਸ ਦੇ ਨਾਲ ਰਹਿੰਦਾ ਸੀ ਪਰ ਪੂਰਨ ਅਡੋਲ ਚਿੱਤ। ਜਲ ਵਿਚ ਕਮਲ ਵਾਂਗ ਨਿਰਲੇਪ ਰਹਿੰਦਾ ਸੀ। ਇਹ ਵੇਖ ਕੇ ਦੇਵ ਪੁੱਤਰੀ ਨੂੰ ਪੂਰੀ ਤਰ੍ਹਾਂ ਤਸੱਲੀ ਹੋ ਗਈ ਕਿ ਹੁਣ ਰਾਜਾ ਨਿਰਸੰਦੇਹ ਡੋਲਣਹਾਰ ਅਵਸਥਾ ਵਿਚੋਂ ਲੰਘ ਚੁੱਕਾ ਹੈ, ਪਰ ਤਾਂ ਵੀ ਉਸ ਨੇ ਇਕ ਵਿਸ਼ੇਸ਼ ਤ੍ਰੀਆ ਚਰਿਤ੍ਰ ਦੁਆਰਾ ਉਸ ਦੀ ਅੰਤਮ ਪ੍ਰੀਖਿਆ ਕਰਨੀ ਚਾਹੀ।

ਹੇ ਰਾਮ ਜੀ, ਇਹ ਮਿਥ ਕੇ ਇਕ ਦਿਨ ਤੜਕੇ ਹੀ ਚੂੜਾਲਾ-ਕੁੰਭਜ-ਦੇਵ ਪੁੱਤਰੀ ਰਾਜੇ ਨੂੰ ਆਖਣ ਲੱਗੀ, ਹੇ ਪਤੀ ਦੇਵ! ਕੈਲਾਸ਼ ਪਰਬਤ ਦੀ ਅਦਭੁੱਤ ਨ੍ਰਿਤਸ਼ਾਲ ਵਿਚ ਜਦ ਸ੍ਰਿਸ਼ਟੀ ਚਲੰਤ ਰਹਿੰਦੀ



ਹੈ (ਅਰਥਾਤ ਜਦ ਤਕ ਪਰਲੈ ਨਹੀਂ ਹੁੰਦੀ) ਤਦ ਤਕ ਨਿਰੰਤਰ ਮਹੇਸ਼ ਦਾ ਨਾਚ ਹੁੰਦਾ ਰਹਿੰਦਾ ਹੈ, ਇਹੋ ਨਾਚ ਹੀ ਜਗਤ ਦੇ ਜੀਵਾਂ ਨੂੰ ਜੀਵਨ ਕਲਾ ਬਖਸ਼ਦਾ ਹੈ ਤੇ ਉਹਨਾਂ ਤੋਂ ਕਰਮ ਕਰਾਉਂਦਾ ਹੈ। ਇਹ ਨਾਚ ਕਲਾ ਕਰਮ ਹੈ। ਹੇ ਪਤੀ ਦੇਵ, ਇਸ ਨਾਚ ਦੇ ਨਾਲ ਮਹੇਸ਼ ਦਾ ਡੌਰੂ ਵੀ ਵਜਦਾ ਹੈ, ਜਿਸ ਦਾ ਨਾਚ ਸਾਰੇ ਵਿਸ਼ਵ ਦੇ ਵਰਣਾਤਮਕ ਤੇ ਧੁਨਯਾਤਮਕ ਸ਼ਬਦਾਂ ਦਾ ਸੋਮਾ ਏ, ਨਿਰਤ ਦਾ ਇਹ ਨਾਦ ਸ਼ਿਵ-ਸ਼ਕਤੀ ਕਹਾਉਂਦਾ ਹੈ। ਇਸ ਦਸ਼ਾ ਵਿਚ ਮਹੇਸ਼ ਨੂੰ ਸਿਵਾਏ ਅਮਰ ਦੇਵਤਿਆਂ ਦੇ ਹਰ ਕਿਸੇ ਨੂੰ ਵੇਖਣ ਦਾ ਅਧਿਕਾਰ ਨਹੀਂ। ਚੇਤ ਸੁਦੀ ਏਕਮ ਨੂੰ ਬ੍ਰਹਮਾ ਨੇ ਸ੍ਰਿਸ਼ਟੀ ਰਚੀ ਹੈ। ਇਸ ਥਿਤ ਨੂੰ ਅਮਰ ਲੋਕ ਵਿਚ ਦੇਵ ਪੁਰਬ ਆਖਦੇ ਹਨ। ਕੈਲਾਸ਼ ਪਰਬਤ ਦੀ ਨਿਰਤਸ਼ਾਲ ਵਿਚ ਦੇਵ ਪੁਰਬ ਦਾ ਮੇਲਾ ਲਗਦਾ ਹੈ। ਇਸ ਮੇਲੇ ਤੇ ਅਮਰ ਅਕਾਲੀ ਯਾਨੇ ਉਹ ਦੇਵਤੇ ਜੋ ਕਾਲ ਚੱਕਰ ਤੋਂ ਬਾਹਰ ਹਨ, ਆਪਣੀਆਂ ਅਕਾਲਣਾਂ ਸਮੇਤ ਮਹਾਂਦੇਵ ਦੇ ਦਰਸ਼ਨ ਨੂੰ ਆਉਂਦੇ ਹਨ, ਤਾਂ ਜੋ ਮਿਰਤ ਲੋਕ ਵਿਚ ਵੀ ਇਸ਼ਟ ਪੁਰਬਾਂ ਦੇ ਦਿਨ ਇਸ਼ਟ ਪੂਜਾ ਦੀ ਮਰਯਾਦਾ ਬਣੀ ਰਹੇ। ਅੱਜ ਚੇਤ ਸੁਦੀ ਏਕਮ ਦੀ ਥਿਤ ਹੈ, ਚਲੋ ਕੈਲਾਸ਼ ਪੁਰ ਮਹੇਸ਼ ਦੇ ਦਰਸ਼ਨ ਕਰੀਏ ਅਰ ਅਮਰ ਅਕਾਲੀਆਂ ਤੇ ਅਕਾਲਣਾਂ ਦੇ ਕੌਤਕ ਵੇਖੀਏ। ਹੇ ਰਾਮ ਜੀ, ਇਹ ਕਹਿੰਦਿਆਂ ਹੀ ਮਹੇਸ਼ ਮੰਤਰ ਦਾ ਜਾਪ ਕਰਕੇ ਦੇਵ ਪੁਤਰੀ, ਜਿਸ ਦਾ ਨਾਮ ਵਿਆਹ ਸਮੇਂ ਮਦਨਕੀ ਪਿਆ ਸੀ, ਛਿਨ ਮਾਤਰ ਵਿਚ ਰਾਜੇ ਸਮੇਤ ਕੈਲਾਸ਼ ਤੇ ਜਾ ਪਹੁੰਚੀ ਅਰ ਮਾਇਆ ਰਚਿਤ ਮੇਲੇ ਦੀਆਂ ਵਚਿਤਰ ਵਿਅਕਤੀਆਂ ਵਿਚ ਧੱਸ ਗਈ। ਕਿਤੇ ਅਨੰਤ ਦੇਵਤਿਆਂ ਦੇ ਜਲੂਸ ਵਿਚ ਏਰਾਵਤ ਹਾਥੀ ਪਰ ਇੰਦਰ ਸਵਾਰ, ਕਿਤੇ ਬੇਸ਼ੁਮਾਰ ਕਿੰਨਰ ਤੇ ਗੰਧਰਬ ਦਿਬ ਸਾਜ਼ਾਂ ਨਾਲ ਗਾਇਨ ਕਰ ਰਹੇ ਸਨ। ਕਿਤੇ ਜਰਾ ਮਰਨ ਰਹਿਤ ਅਪੱਛਰਾਂ ਤੇ ਅਮਰ ਦੇਵੀਆਂ ਦਾ ਨਾਚ ਹੋ ਰਿਹਾ ਸੀ, ਕਿਤੇ ਦਿੱਬ ਫੁੱਲਾਂ ਫਲਾਂ ਦੇ ਬਾਗਾਂ ਵਿਚ ਕੇਵਲ ਦ੍ਰਿਸ਼ਟੀ ਮਾਤਰ ਨਾਲ ਤ੍ਰਿਪਤ ਕਰਨ ਵਾਲੇ ਖਾਨ ਪਾਨ ਮੌਜੂਦ ਸਨ। ਹੇ ਰਾਮ ਜੀ, ਉਸ ਮਾਇਆ ਰਚਿਤ ਮੇਲੇ ਦਾ ਪੂਰਾ ਵਰਨਣ ਅਨੰਦ ਕੋਟ ਵਰ੍ਹਿਆਂ ਦੇ ਸਮੇਂ ਵਿਚ ਸ਼ੇਸ਼ ਜੀ ਵੀ ਨਹੀਂ ਕਰ ਸਕਦੇ। ਐਸੇ ਅਪੂਰਵ ਅਤੇ ਅਸਚਰਜ ਕੌਤਕ ਵਿਚ ਰਾਜਾ ਦੌੜ ਕੇ ਮਦਨਕਾ ਦੇ ਨਾਲ ਹੋਣ ਲੱਗਾ ਅਰ ਉਸ ਦਾ ਅੰਚਲ ਫੜਨ ਲੱਗਾ। ਪਰ ਕੀ ਵੇਖਦਾ ਹੈ ਕਿ ਉਸ ਦਾ ਅਸਥੂਲ ਸਰੀਰ ਉਸ ਦੇ ਨਾਲ ਨਹੀਂ ਹੈ। ਉਹ ਕੁਝ ਵੇਖ ਰਿਹਾ ਸੀ ਤੇ ਕੁਝ ਸੁਣ ਰਿਹਾ ਸੀ। ਉਹ ਚਲ ਰਿਹਾ ਸੀ ਤੇ ਬੋਲ ਵੀ ਸਕਦਾ ਸੀ ਪਰ

ਸਾਫ ਮਹਿਸੂਸ ਕਰ ਰਿਹਾ ਸੀ ਕਿ ਅਸਥੂਲ ਸਰੀਰ ਦਾ ਅਭਾਵ ਹੈ। ਬੱਸ ਐਸੀ ਦਸ਼ਾ ਵਿਚ ਉਹ ਮਦਨਕਾ ਨੂੰ ਫੜ ਨਾ ਸਕਿਆ।

ਇਹ ਸੁਣ ਕੇ ਰਾਮਚੰਦਰ ਨੇ ਪੁਛਿਆ, ਹੇ ਮੁਨੀਸ਼ਵਰ, ਇਸ ਲੀਲ੍ਹਾ ਦਾ ਕੀ ਭੇਦ ਸੀ? ਰਾਜਾ ਸ਼ਿਖਰ ਧ੍ਰਜ ਦਾ ਅਸਥੂਲ ਸਰੀਰ ਕਿਧਰ ਚਲਾ ਗਿਆ ਸੀ? ਅਰ ਬਿਨਾਂ ਅਸਥੂਲ ਸਰੀਰ ਦੇ ਉਹ ਕਿਸ ਤਰ੍ਹਾਂ ਵੇਖ ਤੇ ਸੁਣ ਸਕਦਾ ਸੀ? ਕਿਰਪਾ ਕਰਕੇ ਇਹ ਬਿਰਤਾਂਤ ਵਿਸਥਾਰ ਨਾਲ ਨਿਰੂਪਣ ਕਰੋ। ਵਸ਼ਿਸ਼ਟ ਜੀ ਬੋਲੇ, ਹੇ ਰਾਮ ਜੀ, ਰਾਜੇ ਦਾ ਅਸਥੂਲ ਸਰੀਰ ਮੰਦਰਾਚਲ ਪ੍ਰਬਤ ਪੁਰ ਹੀ ਰਹਿ ਗਿਆ ਸੀ, ਹੁਣ ਉਹ ਸੂਖਮ ਸਰੀਰ ਨਾਲ ਵਿਚਰ ਰਿਹਾ ਸੀ, ਜਿਕੁਰ ਕੋਈ ਸੁਪਨੇ ਵਿਚ ਵਿਚਰਦਾ ਹੈ। ਯਥਾਰਥ ਸ਼ਿਵ ਨਗਰੀ ਵਿਚ ਅਸਥੂਲ, ਸੂਖਮ ਤੇ ਕਾਰਣ ਤਿੰਨੇ ਸਰੀਰ ਪਰਵੇਸ਼ ਨਹੀਂ ਕਰ ਸਕਦੇ। ਉਥੇ ਕੇਵਲ ਆਤਮਾ ਹੀ ਵਿਦਯਾਮਾਨ ਹੋ ਸਕਦਾ ਹੈ, ਪਰ ਇਹ ਇੰਦਰਜਾਲਕ ਸ਼ਿਵ ਨਗਰੀ ਸੀ, ਇਸ ਵਿਚ ਵੀ ਅਸਥੂਲ ਸਰੀਰ ਨਾਲ ਗਮਨ ਕਰਨਾ ਸੰਭਵ ਨਾ ਸੀ। ਸੋ ਰਾਜਾ ਹੈਰਾਨ ਪਰੇਸ਼ਾਨ ਹੋ ਕੇ ਭੋਲੇ ਭਾਵ ਚੁੱਪ ਮਦਨਕਾ ਦੇ ਪਿਛੇ ਰਿਹਾ। ਇਕ ਤਾਂ ਕਲਪ ਬਿਰਖ ਦੇ ਹੇਠਾਂ ਦੋ ਪੁਰਸ਼ ਇਉਂ ਖੜ੍ਹੇ ਦਿਸੇ ਜਿਕਰ ਸੂਰਜ ਤੇ ਚੰਦਰਮਾ ਹੁੰਦੇ ਹਨ। ਇਥੇ ਮਦਨਕਾ ਖੜ੍ਹੀ ਹੋ ਗਈ ਅਤੇ ਅੱਖ ਝਮਕਣ ਦੇ ਸਮੇਂ ਵਿਚ ਬੇਸ਼ੁਮਾਰ ਵਿਅਕਤੀਆਂ ਇਕੱਠੀਆਂ ਹੋ ਗਈਆਂ। ਇਕ ਰਾਜ ਦਰਬਾਰ ਲਗ ਗਿਆ, ਪਰ ਰਾਜਾ ਸ਼ਿਖਰ ਧਵਜ ਕੀ ਵੇਖਦਾ ਹੈ ਕਿ ਸਿੰਘਾਸਣ ਪਰ ਜੋ ਰਾਜਾ ਬੈਠਾ ਹੈ, ਉਸ ਦੇ ਨਾਲ ਮਦਨਕਾ ਬਿਰਾਜਮਾਨ ਹੈ। ਇਤਨੇ ਨੂੰ ਇਕ ਨਗਾਰਚੀ ਆਇਆ, ਉਸ ਨੇ ਜ਼ੋਰ ਨਾਲ ਨਗਾਰਾ ਵਜਾ ਕੇ ਕਿਹਾ ਕਿ ਜੀਵਨ ਮੁਕਤ ਮਹਾਰਾਜਾ ਸਿਖਰ ਧਵਜ ਕੀ ਜੈ। ਇਹ ਵੇਖ ਕੇ ਰਾਜਾ ਅਤਿ ਚਕ੍ਰਿਤ ਹੋਇਆ ਕਿ ਮਦਨਕਾ ਕਿਸ ਨਾਲ ਬੈਠੀ ਹੈ? ਪਰ ਉਸ ਦੇ ਮਨ ਵਿਚ ਮੇਰੀ ਇਸਤ੍ਰੀ ਦਾ ਫੁਰਨਾ ਨਾ ਫੁਰਿਆ, ਅਰ ਇਸ ਦਾ ਦੁਖ ਵੀ ਨਾ ਹੋਇਆ ਕਿ ਮੇਰਾ ਸਾਥ ਕਿਉਂ ਛੱਡ ਗਈ ਹੈ? ਪਰ ਸਭ ਤੋਂ ਵਧੀਕ 'ਸ਼ਿਖਰ ਧ੍ਰਜ' ਦਾ ਨਾਮ ਸੁਣ ਕੇ ਅਚੰਭਿਤ ਹੋਇਆ। ਮਦਨਕਾ ਰੂਪ ਚੁੜਾਲਾ, ਜੋ ਰਾਜੇ ਦੇ ਚਿੱਤ 'ਚ ਇਸਥਿਤ ਹੋ ਕੇ ਰਾਜੇ ਦੀ ਪ੍ਰੀਖਿਆ ਕਰ ਰਹੀ ਸੀ, ਰਾਜੇ ਨੂੰ ਅਡੋਲ ਵੇਖ ਕੇ ਅਤਿ ਪ੍ਰਸੰਨ ਹੋਈ, ਅਰ ਤਤਕਾਲ ਮਾਇਆ ਰਚਿਤ ਕੈਲਾਸ਼ ਨਾਟਕ ਦਾ ਅਭਾਵ ਕਰ ਕੇ ਮੰਦਰਾਚਲ ਪਰਬਤ ਪਰ ਰਾਜੇ ਨਾਲ ਉਸ ਦੀ ਕੁਟੀਆ ਦੇ ਪਾਸ ਕੁੰਭਜ ਰੂਪ ਵਿਚ ਖੜ੍ਹੀ ਦਿਸੀ। ਰਾਜਾ ਸ਼ਾਂਤ ਚਿਤ ਰਿਹਾ, ਅਰ ਮੂੰਹੋਂ ਵੀ ਕੁਝ ਨਾ ਬੋਲਿਆ, ਪਰ ਕੁੰਭਜ ਵਲ ਧਿਆਨ



ਜਮਾ ਕੇ ਖੜ੍ਹਾ ਰਿਹਾ। ਕੁੰਭਜ ਨੇ ਸੋਚਿਆ ਕਿ ਰਾਜਾ ਹੁਣ ਇਨਸਾਨੀ ਸਿਫਤਾਂ ਵਿਚ ਹਰ ਤਰ੍ਹਾਂ ਮੁਕੰਮਲ ਹੈ ਅਰ ਦੇਵਨੇਤ ਨਾਲ ਸਮਾਂ, ਸਥਾਨ ਤੇ ਸਮੱਗਰੀ ਵੀ ਅਨੁਕੂਲ ਹਨ, ਤਾਂ ਤੇ ਹੁਣ ਪਰਬੋਧ ਵਾਕਾਂ ਦਾ ਉਚਾਰਣ ਕਰਾਂ ਅਰ ਇਸ ਨੂੰ ਮੋਹ ਨਿੰਦਰਾ ਤੋਂ ਜਗਾਵਾਂ। ਇਹ ਵਿਚਾਰ ਕੇ ਕੁੰਭਜ ਸਾਖਸ਼ਾਤ ਵਿਸ਼ਨੂੰ ਦੀ ਤਰ੍ਹਾਂ ਮੁਸਕਰਾਂਦਾ-ਮੁਸਕਰਾਂਦਾ ਰਾਜੇ ਦੇ ਸਮੀਪ ਹੋਇਆ, ਅਰ ਆਪਣੇ ਖੱਬੇ ਹੱਥ ਨੂੰ ਆਪਣੀ ਨਾਭੀ ਤੇ ਰੱਖ ਦੇ ਸੱਜੇ ਹੱਥ ਆਪਣੇ ਮਸਤਕ ਦੇ ਬਰਾਬਰ ਉਚਾ ਕੀਤਾ ਅਰ ਬਾਂਹ ਨੂੰ ਪੂਰਾ ਅੱਗੇ ਵਧਾਇਆ, ਅਰ ਤਲੀ ਉਸ ਦੇ ਮਸਤਕ ਵਲ ਰੱਖ ਕੇ ਆਪਣੀਆਂ ਉਂਗਲਾਂ ਆਕਾਸ਼ ਵਲ ਕੀਤੀਆ ਤੇ ਉਸ ਦੇ ਨੇਤਰਾਂ ਵਲ ਦ੍ਰਿਸ਼ਟੀ ਕਰ ਕੇ ਕਿਹਾ, ਰਾਜਨ, ਜਾਗ! ਤੂੰ ਜੋਤ ਸਰੂਪ ਹੈਂ! ਤੂੰ ਸਦਾ ਸ਼ਿਵ ਹੈਂ। ਸਭ ਕੁਝ ਤੇਰੇ ਵਿਚ ਹੈ। ਤੂੰ ਸਭ ਵਿਚ ਹੈਂ। ਤੂੰ ਆਪ ਕਾਲ ਹੈਂ ਅਰ ਕਾਲ ਤੋਂ ਅਤੀਤ ਹੈਂ। ਤੂੰ ਨਿਰਆਕਾਰ ਹੈਂ, ਤੇਰੇ ਸਭ ਆਕਾਰ ਹਨ। ਤੂੰ ਸਵਰਗ ਹੈਂ, ਸਰਬ ਵਿਆਪੀ ਹੈਂ। ਤੇਰੀ ਹਉਮੈਂ ਸ਼ੁਧ ਚੇਤਨ ਵਿਚੋਂ ਸਹਿਜ ਭਾਵ ਦਵਾਰਾ ਮੁੜ ਉਸੇ ਵਿਚ ਸਦਾ ਲਈ ਲੀਨ ਹੋ ਗਈ ਹੈਂ। ਤੂੰ ਆਪੇ ਆਪ ਹੈਂ। ਤੂੰ ਅਮਰ ਹੈਂ।

ਸ਼ਿਖਰ ਧ੍ਰਜ ਇਹ ਸੁਣਦਾ ਸੁਣਦਾ ਆਤਮ ਤੱਤ ਵਿਚ ਲੀਨ ਹੋ ਗਿਆ, ਅਰ ਰਾਣੀ ਚੁੜਾਲਾ ਉਸ ਨੂੰ ਚੁੜਾਲਾ ਰੂਪ ਵਿਚ ਦਿਸੀ। ਉਸ ਨੂੰ ਵਿਸ਼ਵ ਗਿਆਨ ਦਾ ਪਰਕਾਸ਼ ਹੋ ਚੁੱਕਾ ਸੀ। ਉਹ ਤਤਕਾਲ ਸਾਰੇ ਅਪੂਰਬ ਨਾਟਕ ਦਾ ਭੇਦ ਸਮਝ ਗਿਆ, ਤਾਂ ਵੀ ਚੁੜਾਲਾ ਨੂੰ ਪੁੱਛਣ ਲੱਗਾ, ਹੇ ਦੇਵੀ, ਤੂੰ ਕਿਥੋਂ ਆਈ ਹੈਂ? ਤੈਨੂੰ ਵੇਖ ਕੇ ਮੈਂ ਬੜਾ ਹੈਰਾਨ ਹੋ ਰਿਹਾ ਹਾਂ ਕਿਉਂਕਿ ਤੇਰੇ ਵਰਗੀ ਹੀ ਮੇਰੀ ਇਸਤ੍ਰੀ ਚੁੜਾਲਾ ਵੀ ਸੀ। ਤੂੰ ਇਥੇ ਕਿਸ ਕਰਕੇ ਆਈ ਹੈਂ ਤੇ ਕਦੋਂ ਦੀ ਆਈ ਹੈਂ? ਚੁੜਾਲਾ ਬੋਲੀ, ਹੇ ਭਗਵਾਨ, ਮੈਂ ਹੀ ਆਪ ਦੀ ਨਿਮਾਣੀ ਚੁੜਾਲਾ ਹਾਂ, ਅਰ ਤੁਸੀਂ ਮੇਰੇ ਸਵਾਮੀ ਹੋ। ਕੁੰਭਜ ਤੋਂ ਲੈ ਕੇ ਇਸ ਚੁੜਾਲਾ ਤਕ ਸਾਰੇ ਚਰਿਤਰ ਮੈਂ ਤੁਹਾਡੇ ਜਗੌਣ ਲਈ ਕੀਤੇ ਹਨ। ਤੁਸੀਂ ਧਿਆਨ ਵਿਚ ਇਸਥਿਤ ਹੋ ਕੇ ਵੇਖੋ ਕਿ ਇਹ ਸਭ ਚਰਿਤਰ ਕਿਸ ਨੇ ਕੀਤੇ ਹਨ?

ਰਾਜੇ ਨੂੰ ਸਾਰਾ ਬਿਰਤਾਂਤ ਪਹਿਲਾ ਹੀ ਵਿਦਤ ਹੋ ਚੁੱਕਾ ਸੀ। ਰਾਣੀ ਦੇ ਬਚਨ ਸੁਣਦਿਆਂ ਹੀ ਉਸ ਦੇ ਨੇਤਰ ਜਲ ਪੂਰਤ ਹੋ ਗਏ ਤੇ ਐਸੀ ਦਸ਼ਾ ਵਿਚ ਰਾਣੀ ਨੂੰ ਗਲੇ ਨਾਲ ਲਾਂ ਕੇ ਬੋਲਿਆ, ਹੇ ਦੇਵੀ, ਤੈਂ ਮੇਰੇ ਉਪਰ ਬੜੀ ਕਿਰਪਾ ਕੀਤੀ ਹੈ, ਤੇਰੀ ਉਸਤਤ ਮੈਂ ਕਿੱਕੁਰ ਕਰਾਂ।

ਜੋ ਕੁਝ ਤੂੰ ਮੈਨੂੰ ਅਤਿਅੰਤ ਅਲਪ ਕਾਲ ਵਿਚ ਸਤ ਪਦ ਤੇ ਪਹੁੰਚਾਇਆ ਹੈ। ਤੂੰ ਮੇਰੀ ਖਾਤਰ ਬੜੇ ਕਸ਼ਟ ਸਹਾਰੇ ਹਨ, ਅਰ ਘੜੇ ਯਤਨ ਕੀਤੇ ਹਨ। ਤੂੰ ਮੈਨੂੰ ਸੰਸਾਰ ਸਮੁੰਦਰ ਤੋਂ ਪਾਰ ਕਰ ਕੇ ਬੜਾ ਉਪਕਾਰ ਕੀਤਾ ਹੈ। ਤੂੰ ਧੰਨ ਹੈਂ, ਤੂੰ ਬ੍ਰਹਮਾਣੀ, ਇੰਦ੍ਰਾਣੀ, ਪਾਰਬਤੀ ਅਰ ਸਰਸਵਤੀ ਤੋਂ ਵੀ ਸਰੇਸ਼ਟ ਹੈਂ। ਜਿਸ ਪੁਰਸ਼ ਦੀ ਇਸਤ੍ਰੀ ਪਤੀਬ੍ਰਤਾ ਹੈ, ਉਸ ਦੇ ਸਭ ਕਾਰਜ ਸਿੱਧ ਹੁੰਦੇ ਹਨ ਤੇ ਉਸ ਨੂੰ ਬੁੱਧ, ਸ਼ਾਂਤ, ਦਯਾ, ਸ਼ਕਤੀ, ਕੋਮਲਤਾ ਅਰ ਮਿਤ੍ਰਤਾ ਪ੍ਰਾਪਤ ਹੁੰਦੀ ਹੈ। ਹੇ ਦੇਵੀ, ਮੈਂ ਤੇਰੇ ਪ੍ਰਸਾਦਿ ਆਪਣੇ ਆਪ ਨੂੰ ਪਛਾਣਿਆ ਹੈ, ਹੁਣ ਮੈਨੂੰ ਕੋਈ ਦੁਖ ਨਹੀਂ। ਚੁੜਾਲਾ ਬੋਲੀ, ਰਾਜਨ, ਤੁਸੀ ਕਿਸ ਵਾਸਤੇ ਮੇਰੀ ਉਸਤਤਿ ਕਰਦੇ ਹੋ? ਮੈਂ ਤਾ ਆਪਣਾ ਧਰਮ ਨਿਭਾਇਆ ਹੈ। ਰਾਜੇ ਨੇ ਕਿਹਾ, ਹੇ ਦੇਵੀ, ਮੇਰਾ ਇਹੋ ਅਸ਼ੀਰਵਾਦ ਹੈ ਕਿ ਜੋ ਵੀ ਪਤੀਬ੍ਰਤਾ ਇਸਤਰੀ ਹੋਵੇ, ਉਹ ਐਸੇ ਹੀ ਕੰਮ ਕਰੇ, ਜੈਸੇ ਕਿ ਤੂੰ ਕੀਤੇ ਹਨ। ਜੋ ਪਤੀਬਰਤਾ ਇਸਤਰੀ ਤੋਂ ਕਾਰਜ ਸਿੱਧ ਹੁੰਦਾ ਹੈ, ਉਹ ਹੋਰ ਕਿਸੇ ਤੋਂ ਨਹੀਂ ਹੋ ਸਕਦਾ ਹੈ। ਹੇ ਰਾਮ ਜੀ, ਇਹ ਕਹਿ ਕੇ ਰਾਜੇ ਨੇ ਫਿਰ ਰਾਣੀ ਨੂੰ ਗਲੇ ਨਾਲ ਲਗਾਇਆ ਅਰ ਕਿਹਾ, ਹੇ ਦੇਵੀ, ਜਿਸ ਪਦ ਦੇ ਮੁਕਾਬਲੇ ਵਿਚ ਬ੍ਰਹਮਾ, ਵਿਸ਼ਨੂੰ ਅਰ ਰੁਦਰ ਦੀ ਮੂਰਤ ਭੀ ਸ਼ੋਕਮਈ ਭਾਸਦੀ ਹੈ, ਮੈਂ ਉਸ ਪਦ ਨੂੰ ਪ੍ਰਾਪਤ ਹੋਇਆ ਹਾਂ। ਮੈਂ ਜੋ ਸੱਚਮੁਚ ਹੈਗਾ ਸਾਂ, ਉਹ ਹੀ ਹੋਇਆ ਹਾਂ। ਹੇ ਦੇਵੀ, ਤੂੰ ਮੈਨੂੰ ਸੰਸਾਰ ਸਮੁੰਦਰ ਤੋਂ ਪਾਰ ਕੀਤਾ ਹੈ, ਇਸ ਕਰਕੇ ਤੂੰ ਮੇਰਾ ਗੁਰੂ ਹੈਂ। ਇਹ ਕਹਿ ਕੇ ਰਾਜਾ, ਚੁੜਾਲਾ ਦੇ ਚਰਨਾਂ ਪੁਰ ਡਿੱਗ ਪਿਆ ਅਰ ਬੋਲਿਆ, ਹੁਣ ਮੈਨੂੰ ਅਗਿਆਨ ਕਦੇ ਵੀ ਸਪਰਸ਼ ਨਾ ਕਰੇਗਾ, ਜਿੱਕੁਰ ਤਾਂਬਾ ਪਾਰਸ ਨੂੰ ਛੋਹ ਕੇ ਸੋਨਾ ਹੋ ਜਾਂਦਾ ਹੈ ਅਰ ਮੁੜ ਤਾਂਬਾ ਨਹੀਂ ਹੋ ਸਕਦਾ, ਤਿੱਕੁਰ ਹੀ ਮੈਂ ਤੇਰੀ ਕਿਰਪਾ ਦਵਾਰਾ ਮੋਹ ਰੂਪੀ ਚਿੱਕੜ ਤੋਂ ਨਿਕਲਿਆ ਹਾਂ, ਮੈਂ ਫਿਰ ਕਦੇ ਨਾ ਇਸ ਵਿਚ ਡਿੱਗਾਂਗਾ। ਜਿੱਕੁਰ ਜਲ ਵਿਚ ਸੂਰਜ ਰੂਪੀ ਪ੍ਰਤਿਬਿੰਬ ਪੈਂਦਾ ਹੈ ਅਰ ਜਲ ਨਾ ਹੋਣ ਤੇ ਪ੍ਰਤਿਬਿੰਬ ਵੀ ਸੂਰਜ ਰੂਪ ਹੋ ਜਾਂਦਾ ਹੈ, ਉੱਕਰ ਹੀ ਮੇਰਾ ਚਿੱਤ ਵੀ ਆਤਮ ਰੂਪ ਹੋਇਆ ਹੈ। ਹੁਣ ਮੈਂ ਨਿਰਬਾਣ ਨੂੰ ਪਾ ਕੇ ਸਰਬ ਤੋਂ ਬਤੀਤ ਹੋਇਆ ਹਾ, ਅਰ ਸਰਬ ਵਿਚ ਇਸਥਿਤ ਹਾਂ।

ਚੁੜਾਲਾ ਬੋਲੀ, ਹੇ ਰਾਜਨ, ਤੁਸੀਂ ਜੋ ਜੀਵਨ ਮੁਕਤ ਪਦ ਨੂੰ ਪ੍ਰਾਪਤ ਹੋਏ ਹੋ, ਹੁਣ ਕੀ ਕੁਝ ਕਰ ਕੇ ਜੀਵਨ ਬਿਤਾਓਗੇ? ਹੁਣ ਤੁਹਾਡੀ ਕੀ ਇਛਿਆ ਹੈ, ਰਾਜਾ ਬੋਲਿਆ, ਹੇ ਦੇਵੀ, ਮੈਨੂੰ ਨਾ ਤਿਆਗ ਦੀ ਇਛਿਆ ਹੈ ਨਾ ਗ੍ਰਹਿਣ ਦੀ। ਜੋ ਤੂੰ ਕਹੇਂਗੀ ਸ ਮੈਂ ਕਰਾਂਗਾ, ਮੈਂ ਤੇਰਾ ਹੀ ਕਹਿਣਾ ਮੰਨਾਂਗਾ। ਜਿੱਕੁਰ ਸਫਟਿਕ ਮਣੀ



ਪ੍ਰਤਿਬਿੰਬ ਨੂੰ ਗ੍ਰਹਿਣ ਕਰਦੀ ਹੈ, ਤਿੱਕੁਰ ਹੀ ਮੈਂ ਤੇਰੇ ਬਚਨਾ ਨੂੰ ਗ੍ਰਹਿਣ ਕਰਾਂਗਾ। ਚੁੜਾਲਾ ਬੋਲੀ, ਹੇ ਪ੍ਰਾਣ ਪਤੀ ਮੇਰੇ ਹਿਰਦੇ ਦੇ ਪ੍ਰੀਤਮ ਰਾਜਾ, ਹੁਣ ਤੁਸੀਂ ਵਿਸ਼ਨੂੰ ਰੂਪ ਹੋਏ ਹੋ। ਪਰਮ ਮਨੋਰਥ ਸਿੱਧ ਹੋਇਆ ਹੈ, ਜੋ ਆਪ ਦੀ ਇਛਿਆ ਮਿਟ ਗਈ ਹੈ। ਹੁਣ ਉਚਿਤ ਹੈ ਕਿ ਮੈਂ ਅਰ ਤੁਸੀਂ ਇਸ ਮੋਹ ਰਹਿਤ ਅਵਸਥਾ ਵਿਚ ਆਪਣੇ ਪ੍ਰਕ੍ਰਿਤ ਆਚਾਰ ਨੂੰ ਨਾ ਛੱਡੀਏ। ਹੇ ਰਾਜਨ, ਜੇ ਅਸੀਂ ਆਪਣੇ ਆਚਾਰ ਨੂੰ ਛੱਡ ਦਿਆਂਗੇ, ਤਾਂ ਹੋਰ ਕਿਸ ਦੇ ਆਚਾਰ ਨੂੰ ਧਾਰਣ ਕਰਾਂਗੇ? ਤਾਂ ਤੇ ਇਹੋ ਉਤਮ ਹੈ ਕਿ ਅਸੀਂ ਆਪਣੇ ਆਚਾਰ ਵਿਚ ਰਹੀਏ। ਸਾਡੇ ਮਨ ਰੂਪੀ ਪੁਰਾਤਨ ਬਨ ਵਿਚੋਂ ਕਾਮ, ਕ੍ਰੋਧ ਆਦਿ ਚੰਡਾਲਾਂ ਦਾ ਪਲੀਤ ਨਗਰ ਨਸ਼ਟ ਹੋ ਚੁੱਕਾ ਹੈ। ਉਥੇ ਵਾਦ-ਵਿਵਾਦ, ਨਿੰਦਾ, ਨਾਸਤਕਤਾ, ਢੀਠਤਾ, ਕੁਦਇਆ, ਖਾਜ, ਰੂਪ, ਪੂਜਾ, ਇੰਦਰੀਆਂ ਸਕਤੀ, ਆਪਾ ਪ੍ਰਸਤੀ, ਈਰਖਾ, ਆਲਸ, ਅਸੰਤੋਖ ਤੇ ਅਸਰਧਾ ਦੀ ਪਲੀਤ ਸੈਨਾ ਦਾ ਆਸਰਾ ਟੁੱਟ ਚੁੱਕਾ ਹੈ। ਹੇ ਰਾਮ ਜੀ, ਇਸ ਪ੍ਰਕਾਰ ਪ੍ਰਸਪਰ ਬਚਨ ਬਿਲਾਸ ਕਰਦੇ-ਕਰਦੇ ਦਿਨ ਬੀਤ ਗਿਆ ਅਰ ਉਹ ਸਾਮ ਦੀ ਸੰਧਿਆ ਕਰ ਕੇ ਲੇਟ ਗਏ, ਪਰ ਰਾਤ ਭਰ ਉਹਨਾਂ ਆਪੇ ਵਿਚ ਗਿਆਨ ਗੋਸ਼ਟ ਕਰਦਿਆਂ ਹੀ ਬਿਤਾਈ। ਜਦ ਸੂਰਜ ਉਦੇ ਹੋਇਆ ਤਾਂ ਰਾਣੀ ਨੇ ਰਾਜੇ ਨੂੰ ਇਸ਼ਨਾਨ ਕਰਵਾਇਆ ਅਰ ਰਾਜੇ ਸੰਧਿਆ ਆਦਿਕ ਕਰਮ ਕੀਤੇ। ਇਸ ਤੋਂ ਪਿਛੋਂ ਚੁੜਾਲਾ ਨੇ ਕਿਹਾ, ਰਾਜਨ, ਹੁਣ ਅਨੰਦ ਨਾਲ ਰਾਜ ਦੇ ਸੁਖ ਭੋਗੋ।

ਰਾਜਾ ਬੋਲਿਆ, ਹੇ ਦੇਵੀ, ਜੇ ਤੈਨੂੰ ਸੁਖ ਭੋਗਣ ਦੀ ਇਛਿਆ ਹੈ ਤਾਂ ਸੁਰਗ ਵਿਚ ਚਲ। ਉਥੇ ਵੀ ਮੇਰਾ ਰਾਜ ਹੈ ਅਰ ਸਿੱਧ ਲੋਕ ਵਿਚ ਵੀ ਮੇਰਾ ਰਾਜ ਹੈ।

ਚੁੜਾਲਾ ਨੇ ਉਤਰ ਦਿਤਾ ਰਾਜਨ, ਮੈਨੂੰ ਨਾ ਸੁਖ ਭੋਗਣ ਦੀ ਇਛਿਆ ਹੈ, ਨਾ ਸੁਖ ਤਿਆਗਣ ਦੀ ਇਛਿਆ ਹੈ, ਮੈਂ ਤਾਂ ਜਿਉਂ ਦੀ ਤਿਉਂ ਹਾਂ। ਇਛਿਆ ਅਨਿਛਿਆ ਤਦ ਹੁੰਦੀ ਹੈ, ਜੇ ਅੱਗੇ ਕੋਈ ਪਦਾਰਥ ਭਾਸਦਾ ਹੋਵੇ, ਪਰ ਮੈਨੂੰ ਤਾਂ ਆਤਮ ਪਰਕਾਸ਼ ਤੋਂ ਬਿਨਾਂ ਹੋਰ ਬਿਲਕੁਲ ਕੁਝ ਨਹੀਂ ਭਾਸਦਾ। ਸੁਰਗ ਕਿਥੇ ਤੇ ਨਰਕ ਕਿਥੇ? ਮੈਂ ਤਾਂ ਇਕ ਰਸ ਇਸਥਿਤ ਹਾਂ, ਪਰ ਭਾਵੇਂ ਮੈਨੂੰ ਕੋਈ ਇਛਿਆ ਨਹੀਂ, ਤਾ ਵੀ ਜਦ ਤਕ ਸਰੀਰ ਕਾਇਮ ਹੈ, ਇਸ ਨੇ ਹਰਕਤ ਕਰਨੀ ਹੈ। ਬਸ, ਕਿਉਂ ਨਾ ਇਸ ਹਰਕਤ ਦੁਆਰਾ ਅਸੀਂ ਆਪਣਾ ਪ੍ਰਾਕ੍ਰਿਤ ਆਚਾਰ ਕਰੀਏ, ਅਰ ਰਾਜ ਭੋਗੀਏ। ਇਹ ਗੱਲਾਂ ਕਰਦੇ ਹੀ ਸਨ ਕਿ ਸਿਖਰ ਧਵਜ ਦੀ ਰਾਜ ਸਭਾ ਦੇ ਬਿਰਧ ਮੰਤਰੀ

ਅਰ ਉਸ ਦੇ ਪਰੋਹਿਤ ਦੇ ਮੁਖ ਸੈਨਾਚਾਰੀ ਸਾਮ੍ਹਣੇ ਦ੍ਰਿਸ਼ਟੀ ਪਏ।
ਉਹਨਾਂ ਨਾਲ ਹਾਥੀ, ਘੋੜੇ, ਰਥ, ਪੈਦਲ ਸੈਨਾ, ਤੁਰੀ, ਸਹਿਨਾਈ,
ਨੌਬਤ, ਨਗਾਰੇ, ਨਿਸ਼ਾਨ ਆਦਿਕ ਸੰਪੂਰਨ ਰਾਜਸੀ ਜਲੂਸ ਦਾ ਠਾਠ
ਸੀ। ਇਹ ਸਭ ਪ੍ਰਬੰਧ ਚੁੜਾਲਾ ਨੇ ਪਹਿਲਾਂ ਤੋਂ ਹੀ ਕਰ ਰੱਖਿਆ ਸੀ।
ਯਥਾ ਯੋਗ ਪ੍ਰਸਪਰ ਸਨਮਾਨ ਅਰ ਖੇਮ ਕੁਸ਼ਲ ਦੀ ਪੁੱਛਗਿੱਛ ਮਗਰੋਂ
ਸੰਖ ਵਜਿਆ ਕਿ ਨਾਨ੍ਹਾ ਪਰਕਾਰ ਦੇ ਘੰਟਿਆਂ ਤੇ ਸੰਗੀਤ ਦੇ ਸੁੰਦਰ
ਸਾਜ਼ਾਂ ਦੀ ਧੁਨਕਾਰ ਸ਼ੁਰੂ ਹੋ ਗਈ। ਕੇਸਰ ਗੁਲਾਲ ਉਡਿਆ ਤੇ ਹਰ
ਪਾਸਿਉਂ ਫੁਲ ਵਸਣ ਲੱਗੇ। ਦਾਸ ਦਾਸੀਆਂ ਨੇ ਰਾਜੇ ਤੇ ਰਾਣੀ ਨੂੰ
ਬਸਤਰ ਭੂਸ਼ਣ ਸਜਾਏ ਤੇ ਚੰਦਨ ਫੁਲੇਲ ਆਦਿਕ ਲਗਾਏ। ਦੋਹਾਂ ਨੂੰ
ਮੁਕਟ ਪਵਾਏ ਗਏ। ਫਿਰ ਰਾਜਾ ਸ਼ਸਤਰ ਧਾਰਨ ਕਰ ਕੇ ਰਾਣੀ ਸਮੇਤ
ਹਾਥੀ ਤੇ ਸਵਾਰ ਹੋਇਆ ਅਰ ਹੌਦੇ ਵਿਚ ਬੈਠਾ। ਸਿਰ ਤੇ ਛਤਰ ਹੋ
ਰਿਹਾ ਸੀ, ਸੱਜੇ ਖੱਬੇ ਚੌਰ ਝੁਲ ਰਹੇ ਸਨ ਤੇ ਹਾਥੀ ਤੇ ਅੱਗੇ ਪਿਛੇ
ਸੈਨਾ ਸੀ।

ਹੇ ਰਾਮ ਜੀ, ਇਸ ਅਦਭੁਤ ਸਜਧਜ ਨਾਲ ਜੀਵਨ ਮੁਕਤ
ਸ਼ਿਖਰ ਧਵਜ ਤੇ ਚੁੜਾਲਾ ਮੰਦਰਾਚਲ ਪਰਬਤ ਤੋਂ ਸ਼ਿਖਰ ਧਵਜ ਪੁਰੀ
ਪਹੁੰਚੇ ਅਰ ਨਗਰ ਨਿਵਾਸੀਆਂ ਦੇ ਸਵਾਗਤ ਮਗਰੋਂ ਮਹਿਲਾਂ ਵਿਚ
ਪਰਵੇਸ਼ਿਤ ਹੋਏ। ਸੱਤਵੇਂ ਦਿਨ ਸਵੇਰੇ ਰਾਣੀ ਦੀ ਸਲਾਹ ਨਾਲ ਇਕ
ਵਿਸ਼ਾਲ ਭਵਨ ਵਿਚ ਸਭਾ ਲਗਵਾਈ ਗਈ, ਜਿਸ ਵਿਚ ਹਰ
ਸਾਧਾਰਨ ਤੇ ਵਿਸ਼ੇਸ਼ ਪੁਰਸ਼ ਇਸਤ੍ਰੀ ਨੂੰ ਔਣ ਦੀ ਆਗਿਆ ਸੀ। ਉਥੇ
ਮੁਖ ਮੰਤਰੀਆਂ ਤੇ ਰਾਣੀ ਨੇ ਰਾਜੇ ਦੀ ਉਸਤਤ ਕੀਤੀ ਅਰ ਉਸ
ਦੀ ਸੰਪੂਰਨ ਕਥਾ ਪਰਜਾ ਨੂੰ ਸੁਣਾਈ। ਰਾਜਾ, ਜਿਸ ਦਾ ਤੇਜ
ਸਾਖਿਆਤ ਇੰਦਰ ਤੋਂ ਵੀ ਵਧੀਕ ਸੀ, ਉਠਿਆ ਤੇ ਮੁਖਾਰਬਿੰਦ ਤੋਂ
ਅੰਮ੍ਰਿਤ ਦੀ ਵਰਖਾ ਕੀਤੀ। ਉਸ ਦੇ ਅੰਤਮ ਛਟੇ ਇਹ ਸਨ -

'ਮ੍ਰਿਤ ਮੰਡਲ ਦੇ ਬਿਨਸਨਹਾਰ ਪਦਾਰਥਾਂ ਵਿਚੋਂ ਸਵਰਗ ਹੈ ਤਾਂ
ਸ਼ਾਂਤ ਨਿਜ ਨਾਰੀ ਦਾ ਸੰਗ ਹੈ। ਜੇ ਅੰਮ੍ਰਿਤ ਹੈ ਤਾਂ ਨਿਜ ਨਾਰੀ ਦਾ
ਮਿੱਠਾ ਬੋਲ ਹੈ। ਚਿੰਤਾਮਣੀ ਹੈ ਤਾਂ ਨਿਜ ਨਾਰੀ ਦੀ ਸੁਨੀਤੀ ਹੈ। ਜੇ
ਕਲਪ ਬ੍ਰਿਛ ਹੈ ਤਾਂ ਨਿਜ ਨਾਰੀ ਦਾ ਪਰੇਮ ਹੈ। ਜੇ ਠੰਡਕ ਹੈ ਤਾਂ ਨਿਜ
ਨਾਰੀ ਦੀ ਸੀਤਲਤਾ ਹੈ। ਜੇ ਸੰਗੀਤ ਹੈ ਤਾਂ ਨਿਜ ਨਾਰੀ ਦਾ ਸਤ
ਹੈ। ਜੇ ਸੁਗੰਧ ਹੈ ਤਾਂ ਨਿਜ ਨਾਰੀ ਦੀ ਪ੍ਰੀਤੀ ਹੈ। ਜੇ ਪ੍ਰਕਾਸ਼ ਹੈ ਤਾਂ
ਨਿਜ ਨਾਰੀ ਦਾ ਹਾਸਾ ਹੈ। ਜੇ ਸੁੰਦਰਤਾ ਹੈ ਤਾਂ ਨਿਜ ਨਾਰੀ ਦੀ ਬਿਮਲ
ਭਾਵਨਾ ਹੈ ਅਰ ਜੇ ਟੇਕ ਹੈ ਤਾਂ ਨਿਜ ਨਾਰੀ ਦੀ ਤ੍ਰਿਪਤੀ ਹੈ। ਪਰ



ਸੱਚ-ਮੁਚ, ਮ੍ਰਿਤ ਮੰਡਲ ਵਿਚ ਜੇ ਨਰਕ ਹੈ, ਤਾਂ ਅਸ਼ਾਂਤ ਨਿਜ ਨਾਰੀ ਦਾ ਸਾਥ ਹੈ। ਜੇ ਬਿਖ ਹੈ ਤਾਂ ਨਿਜ ਨਾਰੀ ਦੀ ਕੁੜੱਤਣ ਹੈ। ਜੇ ਗਰੀਬੀ ਹੈ ਤਾਂ ਨਿਜ ਨਾਰੀ ਦੀ ਕੁਮੱਤ ਹੈ। ਜੇ ਰੋਗ ਹੈ ਤਾਂ ਨਿਜ ਨਾਰੀ ਦੀ ਆਗਿਆ ਉਲੰਘਣ ਹੈ। ਜੇ ਤਪਸ਼ ਹੈ ਤਾਂ ਨਿਜ ਨਾਰੀ ਦੀ ਕਠੋਰਤਾ ਹੈ ਅਰ ਜੋ ਠੰਡਾ ਹੈ ਤਾਂ ਨਿਜ ਨਾਰੀ ਦਾ ਟੋਕਣਾ ਹੈ। ਜੇ ਸੂਲ ਹੈ ਤਾਂ ਨਿਜ ਨਾਰੀ ਦੀ ਚੋਭ ਹੈ ਅਰ ਜੇ ਕੋੜ੍ਹਾਪਨ ਹੈ ਤਾਂ ਨਿਜ ਨਾਰੀ ਦਾ ਛਲ ਕਪਟ ਹੈ। ਨਿਰ-ਸੰਦੇਹ ਉਹ ਰਈਸ ਕਰੋੜਪਤੀ ਵੀ ਜਮਾਂਦਰੂ ਦੀਵਾਲੀਆ ਹੈ, ਜਿਸ ਦੇ ਘਰ ਕੁਲੱਛਣ ਨਾਰੀ ਹੈ। ਨਿਰਸੰਦੇਹ ਉਹ ਕੰਗਾਲ ਕੁਲੀ ਵਾਸੀ ਕੁਬੇਰ ਤੇ ਇੰਦਰ ਤੋਂ ਵੀ ਵਧੀਕ ਧਨੀ ਹੈ, ਜਿਸ ਦੀ ਆਗਿਆ ਵਿਚ ਸੁਲੱਛਣ ਕਾਂਤਾ ਸਦਾ ਸੇਵਾ ਵਿਚ ਸ਼ੋਭ ਰਹੀ ਹੈ।

ਵਸ਼ਿਸ਼ਟ ਜੀ ਬੋਲੇ - ਹੇ ਰਾਮ ਜੀ, ਇਸ ਪਿਛੋਂ ਰਾਜਾ ਤੇ ਰਾਣੀ ਨੇ ਕਿੰਨਾ ਹੀ ਚਿਰ ਅਖੰਡ ਰਾਜ ਭੋਗਿਆ ਅਰ ਪਰਜਾ ਨੂੰ ਸੁਖ ਦਿਤਾ। ਜਿਤਨੇ ਰਾਜ ਕਾਜ ਸਨ, ਸਭ ਕਰਦੇ ਸਨ, ਪਰ ਅੰਤਹਕਰਣ ਦਵਾਰਾ ਕਿਸੇ ਪਦਾਰਥ ਵਿਚ ਵਿਮੋਹਿਤ ਨਹੀਂ ਹੁੰਦੇ ਸਨ। ਫਿਰ ਦੋਵੇਂ ਵਿਦੇਹ ਮੁਕਤ ਨੂੰ ਪ੍ਰਾਪਤ ਹੋਏ। ਹੇ ਰਾਮ ਜੀ, ਜਿਕੂਰ ਸ਼ਿਖਰ ਧਵਜ ਤੇ ਚੁੜਾਲਾ ਮੁਕਤ ਹੋ ਕੇ ਗ੍ਰਿਹਸਥ ਵਿਚ ਰਹੇ, ਤਿਚੂਰ ਹੀ ਤੁਸੀ ਵੀ ਰਾਗ ਦਵੈਸ਼ ਤੋਂ ਰਹਿਤ ਹੋ ਕੇ ਵਿਚਰੋ।

# ਭਵਜਲ ਤਰਨਾ

ਉਹ ਆਪਣੇ ਗੁਰੂ ਨਾਲ ਹਵਾਈ ਜਹਾਜ਼ 'ਤੇ ਸਫ਼ਰ ਕਰ ਰਿਹਾ ਸੀ। ਹਵਾਈ ਜਹਾਜ਼ ਨੂੰ ਅੱਗ ਲਗ ਗਈ। ਸਾਰੇ ਮੁਸਾਫਿਰ ਜਹਾਜ਼ ਸਮੇਤ ਸਮੁੰਦਰ ਵਿਚ ਜਾ ਡਿੱਗੇ। ਕਈ ਡੁੱਬ ਗਏ ਅਤੇ ਕਈ ਗੋਤੇ ਖਾਣ ਲਗ ਪਏ। ਗੁਰੂ ਨੇ ਸਿੱਖ ਨੂੰ ਆਖਿਆ—ਘਬਰਾ ਨਾ। ਤਰਨ ਦੀ ਕੋਸ਼ਿਸ਼ ਕਰ, ਮੈਂ ਤੇਰੇ ਨਾਲ ਹਾਂ, ਅਸੀਂ ਡੁੱਬ ਨਹੀਂ ਸਕਦੇ।

ਗੁਰੂ ਦੇ ਮੋਢਿਆਂ ਤੇ ਹੱਥ ਰਖ ਕੇ ਸਿੱਖ ਤੈਰ ਰਿਹਾ ਸੀ, ਪਰ ਉਸ ਨੂੰ ਆਲੇ ਦੁਆਲੇ ਮੱਛੀਆਂ, ਮਗਰਮੱਛ, ਮੂੰਹ ਖੋਲ੍ਹ ਕੇ ਹੜੱਪ ਕਰਨਾ ਚਾਹੁੰਦੇ ਸਨ। ਪਾਣੀ ਦੀਆਂ ਛੱਲਾਂ ਹਰ ਚੀਜ਼ ਉਲਟ ਪੁਲਟ ਕਰਦੀਆਂ ਅਤੇ ਤਰਨ ਵਾਲਿਆਂ ਨੂੰ ਕਿਤੇ ਦਾ ਕਿਤੇ ਲੈ ਜਾ ਰਹੀਆਂ ਸਨ। ਤੂਫਾਨ ਸੀ, ਬੜੇ ਜ਼ੋਰ ਦੀ ਬਾਰਸ਼ ਹੋ ਰਹੀ ਸੀ। ਇਉਂ ਜਾਪਦਾ ਸੀ ਕਿ ਕਾਲ ਦੀ ਜ਼ਦ ਤੋਂ ਬਾਹਰ ਨਿਕਲ ਸਕਣਾ ਅਸੰਭਵ ਹੈ। ਸਿੱਖ, ਗੁਰੂ ਦੇ ਆਸਰੇ ਤੈਰ ਰਿਹਾ ਸੀ ਪਰ ਡਾਢਾ ਭੈਭੀਤ ਤੇ ਡਾਵਾਂਡੋਲ ਸੀ।

ਐਨ ਉਥੇ, ਜਿਥੇ ਕਿ ਸਿੱਖ ਗੋਤੇ ਪਿਆ ਖਾਂਦਾ ਸੀ, ਇਕ ਜਹਾਜ਼ ਆਣ ਨਿਕਲਿਆ। ਗੁਰੂ ਨੇ ਹੱਥ ਨਾਲ ਇਸ਼ਾਰਾ ਕੀਤਾ। ਜਹਾਜ਼ ਵਾਲਿਆਂ ਨੇ ਇਸ਼ਾਰੇ ਦਾ ਜਵਾਬ ਝੰਡਾ ਲਹਿਰਾ ਕੇ ਦਿਤਾ ਤੇ ਆਵਾਜ਼ ਦਿਤੀ—ਆ ਰਹੇ ਹਾਂ, ਘਬਰਾਓ ਨਹੀਂ! ਹੌਲੀ ਹੌਲੀ ਜਹਾਜ਼ ਨੇੜੇ ਆਇਆ, ਜਹਾਜ਼ ਵਾਲਿਆਂ ਨੇ ਦੋ ਰੱਸੇ ਸੁੱਟੇ। ਇਕ ਗੁਰੂ ਨੇ ਤੇ ਇਕ ਸਿੱਖ ਨੇ ਪਕੜ ਲਿਆ। ਥੋੜ੍ਹੀ ਦੇਰ ਵਿਚ ਉਪਰੋਂ ਇਕ ਛੋਟੀ ਕਿਸ਼ਤੀ ਉਤਾਰੀ ਗਈ ਜਿਸ ਵਿਚ ਪਹਿਲੇ ਗੁਰੂ ਚੜ੍ਹਿਆ ਅਤੇ ਪਿਛੋਂ ਸਿੱਖ ਨੂੰ ਬਾਂਹ ਤੋਂ ਪਕੜ ਕੇ ਉਸ ਦੇ ਚੜ੍ਹਾ ਲੀਤਾ। ਕਿਸ਼ਤੀ ਉਪਰ ਉਠੀ ਅਤੇ ਸਿੱਖ ਤੇ ਗੁਰੂ ਦੋਵਾਂ ਨੂੰ ਜਹਾਜ਼ ਤੇ ਪੁਚਾ ਦਿਤਾ।

ਸਿੱਖ ਤੇ ਗੁਰੂ ਜਹਾਜ਼ ਦੇ ਡੈਕ ਉਤੇ ਪਈਆਂ ਕੁਰਸੀਆਂ ਉਤੇ ਬੈਠੇ ਹੋਏ ਸਮੁੰਦਰ ਦੀ ਸੀਤਲ ਹਵਾ ਅਤੇ ਸੁਹਾਵਣੇ ਨਜ਼ਾਰੇ ਨੂੰ ਮਾਣ



ਰਹੇ ਸੀ। ਸਿੱਖ ਨੇ ਗੁਰੂ ਤੋ ਪੁਛਿਆ, ਸੱਚੇ ਪਾਤਸ਼ਾਹ! ਮੈਂ ਇਸ ਭਿਆਨਕ ਘਟਨਾ ਦਾ ਮਤਲਬ ਨਹੀ ਸਮਝਿਆ। ਹਵਾਈ ਜਹਾਜ਼ ਕਿਉਂ ਡਿਗਿਆ? ਮੈਂ ਸਮੁੰਦਰ ਵਿਚ ਇਤਨੇ ਗੋਤੇ ਕਿਉਂ ਖਾਧੇ ਅਤੇ ਸਮੁੰਦਰ ਦੇ ਜੀਆ ਜੰਤਾਂ ਨੇ ਮੈਨੂੰ ਇਤਨਾ ਕਿਉਂ ਡਰਾਇਆ? ਇਹ, ਜਹਾਜ਼ ਨਾ ਆਉਂਦਾ ਅਤੇ ਤੁਸੀ ਮੈਨੂੰ ਇਸ ਤੇ ਨਾ ਚੜ੍ਹਾਉਂਦੇ ਤਾਂ ਮੈਂ ਤਾਂ ਅੱਜ ਡੁੱਬ ਹੀ ਚਲਿਆ ਸਾਂ।

ਤੂੰ ਅਨੇਕ ਵੇਰ ਅੱਗੇ ਡੁੱਬ ਚੁੱਕਾ ਹੈਂ, ਐਤਕੀਂ ਤੂੰ ਇਸ ਕਰ ਕੇ ਨਹੀਂ ਡੁਬਿਆ ਕਿ ਮੈਂ ਤੇਰੇ ਨਾਲ ਸੀ। ਗੁਰੂ ਨੇ ਕਿਹਾ।

ਆਪ ਦਾ ਕੀ ਮਤਲਬ? ਸਿੱਖ ਨੇ ਪੁਛਿਆ। ਮੈਂ ਤਾਂ ਸਮਝਦਾ ਹਾਂ, ਮੈਂ ਅੱਜ ਪਹਿਲੀ ਵਾਰੀ ਡੁੱਬਣ ਲੱਗਾ ਸੀ, ਮੈਂ ਬੇਅੰਤ ਵਾਰੀ ਅੱਗੇ ਕਿਸ ਤਰ੍ਹਾਂ ਡੁੱਬ ਚੁੱਕਾ ਹਾਂ? ਏਹ ਕੀ ਕੌਤਕ ਹੈ? ਮੇਰੇ ਤੇ ਤਰਸ ਕਰੋ ਅਤੇ ਮੈਨੂੰ ਮੇਰੀ ਸਾਰੀ ਕਹਾਣੀ ਸਮਝਾਓ।

ਗੁਰੂ ਨੇ ਆਖਿਆ—ਹੇ ਸਿੱਖ, ਤੂੰ ਅਰਸ਼ਾਂ ਵਿਚ ਰਹਿੰਦਾ ਸੈਂ। ਪਰ ਕੁਝ ਸਮਝਣ ਅਤੇ ਕੁਝ ਹਾਸਲ ਕਰਨ ਲਈ ਤੂੰ ਅਰਸ਼ਾਂ ਤੋਂ ਉਤਰਿਆ ਅਤੇ ਜਗਤ ਸਾਗਰ ਵਿਚ ਆਣ ਡਿਗਿਆ। ਇਕ ਵਾਰੀ ਨਹੀਂ ਅਨੇਕ ਵਾਰੀ ਇਸ ਤਰ੍ਹਾਂ ਹੋ ਚੁੱਕਿਆ ਹੈ।

ਮੁੜ-ਮੁੜ ਅਰਸ਼ਾਂ ਤੋਂ ਡਿਗਦਾ ਰਿਹਾ ਅਤੇ ਭਵਸਾਗਰ ਵਿਚ ਗੋਤੇ ਖਾਣ ਮਗਰੋਂ ਡੁੱਬ ਜਾਂਦਾ ਰਿਹਾ। ਇਸ ਵਾਰੀ ਵੀ ਤੇਰੇ ਨਾਲ ਦੇ ਬਹੁਤ ਸਾਥੀ ਡੁੱਬ ਗਏ ਹਨ, ਪਰ ਤੂੰ ਪਿਛਲੀ ਵਾਰੀ ਡੁੱਬਣ ਲੱਗਿਆਂ ਇਹ ਅਰਦਾਸ ਕੀਤੀ ਸੀ —

*ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ॥*

*ਅੰਕ - 1104*

ਤੇਰੀ ਇਸ ਅਰਦਾਸ ਨੇ ਤੈਨੂੰ ਐਤਕੀਂ ਅਰਸ਼ਾਂ ਤੋਂ ਡਿੱਗਣ ਲੱਗਿਆਂ ਮੇਰਾ ਸਾਥ ਦਿਵਾਇਆ ਅਤੇ ਮੇਰੇ ਨਾਲ ਹੋਣ ਕਰਕੇ ਤੂੰ ਭਵਸਾਗਰ ਦੇ ਗੋਤੇ ਤਾਂ ਖਾਧੇ ਪਰ ਅਖੀਰ ਭਵਸਾਗਰ ਵਿਚ ਡੁੱਬਣ ਦੀ ਬਜਾਏ ਉਸ ਜਹਾਜ਼ ਵਿਚ ਚੜ੍ਹਿਆ ਹੈਂ, ਜਿਸ ਵਿਚ ਚੜ੍ਹ ਕੇ ਫਿਰ ਕਦੀ ਭਵਸਾਗਰ ਵਿਚ ਨਹੀ ਡਿੱਗੇਂਗਾ, ਨਾ ਹੀ ਗੋਤੇ ਖਾਵੇਂਗਾ ਅਤੇ ਨਾ ਹੀ ਡੁਬੇਂਗਾ।

ਸਿੱਖ ਨੇ ਹੱਥ ਜੋੜ ਕੇ ਪੁਛਿਆ—ਸਤਿਗੁਰੂ, ਇਸ ਜਹਾਜ਼ ਦਾ ਕੀ ਨਾਮ ਹੈ? ਇਹ ਕਿਥੋਂ ਆਇਆ ਹੈ?

ਇਸ ਜਹਾਜ਼ ਦਾ ਨਾਮ 'ਸ਼ਬਦ' ਹੈ ਅਤੇ ਇਹ ਅਰਸ਼ਾਂ ਤੋਂ ਹੀ

ਤੈਨੂੰ ਬਚਾਉਣ ਲਈ ਆਇਆ ਹੈ?

ਸਿੱਖ ਨੇ ਫਿਰ ਹੱਥ ਜੋੜ ਕੇ ਪੁਛਿਆ—ਹਜ਼ੂਰ ਮੈਂ ਤਾਂ ਬਚ ਗਿਆ ਹਾਂ ਪਰ ਮੈਂ ਮਹਿਸੂਸ ਕਰਦਾ ਹਾਂ ਕਿ ਮੇਰਾ ਸਰੀਰ ਐਤਕੀ ਵੀ ਡੁੱਬ ਗਿਆ ਹੈ ਅਤੇ ਮੈਂ ਕਿਸੇ ਸੂਖਸ਼ਮ ਸਰੀਰ ਨੂੰ ਧਾਰਨ ਕਰ ਕੇ ਆਪ ਦੇ ਸਾਮ੍ਹਣੇ ਬੈਠਾ ਹਾਂ। ਇਹ ਕੀ ਕੌਤਕ ਹੈ?

ਗੁਰੂ ਨੇ ਆਖਿਆ—ਅਸਥੂਲ ਸਰੀਰ ਭਵਸਾਗਰ ਤੋਂ ਉਤਾਂਹ ਇਸ ਜਹਾਜ਼ ਤਕ ਨਹੀਂ ਆ ਸਕਦੇ। ਉਨ੍ਹਾਂ ਨੂੰ ਭਵਸਾਗਰ ਵਿਚ ਛੱਡਣਾ ਹੀ ਪੈਂਦਾ ਹੈ। ਪਰ ਕਿਉਂਕਿ ਉਹ ਸਰੀਰ ਤੇਰਾ ਇਕ ਬਾਹਰ ਦਾ ਖੋਲ ਸੀ ਅਤੇ ਇਹ ਸਰੀਰ ਉਸ ਅਸਥੂਲ ਸਰੀਰ ਨਾਲੋਂ ਸੂਖਸ਼ਮ ਹੈ, ਇਸ ਲਈ ਤੈਨੂੰ ਉਸ ਦੇ ਗੁਆਚਣ ਦਾ ਅਫਸੋਸ ਨਹੀਂ ਹੋਣਾ ਚਾਹੀਦਾ। ਹੁਣ ਤੂੰ ਇਸ ਜਹਾਜ਼ ਵਿਚ ਬੈਠ ਕੇ ਭਵਸਾਗਰ ਦੀ ਸੈਰ ਕਰਦਾ ਹੈਂ, ਪਰ ਭਵਸਾਗਰ ਦੀਆਂ ਮਾੜੀਆਂ ਘਟਨਾਵਾਂ ਤੇਰੇ ਤੇ ਅਸਰ ਨਹੀਂ ਪਾ ਸਕਦੀਆਂ। ਉਹ ਹਨ ਤਾਂ ਉਸੇ ਤਰ੍ਹਾਂ ਜਿਵੇਂ ਕਿ ਪਹਿਲੇ ਸਨ, ਪਰ ਤੂੰ ਜਹਾਜ਼ ਵਿਚ ਚੜ੍ਹਨ ਕਰ ਕੇ ਸਦਾ ਲਈ ਉਨ੍ਹਾਂ ਤੋਂ ਉਚਾ ਹੋ ਗਿਆ ਹੈਂ।

ਹੁਣ ਸਿੱਖ ਜਹਾਜ਼ ਵਿਚ ਬੈਠਾ ਦੇਖ ਰਿਹਾ ਸੀ ਕਿ ਪਾਣੀ ਵਿਚ ਕਾਮ, ਕਰੋਧ, ਲੋਭ, ਮੋਹ, ਹੰਕਾਰ, ਡਰ, ਚਿੰਤਾ, ਪਾਪ, ਦੁਖ, ਬੀਮਾਰੀ ਅਤੇ ਮੌਤ ਮੂੰਹ ਅੱਡੀ ਆਪਣੇ ਸ਼ਿਕਾਰ ਲੱਭ ਰਹੇ ਸਨ, ਐਪਰ ਉਸ ਤਕ ਨਹੀਂ ਪਹੁੰਚ ਸਕਦੇ ਸਨ। ਹੋਰ ਅਨੇਕਾਂ ਸਰੀਰ ਜੋ ਕਿ ਭਵਸਾਗਰ ਵਿਚ ਡਿੱਗ ਕੇ ਗੋਤੇ ਖਾ ਰਹੇ ਸਨ ਅਤੇ ਹਾਹਾਕਾਰ ਮਚਾ ਰਹੇ ਸਨ, ਉਨ੍ਹਾਂ ਨੂੰ ਕਾਮ, ਕਰੋਧ ਆਦਿ ਉਪਰਲੀਆਂ ਬਲਾਵਾਂ ਕਦੀ ਮੂੰਹ ਵਿਚ ਪਾਂਦੀਆਂ, ਕਦੀ ਛੱਡਦੀਆਂ, ਕਦੀ ਪਿਛੇ ਦੌੜਦੀਆਂ ਅਤੇ ਫਿਰ ਮੂੰਹ ਵਿਚ ਪਾਂਦੀਆਂ ਅਤੇ ਡਰਾਂਦੀਆਂ ਸਨ। ਹੱਥ ਜੋੜ ਕੇ ਸਿੱਖ ਨੇ ਗੁਰੂ ਨੂੰ ਪੁਛਿਆ—ਮਹਾਰਾਜ! ਕੀ ਅਸੀਂ ਹੁਣ ਇਹ ਜਹਾਜ਼ ਤੇ ਹੀ ਸਦਾ ਰਹਾਂਗੇ?

ਨਹੀਂ! ਅਸੀਂ ਅੱਗੇ ਆਕਾਸ਼ ਵਿਚ ਪਹੁੰਚਣਾ ਹੈ, ਜਿਥੋਂ ਕਿ ਤੂੰ ਗਿਰਿਆ ਸੀ। ਗੁਰੂ ਨੇ ਕਿਹਾ।

ਸਿੱਖ ਨੇ ਹੱਥ ਜੋੜ ਕੇ ਅਖਿਆ—ਫਿਰ ਚਲੋ ਉਥੇ।

ਗੁਰੂ ਨੇ ਕਿਹਾ—ਉਥੇ ਤੇਰਾ ਇਹ ਸੂਖਸ਼ਮ ਸਰੀਰ ਵੀ ਨਹੀਂ ਜਾ ਸਕੇਗਾ, ਕੇਵਲ ਤੇਰੀ ਸੁਰਤ ਪਹੁੰਚੇਗੀ। ਸੂਖਸ਼ਮ ਸਰੀਰ ਨੂੰ ਤਿਆਗ ਕੇ ਸੁਰਤ ਬਨਣ ਵਾਸਤੇ ਤੈਨੂੰ ਅਜੇ ਹੋਰ ਅਭਿਆਸ ਕਰਨਾ ਪਵੇਗਾ।



ਤੂੰ 'ਵਾਹਿਗੁਰੂ' ਸ਼ਬਦ ਦਾ ਅਤੇ ਆਪਣੀ ਸੁਰਤ ਦਾ ਅਭਿਆਸ ਕਰਿਆ ਕਰ—ਜਦ ਤੇਰੀ ਸੁਰਤ ਨੂੰ ਸ਼ਬਦ ਦਾ ਡਾਹਢਾ ਪਰਚਾ ਪੈ ਜਾਵੇਗਾ ਤਾਂ ਤੂੰ ਵੇਖ ਕੇ ਹੈਰਾਨ ਹੋਵੇਂਗਾ ਕਿ ਤੂੰ ਸੂਖਸ਼ਮ ਸਰੀਰ ਵੀ ਨਹੀਂ ਬਲਕਿ ਕੇਵਲ ਸੁਰਤ ਰੂਪ ਹੈਂ। ਇਸ ਅਭਿਆਸ ਨੂੰ ਦਿਨ ਰਾਤ ਕਰਿਆ ਕਰ ਅਤੇ ਇਸ ਅਵਸਥਾ ਨੂੰ ਜਿਥੇ ਤੂੰ ਇਸ ਵੇਲੇ ਹੈਂ ਸ਼ੁਕਰ ਵਿਚ ਭੋਗ। ਇਸ ਅਵਸਥਾ ਵਿਚ ਤੇਰੇ ਸਾਰੇ ਸ਼ੁਭ ਫੁਰਨੇ ਪੂਰੇ ਹੋ ਹੋ ਕੇ ਤੇਰੀਆਂ ਅੱਖਾਂ ਦੇ ਅੱਗੇ ਆਉਂਦੇ ਰਹਿਣਗੇ। ਸਭ ਚੰਗੀਆਂ ਚੀਜ਼ਾਂ ਤੇ ਪਦਾਰਥ ਤੇਰੇ ਸੰਕਲਪ ਕਰਨ ਨਾਲ ਹੀ ਸਾਖਸ਼ਾਤ ਰੂਪ ਧਾਰ ਕੇ ਤੇਰੇ ਪਾਸ ਆਉਂਦੇ ਰਹਿਣਗੇ, ਪਰ ਤੂੰ ਆਪਣੇ ਸ਼ੁਭ ਫੁਰਨਿਆਂ ਦੀ ਪੂਰਤੀ ਨਾਲੋ ਨਾਲ ਖੇਲਦਾ ਰਹੀਂ, ਨਾਲੇ ਅੱਗੇ ਚੱਲਣ ਲਈ ਨਾਮ ਅਭਿਆਸ ਦੇ ਜ਼ਰੀਏ ਸੁਰਤ ਰੂਪ ਬਣਦਾ ਰਹੀਂ। ਜਦ ਤੂੰ ਬਿਲਕੁਲ ਸੁਰਤ ਰੂਪ ਹੋ ਜਾਵੇਂਗਾ ਤਦ ਮੈਂ ਤੈਨੂੰ ਤੇਰੇ ਅਸਲ ਨਿਜ ਘਰ ਵਿਖੇ ਲੈ ਚਲਾਂਗਾ, ਜਿਥੇ ਬੈਠ ਕੇ ਤੂੰ ਰਾਜ ਕਮਾਵੇਂਗਾ ਅਤੇ ਮੁੜ ਕਿਸੇ ਚੀਜ਼ ਨੂੰ ਸਮਝਣ ਸਮਝਾਣ ਦੀ ਲੋੜ ਮਹਿਸੂਸ ਨਾ ਕਰਦਾ ਹੋਇਆ, ਫਿਰ ਕਦੀ ਨਹੀਂ ਡਿਗੇਂਗਾ। ਇਹ ਨਿਜ ਘਰ ਹੀ ਅਰਸ਼ ਕਿਹਾ ਜਾਂਦਾ ਹੈ। ਇਹ ਉਤੇ ਨਹੀਂ ਬਲਕਿ ਅੰਦਰ ਹੈ। ਤੂੰ ਨਾਮ ਅਭਿਆਸ ਕਰ ਅਤੇ ਨਾਮ ਅਭਿਆਸ ਦੇ ਜ਼ਰੀਏ ਸ਼ਬਦ ਰੂਪ ਬਣ। ਮੈਂ ਤੇਰੀ ਹੁਣ ਅਦ੍ਰਿਸ਼ਟ ਮੰਡਲਾਂ ਵਿਚ ਅਗਵਾਈ ਤੇ ਸਹਾਇਤਾ ਕਰਾਂਗਾ।

ਸਿੱਖ ਨੇ ਆਖਿਆ—ਮੈਨੂੰ ਆਪ ਦੇ ਦਰਸ਼ਨ ਤਾਂ ਹੁੰਦੇ ਰਹਿਣਗੇ?

ਹਾਂ! ਦਰਸ਼ਨ ਹੋਣਗੇ, ਪਰ ਸੰਕਲਪ ਦੇ ਜ਼ਰੀਏ, ਸਰੀਰ ਦੇ ਜ਼ਰੀਏ ਨਹੀਂ। ਜਦ ਤੂੰ ਨਾਮ ਜਪਿਆ ਕਰੇਂਗਾ, ਮੈਂ ਤੇਰੇ ਅੰਦਰੋਂ ਸੰਕਲਪ ਜਾਂ ਖਿਆਲ ਤਰੰਗ (Flash of good thought) ਬਣ ਕੇ ਤੇਰੀ ਅਗਵਾਈ ਕਰਾਂਗਾ। ਉਸ ਅਵਸਥਾ ਵਿਚ ਤੂੰ ਸਰੀਰਾਂ ਦੇ ਭਰਮ ਵਿਚੋਂ ਨਿਕਲ ਚੁੱਕਿਆ ਹੋਵੇਂਗਾ ਅਤੇ ਆਪਣੇ ਸੰਕਲਪ ਵਿਚੋਂ ਮੇਰੀ ਆਵਾਜ਼ ਨੂੰ ਹੀ ਮੇਰੇ ਦਰਸ਼ਨ ਜਾਣੇਂਗਾ। ਨਿਜ ਘਰ ਵਿਚ ਸਾਡੇ ਇਕ ਰੂਪ ਦੀ ਸ਼ਕਲ ਵਿਚ ਮੇਲ ਹੋਣਗੇ। ਗੁਰੂ ਨੇ ਆਖਿਆ।

# ਪਰ ਉਹ ਮੋਤੀ ਨਾ ਲਿਆ ਸਕਿਆ !

ਪਿਤਾ ਨੇ ਪੁੱਤਰ ਨੂੰ ਕਿਹਾ—ਜਾਹ ਉਹ ਦੁਰਲਭ ਮੋਤੀ ਢੂੰਡ ਕੇ ਲਿਆ, ਜਿਨ੍ਹਾਂ ਨੂੰ ਪ੍ਰਾਪਤ ਕਰਕੇ ਫੇਰ ਕਿਸੇ ਹੋਰ ਚੀਜ਼ ਦੀ ਪ੍ਰਾਪਤੀ ਦੀ ਇਛਿਆ ਨਹੀਂ ਰਹਿੰਦੀ।

ਪੁੱਤਰ—ਆਪ ਦਾ ਹੁਕਮ ਸਿਰ ਮੱਥੇ ਤੇ ਹੈ, ਮੈਂ ਫੌਰਨ ਹੀ ਚਲਾ ਜਾਂਦਾ ਹਾਂ ਅਤੇ ਮੋਤੀ ਪ੍ਰਾਪਤ ਕਰ ਕੇ ਲਿਆਾਵਾਂਗਾ।

ਪਿਤਾ—ਤੂੰ ਆਪਣੇ ਨਾਲ 'ਵਿਚਾਰ' ਨਾਮੀ ਮੇਰੇ ਮਿੱਤਰ ਨੂੰ ਲੈ ਜਾ ਜੋ ਕਿ ਪਰਦੇਸ ਵਿਚ ਤੇਰੇ ਕੰਮ ਆਵੇਗਾ।

ਪਿਤਾ ਨੂੰ ਪਾਤਸ਼ਾਹਾਂ ਦਾ ਪਾਤਸ਼ਾਹ ਆਖਦੇ ਸਨ ਕਿਉਂਕਿ ਇਸ ਦੇ ਮਾਤਹਿਤ ਅਨੇਕ ਪਾਤਸ਼ਾਹ ਹਨ। ਇਸ ਦੀ ਪਾਤਸ਼ਾਹੀ, ਖਿਆਲ ਅਤੇ ਕਿਆਸ ਤੋਂ ਬਹੁਤ ਵਡੇਰੀ ਸੀ। ਇਸ ਦਾ ਇਕੋ ਇਕ ਪੁੱਤਰ ਸੀ, ਜਿਸ ਨੂੰ 'ਜੀਵ' ਆਖਦੇ ਸਨ। ਇਸ ਪੁੱਤਰ ਵਿਚ ਪਿਤਾ ਦੀ ਜਾਨ ਸੀ। ਪਿਤਾ ਦਾ ਇਹ ਬਹੁਤ ਪਿਆਰਾ ਪੁੱਤਰ ਸੀ। ਪਰ ਕਿਉਂਕਿ ਜੀਵ ਨੂੰ ਪਿਤਾ ਨੇ ਇਕ ਦਿਨ ਆਪਣੀ ਸਾਰੀ ਪਾਤਸ਼ਾਹੀ ਦੇਣੀ ਸੀ, ਇਸ ਕਰ ਕੇ ਉਹ ਚਾਹੁੰਦਾ ਸੀ ਕਿ ਜੀਵ ਉਸ ਦੀ ਪਾਤਸ਼ਾਹੀ ਸਾਂਭਣ ਦੇ ਯੋਗ ਬਣ ਜਾਵੇ। ਇਸ ਲਈ ਜੀਵ ਨੂੰ ਪਿਤਾ ਕਦੀ ਕਦੀ ਬੜੇ ਲੰਬੇ ਤੇ ਬਿਖੜੇ ਸਫਰਾਂ ਤੇ ਭੇਜਦਾ ਸੀ ਅਤੇ ਬੜੇ ਬੜੇ ਮੁਸ਼ਕਲ ਕੰਮ ਉਸ ਦੇ ਸਪੁਰਦ ਕਰਦਾ ਸੀ, ਤਾਕਿ ਜੀਵ ਵੀ ਆਪਣੇ ਪਿਤਾ ਵਾਂਗ ਸਰਬ ਕਲਾ ਸੰਪੂਰਨ ਅਤੇ ਤਜਰਬੇਕਾਰ ਹੋ ਜਾਵੇ।

ਜੀਵ ਨੇ ਸਫਰ ਕਰਨ ਤੋਂ ਪਹਿਲੇ 'ਮਨ' ਅਤੇ 'ਅਗਿਆਨਤਾ' ਨਾਮੀ ਆਪਣੇ ਮਿੱਤਰਾਂ ਨੂੰ ਪੁਛਿਆ ਕਿ 'ਦੁਰਲਭ ਮੋਤੀ ਕਿਥੋਂ ਮਿਲਣਗੇ?' ਅਗਿਆਨਤਾ ਨੇ ਆਖਿਆ ਕਿ ਮੋਤੀ ਸਮੁੰਦਰਾਂ ਦੀਆਂ ਤਹਿਹਾਂ ਵਿਚੋਂ ਮਿਲਦੇ ਹਨ, ਇਸ ਲਈ ਸਾਨੂੰ ਬੰਦਰਗਾਹ ਤੇ ਜਾਣਾ ਪਵੇਗਾ, ਜਿਥੇ ਜਾਣ ਵਿਚ ਅਸੀਂ ਤੇਰੀ ਬੜੀ ਸਹਾਇਤਾ ਕਰਾਂਗੇ,



ਕਿਉਂਕਿ ਸਾਨੂੰ ਬੜੀਆਂ ਬੰਦਰਗਾਹਾਂ ਦਾ ਪਤਾ ਹੈ।

ਜੀਵ ਆਪਣੇ ਸਾਥੀਆਂ ਅਤੇ 'ਵਿਚਾਰ' ਸਮੇਤ ਬਹੁਤ ਬੰਦਰਗਾਹਾਂ ਤੋਂ ਹੁੰਦਾ ਹੋਇਆ ਇਕ ਐਸੀ ਬੰਦਰਗਾਹ ਤੇ ਪਹੁੰਚਿਆ, ਜਿਥੇ ਕਿ ਸਭ ਤੋਂ ਚੰਗੇ ਮੋਤੀ ਮਿਲ ਸਕਦੇ ਸਨ। ਇਥੇ ਪਹੁੰਚ ਕੇ ਜੀਵ ਨੇ ਆਪਣੇ ਪਿਤਾ ਨੂੰ ਦੱਸ ਭੇਜਿਆ ਕਿ ਮੈਂ ਆਖਰ ਸਭ ਤੋਂ ਚੰਗੇ ਮੋਤੀਆਂ ਦੀ ਬੰਦਰਗਾਹ ਲੱਭ ਲਈ ਹੈ ਅਤੇ ਮੈਨੂੰ, ਜਿਵੇਂ-ਜਿਵੇਂ ਮੈਂ ਚਾਹਵਾਂ ਰੁਪਿਆ ਭੇਜਦੇ ਰਹਿਣਾ। ਜੀਵ ਦੇ ਪਿਤਾ ਨੇ ਆਖ ਭੇਜਿਆ ਕਿ ਰੁਪਏ ਦੀ ਕੋਈ ਪਰਵਾਹ ਨਹੀਂ, ਤੂੰ ਜਿਤਨਾ ਚਾਹੇ, ਮੇਰੇ ਅਮੁੱਕ ਖਜ਼ਾਨਿਆਂ ਤੋਂ ਲੈ ਸਕਦਾ ਹੈਂ, ਪਰ ਮੈਂ ਚਾਹੁੰਦਾ ਹਾਂ ਕਿ ਦੁਰਲਭ ਮੋਤੀ ਲੈ ਕੇ ਤੂੰ ਜਲਦੀ ਵਾਪਸ ਆਵੇਂ।

ਜੀਵ ਨੇ ਵਿਚਾਰ ਅਤੇ ਆਪਣੇ ਦੂਸਰੇ ਸਾਥੀਆਂ ਸਮੇਤ ਇਕ ਬੜੇ ਆਲੀਸ਼ਾਨ ਮਕਾਨ ਵਿਚ ਰਹਿਣਾ ਸ਼ੁਰੂ ਕਰ ਦਿਤਾ, ਜਿਸ ਵਿਚ ਹਰ ਪ੍ਰਕਾਰ ਦੇ ਸੁਖਾਂ ਦੇ ਸਾਮਾਨ ਸਨ। ਜਦ ਵਿਚਾਰ ਜੀਵ ਨੂੰ ਆਖਦਾ ਕਿ ਬੰਦਰਗਾਹ ਤੇ ਤਾਂ ਆ ਗਏ ਹਾਂ, ਹੁਣ ਮੋਤੀ ਖਰੀਦਣੇ ਚਾਹੀਦੇ ਹਨ, ਤਾਂ ਜੀਵ ਦੇ ਦੂਜੇ ਸਾਥੀ ਬੋਲ ਉਠੇ ਕਿ ਐਡੀ ਕਾਹਲ ਕੀ ਹੈ? ਇਤਨਾ ਲੰਬਾ ਸਫਰ ਕੱਟ ਕੇ ਮਸਾਂ ਐਥੇ ਪਹੁੰਚੇ ਹਾਂ, ਹੁਣੇ ਮੋਤੀ ਲੈ ਕੇ ਵਾਪਸ ਤੁਰ ਜਾਣ ਦੀ ਕੀ ਲੋੜ ਹੈ? ਜੀਵ ਵੀ ਚਾਹੁੰਦਾ ਸੀ ਕਿ ਮੋਤੀ ਤੇ ਲੈਣੇ ਹਨ ਪਰ ਇਤਨੀ ਕਾਹਲੀ ਦੀ ਕੀ ਲੋੜ ਹੈ। ਐਡੀ ਦੂਰੋਂ ਆਏ ਹਾਂ, ਬੰਦਰਗਾਹ ਦੀ ਕੁਝ ਸੈਰ ਤਾਂ ਕਰ ਲਈਏ।

ਜੀਵ ਦੇ ਸਾਥੀ 'ਅਗਿਆਨਤਾ' ਦਾ ਇਸ ਬੰਦਰਗਾਹ ਤੇ ਆ ਕੇ ਡਾਢਾ ਦਿਲ ਲਗ ਗਿਆ ਸੀ। ਉਹ ਨਹੀ ਸੀ ਚਾਹੁੰਦਾ ਕਿ ਜੀਵ ਮੋਤੀ ਲੈ ਕੇ ਜਲਦੀ ਹੀ ਆਪਣੇ ਪਿਤਾ ਪਾਸ ਪਹੁੰਚ ਜਾਵੇ। ਇਸ ਕਰ ਕੇ ਉਸ ਨੇ ਬੰਦਰਗਾਹ ਦੀ ਸਭ ਤੋਂ ਸੋਹਣੀ ਅਤੇ ਸੁਸ਼ੀਲ ਕੁੜੀ, ਜਿਸ ਦਾ ਨਾਮ 'ਮਾਇਆ' ਸੀ, ਨਾਲ ਜੀਵ ਦੀ ਜਾਣ ਪਛਾਣ ਕਰਾਣੀ ਸ਼ੁਰੂ ਕੀਤੀ। 'ਮਾਇਆ' ਅਤੇ 'ਜੀਵ', 'ਵਿਚਾਰ' ਦੀ ਗੈਰ ਹਾਜ਼ਰੀ ਵਿਚ ਆਪਸ ਵਿਚ ਮਿਲਦੇ ਰਹੇ।

ਜਦ ਵਿਚਾਰ ਸੈਰ ਕਰਨ ਜਾਂਦਾ ਤਾਂ ਅਗਿਆਨਤਾ 'ਮਾਇਆ' ਨੂੰ ਜੀਵ ਦੇ ਮਹੱਲ ਵਿਚ ਲੈ ਆਉਂਦੀ ਅਤੇ ਜਦ 'ਵਿਚਾਰ' ਜੀਵ ਦੇ ਮਹੱਲ ਵਿਚ ਹੁੰਦਾ ਤਾਂ 'ਅਗਿਆਨਤਾ' ਜੀਵ ਨੂੰ ਸੈਰ ਕਰਨ ਦੇ ਬਹਾਨੇ 'ਮਾਇਆ' ਦੇ ਘਰ ਲੈ ਜਾਂਦੀ। ਮਾਇਆ ਬੰਦਰਗਾਹ ਨੂੰ ਬਹੁਤ ਅੱਛੀ ਤਰ੍ਹਾਂ ਜਾਣਦੀ ਸੀ, ਇਸ ਕਰ ਕੇ ਜੀਵ ਨੂੰ ਨਿਤ ਨਵੀਆਂ

ਜਗ੍ਹਾ ਤੇ ਲਿਜਾਂਦੀ ਅਤੇ ਉਸ ਦਾ ਮਨ ਪਰਚਾਣ ਦੀ ਕੋਸ਼ਿਸ਼ ਕਰਦੀ। ਇਕ ਦਿਨ ਮਾਇਆ ਨੇ ਜੀਵ ਨੂੰ ਆਖਿਆ ਕਿ ਜੇਕਰ ਤੂੰ ਮੋਤੀ ਲੈ ਕੇ ਜਲਦੀ ਹੀ ਆਪਣੇ ਪਿਤਾ ਪਾਸ ਚਲਾ ਗਿਆ, ਤਾਂ ਮੈਂ ਪਿਛੇ ਤੇਰੇ ਬਗੈਰ ਕਿਵੇਂ ਰਹਿ ਸਕਾਂਗੀ? ਮੇਰਾ ਤਾਂ ਤੇਰੇ ਨਾਲ ਬੜਾ ਪ੍ਰੇਮ ਹੋ ਗਿਆ ਹੈ। ਮੈਂ ਤੇਰੇ ਬਗੈਰ ਹੁਣ ਰਹਿ ਹੀ ਨਹੀਂ ਸਕਦੀ। ਤੂੰ ਆਪਣੇ ਪਿਤਾ ਪਾਸ ਫੌਰਨ ਵਾਪਸ ਜਾਣ ਦਾ ਖਿਆਲ ਛੱਡ ਦੇ।

'ਜੀਵ' ਵੀ 'ਮਾਇਆ' ਦੀ ਸੰਗਤ ਤੋਂ ਡਾਢਾ ਪ੍ਰਸੰਨ ਹੁੰਦਾ ਅਤੇ ਉਸ ਤੋਂ ਬਗੈਰ ਉਦਾਸੀ ਮਹਿਸੂਸ ਕਰਦਾ ਸੀ। ਜਦ 'ਮਾਇਆ' ਨੇ ਪਿਆਰ ਨਾਲ ਹੱਥ ਜੋੜ ਕੇ ਜੀਵ ਨੂੰ ਅਜੇ ਕੁਝ ਚਿਰ ਹੋਰ ਬੰਦਰਗਾਹ ਤੇ ਹੀ ਰਹਿਣ ਲਈ ਆਖਿਆ, ਤਾਂ ਜੀਵ ਇਨਕਾਰ ਨਾ ਕਰ ਸਕਿਆ। ਆਖਣ ਲੱਗਾ, ਮੇਰਾ ਵੀ ਤੈਨੂੰ ਛੱਡ ਕੇ ਜਾਣ ਤੇ ਜੀ ਨਹੀਂ ਕਰਦਾ, ਪਰ ਵਿਚਾਰ ਤੋਂ ਮੈਨੂੰ ਡਰ ਆਉਂਦਾ ਹੈ, ਉਹ ਨਹੀਂ ਚਾਹੁੰਦਾ ਕਿ ਮੈਂ ਇਥੇ ਠਹਿਰਾਂ। ਅੱਛਾ ਮੈਂ ਅਤੇ 'ਅਗਿਆਨਤਾ' ਕੋਸ਼ਿਸ਼ ਕਰਾਂਗੇ ਕਿ ਅਜੇ ਇਥੋਂ ਨਾ ਜਾਈਏ, ਪਰ ਤੂੰ ਮੈਨੂੰ ਰੋਜ਼ ਮਿਲਣ ਦਾ ਇਕਰਾਰ ਕਰ। ਜਿਸ ਦਿਨ ਤੂੰ ਨਾ ਮਿਲੇਂ, ਉਹ ਦਿਨ ਮੈਥੋਂ ਬੀਤਣ ਵਿਚ ਨਹੀਂ ਆਉਂਦਾ।

ਜਦ ਵੀ 'ਵਿਚਾਰ' 'ਜੀਵ' ਨੂੰ ਮੋਤੀ ਖਰੀਦਣ ਅਤੇ ਆਪਣੇ ਪਿਤਾ ਪਾਸ ਵਾਪਸ ਜਾਣ ਲਈ ਆਖਦਾ ਤਾਂ, 'ਅਗਿਆਨਤਾ'— ਅਤੇ 'ਜੀਵ' ਉਸ ਨੂੰ ਟਾਲ ਦਿੰਦੇ ਤੇ ਆਖਦੇ ਕਿ ਸਫਰ ਦੀਆਂ ਇਤਨੀਆਂ ਮੁਸੀਬਤਾਂ ਕਟ ਕੇ ਇਥੇ ਆਏ ਹਾਂ, ਚਾਰ ਦਿਨ ਆਰਾਮ ਤਾਂ ਕਰ ਲਈਏ। ਬੰਦਰਗਾਹ ਬੜੀ ਸੁੰਦਰ ਹੈ, ਇਸ ਵਿਚ ਬਹੁਤ ਸੁੰਦਰ ਚੀਜ਼ਾਂ ਅਤੇ ਅਸਚਰਜ ਨਜ਼ਾਰੇ ਹਨ। ਮੋਤੀ ਤਾਂ ਜਿਸ ਵਕਤ ਜੀਅ ਕਰੇ, ਲੈ ਸਕਦੇ ਹਾਂ ਅਤੇ ਜਦ ਜੀਅ ਕਰੇ ਵਾਪਸ ਜਾ ਸਕਦੇ ਹਾਂ, ਸਾਨੂੰ ਕੋਈ ਮਨਾਹੀ ਤਾਂ ਨਹੀਂ।

'ਮਾਇਆ' ਇਕ ਦਿਨ 'ਅਗਿਆਨਤਾ' ਨੂੰ ਮਿਲੀ ਅਤੇ ਉਸ ਨੂੰ ਆਖਣ ਲੱਗੀ, 'ਜੀਵ' ਨੂੰ ਇਥੇ ਰੱਖਣ ਵਿਚ ਤੂੰ ਮੇਰੀ ਬੜੀ ਮਦਦ ਕਰ ਸਕਦਾ ਹੈਂ। ਮੈਂ ਨਹੀਂ ਚਾਹੁੰਦੀ ਕਿ ਜੀਵ ਵਾਪਸ ਚਲਾ ਜਾਵੇ।'

'ਅਗਿਆਨਤਾ' ਨੇ ਆਖਿਆ, ਮੈਂ ਵੀ ਇਹੋ ਚਾਹੁੰਦੀ ਹਾਂ। ਜੀਵ ਦੇ ਪਿਤਾ ਦੇ ਘਰ ਤਾਂ ਮੇਰੀ ਕੁਝ ਪੁਛ ਪ੍ਰਤੀਤ ਨਹੀਂ, ਇਸ ਲਈ ਜੇਕਰ ਜੀਵ ਇਥੇ ਰਹੇ ਤਾਂ ਮੈਂ ਬੜੀ ਸੁਖੀ ਰਹਾਂਗੀ। ਮੈਂ ਖੁਦ ਚਾਹੁੰਦੀ ਹਾਂ ਕਿ ਜੀਵ ਅਜੇ ਵਾਪਸ ਨਾ ਜਾਵੇ। ਕੀ ਤੂੰ ਕੋਈ ਤਜਵੀਜ਼ ਦਸ



ਸਕਦੀ ਹੈਂ, ਜਿਸ ਨਾਲ ਜੀਵ ਅਜੇ ਕਾਫੀ ਅਰਸਾ ਇਥੇ ਹੀ ਰਹੇ?

'ਅਗਿਆਨਤਾ' ਦੀ ਇਹ ਗੱਲ ਸੁਣ ਕੇ 'ਮਾਇਆ' ਸ਼ਰਮਾ ਕੇ ਬੋਲੀ, ਹਾਂ ਇਸ ਦਾ ਇਲਾਜ ਮੈਂ ਜਾਣਦੀ ਹਾਂ, ਪਰ ਇਹ ਕੰਮ ਤੇਰੀ ਮਦਦ ਤੋਂ ਬਗੈਰ ਨਹੀਂ ਹੋ ਸਕਦਾ। ਅਗਿਆਨਤਾ ਨੇ ਆਖਿਆ, 'ਮੈਂ ਹਾਜ਼ਰ ਹਾਂ, ਤੂੰ ਜੀਵ ਨੂੰ ਇਥੇ ਰੱਖਣ ਲਈ ਮੇਰੀ ਜੋ ਸੇਵਾ ਲਗਾਵੇਂ ਮੈਂ ਕਰਨ ਲਈ ਤਿਆਰ ਹਾਂ।'

ਮਾਇਆ ਨੇ ਆਖਿਆ, ਜੇਕਰ ਮੇਰੀ ਤੇ ਜੀਵ ਦੀ ਸ਼ਾਦੀ ਹੋ ਜਾਏ ਤਾਂ ਉਹ ਕਾਫੀ ਦੇਰ ਤਕ ਮੋਤੀ ਖਰੀਦ ਕੇ ਵਾਪਸ ਪਿਤਾ ਕੋਲ ਜਾਣਾ ਭੁੱਲ ਜਾਵੇਗਾ ਅਤੇ ਹੋ ਸਕਦਾ ਹੈ ਕਿ ਇਥੇ ਸਦਾ ਲਈ ਰਹਿ ਪਵੇ।

'ਅਗਿਆਨਤਾ' ਨੇ ਆਖਿਆ—ਜੀਵ ਤਾਂ ਤੈਨੂੰ ਅੱਗੇ ਹੀ ਬੜਾ ਪਿਆਰ ਕਰਦਾ ਹੈ। ਤੇਰੇ ਕਹਿਣ ਦੀ ਦੇਰ ਹੈ, ਉਸ ਨੇ ਝਟ ਮੰਨ ਜਾਣਾ ਹੈ। ਇਸ ਬਾਰੇ ਮੈਂ ਵੀ ਜੋ ਹੋ ਸਕੇਗਾ ਤੇਰੀ ਸਹਾਇਤਾ ਕਰਾਂਗੀ।

'ਅਗਿਆਨਤਾ' ਨੇ ਹੁਣ ਜੀਵ ਨੂੰ ਸਿਖਾਣਾ ਸ਼ੁਰੂ ਕੀਤਾ ਕਿ ਉਸ ਦਾ ਪਿਤਾ ਤਿਰਲੋਕੀ ਦਾ ਰਾਜਾ ਹੈ ਪਰ ਉਹ ਉਸ ਤੋਂ ਹੁਣ ਬਹੁਤ ਦੂਰ ਹੈ ਤੇ ਦੂਰ ਬੈਠੇ ਪਿਤਾ ਤੋਂ ਡਰੀ ਜਾਣਾ ਕੋਈ ਸਿਆਣਪ ਨਹੀਂ। ਜਦ ਉਸ ਦਾ ਪਿਤਾ ਉਸ ਨੂੰ ਦੇਖ ਹੀ ਨਹੀਂ ਰਿਹਾ, ਤਦ ਆਪਣੀ ਦੁਨੀਆਂ ਦਾ ਜੀਵ ਖੁਦ ਮਾਲਕ ਹੈ। ਉਸ ਦਾ ਜਿਵੇਂ ਜੀਅ ਚਾਹੇ ਉਸੇ ਤਰ੍ਹਾਂ ਉਸ ਨੂੰ ਰਹਿਣਾ ਚਾਹੀਦਾ ਹੈ। ਇਸ ਬੰਦਰਗਾਹ ਤੇ ਹੁਣ ਤੂੰ ਆ ਗਿਆ ਹੈਂ, ਕਿਉਂ ਨਾ ਕੋਸ਼ਿਸ਼ ਕਰ ਕੇ ਤੂੰ ਕਿਸੇ ਨੂੰ ਆਪਣਾ ਜੀਵਨ ਸਾਥੀ ਚੁਣ ਲਵੇਂ ਅਤੇ ਜਿਤਨੇ ਦਿਨ ਬੰਦਰਗਾਹ ਤੇ ਰਹਿਣਾ ਹੈ ਉਤਨਾ ਚਿਰ ਆਪਣਾ ਦਿਲ-ਪਰਚਾਵਾ ਪੈਦਾ ਕਰ ਕੇ ਖੂਬ ਸੁਖੀ ਰਹੇਂ? ਅਵਲ ਤੇ ਤੇਰੇ ਪਿਤਾ ਨੂੰ ਇਸ ਬਾਤ ਦਾ ਪਤਾ ਹੀ ਨਹੀਂ ਲਗਣਾ, ਪਰ ਜੇ ਲਗ ਗਿਆ ਤਾਂ ਇਸ ਵਿਚ ਕੋਈ ਮਾੜੀ ਗੱਲ ਨਹੀਂ। ਜਦ ਤੂੰ ਮੋਤੀ ਲੈ ਕੇ ਆਪਣੇ ਪਿਤਾ ਪਾਸ ਮੁੜ ਪਹੁੰਚੇਂਗਾ, ਪਿਤਾ ਨੇ ਮੋਤੀ ਦੇਖ ਕੇ ਹੀ ਖੁਸ਼ ਹੋ ਜਾਣਾ ਹੈ ਅਤੇ ਮੋਤੀ ਲਿਆਉਣ ਵਿਚ ਹੋਈ ਦੇਰ ਨੂੰ ਭੁੱਲ ਜਾਣਾ ਹੈ।

ਜੀਵ ਨੇ ਪੁਛਿਆ, "ਅਗਿਆਨਤਾ! ਮੈਂ ਕਿਸ ਨੂੰ ਜੀਵਨ ਸਾਥੀ ਬਣਾਵਾਂ ਅਤੇ ਕਿਸ ਨਾਲ ਦਿਲ ਪ੍ਰਚਾਵਾਂ?" ਤਦ 'ਅਗਿਆਨਤਾ' ਆਖਣ ਲੱਗੀ—'ਇਹ ਬਾਤ ਮੈਥੋਂ ਪੁਛਦੇ ਹੋ?' ਮੈਂ ਖੂਬ ਜਾਣਦੀ ਹਾਂ

ਕਿ ਤੁਹਾਡਾ 'ਮਾਇਆ' ਨਾਲ ਪ੍ਰੇਮ ਹੈ ਅਤੇ 'ਮਾਇਆ' ਤੁਹਾਡੇ ਬਗੈਰ ਨਹੀਂ ਰਹਿ ਸਕਦੀ। ਫਿਰ ਕਿਉਂ ਨਾ ਉਸ ਨਾਲ ਸ਼ਾਦੀ ਹੋ ਜਾਵੇ ਅਤੇ ਜੀਵਨ ਦੇ ਦਿਨ ਸੁਖੀ ਗੁਜ਼ਾਰੇ ਜਾਣ?

'ਹੇ ਅਗਿਆਨਤਾ, ਜੀਵ ਨੇ ਆਖਿਆ—ਗੱਲ ਤਾਂ ਤੂੰ ਠੀਕ ਆਖੀ ਹੈ ਪਰ ਦੋ ਮੁਸ਼ਕਲਾਂ ਹਨ। ਪਹਿਲੀ ਇਹ ਕਿ 'ਮਾਇਆ' ਇਸ ਬੰਦਰਗਾਹ ਦੀ ਸਭ ਤੋਂ ਸੋਹਣੀ ਤੇ ਮਨਮੋਹਣੀ ਕੁੜੀ ਹੈ ਅਤੇ ਉਸ ਨੂੰ ਇਥੋਂ ਦੇ ਬੜੇ ਬੜੇ ਲੋਕ ਚਾਹੁੰਦੇ ਹਨ। ਉਹ ਖਬਰੇ ਇਕ ਪਰਦੇਸੀ ਨਾਲ ਸ਼ਾਦੀ ਕਰਨੀ ਪਸੰਦ ਕਰੇ ਜਾਂ ਨਾਂਹ ਕਰੇ। ਜੇ ਉਸ ਨੇ ਨਾਂਹ ਕਰ ਦਿਤੀ ਤਾਂ ਫਿਰ ਮੇਰਾ ਕੀ ਹਾਲ ਹੋਵੇਗਾ? ਦੂਸਰੀ ਮੁਸ਼ਕਲ ਇਹ ਹੈ ਕਿ ਜੇਕਰ 'ਵਿਚਾਰ' ਨੂੰ ਪਤਾ ਲਗ ਗਿਆ ਤਾਂ ਉਸ ਨੇ ਨਾਰਾਜ਼ ਹੋਣਾ ਹੈ ਅਤੇ ਹੋ ਸਕਦਾ ਹੈ ਕਿ ਉਹ ਪਿਤਾ ਜੀ ਨੂੰ ਖਬਰ ਪੁਚਾ ਦੇਵੇ ਤੇ ਪਿਤਾ ਜੀ ਨਾਰਾਜ਼ ਹੋ ਜਾਣ।

ਅਗਿਆਨਤਾ ਨੇ ਹੱਥ ਜੋੜ ਕੇ ਜੀਵ ਨੂੰ ਆਖਿਆ— ਇਹ ਦੋਵੇਂ ਮੁਸ਼ਕਲਾਂ ਮੈਂ ਹੱਲ ਕਰਾਂਗਾ। ਤੁਸੀਂ ਮੈਨੂੰ ਇਜਾਜ਼ਤ ਦੇ ਦੇਵੋ, ਮੈਂ ਮਾਇਆ ਨਾਲ ਆਪ ਦੀ ਸ਼ਾਦੀ ਦਾ ਪ੍ਰਬੰਧ ਵੀ ਕਰਾਂਗੀ ਅਤੇ ਵਿਚਾਰ ਨੂੰ ਪਤਾ ਵੀ ਨਹੀਂ ਲਗਣ ਦਿਆਂਗੀ।

ਮੇਰੇ ਵਲੋਂ ਤੈਨੂੰ ਇਜਾਜ਼ਤ ਹੈ, ਜਿਵੇਂ ਚਾੜ੍ਹ ਸਕੇਂ ਇਸ ਮਾਮਲੇ ਨੂੰ ਸਿਰੇ ਚਾੜ੍ਹ, ਜੀਵ ਨੇ ਕਿਹਾ—ਮੈਂ ਤੇਰੇ ਉਤੇ ਬਹੁਤ ਖੁਸ਼ ਹਾਂ।

ਜੀਵ ਤੇ ਮਾਇਆ ਦੀ ਸ਼ਾਦੀ ਹੋ ਗਈ। ਇਹ ਸ਼ਾਦੀ ਮਾਇਆ ਦੀ ਆਪਣੀ ਕੋਠੀ ਵਿਚ ਜਾ ਕੇ ਹੋਈ, ਜਿਥੇ ਬੰਦਰਗਾਹ ਦੇ ਸਭ ਵੱਡੇ-ਵੱਡੇ ਪਤਵੰਤਿਆਂ ਨੂੰ ਬੁਲਾਇਆ ਹੋਇਆ ਸੀ। ਸ਼ਾਦੀ ਬੜੀ ਧੂਮ-ਧਾਮ ਨਾਲ ਹੋਈ। 'ਵਿਚਾਰ' ਨੂੰ ਮੋਤੀਆਂ ਦਾ ਭਾਅ ਪੁੱਛਣ ਵਾਸਤੇ ਦੂਸਰੀਆਂ ਬੰਦਰਗਾਹਾਂ ਉਤੇ ਭੇਜਿਆ ਗਿਆ ਸੀ ਅਤੇ ਉਸ ਨੂੰ ਇਹ ਕਿਹਾ ਗਿਆ ਸੀ ਕਿ ਜਦ ਤਕ ਸਾਨੂੰ ਹੋਰ ਬੰਦਰਗਾਹਾਂ ਦੇ ਮੋਤੀਆ ਦੇ ਨਿਰਖਾਂ ਦਾ ਪਤਾ ਨਾ ਲੱਗੇ ਉਨਾਂ ਚਿਰ ਇਥੋਂ ਮੋਤੀ ਨਹੀਂ ਖਰੀਦਣੇ ਚਾਹੀਦੇ। ਜਦ ਕੁਝ ਅਰਸੇ ਬਾਅਦ ਵਿਚਾਰ ਮੁੜ ਕੇ ਘਰ ਆਇਆ ਤਾਂ ਵੇਖ ਕੇ ਬੜਾ ਹੈਰਾਨ ਹੋਇਆ ਕਿ ਜੀਵ ਦੀ ਮਾਇਆ ਨਾਲ ਸ਼ਾਦੀ ਹੋ ਚੁੱਕੀ ਹੈ, ਮਾਇਆ ਜੀਵ ਦੇ ਘਰ ਵਿਚ ਆ ਗਈ ਹੈ ਅਤੇ ਜੀਵ ਦੇ ਸਾਰੇ ਘਰ ਵਿਚ ਮਾਇਆ ਦਾ ਰਾਜ ਹੈ। ਮਾਇਆ ਨੇ ਘਰ ਦੇ ਨੌਕਰ ਚਾਕਰ ਆਪਣੀ ਪਸੰਦ ਦੇ ਰੱਖੇ ਹੋਏ ਹਨ ਅਤੇ ਜੀਵ ਜੋ ਕੰਮ ਕਰਦਾ ਹੈ ਅਗਿਆਨਤਾ ਅਤੇ ਮਾਇਆ



ਦੇ ਵਸ ਹੋ ਕੇ ਪਿਆ ਕਰਦਾ ਹੈ। 'ਵਿਚਾਰ' ਨੇ ਸੋਚਿਆ ਕਿ ਜੇ ਮੈਂ ਬਾਹਰ ਨਾ ਜਾਂਦਾ ਅਤੇ ਜੀਵ ਦੇ ਅੰਗ-ਸੰਗ ਰਹਿੰਦਾ ਤਾਂ ਸ਼ਾਇਦ ਮਾਇਆ ਨੂੰ ਇਤਨੀ ਵੱਡੀ ਤਬਦੀਲੀ ਲਿਆਉਣ ਦਾ ਮੌਕਾ ਨਾ ਮਿਲਦਾ।

'ਵਿਚਾਰ' ਨੇ ਆਪਣੀ ਗਲਤੀ ਮਹਿਸੂਸ ਕੀਤੀ ਅਤੇ ਇਸ ਖਿਆਲ ਨਾਲ ਕਿ ਜੀਵ ਦੇ ਪਿਤਾ ਨੂੰ ਜੇਕਰ ਪਤਾ ਦਿਤਾ ਤਾਂ ਉਸ ਨੇ ਵਿਚਾਰ ਨਾਲ ਵੀ ਨਾਰਾਜ਼ ਹੋਣਾ ਹੈ ਕਿ ਵਿਚਾਰ ਜੀਵ ਨੂੰ ਇਕੱਲਿਆਂ ਛੱਡ ਕੇ ਕਿਉਂ ਚਲਾ ਗਿਆ ਸੀ? ਇਸ ਕਰ ਕੇ 'ਵਿਚਾਰ' ਨੇ ਜੀਵ ਦੇ ਪਿਤਾ ਨੂੰ ਜੀਵ ਦੀ ਮਾਇਆ ਨਾਲ ਸ਼ਾਦੀ ਦਾ ਪਤਾ ਨਾ ਦਿਤਾ।

ਜਦ ਵੀ 'ਵਿਚਾਰ' ਜੀਵ ਨੂੰ ਮੋਤੀਆਂ ਦੇ ਹਾਸਲ ਕਰਨ ਬਾਬਤ ਆਖਦਾ ਤਾਂ ਅਗਿਆਨਤਾ ਤੇ ਮਾਇਆ ਉਸ ਦੇ ਗਲ ਪੈ ਜਾਂਦੇ ਅਤੇ ਆਖਦੇ ਕਿ ਤੂੰ ਜੀਵ ਦਾ ਸਾਡੇ ਨਾਲੋਂ ਜ਼ਿਆਦਾ ਸ਼ੁਭ-ਚਿੰਤਕ ਨਹੀਂ। ਸਾਨੂੰ ਨਹੀਂ ਪਤਾ ਕਿ ਜੀਵ ਇਥੇ ਮੋਤੀ ਲੈਣ ਲਈ ਆਇਆ ਹੋਇਆ ਹੈ? ਅਸੀਂ ਜਦ ਮੁਨਾਸਬ ਸਮਝਾਂਗੇ ਜੀਵ ਨੂੰ ਮੋਤੀ ਲੈ ਦੇਵਾਂਗੇ। ਤੂੰ ਇਤਨਾ ਕਾਹਲਾ ਕਿਉਂ ਪੈਂਦਾ ਰਹਿੰਦਾ ਹੈਂ?

ਇਕ ਦਿਨ 'ਵਿਚਾਰ' ਨੇ ਜੀਵ ਨੂੰ ਆਖਿਆ, 'ਮੈਂ ਜਦ ਵੀ ਤੁਹਾਨੂੰ ਮੋਤੀਆਂ ਬਾਬਤ ਆਖਦਾ ਹਾਂ, ਤਾਂ 'ਮਾਇਆ' ਅਤੇ 'ਅਗਿਆਨਤਾ' ਮੇਰੇ ਗੱਲ ਪੈ ਜਾਂਦੇ ਹਨ ਅਤੇ ਤੁਸੀਂ ਵੀ ਇਹਨਾਂ ਵਲ ਦੀ ਹੀ ਗੱਲ ਕਰਦੇ ਹੋ, ਇਸ ਵਾਸਤੇ ਮੇਰਾ ਇਥੇ ਰਹਿਣ ਦਾ ਕੀ ਫਾਇਦਾ?' ਇਹ ਗੱਲ ਸੁਣ ਕੇ ਜੀਵ ਨੇ 'ਵਿਚਾਰ' ਨੂੰ ਆਖਿਆ, 'ਤੂੰ ਮੇਰੇ ਪਿਤਾ ਦਾ ਮਿਤਰ ਹੈਂ ਅਤੇ ਮੇਰਾ ਖਿਆਲ ਰੱਖਣ ਲਈ ਅਤੇ ਮੈਨੂੰ ਠੀਕ ਰਾਏ ਦੇਣ ਲਈ ਮੇਰੇ ਪਿਤਾ ਨੇ ਤੈਨੂੰ ਮੇਰੇ ਨਾਲ ਭੇਜਿਆ ਸੀ, ਹੁਣ ਤੇਰਾ ਇਥੋਂ ਚਲ ਜਾਣਾ ਮੁਨਾਸਬ ਨਹੀਂ। ਜੇਕਰ ਤੂੰ ਚਲਾ ਗਿਆ ਤਾਂ ਇਕ ਤਾਂ ਮੇਰੇ ਪਾਸ ਕੋਈ ਨੇਕ ਸਲਾਹ ਦੇਣ ਵਾਲਾ ਨਹੀਂ ਰਹੇਗਾ। ਅਤੇ ਦੂਸਰਾ ਜਦ ਪਿਤਾ ਜੀ ਨੂੰ ਮੇਰੀ ਮਾਇਆ ਨਾਲ ਸ਼ਾਦੀ ਦਾ ਪਤਾ ਲੱਗਿਆ ਤਾਂ ਉਸ ਦੀ ਤੇਰੇ ਤੇ ਬੜੀ ਨਾਰਾਜ਼ਗੀ ਹੋਵੇਗੀ। ਤੂੰ ਜਾਹ ਨਾ, ਪਰ ਮੇਰੇ ਕੋਲ ਉਦੋਂ ਆਇਆ ਕਰ ਜਦੋਂ 'ਅਗਿਆਨਤਾ' ਤੇ 'ਮਾਇਆ' ਮੇਰੇ ਪਾਸ ਨਾ ਹੋਣ।

'ਅਗਿਆਨਤਾ' ਤੇ 'ਮਾਇਆ', 'ਜੀਵ' ਤੇ 'ਵਿਚਾਰ' ਦੀ ਉਪਰਲੀ ਗੱਲ ਲਕ ਕੇ ਸੁਣਦੇ ਰਹੇ ਅਤੇ ਆਪਸ ਵਿਚ ਫੈਸਲਾ ਕੀਤਾ

ਕਿ ਹੁਣ ਵਿਚਾਰ ਨੇ ਸਾਡੇ ਹੁੰਦਿਆਂ ਤਾਂ ਜੀਵ ਕੋਲ ਆਉਣਾ ਹੀ ਨਹੀਂ, ਇਸ ਕਰ ਕੇ ਸਾਡੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਜੀਵ ਨੂੰ ਕਦੀ ਇਕੱਲਿਆਂ ਛੱਡੀਏ ਹੀ ਨਾ।

ਹੁਣ ਜੀਵ ਦੇ ਆਲੇ ਦੁਆਲੇ 'ਅਗਿਆਨਤਾ' ਅਤੇ 'ਮਾਇਆ' ਦਿਨ ਰਾਤ ਰਹਿੰਦੇ ਸਨ, ਜਿਸ ਕਰ ਕੇ 'ਵਿਚਾਰ' ਜੀਵ ਦੇ ਪਾਸ ਕਦੀ ਨਹੀਂ ਸੀ ਆਉਂਦਾ।

ਮਾਇਆ ਨੇ ਅਗਿਆਨਤਾ ਦੀ ਮਦਦ ਨਾਲ ਜੀਵ ਨੂੰ ਇਸ ਗੱਲ ਉਤੇ ਰਾਜ਼ੀ ਕਰ ਲੀਤਾ ਕਿ ਉਹ ਪਿਤਾ ਕੋਲੋਂ ਜੋ ਰੁਪਿਆ ਲਿਆਇਆ ਸੀ, ਉਸ ਨਾਲ ਮੋਤੀ ਖਰੀਦਣ ਦੀ ਬਜਾਏ, ਬੰਦਰਗਾਹ ਵਿਚ ਭਾਰੀ ਜਾਇਦਾਦ ਖਰੀਦੀ ਜਾਏ ਅਤੇ ਕੋਈ ਵਪਾਰ ਚਲਾਇਆ ਜਾਏ ਜਿਸ ਦੀ ਆਮਦਨ ਨਾਲ ਉਨ੍ਹਾਂ ਦਾ ਖਰਚ ਪੂਰਾ ਹੁੰਦਾ ਰਹੇਗਾ। 'ਮਾਇਆ' ਨੇ 'ਜੀਵ' ਨੂੰ ਸਮਝਾਇਆ ਕਿ ਉਸ ਦੀ 'ਮਾਇਆ' ਨਾਲ ਸ਼ਾਦੀ ਕਦ ਤਕ ਪਿਤਾ ਤੋਂ ਲੁਕੀ ਰਹੇਗੀ? 'ਵਿਚਾਰ' ਨੂੰ ਆਖਰ ਇਕ ਦਿਨ ਜ਼ਰੂਰ ਪਿਤਾ ਨੂੰ ਦਸਣਾ ਪਵੇਗਾ ਕਿ ਜੀਵ ਦੀ ਸ਼ਾਦੀ ਮਾਇਆ ਨਾਲ ਹੋ ਚੁੱਕੀ ਹੈ ਅਤੇ ਜੀਵ ਨੇ ਮਾਇਆ ਨਾਲ ਰਲ ਕੇ ਬੰਦਰਗਾਹ ਤੇ ਰਹਿਣਾ ਪਰਵਾਨ ਕਰ ਲੀਤਾ ਹੈ। ਜਦ ਪਿਤਾ ਨੂੰ ਪਤਾ ਲਗ ਗਿਆ ਕਿ ਜੀਵ ਮੋਤੀ ਖਰੀਦਣ ਦੀ ਬਜਾਏ ਹੋਰ ਕੰਮਾਂ ਵਿਚ ਰੁਝ ਗਿਆ ਹੈ ਤਾਂ ਉਹ ਰੁਪਿਆ ਭੇਜਣਾ ਬੰਦ ਕਰ ਦੇਵੇਗਾ। ਉਸ ਵਕਤ ਬੰਦਰਗਾਹ ਤੇ ਖਰੀਦੀ ਹੋਈ ਜੀਵ ਦੀ ਜਾਇਦਾਦ ਅਤੇ ਉਸ ਦੀ ਆਮਦਨ ਜੀਵ ਤੇ ਮਾਇਆ ਦੇ ਕੰਮ ਆਵੇਗੀ।

ਮਾਇਆ ਦੀਆਂ ਇਹਨਾਂ ਸਲਾਹਵਾਂ ਦੇ ਅਸਰ ਹੇਠ ਆ ਕੇ ਜੀਵ ਨੇ ਪਿਤਾ ਦੇ ਰੁਪਏ 'ਮਾਇਆ' ਨੂੰ ਦੇ ਕੇ ਕਿਹਾ ਕਿ ਉਹਨਾਂ ਨਾਲ ਉਹ ਬਹੁਤ ਵੱਡੀ ਜਾਇਦਾਦ ਖਰੀਦ ਲਵੇ ਅਤੇ ਕਾਰ ਵਿਹਾਰ ਸ਼ੁਰੂ ਕਰ ਲਵੇ।

ਹੁਣ ਬੰਦਰਗਾਹ ਵਿਚ ਜੀਵ ਬਹੁਤ ਧਨਾਢ ਅਤੇ ਪਤਵੰਤਾ ਆਦਮੀ ਗਿਣਿਆ ਜਾਂਦਾ ਸੀ। ਉਹ ਬੰਦਰਗਾਹ ਦੀ ਕਾਰਪੋਰੇਸ਼ਨ ਦਾ ਚੇਅਰਮੈਨ ਚੁਣਿਆ ਜਾ ਚੁੱਕਾ ਸੀ ਅਤੇ ਬੰਦਰਗਾਹ ਵਿਚ ਇਕ ਪ੍ਰਸਿੱਧ ਵਪਾਰੀ, ਪ੍ਰਸਿੱਧ ਨੀਤੀਵਾਨ ਅਤੇ ਹਰਮਨ ਪਿਆਰਾ ਪੁਰਸ਼ ਗਿਣਿਆ ਜਾਂਦਾ ਸੀ। ਮਾਇਆ ਨੇ ਬੰਦਰਗਾਹ ਦੀ ਪ੍ਰਸਿੱਧ ਇਸਤ੍ਰੀ ਹੋਣ ਕਰ ਕੇ ਜੀਵ ਦੇ ਰਸੂਖ ਨੂੰ ਵਧਾਣ ਵਿਚ ਬੜੀ ਸਹਾਇਤਾ ਕੀਤੀ ਸੀ।

'ਜੀਵ' ਤੇ 'ਮਾਇਆ' ਬੰਦਰਗਾਹ ਦੇ ਭਾਈਚਾਰਕ ਜੀਵਨ ਵਿਚ



ਬੜਾ ਉਚਾ ਹਿੱਸਾ ਲੈਂਦੇ ਸਨ। ਕਾਰਪੋਰੇਸ਼ਨ ਦੀ ਹਰ ਚੋਣ ਵਿਚ ਜੀਵ ਸਰਬ ਸੰਮਤੀ ਨਾਲ ਚੁਣਿਆ ਜਾਂਦਾ ਸੀ। ਜੀਵ ਦੇ ਹਰ ਪਾਸੇ ਖੁਸ਼ੀ ਤੇ ਸੁਖ ਭਰਪੂਰ ਸਨ। ਜੀਵ ਤੇ ਮਾਇਆ ਦਾ ਘਰੋਗੀ ਜੀਵਨ ਬੜਾ ਸੁਖੀ ਸੀ। ਬਾਲ ਬੱਚੇ ਵੀ ਪੰਜ ਹੋ ਚੁੱਕੇ ਸਨ। ਜੀਵ ਘਰ ਵਿਚ ਬੱਚਿਆਂ ਨਾਲ ਪਿਆਰ ਕਰਦਾ ਤੇ ਆਪਣੇ ਆਪ ਨੂੰ ਬੜਾ ਖੁਸ਼ਕਿਸਮਤ ਸਮਝਦਾ ਸੀ। ਗ੍ਰਿਹਸਤ ਅਤੇ ਦੁਨੀਆਂ ਦੇ ਸਾਰੇ ਸੁਖ ਉਸ ਦੇ ਇਰਦ ਗਿਰਦ ਠਾਠਾਂ ਮਾਰਦੇ ਸਨ। ਪਰ ਜੀਵ ਜਦ ਕਦੀ ਵੀ ਮਾਇਆ ਦੀ ਗੈਰ-ਹਾਜ਼ਰੀ ਵਿਚ 'ਵਿਚਾਰ' ਨੂੰ ਮਿਲਦਾ ਤਾਂ ਵਿਚਾਰ ਉਸ ਨੂੰ ਅਦਬ ਨਾਲ ਹੱਥ ਜੋੜ ਕੇ ਸਮਝਾਉਂਦਾ ਕਿ ਇਹ ਜੋ ਕੁਛ ਤੂੰ ਇਸ ਬੰਦਰਗਾਹ ਤੇ ਆ ਕੇ ਬਣਾਇਆ ਹੈ ਅਤੇ ਜੋ ਸੁਖ ਅਤੇ ਖੁਸ਼ੀਆਂ ਪੈਦਾ ਕੀਤੀਆਂ ਹਨ, ਇਹ ਸਭ ਨਾਸਵੰਦ ਹਨ ਅਤੇ ਤੇਰੇ ਪਿਤਾ ਦੀ ਸਲਤਨਤ ਵਿਚ ਇਸ ਕਿਸਮ ਦੀਆਂ ਅਨੇਕ ਬੰਦਰਗਾਹਾਂ ਹਨ ਅਤੇ ਉਨ੍ਹਾਂ ਬੰਦਰਗਾਹਾਂ ਵਿਚ ਅਨੇਕ ਮਾਇਆ ਵਰਗੀਆਂ ਸੁੰਦਰੀਆਂ ਹਨ। ਇਸ ਲਈ ਹੇ ਜੀਵ! ਤੈਨੂੰ ਪਿਤਾ ਦੀ ਇਛਿਆ ਦੇ ਖਿਲਾਫ਼ ਇਹ ਕੰਮ ਨਹੀਂ ਕਰਨੇ ਚਾਹੀਦੇ ਸਨ। ਤੇਰੇ ਪਿਤਾ ਨੇ ਤਾਕੀਦ ਕਰ ਕੇ ਭੇਜਿਆ ਸੀ ਕਿ ਮੋਤੀ ਖਰੀਦ ਕੇ ਵਾਪਸ ਮੁੜੀਂ ਅਤੇ ਇਸ ਗਰਜ਼ ਨਾਲ ਪਿਤਾ ਨੇ ਇਤਨਾ ਧਨ ਦਿਤਾ ਸੀ। ਪਰ ਤੂੰ ਆ ਕੇ ਪਿਤਾ ਦੇ ਧਨ ਨੂੰ ਹੋਰ ਪਾਸਿਆਂ ਤੇ ਲਗਾ ਦਿਤਾ ਅਤੇ 'ਮਾਇਆ' ਨਾਲ ਸ਼ਾਦੀ ਕਰ ਕੇ ਆਪਣੇ ਆਪ ਨੂੰ ਮਾਇਆ ਦੇ ਜਾਲ ਵਿਚ ਇਤਨਾ ਫਸਾ ਲੀਤਾ ਕਿ ਤੈਨੂੰ ਮੋਤੀ ਖਰੀਦਣ ਦਾ ਖਿਆਲ ਹੀ ਭੁੱਲ ਗਿਆ। ਪਿਤਾ ਨੂੰ ਜਦ ਇਨ੍ਹਾਂ ਗੱਲਾਂ ਦਾ ਪਤਾ ਲੱਗੇਗਾ ਤਾਂ ਉਹ ਕਿਤਨਾ ਨਿਰਾਸ ਹੋਣਗੇ?

'ਜੀਵ' ਦੇ ਦਿਲ ਤੇ 'ਵਿਚਾਰ' ਦੀਆਂ ਗੱਲਾਂ ਦਾ ਬੜਾ ਅਸਰ ਹੋਇਆ ਅਤੇ ਉਸ ਦੇ ਵਿਚਾਰ ਨੂੰ ਹੱਥ ਜੋੜ ਕੇ ਆਖਿਆ—ਹੇ ਵਿਚਾਰ! ਤੂੰ ਜੋ ਕੁਝ ਆਖਿਆ ਹੈ ਸੱਚ ਆਖਿਆ ਹੈ। ਮੈਂ ਆਪਣੇ ਪਿਤਾ ਤੋਂ ਬੜਾ ਸ਼ਰਮਿੰਦਾ ਹਾਂ। ਤੂੰ ਪਿਤਾ ਨੂੰ ਮੇਰੀਆਂ ਗਲਤੀਆਂ ਬਾਬਤ ਪਤਾ ਨਾ ਦੇਈਂ। ਮੈਨੂੰ ਤੂੰ ਮੌਕਾ ਦੇਹ ਤਾਂ ਕਿ ਮੈਂ ਮੋਤੀ ਪਰਾਪਤ ਕਰਾਂ ਅਤੇ ਫੇਰ ਤੇਰੇ ਨਾਲ ਵਾਪਸ ਪਿਤਾ ਦੇ ਦਰਬਾਰ ਵਿਚ ਪਹੁੰਚਾਂ। ਜਦ ਪਿਤਾ ਮੋਤੀ ਦੇਖੇਗਾ ਤਾਂ ਖੁਸ਼ ਹੋਵੇਗਾ ਅਤੇ ਹੋ ਸਕਦਾ ਹੈ ਕਿ ਮੇਰੀ ਮਾਇਆ ਨਾਲ ਸ਼ਾਦੀ ਅਤੇ ਹੋਰ ਭੁੱਲਾਂ ਨੂੰ ਬਖਸ਼ ਦੇਵੇ।

'ਵਿਚਾਰ' ਨੇ 'ਜੀਵ' ਨੂੰ ਆਖਿਆ, ਆਪ ਮੇਰੇ ਅੱਗੇ ਹੱਥ ਨਾ

ਜੋੜੇ, ਮੈਂ ਤੁਹਾਡੇ ਘਰ ਦਾ ਨੌਕਰ ਹਾਂ। ਆਪ ਦੇ ਪਿਤਾ ਦੇ ਮੇਰੇ ਸਿਰ ਤੇ ਬਹੁਤ ਅਹਿਸਾਨ ਹਨ। ਤੁਸੀਂ ਜਿਵੇਂ ਚਾਹੁੰਦੇ ਹੋ ਮੈਂ ਉਸੇ ਤਰ੍ਹਾਂ ਹੀ ਕਰਾਂਗਾ ਪਰ ਦੇਖੋ, ਹੁਣ ਮੇਰੀ ਇਜ਼ਤ ਵੀ ਤੁਹਾਡੇ ਹੱਥ ਵਿਚ ਹੈ। ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ, ਅਗਰ ਉਸੇ ਤਰ੍ਹਾਂ ਹੀ ਅਸੀਂ ਮੋਤੀ ਖਰੀਦ ਕੇ ਆਪ ਦੇ ਪਿਤਾ ਦੇ ਪਾਸ ਚੱਲ ਪਹੁੰਚੀਏ ਤਾਂ ਹੋ ਸਕਦਾ ਹੈ ਕਿ ਉਹ ਸਾਡੀਆਂ ਭੁੱਲਾਂ ਮਾਫ ਕਰ ਦੇਵੇ।

ਜੀਵ ਨੇ ਅਗਲੇ ਦਿਨ 'ਮਾਇਆ' ਨੂੰ ਦੱਸਿਆ ਕਿ ਉਸ ਨੂੰ ਇਸ ਗੱਲ ਦਾ ਬੜਾ ਅਫਸੋਸ ਹੈ ਕਿ ਉਹ ਪਿਤਾ ਦੇ ਹੁਕਮ ਅਨੁਸਾਰ ਅਜੇ ਤਕ ਮੋਤੀ ਪ੍ਰਾਪਤ ਨਹੀਂ ਕਰ ਸਕਿਆ ਅਤੇ ਇਤਨਾ ਰੁਪਿਆ ਹੋਰ ਪਾਸਿਆਂ ਵਲ ਖਰਚ ਕਰ ਦਿਤਾ ਹੈ। ਹੁਣ ਉਸ ਨੂੰ ਮੋਤੀ ਪ੍ਰਾਪਤ ਕਰ ਕੇ ਫੌਰਨ ਆਪਣੇ ਪਿਤਾ ਦੇ ਦਰਬਾਰ ਵਿਚ ਹਾਜ਼ਰ ਹੋਣਾ ਚਾਹੀਦਾ ਹੈ।

ਮਾਇਆ ਨੂੰ ਪਤਾ ਸੀ ਕਿ ਜਿਸ ਵਕਤ ਵੀ ਜੀਵ ਨੂੰ ਮੋਤੀ ਮਿਲਣਗੇ, ਇਸ ਨੇ ਪਿਤਾ ਪਾਸ ਤੁਰ ਜਾਣਾ ਹੈ, ਇਸ ਲਈ ਉਹ ਨਹੀਂ ਚਾਹੁੰਦੀ ਸੀ ਕਿ ਜੀਵ ਨੂੰ ਮੋਤੀ ਪ੍ਰਾਪਤ ਹੋਣ। ਪਰ ਜੀਵ ਦੀ ਖੁਲ੍ਹਮ-ਖੁਲ੍ਹਾ ਵਿਰੋਧਤਾ ਵੀ ਨਹੀਂ ਕਰ ਸਕਦੀ ਸੀ। ਇਸ ਕਰਕੇ ਉਸ ਨੇ ਬੜੇ ਅਦਬ ਤੇ ਸਤਿਕਾਰ ਨਾਲ ਆਖਿਆ—ਹੇ ਜੀਵ! ਤੂੰ ਜੋ ਆਖਦਾ ਹੈਂ ਠੀਕ ਹੈ, ਤੈਨੂੰ ਮੋਤੀ ਪ੍ਰਾਪਤ ਕਰਨੇ ਹੀ ਚਾਹੀਦੇ ਹਨ। ਪਰ ਜਦ ਮੋਤੀ ਲੈ ਕੇ ਅਸੀਂ ਵਾਪਸ ਤੇਰੇ ਪਿਤਾ ਦੇ ਦਰਬਾਰ ਵਿਚ ਪਹੁੰਚਾਂਗੇ, ਤਾਂ ਜੇ ਕਿਸੇ ਨੇ ਇਹ ਪੁਛਿਆ ਕਿ ਜੀਵ ਤੂੰ ਮੋਤੀ ਤਾਂ ਲੈ ਆਇਆ ਹੈਂ, ਪਰ ਕੀ ਤੂੰ ਜਾਣਦਾ ਹੈਂ ਕਿ ਮੋਤੀ ਕਿਥੋਂ ਮਿਲਦੇ ਹਨ? ਇਹਨਾਂ ਦੀਆਂ ਕਿਤਨੀਆਂ ਕਿਸਮਾਂ ਹੁੰਦੀਆਂ ਹਨ? ਕਿਤਨੇ ਨਕਲੀ ਮੋਤੀ ਵੀ ਹੁੰਦੇ ਹਨ ਅਤੇ ਬਾਜੇ ਵੇਲੇ ਨਕਲੀ ਮੋਤੀ ਅਸਲੀ ਮੋਤੀਆਂ ਨੂੰ ਵੀ ਮਾਤ ਪਾ ਜਾਂਦੇ ਹਨ? ਨਕਲੀ ਮੋਤੀਆਂ ਨੂੰ ਕਿਵੇਂ ਪਛਾਣ ਸਕੀਦਾ ਹੈ? ਤਾਂ ਇਹਨਾਂ ਸੁਆਲਾਂ ਦੇ ਜਵਾਬ ਤੂੰ ਕੀ ਦੇਵੇਂਗਾ? ਤੇਰੀ ਸਿਆਣਪ ਇਸ ਬਾਤ ਵਿਚ ਹੈ ਕਿ ਤੂੰ ਮੋਤੀ ਵੀ ਲੈ ਕੇ ਚੱਲੇਂ ਅਤੇ ਮੋਤੀਆਂ ਸਬੰਧੀ ਸਭ ਵਾਕਫੀਅਤ ਵੀ ਪ੍ਰਾਪਤ ਕਰੇਂ, ਤਾ ਕਿ ਤੂੰ ਆਪਣੇ ਪਿਤਾ ਦੇ ਦਰਬਾਰ ਵਿਚ ਮੋਤੀਆਂ ਸਬੰਧੀ ਹਰ ਸੁਆਲ ਦਾ ਜਵਾਬ ਦੇ ਸਕੇਂ ਅਤੇ ਪਿਤਾ ਦੇ ਸਭ ਦਰਬਾਰੀਆਂ ਦੀ ਖੁਸ਼ੀ ਪ੍ਰਾਪਤ ਕਰ ਸਕੇਂ।

ਜੀਵ ਨੇ ਮਾਇਆ ਦੀ ਇਹ ਗੱਲ ਸੁਣ ਕੇ ਆਖਿਆ ਕਿ ਤੇਰਾ



ਖਿਆਲ ਵੀ ਠੀਕ ਹੈ. ਸਾਨੂੰ ਮੋਤੀਆਂ ਬਾਬਤ ਪੂਰੀ ਪੂਰੀ ਵਾਕਫੀ ਵੀ ਹੋਣੀ ਚਾਹੀਦੀ ਹੈ।

ਮਾਇਆ ਦੀ ਪ੍ਰੇਰਨਾ ਨਾਲ ਜੀਵ ਨੇ ਬੰਦਰਗਾਹ ਵਿਖੇ ਬੜੇ-ਬੜੇ ਗੋਤਾ-ਖੋਰਾਂ ਨੂੰ ਬੁਲਾਇਆ ਅਤੇ ਉਨ੍ਹਾਂ ਕੋਲੋਂ ਸਮੁੰਦਰ ਦੀ ਤਹਿ ਵਿਚੋਂ ਮੋਤੀ ਕੱਢਣ ਦਾ ਹਾਲ ਸੁਣਿਆ। ਇਸ ਨਾਲ ਜੀਵ ਦੇ ਦਿਲ ਵਿਚ ਖਾਹਿਸ਼ ਪੈਦਾ ਹੋਈ ਕਿ ਉਹ ਖੁਦ ਮੋਤੀ ਨਿਕਲਦੇ ਦੇਖੇ। ਮਾਇਆ ਨੇ ਕਿਹਾ ਸਿਰਫ ਮੋਤੀ ਨਿਕਲਦੇ ਦੇਖਣੇ ਹੀ ਕਾਫੀ ਨਹੀਂ, ਤੈਨੂੰ ਖੁਦ ਗੋਤਾ-ਖੋਰ ਬਣਨਾ ਚਾਹੀਦਾ ਹੈ ਅਤੇ ਆਪਣੀ ਹੱਥੀਂ ਮੋਤੀ ਕੱਢ ਕੇ ਆਪਣੇ ਪਿਤਾ ਦੇ ਪਾਸ ਲਿਜਾਣੇ ਚਾਹੀਦੇ ਹਨ। ਐਸੇ ਮੋਤੀਆਂ ਦੀ ਪਿਤਾ ਦੀ ਹਜ਼ੂਰੀ ਵਿਚ ਬਹੁਤ ਕਦਰ ਹੋਵੇਗੀ। ਮਾਇਆ ਨੇ ਗੋਤਾ-ਖੋਰਾਂ ਨੂੰ ਸਮਝਾਇਆ ਕਿ ਜੀਵ ਨੂੰ ਪਾਣੀ ਵਿਚ ਤਰਨਾ, ਪਾਣੀ ਵਿਚ ਗੋਤੇ ਲਗਾਣੇ ਅਤੇ ਮੋਤੀ ਕੱਢਣ ਦਾ ਕਸਬ ਸਿਖਾਣ।

ਗੋਤਾ ਖੋਰਾਂ ਨੇ ਕਿਹਾ ਕਿ ਇਸ ਕਸਬ ਦੇ ਸਿਖਾਣ ਵਿਚ ਬੜਾ ਚਿਰ ਲਗੇਗਾ। ਮਾਇਆ ਨੇ ਆਖਿਆ, ਇਹੋ ਹੀ ਤਾਂ ਮੈਂ ਚਾਹੁੰਦੀ ਹਾਂ। ਜਿਤਨਾ ਚਿਰ ਲੱਗੇ ਉਤਨਾ ਹੀ ਅੱਛਾ ਹੈ।

ਮਾਇਆ ਨੇ ਜੀਵ ਨੂੰ ਇਹ ਵੀ ਆਖਿਆ ਕਿ ਇਸ ਬੰਦਰਗਾਹ ਦੇ ਮੋਤੀ ਬੜੇ ਮਸ਼ਹੂਰ ਹਨ ਅਤੇ ਭਾਰੀ ਗਿਣਤੀ ਵਿਚ ਨਿਕਲਦੇ ਹਨ, ਇਸ ਕਰ ਕੇ ਪਿਤਾ ਪਾਸ ਮੋਤੀ ਲਿਜਾਣ ਤੋਂ ਪਹਿਲੇ ਕਿਉਂ ਨਾ ਮੋਤੀਆਂ ਦਾ ਥੋੜ੍ਹਾ ਵਪਾਰ ਕਰ ਲਈਏ ਤਾਂ ਕਿ ਸਾਡੇ ਪਾਸ ਇਤਨਾ ਰੁਪਿਆ ਹੋ ਜਾਏ ਜਿਤਨਾ ਕਿ ਪਿਤਾ ਜੀ ਨੇ ਅੱਜ ਤਕ ਤੁਹਾਨੂੰ ਦਿਤਾ ਹੈ। ਜੇਕਰ ਪਿਤਾ ਦਾ ਦਿਤਾ ਸਭ ਰੁਪਿਆ ਅਤੇ ਮੋਤੀ ਪਿਤਾ ਦੇ ਦਰਬਾਰ ਵਿਚ ਲਿਜਾ ਰਖਾਂਗੇ ਤਾਂ ਉਹ ਕਿਤਨਾ ਖੁਸ਼ ਹੋਣਗੇ?

ਜੀਵ ਨੇ ਮਾਇਆ ਦੀ ਇਸ ਗੱਲ ਨੂੰ ਪਸੰਦ ਕੀਤਾ ਅਤੇ ਆਖਿਆ, ਤੇਰੀ ਜੋ ਗੱਲ ਹੁੰਦੀ ਏ ਬੜੀ ਸਿਆਣਪ ਭਰੀ ਹੁੰਦੀ ਹੈ। ਸੱਚਮੁਚ ਜੇ ਅਸੀਂ ਰੁਪਈਏ ਵੀ ਲੈ ਚੱਲੀਏ ਅਤੇ ਮੋਤੀ ਵੀ ਲੈ ਚੱਲੀਏ, ਤਾਂ ਪਿਤਾ ਜੀ ਕਿਤਨੇ ਖੁਸ਼ ਹੋਣਗੇ? ਜਦ ਪਿਤਾ ਜੀ ਨੂੰ ਪਤਾ ਲਗੇਗਾ ਕਿ ਸਭ ਰੁਪਿਆ ਤੇਰੀ ਅਕਲ ਕਰ ਕੇ ਇਕੱਤਰ ਹੋਇਆ ਹੈ ਅਤੇ ਇਸ ਦੀ ਬਾਬਤ ਸਾਰੀ ਵਾਕਫੀਅਤ ਜੋ ਮੈਨੂੰ ਹੋਈ ਹੈ, ਉਹ ਵੀ ਤੇਰੀ ਸਮਝ ਦਾ ਹੀ ਨਤੀਜਾ ਹੈ, ਤਾਂ ਪਿਤਾ ਜੀ ਤੇਰੇ ਤੇ ਵੀ ਬਹੁਤ ਪ੍ਰਸੰਨ ਹੋਣਗੇ।

ਮੈਨੂੰ ਤੇਰੇ ਪਿਤਾ ਦੀ ਖੁਸ਼ੀ ਦੀ ਇਤਨੀ ਲੋੜ ਨਹੀਂ, ਜਿਤਨੀ

ਕਿ ਤੇਰੀ ਖੁਸ਼ੀ ਦੀ ਲੋੜ ਹੈ। ਖਬਰੇ ਮੈਂ ਤੇਰੇ ਪਿਤਾ ਦੇ ਦਰਬਾਰ ਤਕ ਪਹੁੰਚ ਵੀ ਸਕਾਂ ਕਿ ਨਾ? ਜੋ ਕੁਝ ਮੈਂ ਪਈ ਕਰਦੀ ਹਾਂ ਉਹ ਤੇਰੇ ਪਿਤਾ ਵਾਸਤੇ ਨਹੀਂ ਬਲਕਿ ਤੇਰੇ ਵਾਸਤੇ ਪਈ ਕਰਦੀ ਹਾਂ। ਮੇਰਾ ਤਾਂ ਤੇਰੇ ਨਾਲ ਡਾਢਾ ਪਿਆਰ ਹੈ। ਮੈਂ ਚਾਹੁੰਦੀ ਹਾਂ ਕਿ ਇਹ ਪਿਆਰ ਸਦੀਵੀ ਹੋ ਜਾਏ ਅਤੇ ਤੈਨੂੰ ਮੇਰੇ ਕੋਲੋਂ ਕੋਈ ਜੁਦਾ ਨਾ ਕਰ ਸਕੇ।

ਜੀਵ ਹੁਣ ਸਮੁੰਦਰ ਵਿਚ ਤਰਨਾ ਸਿਖਦਾ ਸੀ ਅਤੇ ਗੋਤਾ-ਖੋਰ ਉਸ ਨੂੰ ਜਿਤਨਾ ਹੌਲੀ ਹੌਲੀ ਸਿਖਾ ਸਕਦੇ ਸਨ, ਉਤਨਾ ਹੌਲੀ ਸਿਖਾਂਦੇ ਸਨ। ਕਦੀ ਕਦੀ ਜੀਵ ਮੋਤੀਆਂ ਦਾ ਵਪਾਰ ਕਰਨ ਲਈ ਮਾਇਆ ਦੇ ਨਾਲ ਦੂਸਰੀਆਂ ਬੰਦਰਗਾਹਾਂ ਦੀ ਸੈਰ ਵੀ ਕਰਦਾ। ਜੀਵ ਦਾ ਆਪਣਾ ਵਖਰਾ ਬੜਾ ਸੁੰਦਰ ਜਹਾਜ਼ ਸੀ, ਜਿਸ ਵਿਚ ਹਰ ਪ੍ਰਕਾਰ ਦੇ ਸੁਖਾਂ ਦੇ ਸਾਮਾਨ ਸਨ। ਜੀਵ ਤੇ ਮਾਇਆ ਛੇ-ਛੇ ਮਹੀਨੇ ਲਗਾਤਾਰ ਸਮੁੰਦਰਾਂ ਵਿਚ ਰਹਿੰਦੇ। ਮੋਤੀਆਂ ਦੇ ਵਪਾਰ ਲਈ ਕਈ ਬੰਦਰਗਾਹਾਂ ਤੇ ਜੀਵ ਨੇ ਦਫਤਰ ਖੋਲ੍ਹੇ ਹੋਏ ਸਨ ਅਤੇ ਆਪਣੇ ਗੁਮਾਸ਼ਤੇ ਰਖੇ ਹੋਏ ਸਨ। ਜੀਵ ਦਾ ਬੜਾ ਵਪਾਰ ਸੀ ਅਤੇ ਜੀਵ ਮਾਇਆ ਨਾਲ ਰਲ ਕੇ ਬਣਾਈ ਇੰਦਰੀਆਂ ਦੇ ਸੁਖਾਂ ਦੀ ਦੁਨੀਆਂ ਵਿਚ ਬੜਾ ਨਿਹਾਲ ਸੀ। ਇਸ ਨੂੰ ਹੌਲੀ ਹੌਲੀ ਆਪਣਾ ਪਿਤਾ ਅਤੇ ਉਸ ਦੀ ਰਾਜਧਾਨੀ ਭੁੱਲਦੇ ਜਾ ਰਹੇ ਸਨ ਅਤੇ ਮਾਇਆ ਦੀ ਰਚੀ ਦੁਨੀਆਂ ਵਿਚ ਇਸ ਦਾ ਦਿਲ ਖੁਭਦਾ ਜਾ ਰਿਹਾ ਸੀ। 'ਵਿਚਾਰ' ਨੂੰ ਹੁਣ ਜੀਵ ਬਹੁਤ ਘੱਟ ਬੁਲਾਂਦਾ। ਪਰ ਇਹ ਵੀ ਨਹੀਂ ਸੀ ਚਾਹੁੰਦਾ ਕਿ ਇਹ ਬਿਲਕੁਲ ਚਲਾ ਜਾਵੇ ਅਤੇ ਪਿਤਾ ਨੂੰ ਜਾ ਕੇ ਸਾਰਾ ਹਾਲ ਦੱਸੇ। ਜੀਵ ਨੂੰ ਮਾਇਆ ਨੇ 'ਵਿਚਾਰ' ਦੇ ਖਿਲਾਫ ਸਿਖਾ ਸਿਖਾ ਦੇ ਵਿਚਾਰ ਕੇ ਖਿਲਾਫ ਕਰ ਦਿਤਾ ਸੀ। ਉਹ ਸਮਝਦਾ ਸੀ ਕਿ ਉਸ ਨੂੰ ਮਾਇਆ ਦੀ ਨਗਰੀ ਤੋਂ ਵਾਪਸ ਪਿਤਾ ਦੇ ਦੇਸ ਲਿਜਾਣ ਲਈ ਕੇਵਲ ਵਿਚਾਰ ਹੀ ਉਸ ਦਾ ਸਿਰ ਖਾਂਦਾ ਰਹਿੰਦਾ ਹੈ, ਪਰ ਕਿਉਂਕਿ ਮਾਇਆ ਦੀ ਨਗਰੀ ਜੀਵ ਨੂੰ ਬਹੁਤ ਪਸੰਦ ਸੀ, ਇਸ ਕਰ ਕੇ ਉਹ ਵਿਚਾਰ ਨੂੰ ਦਿਲੋਂ ਆਪਣਾ ਦੁਸ਼ਮਣ ਸਮਝਦਾ ਸੀ ਅਤੇ ਜਦ 'ਵਿਚਾਰ' ਜੋ ਕੁਝ ਆਖਦਾ ਸੀ, ਉਹ ਜੀਵ ਸੁਣ ਤਾਂ ਲੈਂਦਾ ਸੀ ਪਰ ਕਰਦਾ ਉਹੋ ਸੀ, ਜੋ 'ਮਾਇਆ' ਆਖੇ। ਮਾਇਆ ਦੇ ਆਖੇ ਲਗ ਕੇ ਜੀਵ ਨੇ ਵਿਚਾਰ ਨੂੰ ਇਕ ਵਖਰਾ ਮਕਾਨ ਲੈ ਦਿਤਾ ਸੀ। ਜੀਵ ਤੇ ਵਿਚਾਰ ਹੁਣ ਕਿੰਨਾ ਕਿੰਨਾ ਚਿਰ ਮਿਲਦੇ ਹੀ ਨਹੀਂ ਸਨ। ਮਾਇਆ ਨੂੰ ਜੀਵ ਤੋਂ ਆਪਣੀਆਂ ਗੱਲਾਂ ਮਨਵਾਉਣ ਦੇ ਹੁਣ ਪੂਰੇ ਮੌਕੇ ਸਨ



ਅਤੇ ਉਹ ਵਿਚਾਰ ਦੇ ਵਖਰਾ ਜਾ ਰਹਿਣ ਤੋਂ ਬਹੁਤ ਖੁਸ਼ ਸੀ। ਉਸ ਦੀ ਸਾਰੀ ਵਿਉਂਤ ਇਹ ਸੀ ਕਿ ਇਕ ਪਾਸੇ ਜੀਵ ਅਤੇ ਵਿਚਾਰ ਆਪਸ ਵਿਚ ਬਹੁਤ ਘੱਟ ਮਿਲਣ ਅਤੇ ਦੂਸਰੇ ਜੀਵ ਸਮੁੰਦਰ ਵਿਚ ਗੋਤੇ ਲਗਾਣ ਅਤੇ ਮੋਤੀ ਕੱਢਣ ਦਾ ਹੁਨਰ ਵਧ ਤੋਂ ਵੱਧ ਸਮੇਂ ਵਿਚ ਸਿਖੇ। ਜਦ ਜੀਵ ਦਾ ਇਸ ਬੰਦਰਗਾਹ ਤੇ ਦਿਲ ਉਦਾਸ ਹੁੰਦਾ ਤਾਂ ਮਾਇਆ ਉਸ ਨੂੰ ਆਪਣੇ ਜਹਾਜ਼ ਵਿਚ ਚੜ੍ਹਾ ਦੇਸ਼ ਦੇਸ਼ਾਂਤਰਾਂ ਦੀ ਸੈਰ ਕਰਾਂਦੀ ਅਤੇ ਜਦ ਜੀਵ ਦਾ ਦਿਲ ਸਫਰ ਕਰ ਕੇ ਉਕਤਾ ਜਾਂਦਾ ਤਾਂ ਉਸ ਨੂੰ ਮੁੜ ਬੰਦਰਗਾਹ ਤੇ ਲਿਆ ਕੇ ਤਰ੍ਹਾਂ ਤਰ੍ਹਾਂ ਦੇ ਸ਼ੁਗਲ ਤੇ ਪ੍ਰੋਗਰਾਮਾਂ ਨਾਲ ਉਸ ਦਾ ਦਿਲ ਪਰਚਾਂਦੀ।

ਏਸੇ ਤਰ੍ਹਾਂ ਜੀਵ ਦੀ ਸਾਰੀ ਜੁਆਨੀ ਲੰਘ ਗਈ ਅਤੇ ਬੁਢਾਪਾ ਆ ਗਿਆ। ਹੁਣ ਉਸ ਦੇ ਜਿਸਮ ਵਿਚ ਨਾ ਪਹਿਲੇ ਵਾਲੀ ਸ਼ਕਤੀ ਅਤੇ ਨਾ ਹੀ ਹਿੰਮਤ ਸੀ। ਪਰ ਉਸ ਨੂੰ ਕਦੀ ਕਦੀ 'ਵਿਚਾਰ' ਮਿਲਦਾ ਰਹਿੰਦਾ ਸੀ ਅਤੇ ਆਖਦਾ ਰਹਿੰਦਾ ਸੀ ਕਿ ਹੇ ਜੀਵ, ਤੂੰ ਆਪਣੇ ਪਿਤਾ ਤੋਂ ਵਿਛੜ ਕੇ ਇਥੇ ਪਰਦੇਸ ਵਿਚ ਆ ਕੇ ਮਾਇਆ ਦੇ ਨਾਲ ਪਿਆਰ ਪਾ ਕੇ ਬੜੀ ਗਲਤੀ ਕੀਤੀ ਹੈ। ਇਹ ਜਿਹੜਾ ਮਾਇਆ ਦਾ ਲਾਰਾ ਸੀ ਕਿ ਉਹ ਤੈਨੂੰ ਸਮੁੰਦਰ ਦਾ ਬੜਾ ਚੰਗਾ ਗੋਤਾ-ਖੋਰ ਬਣਾਵੇਗੀ ਅਤੇ ਤੂੰ ਆਪ ਮੋਤੀ ਕੱਢ ਕੇ ਪਿਤਾ ਕੋਲ ਲੈ ਜਾਵੇਂਗਾ, ਉਹ ਤੇਰੇ ਤੇ ਤੇਰੇ ਪਿਤਾ ਦੇ ਮਿਲਾਪ ਵਿਚ ਦੇਰ ਪਾਣ ਲਈ ਮਾਇਆ ਦੀ ਇਕ ਚਾਲ ਸੀ। ਤੂੰ ਇਤਨੇ ਅਰਸੇ ਅੰਦਰ ਚੰਗਾ ਗੋਤਾ-ਖੋਰ ਨਹੀਂ ਬਣ ਸਕਿਆ। ਤੂੰ ਤੇ ਸਮੁੰਦਰ ਦੀਆਂ ਨੀਵੀਆਂ ਤੈਹਾਂ ਤਕ ਪੁੱਜ ਹੀ ਨਹੀਂ ਸਕਦਾ। ਸਮੁੰਦਰ ਵਿਚ ਤਾਰੀਆਂ—ਮਰਜੀਵੜੇ ਲਗਾਂਦੇ ਹਨ, ਜਿਨ੍ਹਾਂ ਦਾ ਬੜਾ ਅਭਿਆਸ ਹੁੰਦਾ ਹੈ। ਉਹ ਅੰਤਰਮੁਖੀ ਹੋ ਕੇ ਆਪਣੇ ਅੰਦਰਲੇ ਸ਼ਹੁ ਸਾਗਰ ਵਿਚੋਂ ਮੋਤੀ ਕੱਢ ਲਿਆਉਂਦੇ ਹਨ। ਪਰ ਤੂੰ ਤਾਂ ਇਤਨੇ ਚਿਰ ਬਾਅਦ ਵੀ ਮੋਤੀ ਕੱਢਣ ਦਾ ਕੁਝ ਗਿਆਨ ਹਾਸਲ ਨਹੀਂ ਕੀਤਾ। ਹੁਣ ਤੇਰੇ ਤੇ ਬੁਢਾਪਾ ਆ ਗਿਆ ਹੈ। ਹੁਣ ਤੇਰੇ ਲਈ ਪੂਰਾ ਗੋਤਾ-ਖੋਰ ਬਣਨ ਦਾ ਕੋਈ ਮੌਕਾ ਨਹੀਂ। ਤੇਰੇ ਪਾਸ ਜਿਤਨਾ ਧਨ ਹੈ, ਉਸ ਨਾਲ ਮੋਤੀ ਖਰੀਦ ਅਤੇ ਆਪਣੇ ਪਿਤਾ ਕੋਲ ਚੱਲ ਕੇ ਆਪਣੀ ਭੁੱਲ ਬਖਸ਼ਵਾ। ਤੇਰਾ ਪਿਤਾ ਬੜਾ ਦਿਆਲੂ ਹੈ, ਉਹ ਤੈਨੂੰ ਬਖਸ਼ ਦੇਵੇਗਾ।

ਜੀਵ ਨੇ ਆਖਿਆ—ਹੇ ਵਿਚਾਰ, ਤੇਰੀ ਬਾਤ ਬੜੀ ਸਿਆਣਪ ਭਰੀ ਹੈ, ਮੈਂ ਮਾਇਆ ਨਾਲ ਕੱਲ੍ਹ ਹੀ ਸਲਾਹ ਕਰਾਂਗਾ ਅਤੇ ਹਫਤੇ

ਦੇ ਅੰਦਰ ਹੀ ਅਸੀਂ ਪਰਦੇਸ ਵਿਚੋਂ ਆਪਣੇ ਦੇਸ ਆਪਣੇ ਪਿਤਾ ਦੀ ਰਾਜਧਾਨੀ ਵਲ ਚਾਲੇ ਪਾਵਾਂਗੇ।

ਅਗਲੇ ਦਿਨ ਜੀਵ ਨੇ ਮਾਇਆ ਨੂੰ ਆਖਿਆ, ਦੇਖ ਹੁਣ ਮੈਂ ਬੁੱਢਾ ਹੋ ਗਿਆ ਹਾਂ। ਮੇਰੀ ਸ਼ਕਤੀ ਤੇ ਹਿੰਮਤ ਘਟ ਗਈ ਹੈ। ਹੋ ਸਕਦਾ ਹੈ ਮੇਰੀ ਉਮਰ ਇਥੇ ਹੀ ਖਤਮ ਹੋ ਜਾਏ ਅਤੇ ਮੈਂ ਪਿਤਾ ਪਾਸੋਂ ਹਮੇਸ਼ਾਂ ਲਈ ਸ਼ਰਮਿੰਦਾ ਰਹਾਂ। ਸਾਰੀ ਉਮਰ ਮੈਂ ਤੇਰੇ ਨਾਲ ਗੁਜ਼ਾਰੀ ਹੈ, ਚੱਲ ਹੁਣ ਅਸੀਂ ਦੋਵੇਂ ਵਾਪਸ ਚੱਲੀਏ ਅਤੇ ਪਿਤਾ ਦੇ ਕੋਲ ਚੱਲ ਕੇ ਮਾਫੀ ਮੰਗੀਏ। ਮੈਂ ਪੱਕਾ ਇਰਾਦਾ ਕਰ ਲਿਆ ਹੈ, ਹੁਣ ਮੈਂ ਇਥੇ ਨਹੀਂ ਰਹਿਣਾ।

ਮਾਇਆ ਨੇ ਜੀਵ ਦੀਆਂ ਗੱਲਾਂ ਸੁਣ ਕੇ ਪਹਿਲੇ ਤਾਂ ਬੜੀ ਨਿਮਰਤਾ ਧਾਰਨ ਕੀਤੀ ਅਤੇ ਆਖਣ ਲੱਗੀ, ਤੇਰਾ ਪਿਤਾ ਤੈਨੂੰ ਭੁੱਲ ਚੁੱਕਿਆ ਹੋਵੇਗਾ। ਤੂੰ ਛੋਟੀ ਉਮਰ ਵਿਚ ਉਤੋਂ ਆਇਆ ਸੈਂ, ਹੁਣ ਉਥੇ ਤੈਨੂੰ ਕਿਸੇ ਨੇ ਪਛਾਨਣਾ ਵੀ ਨਹੀਂ। ਹੋ ਸਕਦਾ ਹੈ ਕਿ ਤੇਰਾ ਪਿਤਾ ਵੀ ਮਰ ਚੁਕਿਆ ਹੋਵੇ ਅਤੇ ਉਸ ਦੀ ਥਾਂ ਤੇ ਕੋਈ ਹੋਰ ਰਾਜਾ ਬਣ ਬੈਠਾ ਹੋਵੇ। ਜਿਸ ਪਰਦੇਸ ਵਿਚ ਸਾਰੀ ਉਮਰ ਗੁਜ਼ਾਰੀ ਹੈ, ਹੁਣ ਤੇਰਾ ਇਹੋ ਹੀ ਘਰ ਹੈ। ਪਿਤਾ ਦਾ ਪਿਆਰ ਤੈਨੂੰ ਵਧੇਰੇ ਹੈ ਤੇ ਮੇਰਾ ਅਤੇ ਆਪਣੇ ਸਾਰੇ ਪਰਿਵਾਰ ਦਾ? ਆਪਣੀ ਜਾਇਦਾਦ ਅਤੇ ਮਿਲਖ ਮਾੜੀਆਂ ਦਾ? ਇਹ ਪਿਤਾ ਪਾਸ ਮੁੜਨ ਦਾ ਖਿਆਲ ਹੁਣ ਤੈਨੂੰ ਕਿਸ ਤਰ੍ਹਾਂ ਆਇਆ ਹੈ? ਇਹ ਜ਼ਰੂਰ 'ਵਿਚਾਰ' ਦੀ ਸ਼ਰਾਰਤ ਹੈ। ਜੇਕਰ ਤੂੰ ਬੁੱਢਾ ਹੋ ਗਿਆ ਹੈਂ ਤਾਂ ਕੋਈ ਕੰਮ ਨਾ ਕਰ, ਘਰ ਬੈਠਾ ਮੌਜਾਂ ਕਰ ਤੇ ਅਨੰਦ ਲੈ। ਜੇ ਤੇਰਾ ਦਿਲ ਨਹੀਂ ਕਰਦਾ, ਤਾਂ ਤੂੰ ਪਾਣੀ ਵਿਚ ਗੋਤੇ ਲਗਾਣੇ ਛੱਡ ਦੇਹ ਅਤੇ ਘਰ ਹੀ ਬੈਠਾ ਰਿਹਾ ਕਰ। ਜਿਥੇ ਸਾਰੀ ਉਮਰ ਕਟੀ ਏ ਘਰ ਓਹੋ ਹੀ ਹੁੰਦਾ ਹੈ, ਤੂੰ ਇਸ ਨੂੰ ਪ੍ਰਦੇਸ ਕਿਉਂ ਸਮਝਦਾ ਹੈਂ?

ਅਗਲੇ ਦਿਨ ਜੀਵ ਨੇ 'ਵਿਚਾਰ' ਨੂੰ ਜਾ ਕੇ ਦੱਸਿਆ ਕਿ ਮਾਇਆ ਤਾਂ ਠੀਕ ਕਹਿੰਦੀ ਹੈ। ਇਤਨੇ ਚਿਰ ਵਿਚ ਮੈਂ ਬੁੱਢਾ ਹੋ ਗਿਆ ਹਾਂ ਤਾਂ ਮੇਰਾ ਪਿਤਾ ਜ਼ਰੂਰ ਮਰ ਖਪ ਗਿਆ ਹੋਵੇਗਾ ਅਤੇ ਉਸ ਦੀ ਰਾਜਧਾਨੀ ਤੇ ਕਿਸੇ ਹੋਰ ਦਾ ਕਬਜ਼ਾ ਹੋਵੇਗਾ ਅਤੇ ਮੈਂ ਉਥੋਂ ਛੋਟੀ ਉਮਰ ਵਿਚ ਆਇਆ ਸੀ। ਹੁਣ ਇਸ ਬੁਢਾਪੇ ਵਿਚ ਜੇ ਮੈਂ ਵਾਪਸ ਜਾਵਾਂ ਤਾਂ ਮੈਨੂੰ ਤਾਂ ਕਿਸੇ ਨੇ ਪਛਾਣਨਾ ਵੀ ਨਹੀਂ। ਇਹ ਸਾਰਾ ਬਾਗ-ਪਰਵਾਰ ਛੱਡ ਕੇ ਉਸ ਜਗ੍ਹਾ ਤੇ ਵਾਪਸ ਜਾਣਾ ਜਿਥੇ



ਕਿ ਸਭ ਨਵੇਂ ਲੋਕ ਹੋਣਗੇ, ਮੇਰੇ ਲਈ ਮੁਨਾਸਬ ਨਹੀਂ।

'ਵਿਚਾਰ' ਨੇ 'ਜੀਵ' ਦੀ ਇਹ ਗੱਲ ਸੁਣ ਕੇ ਆਖਿਆ ਕਿ ਐ ਜੀਵ, ਤੈਨੂੰ ਆਪਣੇ ਪਿਤਾ ਦਾ ਆਪਣੇ ਵਲ ਵੇਖ ਕੇ ਅਨੁਮਾਨ ਨਹੀਂ ਲਗਾਣਾ ਚਾਹੀਦਾ। ਮੇਰਾ ਤੇਰੇ ਪਿਤਾ ਦੇ ਦਰਬਾਰ ਵਿਚ ਬੜਾ ਸਨਮਾਨ ਸੀ ਅਤੇ ਉਸ ਦਰਬਾਰ ਵਿਚ 'ਗਿਆਨ' ਮੇਰਾ ਬੜਾ ਮਿੱਤਰ ਸੀ। ਮੈਨੂੰ ਉਥੇ ਤੇਰੇ ਪਿਤਾ ਸਬੰਧੀ ਬਹੁਤ ਕੁਝ ਪਤਾ ਲਗ ਚੁੱਕਾ ਸੀ। ਮੈਨੂੰ 'ਗਿਆਨ' ਨੇ ਦੱਸਿਆ ਸੀ ਕਿ ਤੇਰਾ ਪਿਤਾ ਅਬਿਨਾਸ਼ੀ ਹੈ, ਅਕਾਲ ਹੈ, ਕਰਤਾ ਪੁਰਖ ਹੈ, ਨਿਰਭੈ ਹੈ, ਅਜੂਨੀ ਹੈ, ਸੈਭੰ ਹੈ। ਉਹ ਸਮੇਂ ਜਾਂ ਕਾਲ ਦੀ ਹੱਦ ਤੋਂ ਉਚਾ ਹੈ। ਉਸ ਵਿਚ ਕਦੀ ਕੋਈ ਤਬਦੀਲੀ ਨਹੀਂ ਆਈ, ਨਾ ਆ ਸਕਦੀ ਹੈ ਅਤੇ ਉਸ ਦਾ ਦਰਬਾਰ ਵੀ ਉਸ ਵਾਂਗ ਨਿਹਚਲ ਹੈ। ਉਸ ਦੀ ਰਾਜਧਾਨੀ ਦਾ ਨਾਮ 'ਸੱਚਖੰਡ' ਹੈ। ਤੂੰ ਜਦ ਮੇਰੇ ਨਾਲ ਉਥੇ ਚੱਲੇਂਗਾ ਤਾਂ ਆਪਣੇ ਪਿਤਾ ਨੂੰ ਉਸੇ ਸੋਹਣੀ ਅਵਸਥਾ ਵਿਚ ਵੇਖ ਕੇ ਖੁਸ਼ ਹੋਵੇਂਗਾ, ਜਿਸ ਅਵਸਥਾ ਵਿਚ ਕਿ ਤੂੰ ਉਸ ਨੂੰ ਬਚਪਨ ਵਿਚ ਵੇਖਿਆ ਸੀ। ਇਹ ਬਚਪਨ, ਜਵਾਨੀ ਅਤੇ ਬੁਢੇਪਾ ਤੇਰੇ ਤੇ ਆਇਆ ਹੈ, ਤੇਰੇ ਪਿਤਾ ਤੇ ਨਹੀਂ ਆਇਆ। ਜਦ ਤੂੰ ਉਥੇ ਪਹੁੰਚੇਂਗਾ, ਤਾਂ ਤੈਨੂੰ ਮਾਇਆ ਅਤੇ ਉਸ ਦੇ ਸਾਰੇ ਰੰਗ ਤਮਾਸ਼ੇ ਫਿਕੇ ਪ੍ਰਤੀਤ ਹੋਣਗੇ। ਤੂੰ ਜੋ ਮੈਨੂੰ ਕਲ੍ਹ ਆਖਿਆ ਸੀ ਕਿ ਮੈਂ ਹੁਣ ਜ਼ਰੂਰ ਵਾਪਸ ਚਲਾਂਗਾ, ਉਸ ਇਰਾਦੇ ਤੇ ਕਾਇਮ ਰਹਿ। ਤੂੰ ਆਪਣੇ ਧਨ ਨਾਲ ਜਲਦੀ ਤੋਂ ਜਲਦੀ ਮੋਤੀ ਖਰੀਦ ਅਤੇ ਵਾਪਸ ਚਲ।

ਜੀਵ ਆਪਣੇ ਪਿਤਾ ਦੇ ਗੁਣ ਸੁਣ ਕੇ ਹੈਰਾਨ ਹੋ ਗਿਆ ਅਤੇ ਉਸ ਦੇ ਦਿਲ ਅੰਦਰ ਆਪਣੇ ਪਿਤਾ ਦੇ ਦਰਸ਼ਨਾਂ ਦੀ ਡਾਢੀ ਤੀਬਰ ਇਛਿਆ ਪੈਦਾ ਹੋ ਰਹੀ ਸੀ। ਉਸ ਨੇ 'ਵਿਚਾਰ' ਅੱਗੇ ਨਮਸਕਾਰ ਕੀਤੀ ਅਤੇ ਆਖਿਆ—ਜੇਕਰ ਤੂੰ ਨਾ ਹੁੰਦਾ ਤਾਂ ਮੈਂ ਮਾਇਆ ਦੇ ਜਾਲ ਵਿਚੋਂ ਕਦੀ ਨਹੀਂ ਸੀ ਨਿਕਲ ਸਕਣਾ। ਮੈਂ ਆਪਣੇ ਇਰਾਦੇ ਤੇ ਪੱਕਾ ਹਾਂ ਅਤੇ ਮਾਇਆ ਦੇ ਜਾਲ 'ਚੋਂ ਨਿਕਲਣ ਦਾ ਪੱਕਾ ਇਰਾਦਾ ਕਰ ਚੁੱਕਿਆ ਹਾਂ। ਤੂੰ ਹੁਣ ਮੇਰਾ ਸੰਗ ਨਾ ਛੱਡੀਂ।

ਅਗਲੇ ਦਿਨ ਜੀਵ ਨੇ ਮਾਇਆ ਨੂੰ ਆਖਿਆ—ਹੇ ਮਾਇਆ! ਤੈਨੂੰ ਮੇਰੇ ਪਿਤਾ ਦਾ ਕੁਝ ਪਤਾ ਹੀ ਨਹੀਂ? ਉਹ ਬੁੱਢਾ ਵੀ ਨਹੀਂ ਹੋ ਸਕਦਾ ਅਤੇ ਮਰ ਵੀ ਨਹੀਂ ਸਕਦਾ, ਕਿਉਂਕਿ ਉਹ ਅਬਿਨਾਸ਼ੀ ਅਤੇ ਅਕਾਲ ਹੈ। ਉਸ ਦੇ ਸਿੰਘਾਸਨ ਉਤੇ ਕੋਈ ਹੋਰ ਰਾਜਾ ਬੈਠ ਨਹੀਂ

ਸਕਦਾ, ਕਿਉਂਕਿ ਉਸ ਦਾ ਰਾਜ ਵੀ ਅਬਿਨਾਸ਼ੀ ਹੈ ਅਤੇ ਉਸ ਦਾ ਪਰਤਾਪ ਅਟੱਲ ਹੈ, ਇਸ ਵਾਸਤੇ ਮੈਂ ਹੁਣ ਜ਼ਰੂਰ ਆਪਣੇ ਪਿਤਾ ਪਾਸ ਵਾਪਸ ਮੁੜਾਂਗਾ। ਮੇਰੀ ਭਾਵੇਂ ਸਾਰੀ ਦੌਲਤ ਲਗ ਜਾਵੇ, ਮੈਂ ਮੋਤੀ ਖਰੀਦਾਂਗਾ ਅਤੇ ਆਪਣੇ ਪਿਤਾ ਪਾਸ ਜਾ ਕੇ ਤੇਰੀ ਅਤੇ ਆਪਣੀ ਭੁੱਲ ਬਖਸ਼ਾਵਾਂਗਾ।

ਜਦ ਮਾਇਆ ਨੇ ਜੀਵ ਅੰਦਰ ਆਪਣੇ ਪਿਤਾ ਲਈ ਦ੍ਰਿੜ੍ਹ ਇਛਿਆ ਦੇਖੀ ਤਾਂ ਉਸ ਨੇ ਅੱਖਾਂ ਬਦਲ ਲਈਆਂ ਅਤੇ ਆਖਿਆ, ਮੈਂ ਕਦੀ ਤੇਰੇ ਨਾਲ ਤੇਰੇ ਪਿਤਾ ਦੇ ਪਾਸ ਨਹੀਂ ਜਾਵਾਂਗੀ। ਮੇਰਾ ਪਰਿਵਾਰ ਤੇਰੇ ਨਾਲ ਨਹੀਂ ਜਾਏਗਾ ਤੇ ਜੋ ਦੌਲਤ ਤੂੰ ਆਪਣੀ ਸਮਝਦਾ ਹੈਂ, ਉਹ ਵੀ ਤੈਨੂੰ ਨਹੀਂ ਮਿਲੇਗੀ, ਕਿਉਂਕਿ ਉਹ ਸਭ ਮੇਰੀ ਹੈ ਜਾਂ ਮੇਰੇ ਪਰਿਵਾਰ ਦੀ ਹੈ। ਤੈਨੂੰ ਪਤਾ ਨਹੀਂ ਕਿ ਸਾਰਾ ਕਾਰੋਬਾਰ ਮੇਰੇ ਨਾਮ ਤੇ ਚਲ ਰਿਹਾ ਹੈ।

ਬੈਂਕਾਂ ਦਾ ਸਭ ਰੁਪਿਆ ਅਤੇ ਸਭ ਜਾਇਦਾਦ ਮੇਰੇ ਨਾਮ ਤੇ ਹੈ। ਨੌਕਰ ਚਾਕਰ ਸਭ ਮੇਰੇ ਹਨ। ਤੂੰ ਇਕ ਪਰਦੇਸੀ ਸੀ, ਮੈਂ ਤੇਰੇ ਤੇ ਤਰਸ ਕਰ ਕੇ ਤੇਰੇ ਨਾਲ ਸ਼ਾਦੀ ਕੀਤੀ ਅਤੇ ਤੈਨੂੰ ਇਤਨਾ ਵਡਾ ਦੁਨੀਆਂਦਾਰ ਬਣਾਇਆ। ਪਰ ਜੇ ਤੂੰ ਮੇਰੇ ਪਾਸੋਂ ਮੂੰਹ ਮੋੜ ਕੇ ਪਿਤਾ ਪਾਸ ਜਾਣ ਦਾ ਇਰਾਦਾ ਰਖਦਾ ਹੈਂ, ਤਾਂ ਯਾਦ ਰੱਖ, ਮੈਂ ਵੀ ਤੇਰੇ ਵਲੋਂ ਮੂੰਹ ਮੋੜ ਲਵਾਂਗੀ ਅਤੇ ਤੂੰ ਕੱਖਾਂ ਤੋਂ ਵੀ ਹੌਲਾ ਹੋ ਜਾਵੇਂਗਾ।

ਜੀਵ ਨੇ ਜਦ ਅਗਲੇ ਦਿਨ ਜਾ ਕੇ ਦੇਖਿਆ ਤਾਂ ਸੱਚੀ ਮੁਚੀ ਉਸ ਦਾ ਮਾਇਆ ਦੀ ਨਗਰੀ ਵਿਚ ਨਾ ਕੁਝ ਰੁਪਿਆ ਸੀ, ਨਾ ਕੋਈ ਜਾਇਦਾਦ ਸੀ ਅਤੇ ਨਾ ਕੋਈ ਮਹਿਰਮ ਸੀ। ਸਭ ਕੁਝ ਮਾਇਆ ਦੇ ਨਾਮ ਉਤੇ ਸੀ। ਮਾਇਆ ਦੀਆਂ ਅੱਖਾਂ ਵਟਣ ਨਾਲ ਉਸ ਬੰਦਰਗਾਹ ਵਿਚ ਸਭ ਨੇ ਜੀਵ ਨਾਲੋਂ ਅੱਖਾਂ ਵਟ ਲਈਆਂ। ਜੀਵ ਦਾ ਸਿਰ ਚਕਰਾ ਰਿਹਾ ਸੀ ਅਤੇ ਉਸ ਨੂੰ ਡਾਹਢੀ ਨਿਰਾਸਤਾ ਨੇ ਆਪਣੇ ਘੇਰੇ ਵਿਚ ਲਿਆ ਹੋਇਆ ਸੀ। ਉਸ ਦੇ ਪਰੇਸ਼ਾਨ ਦਿਮਾਗ ਦੇ ਸਾਮ੍ਹਣੇ ਇਹ ਅੱਖਰ ਕਦੀ ਆਉਂਦੇ ਕਦੀ ਅਲੋਪ ਹੋ ਜਾਂਦੇ ਸਨ, ਮੁੜ ਕਦੀ ਆਉਂਦੇ ਅਤੇ ਮੁੜ ਅਲੋਪ ਹੋ ਜਾਂਦੇ ਸਨ –

*ਖਿਨ ਮਹਿ ਕਊੜੇ ਹੋਇ ਗਏ ਜਿਤੜੇ ਮਾਇਆ ਭੋਗ॥*

*ਅੰਕ - 135*

ਜੀਵ ਨੇ ਆ ਕੇ 'ਵਿਚਾਰ' ਨੂੰ ਦੱਸਿਆ ਕਿ 'ਮਾਇਆ' ਨੇ ਉਸ ਨਾਲ ਬੜਾ ਧੋਖਾ ਕੀਤਾ ਹੈ। ਪਹਿਲਾਂ ਆਖਦੀ ਰਹੀ ਹੈ, ਹੇ



ਜੀਵ, ਸਭ ਕੁਝ ਤੇਰਾ ਹੈ, ਪਰ ਹੁਣ ਸਾਫ ਜਵਾਬ ਦੇ ਦਿਤਾ ਹੈ ਕਿ ਤੇਰਾ ਕੁਝ ਨਹੀਂ। ਬੈਂਕਾਂ ਦਾ ਰੁਪਿਆ ਮਾਇਆ ਨੇ ਆਪਣੇ ਨਾਮ ਤੇ ਲਗਵਾਇਆ ਹੋਇਆ ਹੈ ਤੇ ਸਭ ਜਾਇਦਾਦ ਆਪਣੇ ਤੇ ਆਪਣੇ ਪਰਿਵਾਰ ਦੇ ਨਾਮ ਤੇ ਲਗਵਾਈ ਹੋਈ ਹੈ। ਨੌਕਰ, ਚਾਕਰ, ਮੈਨੇਜਰ ਆਦਿ ਸਭ ਉਸ ਦੇ ਬਣੇ ਬੈਠੇ ਹਨ। ਮੈਂ ਜਿਧਰ ਜਾਂਦਾ ਹਾਂ, ਮੇਰੇ ਵਲ ਸਭ ਕੈਰੀ ਅੱਖ ਨਾਲ ਤਕਦੇ ਹਨ, ਘਰ ਬਾਹਰ ਕੋਈ ਆਪਣਾ ਨਜ਼ਰ ਨਹੀਂ ਆਉਂਦਾ। ਇਕ ਦਿਨ ਵਿਚ ਹੀ ਸਭ ਨੇ ਅੱਖਾਂ ਫੇਰ ਲਈਆਂ ਹਨ। ਕੱਲ ਤੱਕ ਮੈਂ ਇਸ ਸਾਰੀ ਨਗਰੀ ਦਾ ਆਪਣੇ ਆਪ ਨੂੰ ਮਾਲਕ ਸਮਝਦਾ ਸੀ, ਅੱਜ ਮੈਂ ਇਕ ਭਿਖਾਰੀ ਨਾਲੋਂ ਵੀ ਮਾੜਾ ਬਣ ਗਿਆ ਹਾਂ। ਭਿਖਾਰੀ ਨੂੰ ਇਸ ਨਗਰੀ ਵਿਚੋਂ ਹਮਦਰਦੀ ਅਤੇ ਤਰਸ ਮਿਲ ਸਕਦੇ ਹਨ, ਪਰ ਮੈਨੂੰ ਕੋਈ ਇਹ ਵੀ ਦੇਣ ਵਾਸਤੇ ਤਿਆਰ ਨਹੀਂ। ਮੈਂ ਹੁਣ ਆਪਣੇ ਆਪ ਨੂੰ ਡਾਹਢਾ ਇਕੱਲਾ ਮਹਿਸੂਸ ਕਰ ਰਿਹਾ ਹਾਂ। ਕਰਾਂ ਤੇ ਕੀ ਕਰਾਂ?

'ਵਿਚਾਰ' ਨੇ 'ਜੀਵ' ਦੀਆਂ ਇਹ ਗੱਲਾਂ ਸੁਣ ਕੇ ਆਖਿਆ—ਜੀਵ! ਮੈਨੂੰ ਤੇਰੇ ਤੇ ਬੜਾ ਤਰਸ ਆਉਂਦਾ ਹੈ, ਪਰ ਤੂੰ ਕਦੀ ਕੋਈ ਬਾਤ ਨਹੀਂ ਮੰਨੀ ਤੇ ਮੈਨੂੰ ਵੀ ਤੂੰ ਆਪਣਾ ਦੁਸ਼ਮਣ ਸਮਝਦਾ ਰਿਹਾ ਹੈਂ। ਮੇਰੀ ਹਰ ਗੱਲ ਨੂੰ ਤੂੰ ਸ਼ੱਕ ਨਾਲ ਦੇਖਦਾ ਸੀ ਅਤੇ ਕਈ ਵਾਰੀ 'ਮਾਇਆ' ਤੋਂ ਮੇਰੀ ਬੇਇਜ਼ਤੀ ਵੀ ਕਰਵਾਂਦਾ ਰਿਹਾ ਹੈਂ। ਮਾਇਆ ਨੇ ਅੱਜ ਜੋ ਕੁਝ ਤੇਰੇ ਨਾਲ ਕੀਤਾ ਹੈ, ਇਹ ਸਭ ਨਾਲ ਏਸੇ ਤਰ੍ਹਾਂ ਕਰਦੀ ਹੈ। ਅਨਜਾਣ ਆਦਮੀ ਇਹਦੇ ਲਾਰਿਆਂ ਨੂੰ ਸੱਚ ਸਮਝਦੇ ਹਨ ਅਤੇ ਅੰਤ ਤੇਰੇ ਵਾਂਗ ਨਿਰਾਸ ਹੁੰਦੇ ਹਨ।

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥*

*ਅੰਕ - 510*

ਜਦ ਜੀਵ ਨੇ ਮਾਇਆ ਦੀ ਅਸਲੀਅਤ 'ਵਿਚਾਰ' ਤੋਂ ਸੁਣੀ, ਤਾਂ ਉਸ ਦੇ ਸਾਮ੍ਹਣੇ 'ਮਾਇਆ' ਦਾ ਸਾਰਾ ਛਲ ਜੋ ਕਿ ਉਸ ਨਾਲ ਉਸ ਨੇ ਕੀਤਾ ਸੀ, ਉਸ ਦੀਆਂ ਅੱਖਾਂ ਸਾਮ੍ਹਣੇ ਆ ਗਿਆ। ਹੁਣ ਉਹ 'ਮਾਇਆ' ਦੇ ਸਾਰੇ ਮਿੱਠੇ ਸਲੂਕ ਦੇ ਮਗਰ ਉਸ ਦੀ ਕਪਟੀ ਦ੍ਰਿਸ਼ਟੀ ਦੇਖ ਰਿਹਾ ਸੀ।

ਜੀਵ ਨੇ 'ਵਿਚਾਰ' ਨੂੰ ਆਖਿਆ ਕਿ ਤੂੰ ਵਾਪਸ ਪਿਤਾ ਦੇ ਪਾਸ ਮੁੜ ਜਾ। ਮੈਂ ਹੁਣ ਆਪਣੇ ਪਿਤਾ ਨੂੰ ਮੂੰਹ ਦਿਖਾਣ ਜੋਗਾ ਨਹੀਂ

ਰਿਹਾ। ਮੈਂ ਏਥੇ ਹੀ ਆਤਮਘਾਤ ਕਰਾਂਗਾ ਅਤੇ ਜੋ ਮੇਰੀ ਕਿਸਮਤ ਵਿਚ ਲਿਖਿਆ ਹੈ, ਉਹੋ ਹੀ ਹੋ ਕੇ ਰਹੇਗਾ।

'ਵਿਚਾਰ' ਨੇ ਹੱਥ ਜੋੜੇ ਤੇ ਕਿਹਾ, ਹੇ ਜੀਵ! ਤੂੰ ਐਸਾ ਨਾ ਕਰ। ਭਾਵੇਂ ਕੁਝ ਵੀ ਹੋ ਗਿਆ ਹੈ, ਤੇਰਾ ਪਿਤਾ ਤੈਨੂੰ ਮਾਫ਼ ਕਰੇਗਾ। ਤੇਰੀ ਇਸ ਹਾਰ ਵਿਚ ਵੀ ਸਿਖਣ ਵਾਲੇ ਤੇਰੇ ਲਈ ਬਹੁਤ ਸਬਕ ਹਨ। ਤੂੰ ਨਿਰਾਸ ਨਾ ਹੋ ਅਤੇ ਮੇਰੇ ਨਾਲ ਚਲ।

ਪਰ ਜੀਵ ਨੇ 'ਵਿਚਾਰ' ਦੀ ਇਕ ਨਾ ਮੰਨੀ ਅਤੇ ਆਖਿਆ ਕਿ ਤੂੰ ਚਲਾ ਜਾ, ਮੈਂ ਤੇਰੇ ਨਾਲ ਕਿਸੇ ਹਾਲਤ ਵਿਚ ਨਹੀਂ ਜਾ ਸਕਦਾ। ਇਹ ਕਹਿ ਕੇ ਜੀਵ ਦੌੜ ਪਿਆ ਅਤੇ 'ਵਿਚਾਰ' ਪਿਛੇ ਵਾਜਾਂ ਮਾਰਦਾ ਹੀ ਰਹਿ ਗਿਆ। ਉਹ ਆਖਦਾ ਸੀ ਕਿ 'ਜੀਵ! ਮੁੜ ਆ, ਪਿਛਾਂਹ ਮੁੜ ਆ।' ਪਰ ਜੀਵ ਨਾ ਪਰਤਿਆ ਅਤੇ ਸਮੁੰਦਰ ਦੀ ਤਰਫ਼ ਦੌੜਦਾ ਹੀ ਗਿਆ।

ਸਮੁੰਦਰ ਦੇ ਕਿਨਾਰੇ ਤੇ ਪਹੁੰਚ ਕੇ ਜੀਵ ਨੇ ਹੱਥ ਜੋੜ ਕੇ ਇਹ ਅਰਦਾਸ ਕੀਤੀ - ਹੇ ਪਿਤਾ! ਮੈਂ ਤੈਥੋਂ ਬਹੁਤ ਸ਼ਰਮਿੰਦਾ ਹਾਂ। ਜੇ ਮੈਂ 'ਵਿਚਾਰ' ਦੇ ਆਖੇ ਲਗਦਾ ਤਾਂ ਇਹ ਦਿਨ ਕਦੇ ਨਾ ਦੇਖਦਾ। ਤੂੰ ਮੈਨੂੰ ਮੋਤੀ ਲੈਣ ਲਈ ਭੇਜਿਆ ਸੀ, ਪਰ ਮਾਇਆ ਨੇ ਮੈਨੂੰ ਮੋਤੀਆਂ ਦੇ ਐਨ ਨੇੜੇ ਰਖ ਕੇ ਮੋਤੀ ਨਹੀਂ ਲੈਣ ਦਿਤੇ ਅਤੇ ਐਸੇ ਲਾਰੇ ਲਗਾਂਦੀ ਰਹੀ ਹੈ ਕਿ ਜਿਸ ਨਾਲ ਮੈਂ ਖਤਮ ਹੋ ਚਲਿਆ ਹਾਂ, ਪਰ ਇਸ ਦੇ ਲਾਰੇ ਖਤਮ ਨਹੀਂ ਹੋਏ। ਮੈਂ ਹੁਣ ਇਸ ਸ਼ਹੁ ਸਾਗਰ ਵਿਚ ਇਸ ਲਈ ਗੋਤਾ ਲਗਾਣ ਲਗਾ ਹਾਂ ਕਿ ਮੇਰੇ ਅੰਤਲੇ ਯਤਨ ਦਾ ਰੂਪ ਮੋਤੀਆਂ ਦੀ ਪ੍ਰਾਪਤੀ ਕਰਨ ਵਲ ਹੈ। ਇਹ ਕਹਿ ਕੇ ਉਸ ਨੇ ਠਾਠਾਂ ਮਾਰਦੇ ਸਮੁੰਦਰ ਵਿਚ ਛਾਲ ਮਾਰ ਦਿਤੀ ਅਤੇ ਮਿੰਟਾਂ-ਸਕਿੰਟਾਂ ਵਿਚ ਦ੍ਰਿਸ਼ਟਮਾਨ ਸੰਸਾਰ ਤੋਂ ਅਲੋਪ ਹੋ ਗਿਆ। ਇਤਨੇ ਚਿਰ ਵਿਚ 'ਵਿਚਾਰ' ਦੌੜਦਾ ਦੌੜਦਾ ਉਸ ਥਾਂ ਤੇ ਪਹੁੰਚਿਆ, ਜਿਥੇ ਕਿ ਜੀਵ ਨੇ ਗੋਤਾ ਲਗਾਇਆ ਸੀ। 'ਵਿਚਾਰ' ਨੇ ਬੜਾ ਰੁਦਨ ਕੀਤਾ ਅਤੇ ਬੜੇ ਵੈਰਾਗ ਵਿਚ ਆਇਆ, ਤਾਂ ਉਸ ਨੂੰ ਜੀਵ ਦੀ ਆਵਾਜ਼ ਇਹ ਅਰਦਾਸ ਕਰਦੀ ਸੁਣਾਈ ਦਿਤੀ -

*ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ॥*
*ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ॥* *ਅੰਕ - 261*

'ਵਿਚਾਰ' ਇਕੱਲਾ ਬੜੇ ਪੈਂਡੇ ਤਹਿ ਕਰਦਾ ਅਤੇ ਬੜੀਆਂ ਤਕਲੀਫਾਂ ਸਹਾਰਦਾ ਜਦ ਜੀਵ ਦੇ ਪਿਤਾ ਦੇ ਦਰਬਾਰ ਵਿਚ



ਪਹੁੰਚਿਆ ਤਾਂ ਉਹ ਦਿਲ ਵਿਚ ਬੜਾ ਸ਼ਰਮਸਾਰ ਸੀ ਕਿ ਮੈਂ ਜੀਵ ਦੇ ਪਿਤਾ ਨੂੰ ਕਿਵੇਂ ਮੂੰਹ ਦਿਖਾਵਾਂਗਾ। ਜਦ ਉਸ ਨੇ ਆਪਣੇ ਪੁਤਰ ਬਾਬਤ ਪੁਛਿਆ ਤਾਂ ਮੈਂ ਕੀ ਆਖਾਂਗਾ? ਪਰ ਕਿਉਂਕਿ ਉਸ ਦਾ ਫਰਜ਼ ਸੀ ਕਿ ਜੀਵ ਦੇ ਪਿਤਾ ਨੂੰ ਜਾ ਕੇ ਸਾਰੀ ਗੱਲ ਦੱਸੇ, ਇਸ ਵਾਸਤੇ ਦਿਲ ਤੇ ਪੱਥਰ ਰੱਖ ਕੇ ਉਹ ਜੀਵ ਦੇ ਪਿਤਾ ਦੇ ਦਰਬਾਰ ਵਿਚ ਹਾਜ਼ਰ ਹੋ ਗਿਆ। 'ਵਿਚਾਰ' ਨੇ ਜੀਵ ਦੇ ਪਿਤਾ ਅੱਗੇ ਨਮਸਕਾਰ ਕਰ ਕੇ ਜਦ ਅੱਖਾਂ ਚੁਕੀਆਂ ਤਾਂ ਇਹ ਵੇਖ ਕੇ ਅਸਚਰਜ ਰਹਿ ਗਿਆ ਕਿ 'ਜੀਵ' 'ਵਿਚਾਰ' ਤੋਂ ਪਹਿਲਾਂ ਹੀ ਆਪਣੇ ਪਿਤਾ ਦੇ ਪਾਸ ਪਹੁੰਚਿਆ ਹੋਇਆ ਸੀ ਅਤੇ ਉਸ ਦੀ ਗੋਦ ਵਿਚ ਬੈਠ ਕੇ ਪਿਤਾ ਤੋਂ ਪਿਆਰ ਲੈ ਰਿਹਾ ਸੀ। 'ਵਿਚਾਰ' ਇਤਨਾ ਹੱਕਾ ਬੱਕਾ ਸੀ ਕਿ ਉਸ ਦੀ ਕੋਸ਼ਿਸ਼ ਦੇ ਬਾਵਜੂਦ ਉਸ ਦੇ ਮੂੰਹੋਂ ਕੋਈ ਅੱਖਰ ਨਾ ਨਿਕਲਿਆ। 'ਵਿਚਾਰ' ਦੀ ਇਹ ਹਾਲਤ ਵੇਖ ਕੇ ਜੀਵ ਦਾ ਪਿਤਾ ਮੁਸਕਰਾਇਆ ਅਤੇ ਗਿਆਨ ਨੂੰ ਇਸ਼ਾਰਾ ਕੀਤਾ, ਤਦ ਗਿਆਨ ਇਸ ਪ੍ਰਕਾਰ ਬੋਲਿਆ—

*ਅਚਰਜ ਕਥਾ ਮਹਾ ਅਨੂਪ॥*
**ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥*
*ਨਾ ਇਹੁ ਬੂਢਾ ਨਾ ਇਹੁ ਬਾਲਾ॥*
*ਨਾ ਇਸੁ ਦੂਖੁ ਨਹੀ ਜਮ ਜਾਲਾ॥*
*ਨਾ ਇਹੁ ਬਿਨਸੈ ਨਾ ਇਹੁ ਜਾਇ*
*ਆਦਿ ਜੁਗਾਦੀ ਰਹਿਆ ਸਮਾਇ॥* *ਅੰਕ - 868*

ਇਹ ਮਹਾਂਵਾਕ ਉਚਾਰਨ ਮਗਰੋਂ 'ਗਿਆਨ' ਨੇ 'ਵਿਚਾਰ' ਨੂੰ ਸੰਬੋਧਨ ਕਰ ਕੇ ਆਖਿਆ—ਹੇ ਵਿਚਾਰ, ਤੂੰ ਹੈਰਾਨ ਨਾ ਹੋ। ਅਬਿਨਾਸ਼ੀ ਪਿਤਾ ਤੋਂ ਪੈਦਾ ਹੋਣ ਕਰ ਕੇ ਜੀਵ ਵੀ ਅਬਿਨਾਸ਼ੀ ਹੈ। ਪਿਤਾ ਅਤੇ ਪੁਤਰ ਵਿਚ ਸਿਰਫ ਇਕ ਫਰਕ ਹੈ ਕਿ ਪੁਤਰ ਆਪਣੀ ਅਸਲੀਅਤ ਨੂੰ ਭੁੱਲ ਜਾਂਦਾ ਹੈ ਅਤੇ ਭੁਲ ਭੁਲ ਪਛੋਤਾਂਦਾ ਹੈ ਅਤੇ ਅਗਿਆਨਤਾ ਵਿਚ ਅਨੇਕ ਜਨਮ ਭਰਮਦਾ ਹੈ। ਹਰ ਜਨਮ ਵੇਲੇ ਇਹ ਪਿਤਾ ਨਾਲ ਇਕਰਾਰ ਕਰ ਕੇ ਜਾਂਦਾ ਹੈ ਕਿ ਮੈਂ ਜਗਤ ਵਿਚੋਂ ਦੁਰਲਭ ਹੀਰੇ, ਮੋਤੀ, ਜਵਾਹਰਾਤ ਇਕੱਤਰ ਕਰ ਕੇ ਪਿਤਾ ਪਾਸ ਆਵਾਂਗਾ, ਪਰ ਹਰ ਜਨਮ ਵੇਲੇ ਹੀ ਇਸ ਨੂੰ ਮਾਇਆ ਕਿਸੇ ਨਾ ਕਿਸੇ ਤਰੀਕੇ ਵਿਚ ਛਲ ਲੈਂਦੀ ਹੈ ਅਤੇ ਆਪਣੇ ਲਾਰਿਆਂ ਵਿਚ ਇਸ ਦਾ ਸਾਰਾ ਜਨਮ ਗਵਾਂਦੀ ਹੈ,

---

* ਪ੍ਰਾਤਮਾ-ਜੀਵਆਤਮਾ, ਜੀਵ।

ਪਰ ਇਸ ਨੂੰ ਦੁਰਲੱਭ ਮੋਤੀ ਅਤੇ ਹੀਰੇ ਇਕੱਤਰ ਨਹੀਂ ਕਰਨ ਦੇਂਦੀ, ਬਲਕਿ ਦੁਨਿਆਵੀ ਹੀਰੇ ਮੋਤੀਆਂ ਦੇ ਲੱਭਣ ਵਲ ਪਾ ਦਿੰਦੀ ਹੈ। ਪਰ ਜਦ ਜੀਵ ਹਰ ਜਨਮ ਦੇ ਬਾਅਦ ਮਰਦਾ ਹੈ ਤਾਂ ਅਬਿਨਾਸ਼ੀ ਹੋਣ ਕਰ ਕੇ ਇਹ ਸਹੀ ਸਲਾਮਤ ਆਪਣੇ ਪਿਤਾ ਪਾਸ ਪਹੁੰਚ ਜਾਂਦਾ ਹੈ ਅਤੇ ਨਾਸ ਇਹਦਾ ਕੇਵਲ ਸਰੀਰ ਹੀ ਹੁੰਦਾ ਹੈ। ਸਰੀਰ ਦੀ ਹਰ ਮੌਤ ਦੇ ਬਾਅਦ ਜਦ ਇਹ ਆਪਣੇ ਪਿਤਾ ਪਾਸ ਪਹੁੰਚਦਾ ਹੈ ਤਾਂ ਅਸਲ ਤੇ ਦੁਰਲੱਭ ਮੋਤੀ ਹੀਰੇ ਨਾ ਲਿਆ ਸਕਣ ਕਰ ਕੇ ਬੜਾ ਸ਼ਰਮਸਾਰ ਹੁੰਦਾ ਹੈ ਅਤੇ ਪਿਤਾ ਪਾਸੋਂ ਖਿਮਾਂ ਮੰਗ ਕੇ ਫਿਰ ਜਨਮ ਲੈ ਕੇ ਦੁਰਲਭ ਹੀਰੇ ਮੋਤੀ ਲੈ ਆਉਣ ਦਾ ਇਕਰਾਰ ਕਰਦਾ ਹੈ ਅਤੇ ਜਨਮ ਲੈ ਕੇ ਮਾਇਆ ਦੇ ਜਾਲ ਵਿਚ ਫਿਰ ਫਸ ਜਾਂਦਾ ਹੈ ਅਤੇ ਅਸਲ ਮੋਤੀ ਲਏ ਬਗੈਰ ਹੀ ਪਿਤਾ ਪਾਸ ਪਹੁੰਚਦਾ ਹੈ।

'ਗਿਆਨ' ਦੇ ਕੋਲੋਂ ਇਹ ਬਾਤ ਸੁਣ ਕੇ ਵਿਚਾਰ ਨੇ ਹੱਥ ਜੋੜ ਕੇ ਆਖਿਆ—ਹੇ ਗਿਆਨ, ਇਸ ਤਰ੍ਹਾਂ ਜੀਵ ਦੀ ਕਦੀ ਕਲਿਆਨ ਨਹੀਂ ਹੋ ਸਕਦੀ ਅਤੇ ਉਸ ਦਾ ਆਉਣਾ ਜਾਣਾ ਕਦੀ ਬੰਦ ਨਹੀਂ ਹੋ ਸਕਦਾ। ਕੀ ਇਸ ਦਾ ਕੋਈ ਇਲਾਜ ਨਹੀਂ?

ਇਹ ਸੁਣ ਕੇ 'ਗਿਆਨ' ਨੇ ਆਖਿਆ— ਜਦ ਜੀਵ ਇਸ ਤਰ੍ਹਾਂ ਦੇ ਆਵਾਗਵਨ ਦੇ ਅਨੇਕ ਚੱਕਰ ਕੱਟ ਚੁਕਦਾ ਹੈ ਅਤੇ ਆਪਣੀ ਅਧੋਗਤੀ ਨੂੰ ਚੰਗੀ ਤਰ੍ਹਾਂ ਮਹਿਸੂਸ ਕਰਦਾ ਹੈ, ਤਾਂ ਫਿਰ ਇਸ ਦੇ ਅੰਦਰੋਂ ਇਹ ਸੱਚੀਆਂ ਤੇ ਤੀਬਰ ਅਰਦਾਸਾਂ ਨਿਕਲਦੀਆਂ ਹਨ -

*ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ॥*
*ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ॥* ਅੰਕ - 261

ਇਹ ਅਰਦਾਸਾਂ ਇਸ ਦੇ ਪਿਤਾ ਪਾਸ ਪਹੁੰਚਦੀਆਂ ਹਨ, ਤਾਂ ਉਹ ਇਸ ਨੂੰ ਇਸ ਦੀ ਅਸਲੀਅਤ ਤੋਂ ਵਾਕਫ ਕਰਨ ਲਈ ਇਸ ਨੂੰ ਸਾਧ ਸੰਗਤ ਬਖਸ਼ਦੇ ਹਨ ਅਤੇ ਸਾਧ ਸੰਗਤ ਵਿਚ ਮੈਨੂੰ ਭੇਜਦੇ ਹਨ। ਮੈਂ ਸਾਧ ਸੰਗਤ ਦੇ ਰੂਪ ਵਿਚ ਇਸ ਨੂੰ ਇਸ ਦੀ ਅਸਲੀਅਤ ਸਮਝਾਂਦਾ ਹਾਂ ਅਤੇ ਇਸ ਨੂੰ ਨਾਮ ਦਾ ਮਾਰਗ ਦਰਸਾਂਦਾ ਹਾਂ।

ਵਿਚਾਰ ਨੇ ਹੱਥ ਜੋੜ ਕੇ ਪੁਛਿਆ—ਹੇ ਗਿਆਨ, ਸਾਧ ਸੰਗਤ ਅਤੇ ਨਾਮ ਕੀ ਹੁੰਦੇ ਹਨ? ਤਦ 'ਗਿਆਨ' ਨੇ ਆਖਿਆ—ਸਾਧ ਸੰਗਤ ਉਸ ਸੰਗਤ ਨੂੰ ਆਖਦੇ ਹਨ, ਜਿਸ ਵਿਚ ਜੀਵ ਦੇ ਪਿਤਾ ਦੇ ਗੁਣਾਂ, ਸਿਫ਼ਤਾਂ ਅਤੇ ਖੂਬੀਆਂ ਦਾ ਜ਼ਿਕਰ ਕੀਤਾ ਜਾਵੇ ਅਤੇ ਜੀਵ ਨੂੰ ਇਹ ਦੱਸਿਆ ਜਾਵੇ ਕਿ ਇਹ ਆਪਣੇ ਪਿਤਾ ਦਾ ਸਰੂਪ ਹੈ। ਇਹ ਜਦ



ਅੰਤਰਮੁਖੀ ਹੁੰਦਾ ਹੈ ਤਾਂ ਪਿਤਾ ਦੇ ਨਾਲ ਇਕਮਿਕ ਹੋ ਜਾਂਦਾ ਹੈ ਅਤੇ ਜਦ ਬਾਹਰਮੁਖੀ ਹੁੰਦਾ ਹੈ ਤਾਂ 'ਮਾਇਆ' ਦੇ ਫਰੇਬ ਦੇ ਅਧੀਨ ਹੋ ਕੇ ਅਨੇਕ ਜਨਮ ਭਟਕਦਾ ਹੈ। ਸਾਧ ਸੰਗਤ ਵਿਚ ਬਾਹਰ-ਮੁਖੀ ਹੋਣ ਤੋਂ ਬਚਣ ਦਾ ਅਤੇ ਅੰਤਰਮੁਖੀ ਹੋਣ ਦਾ ਤਰੀਕਾ ਜਾਂ ਹੁਨਰ ਦੱਸਿਆ ਜਾਂਦਾ ਹੈ। ਇਸ ਤਰੀਕੇ ਨੂੰ ਨਾਮ ਦਾ ਮਾਰਗ ਕਹਿੰਦੇ ਹਨ। ਨਾਮ ਜਪਣ ਨਾਲ ਨਾ ਜੀਵ ਬਾਹਰਮੁਖੀ ਹੁੰਦਾ ਹੈ, ਨਾ ਮਾਇਆ ਦੇ ਚੱਕਰ ਵਿਚ ਫਸਦਾ ਹੈ। ਅੰਤਰਮੁਖੀ ਹੋ ਕੇ ਸਦਾ ਆਪਣੇ ਪਿਤਾ ਨਾਲ ਪੂਰਨ ਅਤੇ ਸਦੀਵੀ ਸੁਖ ਤੇ ਰੰਗ ਮਾਣਦਾ ਹੈ।

ਇਹ ਸੁਣ ਕੇ 'ਗਿਆਨ' ਬੋਲਿਆ—'ਜੀਵ' ਅਗਿਆਨਤਾ ਵਿਚ ਹੀਰੇ ਮੋਤੀ ਤੋਂ ਪਾਣੀ ਵਿਚ ਮਿਲਣ ਵਾਲੇ ਮੋਤੀ ਅਤੇ ਪਹਾੜਾਂ ਵਿਚੋਂ ਮਿਲਣ ਵਾਲੇ ਜਵਾਹਰਾਤ ਸਮਝਦਾ ਰਹਿੰਦਾ ਹੈ ਅਤੇ ਇਹਨਾਂ ਨੂੰ ਪ੍ਰਾਪਤ ਕਰਨ ਲਈ ਜੀਵ ਇਤਨੇ ਜਨਮ ਲੈਂਦਾ ਹੈ ਅਤੇ ਭਟਕਦਾ ਹੈ, ਇਸ ਤੋਂ ਕੀ ਮੁਰਾਦ ਹੈ?

ਇਹ ਸੁਣ ਕੇ 'ਗਿਆਨ' ਬੋਲਿਆ—'ਜੀਵ' ਅਗਿਆਨਤਾ ਵਿਚ ਹੀਰੇ ਮੋਤੀ ਤੋਂ ਪਾਣੀ ਵਿਚ ਮਿਲਣ ਵਾਲੇ ਮੋਤੀ ਅਤੇ ਪਹਾੜਾਂ ਵਿਚੋਂ ਮਿਲਣ ਵਾਲੇ ਜਵਾਹਰਾਤ ਸਮਝਦਾ ਰਹਿੰਦਾ ਹੈ ਅਤੇ ਇਹਨਾਂ ਨੂੰ ਪ੍ਰਾਪਤ ਕਰਨ ਲਈ ਅਨੇਕ ਜਨਮ ਧਾਰਦਾ ਹੈ, ਪਰ ਇਹ ਅਸਥੂਲ ਹੋਣ ਕਰ ਕੇ ਜੀਵ ਦੇ ਸਰੀਰ ਦੀ ਹਰ ਮੌਤ ਵੇਲੇ ਸਰੀਰ ਦੇ ਨਾਲ ਪਿਛਾਂਹ ਹੀ ਰਹਿ ਜਾਂਦੇ ਹਨ ਤੇ ਜੀਵ ਨਾਲ ਅਗਾਂਹ ਆਤਮਕ ਮੰਡਲਾਂ ਵਿਚ ਨਹੀਂ ਆ ਸਕਦੇ। ਜਦ ਜੀਵ ਨੂੰ ਸਤਿਸੰਗਤ ਅਤੇ ਗਿਆਨ ਦਾ ਉਪਦੇਸ਼ ਨਸੀਬ ਹੁੰਦਾ ਹੈ ਤਾਂ ਉਸ ਵਿਚੋਂ ਇਸ ਨੂੰ ਪਤਾ ਲਗਦਾ ਹੈ ਕਿ ਅਸਲ ਮੋਤੀ ਹੀਰੇ ਕੇਵਲ ਨਾਮ ਹੀ ਹੈ। ਕਿਉਂਕਿ ਕੇਵਲ ਨਾਮ ਦੀ ਕਮਾਈ ਨਾਲ ਹੀ ਜੀਵ ਸਦਾ ਲਈ ਮਾਇਆ ਅਤੇ ਉਸ ਦੇ ਜਾਲ ਤੋਂ ਬਚ ਸਕਦਾ ਹੈ।

*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥* ਅੰਕ - 134

ਅਤੇ ਨਾਮ ਦੀ ਕਮਾਈ ਨਾਲ ਹੀ ਜੀਵ ਆਪਣੇ ਪਿਤਾ ਨਾਲ ਅਭੇਦ ਹੋ ਕੇ ਸਦੀਵੀ ਸੁਖ, ਸਦੀਵੀ ਖੁਸ਼ੀਆਂ ਅਤੇ ਸਦੀਵੀ ਖੇੜਾ ਮਾਣ ਸਕਦਾ ਹੈ -

*ਹਰਖ ਅਨੰਤ ਸੋਗ ਨਹੀ ਬੀਆ॥*
*ਸੋ ਘਰੁ ਗੁਰਿ ਨਾਨਕ ਕਉ ਦੀਆ॥* ਅੰਕ - 186

# ਇਕ ਸੀ ਮੁੰਡਾ

ਇਕ ਮੁੰਡਾ ਅਤੇ ਉਸ ਦੀ ਮਾਤਾ ਇੱਕ ਵੱਡੇ ਨਗਰ ਵਿਚ ਰਹਿੰਦੇ ਸੀ। ਉਸ ਨਗਰ ਵਿਚ ਉਥੋਂ ਦਾ ਰਾਜਾ ਵੀ ਰਹਿੰਦਾ ਸੀ। ਰਾਜੇ ਦੀ ਸਵਾਰੀ ਜਦ ਵੀ ਸ਼ਹਿਰ ਵਿਚੋਂ ਲੰਘਦੀ ਤਾਂ ਲੜਕੇ ਦੀ ਮਾਤਾ ਲੜਕੇ ਨੂੰ ਰਾਜੇ ਦਾ ਦਰਸ਼ਨ ਕਰਨ ਵਾਸਤੇ ਉਸ ਪਾਸੇ ਲੈ ਜਾਂਦੀ ਜਿਥੋਂ ਰਾਜੇ ਨੇ ਲੰਘਣਾ ਹੁੰਦਾ ਸੀ। ਕਈ ਵਾਰੀ ਇਹਨਾ ਨੂੰ ਕਿੰਨਾ ਕਿੰਨਾ ਚਿਰ ਉਸ ਰਸਤੇ ਜਾ ਕੇ ਉਡੀਕਣਾ ਪੈਂਦਾ ਜਿਥੋਂ ਮਹਾਰਾਜ ਦੀ ਸਵਾਰੀ ਨੇ ਲੰਘਣਾ ਹੁੰਦਾ ਸੀ।

ਲੜਕਾ ਜਦ ਵੀ ਮਹਾਰਾਜ ਦੀ ਬੜੀ ਧੂਮ ਧਾਮ ਨਾਲ ਸਵਾਰੀ ਨਿਕਲਦੀ ਵੇਖਦਾ, ਬੜਾ ਹੈਰਾਨ ਹੋ ਜਾਂਦਾ ਅਤੇ ਜਦੋਂ ਸਵਾਰੀ ਲੰਘ ਵੀ ਜਾਵੇ ਤਾਂ ਵੀ ਘਰ ਨੂੰ ਪਰਤਣ ਦੀ ਬਜਾਏ ਉਥੇ ਹੀ ਖੜ੍ਹਾ ਰਹਿੰਦਾ ਅਤੇ ਜਿਸ ਪਾਸੇ ਰਾਜੇ ਦੀ ਸਵਾਰੀ ਜਾਵੇ ਉਸ ਪਾਸੇ ਹੈਰਾਨੀ ਨਾਲ ਤਕਦਾ ਰਹੇ। ਉਸ ਦੀ ਮਾਤਾ ਵੀ ਲੜਕੇ ਨੂੰ ਘਰ ਪਰਤਣ ਵਾਸਤੇ ਜ਼ੋਰ ਨਾ ਦਿੰਦੀ ਅਤੇ ਉਸ ਦੇ ਕੋਲ ਬੈਠੀ ਰਹਿੰਦੀ।

ਇਕ ਵਾਰੀ ਲੜਕੇ ਨੇ ਮਾਤਾ ਨੂੰ ਪੁਛਿਆ, ਮਾਤਾ ਇਹ ਕੌਣ ਹੈ ਜਿਸ ਦੀ ਸਵਾਰੀ ਲੰਘਦੀ ਵੇਖਣ ਵਾਸਤੇ ਅਸੀਂ ਅਤੇ ਹੋਰ ਸਾਰੇ ਨਗਰ ਦੇ ਲੋਕ ਇਕੱਠੇ ਹੋ ਜਾਂਦੇ ਹਾਂ? ਅਤੇ ਜਦੋਂ ਉਹ ਸਾਡੇ ਕੋਲੋਂ ਲੰਘਦਾ ਹੈ ਤਾਂ ਅਸੀਂ ਸਾਰੇ ਹੱਥ ਜੋੜ ਕੇ ਖੜ੍ਹੇ ਹੋ ਜਾਂਦੇ ਹਾਂ। ਇਹ ਇਸ ਦੇਸ਼ ਦੇ ਮਹਾਰਾਜ ਹਨ ਅਤੇ ਇਹ ਨਗਰ ਇਸ ਰਾਜੇ ਦੀ ਰਾਜਧਾਨੀ ਹੈ। ਮਾਤਾ ਨੇ ਆਖਿਆ, ਅਸੀਂ ਧੰਨ ਭਾਗੇ ਹਾਂ ਕਿ ਉਸ ਨਗਰ ਵਿਚ ਰਹਿੰਦੇ ਹਾਂ ਜਿਥੇ ਦੇਸ਼ ਦੇ ਮਹਾਰਾਜ ਆਪ ਰਹਿੰਦੇ ਹਨ।

ਮੈਨੂੰ ਇਹ ਰਾਜਾ ਜੀ ਚੰਗੇ ਲਗਦੇ ਹਨ ਕਿਉਂਕਿ ਜਦ ਵੀ ਮੈਂ ਸਵਾਰੀ ਲੰਘਣ ਵੇਲੇ ਉਹਨਾਂ ਵਲ ਤਕਦਾ ਹਾਂ ਤਾਂ ਉਹ ਵੀ ਮੇਰੇ ਵਲ ਤਕ ਕੇ ਹੱਸ ਪੈਂਦੇ ਹਨ। ਇਸ ਤਰ੍ਹਾਂ ਉਹ ਕਿਉਂ ਕਰਦੇ ਹਨ? ਲੜਕੇ ਨੇ ਮਾਤਾ ਨੂੰ ਪੁਛਿਆ।

ਮਾਤਾ ਬੋਲੀ—ਪੁੱਤਰ ਇਹ ਮਹਾਰਾਜ ਬੜੇ ਚੰਗੇ ਹਨ। ਇਹਨਾਂ



ਵਿਚ ਸਾਡੇ ਲਈ ਬੜਾ ਪਿਆਰ ਹੈ। ਇਹ ਨਿਰੇ ਚੰਗੇ ਹੀ ਚਗੇ ਹਨ। ਕਦੀ ਕਿਸੇ ਨੂੰ ਨਿਰਾਸ ਨਹੀਂ ਕਰਦੇ, ਇਹਨਾ ਤੋਂ ਜੋ ਕੋਈ ਕੁਝ ਮੰਗੇ, ਉਸ ਨੂੰ ਉਹ ਕੁਝ ਦੇ ਦਿੰਦੇ ਹਨ।

ਇਹ ਗੱਲ ਸੁਣ ਕੇ ਮੁੰਡਾ ਬੜਾ ਖੁਸ ਹੋਇਆ ਅਤੇ ਸੋਚ ਸਚ ਕੇ ਆਖਣ ਲੱਗਾ ਤਾਂ ਫਿਰ ਮੈਂ ਵੀ ਜ ਕੁਝ ਮੈਨੂੰ ਚਾਹੀਦਾ ਹੋਵੇ, ਮਹਾਰਾਜ ਤੋਂ ਮੰਗ ਸਕਦਾ ਹਾਂ?

ਮਾਤਾ ਬੋਲੀ, ਹਾਂ ਪੁੱਤਰ, ਤੂੰ ਜੋ ਚਾਹੇਂ ਰਾਜਾ ਜੀ ਤੋਂ ਮੰਗ ਸਕਦਾ ਹੈਂ? ਮੁੰਡੇ ਨੂੰ ਰਾਤੀਂ ਚੰਗੀ ਤਰ੍ਹਾਂ ਨੀਂਦਰ ਨਾ ਆਈ। ਸੋਚੇ ਕਦ ਦਿਨ ਚੜ੍ਹੇ ਤੇ ਕਦ ਉਹ ਉਥੇ ਜਾਏ, ਜਿਥੇ ਉਹ ਚੀਜ ਮੰਗੇ ਜਿਸ ਨੂੰ ਉਸ ਦਾ ਜੀ ਪਿਆ ਕਰਦਾ ਹੈ।

ਦੂਸਰੇ ਦਿਨ ਮੁੰਡੇ ਨੇ ਮਾਤਾ ਨੂੰ ਆਖਿਆ ਕਿ ਉਸ ਨੂੰ ਮਹਾਰਾਜ ਦੇ ਲੰਘਣ ਵਾਲੀ ਥਾਂ ਦਾ ਪਤਾ ਹੈ, ਇਸ ਕਰਕੇ ਉਹ ਆਪ ਹੀ ਜਾ ਕੇ ਰਾਜਾ ਕੋਲੋਂ ਆਪਣੀ ਚੀਜ਼ ਮੰਗੇਗਾ। ਮਾਤਾ ਨੇ ਕਿਹਾ, ਚੰਗੀ ਗੱਲ ਹੈ ਪਰ ਪੁੱਤਰ ਜੋ ਮੰਗੇ ਬੜੇ ਅਦਬ ਸਤਿਕਾਰ ਨਾਲ ਹੱਥ ਜੋੜ ਕੇ ਮੰਗੀਂ।

ਜਦ ਮਹਾਰਾਜ ਦੀ ਸਵਾਰੀ ਲੰਘੀ ਤਾਂ ਮੁੰਡੇ ਨੇ ਅੱਗੇ ਵਧ ਕੇ ਹੱਥ ਜੋੜ ਕੇ ਰਾਜਾ ਜੀ ਵਲ ਤੱਕਿਆ। ਰਾਜਾ ਜੀ ਦੇ ਇਸ਼ਾਰੇ ਤੇ ਉਹਨਾ ਦੀ ਸਵਾਰੀ ਠਹਿਰਾਈ ਗਈ ਤਾ ਰਾਜਾ ਜੀ ਨੇ ਲੜਕੇ ਨੂੰ ਪੁਛਿਆ—ਕਾਕਾ, ਤੈਨੂੰ ਕੀ ਚਾਹੀਦਾ ਹੈ? ਮੁੰਡੇ ਨੇ ਸਿਰ ਨੀਵਾਂ ਪਾ ਕੇ ਆਖਿਆ, ਜੀ ਮੈਨੂੰ—ਮੈਨੂੰ ਇਕ ਦਵਾਨੀ ਚਾਹੀਦੀ ਹੈ? ਮੈਂ ਆਈਸਕਰੀਮ ਖਾਣੀ ਹੈ।

ਮਹਾਰਾਜ ਮੁਸਕਰਾਏ ਤੇ ਆਪਣੇ ਵਜ਼ੀਰ ਨੂੰ ਆਖਿਆ, ਇਸ ਮੁੰਡੇ ਨੂੰ ਇਕ ਦਵਾਨੀ ਦੇ ਦੇਵੇ।

ਰਾਜਾ ਜੀ ਦੀ ਸਵਾਰੀ ਅੱਗੇ ਚਲੀ ਗਈ—ਮੁੰਡੇ ਦੇ ਹੱਥ ਵਿਚ ਦੁਆਨੀ ਫੜੀ ਹੋਈ ਸੀ, ਡਾਢਾ ਖੁਸ਼ ਤੇ ਪ੍ਰਸੰਨ ਸੀ ਕਿ ਮਹਾਰਾਜ ਤਾਂ ਸੱਚੀ ਬੜੇ ਚੰਗੇ ਹਨ। ਨਚਦੇ ਟਪਦੇ ਮੁੰਡੇ ਨੇ ਘਰ ਆਉਂਦਿਆਂ ਬਾਜ਼ਾਰ ਵਿਚੋਂ ਦੁਆਨੀ ਦੀ ਆਈਸਕਰੀਮ ਲੈ ਕੇ, ਖੂਬ ਮਚਾਕੇ ਮਾਰ ਮਾਰ ਕੇ ਖਾਧੀ ਅਤੇ ਘਰ ਪੁਜਦਿਆਂ ਹੀ ਮਾਤਾ ਨੂੰ ਜੱਫੀ ਪਾ ਕੇ ਆਖਿਆ, ਮਾਤਾ ਜੀ, ਮਹਾਰਾਜ ਤੇ ਸੱਚੀ ਮੁਚੀ ਬੜੇ ਚੰਗੇ ਹਨ, ਮੈਂ ਦੁਆਨੀ ਮੰਗੀ, ਉਹਨਾਂ ਝੱਟ ਮੈਨੂੰ ਦੁਆਨੀ ਦੇ ਦਿਤੀ। ਮੈਂ ਦੁਆਨੀ ਦੀ ਆਈਸਕਰੀਮ ਲੈ ਕੇ ਖਾ ਵੀ ਲਈ ਹੈ।

ਮਾਤਾ ਵੀ ਮੁਸਕਰਾਈ ਤੇ ਬੱਚੇ ਦੇ ਸਿਰ ਤੇ ਪਿਆਰ ਦਾ ਹੱਥ

ਫੇਰ ਕੇ ਆਖਿਆ, ਦੇਖਿਆ ਨਾ! ਤੂੰ ਮੇਰੀ ਗੱਲ ਤੇ ਨਿਸਚਾ ਕਰ ਕੇ ਰਾਜਾ ਜੀ ਤੋਂ ਜੋ ਮੰਗਿਆ, ਸੋ ਪਾਇਆ ਹੈ। ਪੁੱਤਰ! ਰਾਜਾ ਜੀ ਬੜੇ ਹੀ ਚੰਗੇ ਹਨ, ਉਹਨਾਂ ਤੋਂ ਜੋ ਮੰਗੀਏ, ਸੋ ਪਾਈਦਾ ਹੈ। ਜੇ ਤੂੰ ਰਾਜਾ ਜੀ ਪਾਸੋਂ ਇਕ ਰੁਪਿਆ ਵੀ ਮੰਗ ਲੈਂਦਾ ਤਾਂ ਉਹਨਾਂ ਤੈਨੂੰ ਇਕ ਰੁਪਿਆ ਵੀ ਦੇ ਦੇਣਾ ਸੀ ਅਤੇ ਇਕ ਰੁਪਏ ਵਿਚ ਅੱਠ ਦੁਆਨੀਆਂ ਆ ਜਾਣੀਆਂ ਸਨ। ਸੋ ਅੱਠ ਦੁਆਨੀਆਂ ਅੱਠ ਵਾਰੀ ਮੰਗਣ ਨਾਲੋਂ ਇਕ ਰੁਪਿਆ ਮੰਗਣਾ ਚੰਗਾ ਸੀ। ਇਹ ਤਾਂ ਮੈਨੂੰ ਖਿਆਲ ਹੀ ਨਹੀਂ ਆਇਆ, ਮਾਤਾ ਜੀ। ਮੁੰਡੇ ਨੇ ਮਾਤਾ ਨੂੰ ਜੱਫੀ ਪਾ ਕੇ ਆਖਿਆ। ਹੁਣ ਮੈਂ ਮਹਾਰਾਜ ਤੋਂ ਜ਼ਰੂਰ ਇਕ ਰੁਪਿਆ ਮੰਗਾਂਗਾ।

ਮੁੰਡੇ ਨੂੰ ਫੇਰ ਰਾਤ ਨੂੰ ਨੀਂਦਰ ਨਾ ਆਈ। ਸਵੇਰ ਹੋਣ ਤੇ ਦਿਨ ਚੜ੍ਹਨ ਦੀ ਤਾਂਘ ਵਿਚ ਬਿਸਤਰੇ ਤੇ ਪਾਸੇ ਮਾਰਦਾ ਰਿਹਾ।

ਅਗਲੇ ਦਿਨ ਮੁੰਡਾ ਫੇਰ ਰਾਜਾ ਜੀ ਦੀ ਸਵਾਰੀ ਲੰਘਣ ਵਾਲੇ ਰਸਤੇ ਤੇ ਜਾ ਖਲੋਤਾ ਅਤੇ ਦਿਲ ਹੀ ਦਿਲ ਵਿਚ ਸੋਚਦਾ ਰਿਹਾ ਕਿ ਮੈਂ ਕਿੱਡੀ ਗਲਤੀ ਕੀਤੀ, ਰਾਜਾ ਜੀ ਤੋਂ ਇਕ ਰੁਪਿਆ ਨਾ ਮੰਗਿਆ ਤੇ ਕੇਵਲ ਇਕ ਦਵਾਨੀ ਮੰਗੀ।

ਜਦ ਮਹਾਰਾਜ ਦੀ ਸਵਾਰੀ ਲੰਘੀ ਤਾਂ ਮੁੰਡੇ ਨੇ ਹੱਥ ਜੋੜ ਕੇ ਨੀਵਾਂ ਸਿਰ ਕਰ ਕੇ ਅਗਾਂਹ ਹੋ ਕੇ ਮਹਾਰਾਜ ਵਲ ਤੱਕਿਆ। ਮਹਾਰਾਜ ਦੇ ਇਸ਼ਾਰੇ ਤੇ ਸਵਾਰੀ ਰੁਕ ਗਈ ਅਤੇ ਉਹਨਾਂ ਮੁੰਡੇ ਵਲ ਤਕ ਕੇ ਪੁਛਿਆ, ਕਾਕਾ! ਤੈਨੂੰ ਕੀ ਚਾਹੀਦਾ ਹੈ?

ਜੀ ਮੈਨੂੰ ਇਕ ਰੁਪਿਆ ਚਾਹੀਦਾ ਹੈ, ਮੁੰਡੇ ਨੇ ਆਖਿਆ।

ਮਹਾਰਾਜ ਮੁਸਕਰਾਏ ਤੇ ਵਜ਼ੀਰ ਨੂੰ ਆਖਿਆ—ਇਸ ਕਾਕੇ ਨੂੰ ਇਕ ਰੁਪਿਆ ਦੇ ਦੇਵੋ। ਰੁਪਿਆ ਮਿਲ ਜਾਣ ਤੇ ਮੁੰਡੇ ਦੀ ਖੁਸ਼ੀ ਦਾ ਅੰਤ ਨਹੀਂ ਸੀ। ਮਾਤਾ ਨੂੰ ਜਾ ਕੇ ਆਖਣ ਲੱਗਾ, ਇਹ ਦੇਖ ਰੁਪਿਆ, ਹੁਣ ਮੈਨੂੰ ਅੱਠ ਵਾਰੀ ਦਵਾਨੀ ਮੰਗਣੀ ਨਹੀਂ ਪਵੇਗੀ।

ਮਾਤਾ ਨੇ ਬੱਚੇ ਦੇ ਸਿਰ ਤੇ ਪਿਆਰ ਦਿਤਾ ਆਖਿਆ, ਪੁੱਤਰ ਇਹ ਰਾਜਾ ਜੀ ਐਸੇ ਚੰਗੇ ਹਨ ਕਿ ਇਹਨਾਂ ਤੋਂ ਭਾਵੇਂ ਕੁਝ ਮੰਗ ਲਵੋ, ਇਹ ਉਸ ਨੂੰ ਨਾਂਹ ਨਹੀ ਕਰਦੇ। ਇਹਨਾਂ ਨੂੰ ਤੇ ਨਾਂਹ ਕਰਨੀ ਹੀ ਨਹੀਂ ਆਉਂਦੀ। ਅੱਜ ਤਕ ਐਸਾ ਕੋਈ ਹੋਇਆ ਹੀ ਨਹੀਂ, ਜਿਸ ਨੇ ਰਾਜਾ ਜੀ ਤੋਂ ਜੋ ਮੰਗਿਆ ਹੋਵੇ, ਉਸ ਨੂੰ ਉਹ ਨਾ ਮਿਲਿਆ ਹੋਵੇ। ਤੂੰ ਜੇਕਰ ਰਾਜਾ ਜੀ ਤੋਂ ਸੌ ਰੁਪਏ ਦਾ ਨੋਟ ਮੰਗ ਲੈਂਦਾ ਤਾਂ ਉਹਨਾਂ ਤੈਨੂੰ ਸੌ ਰੁਪਏ ਦਾ ਨੋਟ ਵੀ ਦੇ ਦੇਣਾ ਸੀ, ਜਿਸ ਨਾਲ ਤੈਨੂੰ ਅੱਠ ਸੌ ਦਵਾਨੀਆਂ ਇਕੋ ਵਾਰੀ ਮਿਲ ਜਾਣੀਆਂ ਸੀ। ਪੁੱਤਰ! ਰਾਜਾ



ਜੀ ਦੇ ਪਾਸ ਸਭ ਕੁਝ ਹੈ ਅਤੇ ਉਹਨਾਂ ਨੂੰ ਨਾਂਹ ਨਹੀਂ ਕਰਨੀ ਆਉਂਦੀ।

ਮੁੰਡੇ ਦਾ ਮੂੰਹ ਤੇ ਅੱਖੀਆਂ ਟੱਡੀਆਂ ਗਈਆਂ ਤੇ ਹੈਰਾਨੀ ਵਿਚ ਆਖਣ ਲੱਗਾ, ਮੈਨੂੰ ਤਾਂ ਇਹ ਪਤਾ ਹੀ ਨਹੀਂ ਕਿ ਰਾਜੇ ਨੇ ਸੌ ਰੁਪਏ ਦਾ ਨੋਟ ਵੀ ਜੇ ਮੈਂ ਮੰਗਦਾ ਤਾਂ ਦੇ ਦੇਣਾ ਸੀ ਅਤੇ ਸੌ ਦੇ ਨੋਟ ਵਿਚ ਅੱਠ ਸੌ ਦਵਾਨੀਆਂ ਹੁੰਦੀਆਂ ਹਨ। ਮਹਾਰਾਜ ਤਾਂ ਸੱਚੀ ਮੁਚੀ ਬੜੇ ਚੰਗੇ ਹਨ।

ਜਿਉਂ ਜਿਉਂ ਬੱਚਾ ਵੱਡਾ ਹੁੰਦਾ ਗਿਆ, ਮਾਤਾ ਉਸ ਨੂੰ ਵੱਡੀਆਂ ਰਕਮਾਂ ਜਿਨ੍ਹਾਂ ਵਿਚ ਛੋਟੀਆਂ ਰਕਮਾਂ ਆਪ ਹੀ ਆ ਜਾਣ ਦਾ ਗਿਆਨ ਸਮਝਾਂਦੀ ਰਹੀ। ਜਿਉਂ ਜਿਉਂ ਮਾਤਾ ਦੀ ਸਿਖਸ਼ਾ ਨੂੰ ਮੁੰਡਾ ਸਮਝਦਾ ਗਿਆ, ਤਿਉਂ ਤਿਉਂ ਉਹ ਮਹਾਰਾਜ ਪਾਸੋਂ ਆਪਣੀ ਸਮਝ ਅਨੁਸਾਰ ਵੱਡੀਆਂ ਤੋਂ ਵੱਡੀਆਂ ਰਕਮਾਂ ਮੰਗਦਾ ਗਿਆ। ਸੈਂਕੜਿਆਂ ਤੋਂ ਬਾਦ ਹਜ਼ਾਰਾਂ ਰੁਪਏ ਅਤੇ ਹਜ਼ਾਰਾਂ ਤੋਂ ਬਾਅਦ ਲੱਖਾਂ ਰੁਪਏ ਮੰਗਣ ਲਗ ਪਿਆ। ਜਦ ਵੀ ਮਹਾਰਾਜ ਤੋਂ ਮੁੰਡਾ ਆਪਣੇ ਖਿਆਲ ਮੁਜਬ ਵੱਡੀ ਤੋਂ ਵੱਡੀ ਰਕਮ ਮੰਗਦਾ, ਮਹਾਰਾਜ ਉਸ ਵਲ ਤਕ ਕੇ ਮੁਸਕਰਾਂਦੇ ਅਤੇ ਉਸ ਨੂੰ ਉਹ ਰਕਮ ਮਿਲ ਜਾਂਦੀ।

ਮੁੰਡਾ ਸਾਰੇ ਰੁਪਏ ਨੂੰ ਆਪਣੀ ਮਾਤਾ ਦੀ ਮਰਜ਼ੀ ਨਾਲ ਖਰਚ ਕਰਦਾ। ਉਸ ਦੇ ਪਾਸ ਰਹਿਣ ਨੂੰ ਬੜਾ ਚੰਗਾ ਤੇ ਕੀਮਤੀ ਸਾਮਾਨ ਨਾਲ ਸਜਿਆ ਮਕਾਨ ਸੀ, ਚੜ੍ਹਨ ਲਈ ਮੋਟਰਕਾਰਾਂ ਸਨ, ਸੇਵਾ ਲਈ ਨੌਕਰ ਚਾਕਰ ਸਨ, ਅਤੇ ਬੈਂਕਾਂ ਵਿਚ ਕਾਫੀ ਰੁਪਿਆ ਸੀ—ਉਸ ਦੀ ਮਾਤਾ ਦੀ ਪ੍ਰੇਰਨਾ ਨਾਲ ਮੁੰਡਾ ਗਰੀਬਾਂ ਦੀ ਰੱਜ ਕੇ ਸੇਵਾ ਕਰਦਾ, ਸ਼ਹਿਰ ਦੀਆਂ ਸਭ ਖੈਰਾਇਤੀ ਤੇ ਪਬਲਿਕ ਸੰਸਥਾਵਾਂ ਨੂੰ ਵਧ ਚੜ੍ਹ ਕੇ ਖੁਲ੍ਹੇ ਦਿਲ ਨਾਲ ਚੰਦੇ ਦੇਂਦਾ ਪਰ ਆਪਣੇ ਨਾਮ ਤੇ ਨਹੀਂ ਆਪਣੀ ਮਾਤਾ ਜੀ ਦੇ ਨਾਮ ਤੇ ਇਹ ਸਭ ਕੁਝ ਕਰਦਾ।

ਇਕ ਦਿਨ ਮਾਤਾ ਤੇ ਪੁੱਤਰ ਵਿਚਕਾਰ ਇਸ ਪ੍ਰਕਾਰ ਗੱਲਬਾਤ ਹੋਈ -

ਮਾਤਾ—ਬੇਟਾ! ਹੁਣ ਤੂੰ ਸਿਆਣਾ ਹੋ ਗਿਆ ਹੈਂ, ਤੂੰ ਇਤਨੀ ਜਾਇਦਾਦ ਦਾ ਮਾਲਕ ਹੈਂ, ਲੋਕਾਂ ਵਿਚ ਤੇਰੀ ਇਤਨੀ ਇਜ਼ਤ ਹੈ, ਤੇਰੀ ਮਸ਼ਹੂਰੀ ਦੂਰ ਦੂਰ ਤਕ ਫੈਲੀ ਹੋਈ ਹੈ—ਤੇਰਾ ਬੜਾ ਨਾਮ ਤੇ ਪਰਤਾਪ ਹੈ, ਇਸ ਲਈ ਮੈਂ ਤੈਨੂੰ ਬੜਾ ਖੁਸ਼ ਨਸੀਬ ਜਾਣ ਕੇ ਵਧਾਈ ਦੇਂਦੀ ਹਾਂ ਅਤੇ ਸਮਝਦੀ ਹਾਂ ਕਿ ਹੁਣ ਤੈਨੂੰ ਮੇਰੀ ਕੋਈ ਲੋੜ ਨਹੀਂ, ਤੂੰ ਆਪਣੇ ਸਾਰੇ ਕੰਮ ਆਪ ਹੀ ਸਵਾਰ ਸਕਦਾ ਹੈਂ।

ਇਹ ਸੁਣ ਕੇ ਮੁੰਡੇ ਨੇ ਹੱਥ ਜੋੜ ਲਏ ਤੇ ਆਖਿਆ, ਮਾਤਾ ਜੀ ਇਹ ਤੁਸੀਂ ਕੀ ਆਖ ਰਹੇ ਹੋ, ਇਹ ਜੋ ਕੁਝ ਮੈਂ ਹਾਂ, ਅਤੇ ਜੋ ਕੁਝ ਮੇਰਾ ਹੈ ਇਹ ਸਭ ਕੁਝ ਅਸਲ ਵਿਚ ਮਹਾਰਾਜ ਦਾ ਹੈ ਅਤੇ ਤੁਹਾਡੀ ਸਿਖਸ਼ਾ ਉਤੇ ਅਮਲ ਕਰਨ ਦਾ ਨਤੀਜਾ ਹੈ। ਤੁਸੀਂ ਮੈਨੂੰ ਐਡੇ ਚੰਗੇ ਮਹਾਰਾਜ ਦੀ ਦੱਸ ਪਾਈ, ਤੁਸੀਂ ਮੈਨੂੰ ਮਹਾਰਾਜ ਦੇ ਸੁਭਾਉ ਤੋਂ ਜਾਣੂ ਕਰਵਾਇਆ ਅਤੇ ਦੱਸਿਆ ਕਿ ਮਹਾਰਾਜ ਕਿਸੇ ਨੂੰ ਨਿਰਾਸ ਕਰਨਾ ਨਹੀਂ ਜਾਣਦੇ, ਉਹਨਾਂ ਤੋਂ ਜੋ ਕੋਈ ਨਿਰਮਾਣ ਹੋ ਕੇ ਸੱਚੇ ਦਿਲ ਨਾਲ ਜੋ ਮੰਗੇ, ਉਹੋ ਕੁਝ ਹੀ ਉਸ ਨੂੰ ਦਿੰਦੇ ਹਨ। ਤੁਹਾਡੀ ਸਿਖਸ਼ਾ ਉਤੇ ਯਕੀਨ ਕਰ ਕੇ ਮੈਂ ਜੋ ਕੁਝ ਮੰਗਦਾ ਰਿਹਾ ਹਾਂ, ਚੰਗੇ ਮਹਾਰਾਜ ਮੈਨੂੰ ਦਿੰਦੇ ਰਹੇ ਹਨ। ਇਸ ਕਰ ਕੇ ਇਨਸਾਫ ਤੇ ਸਚਾਈ ਇਹ ਹੈ ਕਿ ਮੇਰਾ ਸਭ ਕੁਝ ਮਹਾਰਾਜ ਦਾ ਹੈ ਜਾਂ ਤੁਹਾਡਾ ਹੈ, ਜਿਨ੍ਹਾਂ ਨੇ ਮਹਾਰਾਜ ਤੋਂ ਮੈਨੂੰ ਇਹ ਸਭ ਕੁਝ ਲੈਣ ਦਾ ਵਲ ਦੱਸਿਆ। ਇਹ ਗੱਲਾਂ ਸੁਣ ਕੇ, ਮਾਤਾ ਜੀ ਬਹੁਤ ਖੁਸ਼ ਹੋਏ ਅਤੇ ਆਖਣ ਲੱਗੇ, ਵੇਖਿਆ ਨਾ, ਮੈਂ ਕਹਿੰਦੀ ਸੀ ਨਾ ਕਿ ਮੇਰਾ ਬੱਚਾ ਹੁਣ ਸਿਆਣਾ ਹੋ ਗਿਆ ਹੈ, ਇਸ ਨੂੰ ਸਚਾਈ ਦੇ ਪਰਖਣ ਦਾ ਠੀਕ ਵਲ ਆ ਗਿਆ ਹੈ। ਇਸ ਲਈ ਅੱਜ ਤੋਂ, ਮੈਂ ਆਪਣੇ ਬੱਚੇ ਦਾ ਬੜਾ ਹੀ ਚੰਗਾ ਤੇ ਸੋਹਣਾ ਇਕ ਨਾਮ ਰੱਖ ਦੇਣਾ ਚਾਹੁੰਦੀ ਹਾਂ ਅਤੇ ਉਸ ਨਾਮ ਨਾਲ ਹੀ ਹੁਣ ਤੈਨੂੰ ਬੁਲਾਇਆ ਕਰਾਂਗੀ।

ਮੇਰੀ ਖੁਸ਼ੀ ਤਾਂ ਮਾਤਾ ਜੀ ਏਹੀ ਹੈ, ਮੁੰਡਾ ਬੋਲਿਆ ਕਿ ਮੈਨੂੰ ਤੁਸੀਂ ਕਾਕਾ, ਬੱਚਾ, ਪੁੱਤਰ ਕਹਿ ਕੇ ਬੁਲਾਇਆ ਕਰੋ, ਪਰ ਤੁਸੀਂ ਮੇਰੇ ਨਾਲੋਂ ਕਿਉਂਕਿ ਬੜੇ ਸਿਆਣੇ ਹੋ, ਇਸ ਕਰ ਕੇ ਜੋ ਵੀ ਤੁਸੀਂ ਚਾਹੁੰਦੇ ਹੋ, ਉਸੇ ਵਿਚ ਹੀ ਮੇਰਾ ਭਲਾ ਹੋਵੇਗਾ, ਮੇਰਾ ਜੋ ਨਾਮ ਰਖਣਾ ਚਾਹੋ, ਬੇਸ਼ਕ ਰੱਖ ਦੇਵੋ। ਮਾਤਾ ਜੀ ਹੱਸੇ ਤੇ ਆਖਿਆ, ਬੇਟਾ, ਕਾਕਾ ਬੱਚਾ ਤਾਂ ਪਿਆਰ ਤੇ ਲਾਡ ਦੇ ਨਾਮ ਹਨ ਜੋ ਸਦਾ ਕਾਇਮ ਰਹਿਣਗੇ ਹੀ, ਪਰ ਹੁਣ ਤੂੰ ਉਸ ਰਸਤੇ ਤੇ ਜਿਸ ਤੇ ਮੈਂ ਤੈਨੂੰ ਤੋਰਨਾ ਚਾਹੁੰਦੀ ਸੀ, ਕਾਫੀ ਅੱਗੇ ਤਕ ਪਹੁੰਚ ਗਿਆ ਹੈਂ, ਇਸ ਲਈ ਮੈਂ ਤੇਰਾ ਨਾਮ ਅੱਜ ਤੋਂ 'ਗੁਰਮੁਖ' ਰਖਦੀ ਹਾਂ, ਇਹ ਨਾਮ ਮੈਨੂੰ ਵੀ ਬੜਾ ਪਿਆਰਾ ਤੇ ਚੰਗਾ ਲਗਦਾ ਹੈ ਅਤੇ ਮਹਾਰਾਜ ਦੇ ਦਰਬਾਰ ਵਿਚ ਵੀ ਇਹ ਨਾਮ ਬੜਾ ਸਤਿਕਾਰ ਯੋਗ ਤੇ ਪਵਿੱਤਰ ਸਮਝਿਆ ਜਾਂਦਾ ਹੈ।

ਮਾਤਾ ਜੀ ਦੀ ਪਰੇਰਨਾ ਅਨੁਸਾਰ 'ਗੁਰਮੁਖ' ਨੂੰ ਗ੍ਰਿਹਸਤ ਆਸ਼ਰਮ ਵਿਚ ਪਰਵੇਸ਼ ਕਰਾਇਆ ਗਿਆ। ਉਸ ਦੀ ਸ਼ਾਦੀ ਇਕ ਨੇਕ ਚੰਗੇ ਖ਼ਾਨਦਾਨ ਦੀ ਸੁਸ਼ੀਲ ਤੇ ਵਿਦਵਾਨ ਲੜਕੀ ਨਾਲ ਹੋਈ।



ਗੁਰਮੁਖ ਦੇ ਘਰ ਵਿਚ ਹੁਣ ਸਾਰੇ ਦੁਨਿਆਵੀ ਸੁਖ ਤੇ ਬਰਕਤਾਂ ਸਨ। ਸਾਰੇ ਦੇਸ਼ ਵਿਚ ਚੰਗੇ ਪਬਲਿਕ ਸੇਵਾ ਦੇ ਕੰਮ ਕਰਨ ਵਾਸਤੇ ਪ੍ਰਸਿੱਧ ਸੀ ਅਤੇ ਸਭ ਪਾਸਿਆਂ ਵਲੋਂ ਬੜੇ ਸਤਿਕਾਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਪਰ ਇਹ ਆਪਣੀ ਮਾਤਾ ਜੀ ਦੀ ਪ੍ਰੇਰਨਾ ਅਨੁਸਾਰ ਆਪਣਾ ਸਭ ਕੁਝ ਮਹਾਰਾਜ ਦਾ ਸਮਝਦਾ ਸੀ ਅਤੇ ਆਪਣੇ ਆਪ ਨੂੰ ਵੀ ਮਹਾਰਾਜ ਦਾ ਦਾਸ ਜਾਣਦਾ ਸੀ।

ਇਕ ਦਿਨ ਮਾਤਾ ਜੀ ਨੇ ਗੁਰਮੁਖ ਨੂੰ ਆਖਿਆ, ਪੁਤਰ! ਤੂੰ ਮੇਰੀ ਗੱਲ ਨੂੰ ਸਦਾ ਧਿਆਨ ਨਾਲ ਸੁਣਿਆ ਅਤੇ ਉਤਸ਼ਾਹ ਨਾਲ ਉਸ ਤੇ ਅਮਲ ਕੀਤਾ ਹੈ। ਹੁਣ ਤੂੰ ਇਹ ਜਾਣ ਹੀ ਗਿਆ ਹੈਂ ਕਿ ਮਹਾਰਾਜ ਕਦੀ ਕੌੜਾ ਨਹੀਂ ਬੋਲਦੇ, ਕਿਸੇ ਨੂੰ ਕਦੀ ਨਿਰਾਸ ਨਹੀਂ ਕਰਦੇ ਅਤੇ ਉਹਨਾਂ ਤੋਂ ਜੋ ਮੰਗੀਏ ਪਾਈਦਾ ਹੈ, ਹੁਣ ਮੈਂ ਤੈਨੂੰ ਇਸ ਤੋਂ ਅੱਗੇ ਦੀ ਇਕ ਗੱਲ ਦੱਸਣੀ ਚਾਹੁੰਦੀ ਹਾਂ ਜਿਸ ਨੂੰ ਸਮਝ ਕੇ ਅਮਲ ਵਿਚ ਲਿਆਉਣ ਨਾਲ ਤੈਨੂੰ ਮਹਾਰਾਜ ਕੋਲੋਂ ਘੜੀ ਘੜੀ ਮੰਗਣ ਦੀ ਲੋੜ ਨਹੀਂ ਰਹੇਗੀ। ਉਹ ਗੱਲ ਇਹ ਹੈ ਕਿ ਜੇਕਰ ਤੂੰ ਮਹਾਰਾਜ ਨੂੰ ਹੱਥ ਜੋੜ ਕੇ ਤੇ ਨਿਮਾਣਾ ਹੋ ਕੇ ਇਹ ਗੱਲ ਆਖੇਂ ਕਿ ਜੀ ਹੁਣ ਤੁਸੀਂ ਸਾਡੇ ਘਰ ਹੀ ਆ ਜਾਵੋ, ਸਾਡੇ ਘਰ ਹੀ ਸਦਾ ਰਹੋ, ਹਰ ਵੇਲੇ ਸਾਡੇ ਪਾਸ ਰਹੋ ਤਾਂ ਪੁੱਤਰ! ਮਹਾਰਾਜ ਨੇ ਨਾਂਹ ਨਹੀਂ ਕਰਨੀ, ਕਿਉਂਕਿ ਉਹ ਨਾਂਹ ਕਰਨੀ ਜਾਣਦੇ ਹੀ ਨਹੀਂ। ਗੁਰਮੁਖ ਨੂੰ ਮਾਤਾ ਦੀ ਇਹ ਗੱਲ ਸੁਣ ਕੇ ਬੜੀ ਖੁਸ਼ੀ ਹੋਈ ਤੇ ਇਸ ਖਿਆਲ ਨੇ, ਕਿ ਹੁਣ ਸਾਰੇ ਦੇਸ਼ ਦੇ ਮਹਾਰਾਜ ਉਹਨਾਂ ਦੇ ਘਰ ਵਿਚ ਹੀ ਆ ਕੇ ਰਹਿਣਗੇ, ਉਸ ਦੀ ਖੁਸ਼ੀ ਨੂੰ ਆਪੇ ਤੋਂ ਬਾਹਰ ਕਰ ਦਿਤਾ। ਖੁਸ਼ੀ ਵਿਚ ਮਿਉਂਦਾ ਨਹੀਂ ਸੀ ਅਤੇ ਕਦੀ ਇਸ ਤਰ੍ਹਾਂ ਸੋਚਦਾ ਕਿ ਇਸ ਗੱਲ ਦਾ ਉਸ ਨੂੰ ਆਪ ਹੀ ਪਹਿਲੇ ਖਿਆਲ ਕਿਉਂ ਨਹੀਂ ਆਇਆ? ਫਿਰ ਉਹ ਸੋਚਦਾ ਕਿ ਸਾਡਾ ਘਰ ਤਾਂ ਮਹਾਰਾਜ ਦੇ ਰਹਿਣ ਵਾਲਾ ਨਹੀਂ, ਉਹਨਾਂ ਨੂੰ ਕਿਸ ਮੂੰਹ ਨਾਲ ਜਾ ਕੇ ਆਖਾਂ ਕਿ ਸਾਡੇ ਮਾਮੂਲੀ ਘਰ ਵਿਚ ਆ ਕੇ ਰਹੋ? ਫੇਰ ਦਿਲ ਨੂੰ ਦਲੇਰੀ ਦੇਵੇ ਕਿ ਮਾਤਾ ਜੀ ਨੇ ਜੋ ਆਖਿਆ ਹੈ ਕਿ ਮਹਾਰਾਜ ਕਦੀ ਕਿਸੇ ਨੂੰ ਨਿਰਾਸ ਨਹੀਂ ਕਰਦੇ। ਇਸ ਲਈ ਰਾਜਾ ਜੀ ਦੇ ਚੰਗੇ ਦਿਆਲੂ ਸੁਭਾਅ ਦਾ ਆਸਰਾ ਲੈ ਕੇ, ਗੁਰਮੁਖ ਉਸੇ ਰਸਤੇ ਤੇ ਜਾ ਖਲੋਤਾ, ਜਿਥੋਂ ਮਹਾਰਾਜ ਨੇ ਲੰਘਣਾ ਸੀ। ਜਦ ਮਹਾਰਾਜ ਦੀ ਸਵਾਰੀ ਆਈ ਤਾਂ ਗੁਰਮੁਖ ਅੱਗੇ ਹੋ ਕੇ, ਹੱਥ ਜੋੜ ਕੇ, ਅਤਿ ਨਿਰਮਾਣ ਹੋ ਕੇ ਖਲੋ ਗਿਆ—ਰਾਜਾ ਜੀ ਦੀ ਸਵਾਰੀ ਗੁਰਮੁਖ ਕੋਲ ਆ ਕੇ ਰੁਕ ਗਈ ਅਤੇ ਰਾਜਾ ਜੀ ਨੇ ਮੁਸਕਰਾ ਕੇ ਆਖਿਆ—ਪੁੱਤਰ! ਤੇਰੀ ਹੁਣ ਕੀ ਇਛਿਆ ਹੈ?

ਜੀ ਤੁਸੀਂ ਹੁਣ.....ਸਾਡੇ ਘਰ ਹੀ....ਆ.....ਆ ਕੇ ਰਹਿਣ ਲਗ
ਪਵੋ, ਗੁਰਮੁਖ ਨੇ ਆਪਣੀਆਂ ਅੱਖਾਂ ਵਿਚੋਂ ਅਥਰੂ ਪੂੰਝਦੇ ਹੋਏ
ਆਖਿਆ। ਮਹਾਰਾਜ ਮੁਸਕਰਾਏ ਤੇ ਆਖਣ ਲੱਗੇ, ਪੁੱਤਰ! ਜੇ ਤੇਰੀ
ਇਹ ਇਛਿਆ ਹੈ ਤਾਂ ਅਸੀਂ ਜ਼ਰੂਰ ਤੇਰੇ ਘਰ ਹੀ ਆ ਕੇ ਰਹਿਣ ਲਗ
ਪਵਾਂਗੇ।

ਗੁਰਮੁਖ, ਰਾਜਾ ਜੀ ਦੀ ਇਹ ਗੱਲ ਸੁਣ ਕੇ ਹੱਕਾ ਬੱਕਾ ਰਹਿ
ਗਿਆ। ਸਵਾਰੀ ਤਾਂ ਅੱਗੇ ਚਲੀ ਗਈ ਪਰ ਗੁਰਮੁਖ ਓਥੇ ਦਾ ਓਥੇ
ਹੈਰਾਨ ਪਰੇਸ਼ਾਨ ਖੜ੍ਹਾ ਸੀ ਕਿ ਇਹ ਕੀ ਹੋਇਆ ਹੈ, ਐਡੇ ਵੱਡੇ
ਮਹਾਰਾਜ ਤੇ ਰਹਿਣਗੇ ਮੇਰੇ ਨਿੱਕੇ ਜੇਹੇ ਘਰ ਵਿਚ ਆ ਕੇ। ਮੇਰੇ ਘਰ
ਵਿਚ ਤਾਂ ਮੈਂ ਖੁਦ, ਮਾਤਾ ਜੀ ਤੇ ਆਪਣੇ ਪਰਿਵਾਰ ਨਾਲ ਹੀ ਰਹਿ
ਸਕਦਾ ਹਾਂ, ਓਥੇ ਰਾਜਾ ਜੀ ਤੇ ਉਹਨਾਂ ਦੇ ਨਾਲ ਰਹਿਣ ਵਾਲੇ
ਇਤਨੇ ਵਜ਼ੀਰਾਂ, ਮੁਸਾਹਿਬਾਂ, ਨੌਕਰਾਂ-ਚਾਕਰਾਂ ਨੂੰ ਕਿਸ ਤਰ੍ਹਾਂ ਰਖਾਂਗਾ?
ਇਹ ਤਾਂ ਮੈਂ ਬੜੀ ਭਾਰੀ ਮੁਸੀਬਤ ਸਹੇੜ ਲਈ ਹੈ। ਖੁਸ਼ ਤਾਂ ਮੈਂ ਬੜਾ
ਹਾਂ ਕਿ ਮਹਾਰਾਜ ਮੇਰੇ ਘਰ ਵਿਚ ਆ ਕੇ ਰਹਿਣਗੇ ਪਰ ਉਹਨਾਂ ਨੂੰ
ਕਿਸ ਤਰ੍ਹਾਂ ਆਪਣੇ ਛੋਟੇ ਤੇ ਮਾਮੂਲੀ ਘਰ ਵਿਚ ਰਖਾਂਗੇ? ਇਹ ਸੋਚਾਂ
ਸੋਚਦਾ ਸੋਚਦਾ ਮਾਤਾ ਜੀ ਕੋਲ ਆ ਪਹੁੰਚਿਆ ਤੇ ਸਾਰੀ ਹੋਈ ਗੱਲ
ਸੁਣਾਈ। ਪਰ ਗੁਰਮੁਖ ਬੜਾ ਹੈਰਾਨ ਸੀ ਕਿ ਹੁਣ ਕਰਾਂ ਤੇ ਕੀ ਕਰਾਂ?

ਅਗਲੇ ਦਿਨ ਗੁਰਮੁਖ ਨੇ ਬੜੀ ਹੈਰਾਨੀ ਨਾਲ ਦੇਖਿਆ ਕਿ ਉਸ
ਦੇ ਘਰ ਬੜੇ ਬੜੇ ਇੰਜੀਨੀਅਰ ਪੁਜ ਗਏ ਹਨ। ਉਹਨਾਂ ਨੇ ਗੁਰਮੁਖ
ਨੂੰ ਬੜੇ ਸਤਿਕਾਰ ਤੇ ਅਦਬ ਨਾਲ ਆਖਿਆ ਕਿ ਮਹਾਰਾਜ ਵਲੋਂ
ਹੁਕਮ ਹੋਇਆ ਹੈ, ਕਿ ਜਿਸ ਥਾਂ ਤੇ ਤੁਹਾਡਾ ਇਹ ਮਾਮੂਲੀ ਘਰ
ਹੈ, ਉਸ ਥਾਂ ਤੇ ਇਕ ਬੜਾ ਆਲੀਸ਼ਾਨ ਮਕਾਨ ਬਣਾਇਆ ਜਾਵੇ
ਅਤੇ ਫੌਰਨ ਹੀ ਬਣਾਇਆ ਜਾਵੇ। ਸੜਕਾਂ ਬਨਾਣ ਵਾਲੇ
ਇੰਜੀਨੀਅਰਾਂ ਨੇ ਹੱਥ ਜੋੜ ਕੇ ਗੁਰਮੁਖ ਨੂੰ ਆਖਿਆ ਕਿ ਅਸੀਂ
ਤੁਹਾਡੇ ਘਰ ਦੇ ਅੱਗੇ ਚੌੜੀਆਂ ਸੜਕਾਂ ਬਨਾਉਣੀਆਂ ਹਨ ਅਤੇ
ਸੜਕਾਂ ਦੇ ਦੋਹੀਂ ਪਾਸੀਂ ਸੁੰਦਰ ਫੁਲਾਂ ਵਾਲੇ ਦਰਖਤ ਲਗਾਣੇ ਹਨ।
ਇਕ ਹੋਰ ਇੰਜੀਨੀਅਰ ਅੱਗੇ ਹੋ ਕੇ ਗੁਰਮੁਖ ਨੂੰ ਕਹਿਣ ਲੱਗਾ ਕਿ
ਜਦ ਤੁਹਾਡੇ ਘਰ ਦੀ ਥਾਂ ਤੇ ਮਹਾਰਾਜ ਦਾ ਮਹਿਲ ਨਹੀਂ ਬਣ
ਜਾਂਦਾ, ਤੁਹਾਡੇ ਲਈ ਰਹਿਣ ਵਾਸਤੇ ਮਹਾਰਾਜ ਵਲੋਂ ਇਕ ਹੋਰ
ਮਕਾਨ ਦਾ ਪ੍ਰਬੰਧ ਕੀਤਾ ਗਿਆ ਹੈ। ਤੁਸੀਂ ਹੁਣੇ ਹੀ ਉਸ ਮਕਾਨ
ਵਿਚ ਚਲ ਕੇ ਨਿਵਾਸ ਕਰਨਾ ਅਰੰਭ ਦੇਵੋ।

ਗੁਰਮੁਖ ਦੇ ਦੇਖਦੇ ਦੇਖਦੇ ਉਸ ਨੂੰ ਤੇ ਉਸ ਦੇ ਸਾਰੇ ਪਰਿਵਾਰ



ਤੇ ਨੌਕਰਾਂ ਨੂੰ ਇਕ ਦੂਸਰੇ ਪਰ ਕਾਫੀ ਵੱਡੇ ਮਕਾਨ ਵਿਚ ਲੈ ਜਾਇਆ
ਗਿਆ, ਜਿਥੇ ਖਾਣ ਪੀਣ ਅਤੇ ਹੋਰ ਜ਼ਰੂਰਤਾਂ ਦੇ ਸਾਰੇ ਸਾਮਾਨ ਅੱਗੇ
ਹੀ ਹਾਜ਼ਰ ਸਨ।

ਇਸ ਨਵੇਂ ਮਕਾਨ ਵਿਚ ਕੁਝ ਚਿਰ ਮਗਰੋਂ ਗੁਰਮੁਖ ਨੂੰ ਇਕ
ਰਾਤ ਸੁਫਨਾ ਆਇਆ ਅਤੇ ਉਸ ਨੇ ਸੁਫਨੇ ਵਿਚ ਦੇਖਿਆ ਕਿ ਬੜੇ
ਬੱਦਲ ਹਨ ਅਤੇ ਬੱਦਲਾਂ ਵਿਚੋਂ ਬਿਜਲੀ ਚਮਕਾਂ ਮਾਰ ਰਹੀ ਹੈ ਅਤੇ
ਉਸ ਬਿਜਲੀ ਵਿਚੋਂ ਇਕ ਬੜਾ ਤੇਜਮਈ ਪੁਰਸ਼ ਜਿਸ ਦੀ ਨੁਹਾਰ
ਮਹਾਰਾਜ ਨਾਲ ਹੂ-ਬ-ਹੂ ਮਿਲਦੀ ਸੀ, ਨਿਕਲਿਆ। ਉਸ ਨੇ ਇਕ
ਬੱਚੇ ਨੂੰ ਆਪਣੀ ਛਾਤੀ ਨਾਲ ਲਾਇਆ ਹੋਇਆ ਸੀ। ਫਿਰ ਬੜਾ
ਚਾਨਣ ਹੋਇਆ ਤੇ ਸਭ ਪਾਸੇ ਫੈਲ ਗਿਆ ਅਤੇ ਉਸ ਚਾਨਣ ਵਿਚ
ਦੂਸਰੇ ਪਾਸੇ ਮਾਤਾ ਜੀ ਹੱਥ ਜੋੜੀ ਖੜ੍ਹੀ ਦਿਖਾਈ ਦਿਤੀ। ਉਸ
ਤੇਜਵਾਨ ਮਹਾਰਾਜੇ ਨੇ ਉਹ ਬੱਚਾ ਮਾਤਾ ਜੀ ਨੂੰ ਦੇਂਦੇ ਹੋਏ ਆਖਿਆ,
ਇਹ ਮੇਰਾ ਪਿਆਰਾ ਤੇ ਲਾਡਲਾ ਪੁੱਤਰ ਹੈ, ਤੁਸੀਂ ਇਸ ਨੂੰ ਆਪਣੀ
ਸਿਖਸ਼ਾ ਨਾਲ ਐਸਾ ਯੋਗ ਤੇ ਗੁਣਵਾਨ ਬਣਾਓ ਕਿ ਮੈਂ ਇਸ ਨੂੰ
ਆਪਣਾ ਸਭ ਕੁਝ ਦੇ ਸਕਾਂ ਅਤੇ ਇਹ ਉਸ ਸਭ ਕੁਝ ਨੂੰ ਮੇਰੇ ਵਾਂਗ
ਸੰਭਾਲ ਸਕੇ। ਇਸ ਤੋਂ ਬਾਅਦ ਗੁਰਮੁਖ ਦੀ ਅੱਖ ਖੁਲ੍ਹ ਗਈ ਅਤੇ
ਉਸ ਨੇ ਮਹਿਸੂਸ ਕੀਤਾ ਕਿ ਉਹ ਕਿਤੇ ਡਾਹਢੇ ਪਰਦੇਸ ਵਿਚ ਹੈ
ਤੇ ਇਕੱਲਾ ਹੈ। ਗੁਰਮੁਖ ਨੇ ਜਦ ਸਾਰਾ ਸੁਫਨਾ ਮਾਤਾ ਜੀ ਨੂੰ
ਸੁਣਾਇਆ ਤਾਂ ਮਾਤਾ ਜੀ ਨੇ ਗੁਰਮੁਖ ਦੇ ਸਿਰ ਤੇ ਪਿਆਰ ਦਿਤਾ
ਅਤੇ ਆਖਿਆ, ਇਹ ਤੇਰਾ ਸੁਫਨਾ ਬਿਲਕੁਲ ਠੀਕ ਹੈ। ਤੇਰੇ ਅਸਲ
ਪਿਤਾ ਮਹਾਰਾਜ ਹੀ ਹਨ। ਜਦ ਤੂੰ ਛੋਟਾ ਸੀ ਤਾਂ ਉਹਨਾਂ ਨੇ ਤੇਰੀ
ਸਿਖਸ਼ਾ ਲਈ ਤੈਨੂੰ ਮੇਰੇ ਹਵਾਲੇ ਕਰ ਦਿਤਾ ਸੀ। ਤੂੰ ਭਾਵੇਂ ਆਪਣੇ
ਪਿਤਾ ਨੂੰ ਨਹੀਂ ਪਛਾਣਦਾ ਪਰ ਮਹਾਰਾਜ ਨੂੰ ਪਤਾ ਹੈ ਕਿ ਤੂੰ ਉਹਨਾਂ
ਦਾ ਲਾਡਲਾ ਤੇ ਪਿਆਰਾ ਪੁੱਤਰ ਹੈਂ। ਇਸ ਲਈ ਹੀ ਤਾਂ ਤੂੰ ਮੇਰੀ
ਸਲਾਹ ਨਾਲ ਜੋ ਕੁਝ ਮਹਾਰਾਜ ਤੋਂ ਮੰਗਿਆ ਸੋ ਤੈਨੂੰ ਮਿਲਿਆ...ਪਰ
ਅਜੇ ਤੂੰ ਹੋਰ ਬਹੁਤ ਕੁਝ ਸਮਝਣਾ ਤੇ ਸਿਖਣਾ ਹੈ...ਫੇਰ ਜਾ ਕੇ ਤੂੰ
ਉਹ ਸਭ ਲੈਣ ਦਾ ਹੱਕਦਾਰ ਬਣੇਂਗਾ ਜੋ ਸਭ ਕੁਝ ਮਹਾਰਾਜ ਤੈਨੂੰ
ਦੇਣਾ ਚਾਹੁੰਦੇ ਹਨ। ਇਹ ਤੂੰ ਜੋ ਆਪਣੇ ਆਪ ਨੂੰ ਪਰਦੇਸ ਵਿਚ
ਤੇ ਇਕੱਲਾ ਸਮਝਦਾ ਹੈਂ ਇਹ ਠੀਕ ਨਹੀਂ। ਜਿਸ ਦੇ ਪਿਤਾ ਦਾ ਸਾਰੇ
ਦੇਸ਼ ਤੇ ਰਾਜ ਹੋਵੇ ਉਹ ਕਿਵੇਂ ਪਰਦੇਸੀ ਹੋ ਸਕਦਾ ਹੈ? ਇਕੱਲਾ ਤੂੰ
ਇਸ ਕਰ ਕੇ ਨਹੀਂ ਕਿਉਂਕਿ ਮੈਂ ਤੇਰੇ ਨਾਲ ਹਮੇਸ਼ਾਂ ਰਹਿੰਦੀ ਹਾਂ ਅਤੇ
ਤੂੰ ਮੇਰੀ ਸੰਗਤ ਵਿਚ ਐਡਾ ਵੱਡਾ ਹੋਇਆ ਹੈਂ।

ਗੁਰਮੁਖ ਉੱਤੇ, ਜੋ ਆਪਣੇ ਆਪ ਨੂੰ ਮਹਾਰਾਜ ਦਾ ਅਤੀ ਧੰਨਵਾਦੀ ਅਤੇ ਇਕ ਸੇਵਕ ਸਮਝਦਾ ਸੀ, ਹੁਣ ਇਹ ਜਾਣ ਕੇ ਕਿ ਉਹ ਮਹਾਰਾਜ ਦਾ ਪੁੱਤਰ ਹੈ, ਅਜੀਬ ਰੰਗ ਚੜ੍ਹਨ ਲੱਗਾ। ਜਿਥੇ ਉਹ ਆਪਣੇ ਆਪ ਨੂੰ ਇਕੱਲਾ ਤੇ ਪ੍ਰਦੇਸੀ ਸਮਝਦਾ ਸੀ, ਹੌਲੀ ਹੌਲੀ ਸਾਰੇ ਦੇਸ ਨੂੰ ਆਪਣਾ ਸਮਝਣ ਲਗ ਪਿਆ। ਦੇਸ਼ ਦੀ ਹਰ ਚੀਜ਼ ਨੂੰ ਆਪਣੇ ਪਿਤਾ ਦੀ ਜਾਣ ਕੇ, ਉਸ ਦਾ ਦ੍ਰਿਸ਼ਟੀਕੋਣ ਹਰ ਗੱਲ, ਹਰ ਚੀਜ਼ ਬਾਬਤ ਬਦਲ ਗਿਆ। ਅੱਗੇ ਉਹ ਚੰਗੇ ਕੰਮ ਆਪਣੇ ਦੇਸ਼, ਆਪਣੇ ਦੇਸ਼ ਵਾਸੀਆਂ ਅਤੇ ਆਪਣੀ ਖੁਸ਼ੀ ਵਾਸਤੇ ਕਰਦਾ। ਹੁਣ ਉਸ ਨੂੰ ਕਿਸੇ ਲਈ ਚੰਗਾ ਕੰਮ ਕਰਨਾ, ਆਪਣੇ ਲਈ, ਆਪਣੀ ਖੁਸ਼ੀ ਲਈ ਕਰਨਾ ਪ੍ਰਤੀਤ ਹੁੰਦਾ ਸੀ। ਉਸ ਨੂੰ ਸਭ ਕੁਝ ਆਪਣਾ ਪਰਤੀਤ ਕਰਦਿਆਂ ਇਕ ਅਜੀਬ ਖੁਸ਼ੀ ਹੁੰਦੀ।

ਜਦ ਮਹਾਰਾਜ ਦਾ ਮਹੱਲ ਤਿਆਰ ਹੋ ਗਿਆ ਤਾਂ ਮਹਾਰਾਜ ਦੇ ਅਫ਼ਸਰਾਂ ਨੇ ਆ ਕੇ ਗੁਰਮੁਖ ਅੱਗੇ ਬੇਨਤੀ ਕੀਤੀ ਕਿ ਆਪ ਚਲ ਕੇ ਆਪਣੇ ਮਕਾਨ ਵਿਚ ਪਹਿਲੇ ਪਰਵੇਸ਼ ਕਰੋ ਫਿਰ ਮਹਾਰਾਜ ਵੀ ਆਪ ਦੇ ਘਰ ਆ ਕੇ ਰਹਿਣ ਲਗ ਪੈਣਗੇ।

ਮਾਤਾ ਜੀ ਨੇ ਵੀ ਗੁਰਮੁਖ ਨੂੰ ਐਸਾ ਹੀ ਕਰਨ ਵਾਸਤੇ ਕਿਹਾ। ਸੋ ਗੁਰਮੁਖ, ਮਾਤਾ ਜੀ, ਗੁਰਮੁਖ ਦਾ ਸਾਰਾ ਪਰਿਵਾਰ, ਨੌਕਰ ਆਦਿ ਸਭ ਇਸ ਨਵੇਂ ਬਣੇ ਮਹਿਲ ਵਿਚ ਆ ਗਏ ਅਤੇ ਹਰ ਵੇਲੇ ਆਪਣੇ ਪਹਿਲੇ ਘਰ ਦੇ ਇਤਨੇ ਸਾਧਾਰਨ ਅਤੇ ਨਵੇਂ ਮਹਿਲ ਦੇ ਇਤਨੇ ਸ਼ਾਨਦਾਰ ਹੋਣ ਦੇ ਫਰਕ ਨੂੰ ਯਾਦ ਕਰਦੇ ਅਤੇ ਆਪਣੇ ਪਿਤਾ ਮਹਾਰਾਜ ਦੇ ਗੁਣ ਗਾਉਂਦੇ ਤੇ ਮਸ਼ਕੂਰ ਰਹਿੰਦੇ। ਹਰ ਵਕਤ ਸ਼ੁਕਰ ਵਿਚ ਰਹਿਣ ਕਰ ਕੇ ਗੁਰਮੁਖ ਨੂੰ ਆਪਣਾ ਪਿਤਾ, ਮਹਾਰਾਜ ਹਰ ਵੇਲੇ ਯਾਦ ਰਹਿਣ ਲਗ ਪਿਆ। ਹਰ ਵਕਤ ਯਾਦ ਰਹਿਣ ਨਾਲ ਮਹਾਰਾਜ ਹੁਣ ਗੁਰਮੁਖ ਦੇ ਅੰਦਰ ਬਾਹਰ ਜਿ ' ਜਾਵੇ, ਹਰ ਵੇਲੇ, ਹਰ ਥਾਂ ਅੰਗ ਸੰਗ ਰਹਿੰਦੇ ਮਹਿਸੂਸ ਹੋਣ ਲਗ ਪਏ।

ਇਕ ਦਿਨ ਮਹਾਰਾਜ ਦੀ ਸਵਾਰੀ ਗੁਰਮੁਖ ਦੇ ਨਵੇਂ ਘਰ (ਮਹਿਲ) ਦੇ ਸਾਮ੍ਹਣੇ ਆਣ ਉਤਰੀ। ਗੁਰਮੁਖ ਤੇ ਉਸਦਾ ਪਰਿਵਾਰ ਸਭ ਦੌੜ ਕੇ ਘਰ ਦੇ ਦਰਵਾਜ਼ੇ ਤੇ ਪਹੁੰਚੇ ਤਾਕਿ ਮਹਾਰਾਜ ਨੂੰ ਆਪਣੇ ਨਾਲ ਮਹਿਲ ਵਿਚ ਲਿਜਾਣ। ਸਭ ਤੋਂ ਉਤਲੀ ਛੱਤ ਉਤੇ ਮਹਾਰਾਜ ਦੇ ਰਹਿਣ ਦੇ ਕਮਰੇ, ਦੁਨੀਆਂ ਦੇ ਸਭ ਕੀਮਤੀ ਤੇ ਅਸਚਰਜ ਸਾਮਾਨ ਨਾਲ ਸਜੇ ਹੋਏ ਸੀ। ਓਥੇ ਮਹਾਰਾਜ ਨੇ ਆ ਕੇ ਗੁਰਮੁਖ ਨੂੰ ਆਖਿਆ, ਪੁਤਰ ਤੂੰ ਹੇਠਲੀ ਛੱਤ ਵਿਚ ਆਪਣੇ ਲਈ ਬਣੇ ਕਮਰਿਆਂ ਵਿਚ ਹਾਲੇ ਰਹੋ। ਉਹ ਦਿਨ ਆਵੇਗਾ ਜਦ ਤੇਰੇ ਮੇਰੇ



ਵਿਚ ਕੋਈ ਫਰਕ ਨਹੀਂ ਰਹੇਗਾ ਅਤੇ ਤੂੰ ਫਿਰ ਮੇਰੇ ਕੋਲ, ਮੇਰੇ ਨਾਲ ਉਹਨਾਂ ਉਤਲੇ ਕਮਰਿਆਂ ਵਿਚ ਰਹੇਂਗਾ। ਹੇਠਲੇ ਕਮਰਿਆਂ ਵਿਚ ਤੇਰੀ ਮਾਤਾ ਜੀ ਤੇਰੇ ਨਾਲ ਹੀ ਰਹੇਗੀ।

ਹੁਣ ਗੁਰਮੁਖ ਹੇਠਲੀ ਛੱਤ ਵਿਚ ਆਪਣੇ ਪਰਿਵਾਰ ਸਮੇਤ ਰਹਿੰਦਾ—ਏਸੇ ਛੱਤ ਵਿਚ ਇਕ ਬੜਾ ਸੁੰਦਰ ਤੇ ਸਜਿਆ ਹੋਇਆ ਕਮਰਾ ਮਾਤਾ ਜੀ ਦਾ ਸੀ। ਸਵੇਰੇ ਉਠ ਕੇ ਗੁਰਮੁਖ ਇਸ਼ਨਾਨ ਕਰ ਕੇ ਸਭ ਤੋਂ ਪਹਿਲੇ ਮਾਤਾ ਜੀ ਦੇ ਕਮਰੇ ਵਿਚ ਜਾਂਦਾ ਅਤੇ ਉਹਨਾਂ ਤੋਂ ਸੁੰਦਰ ਸਿਖਸ਼ਾ ਸੁਣਦਾ, ਫੇਰ ਉਪਰਲੀ ਛੱਤ ਵਿਚ ਜਾ ਕੇ ਆਪਣੇ ਪਿਤਾ ਮਹਾਰਾਜ ਦੇ ਦਰਸ਼ਨ ਕਰਦਾ ਅਤੇ ਕਦੀ ਕਦੀ ਐਸਾ ਮਹਿਸੂਸ ਕਰਦਾ ਕਿ ਉਸ ਦਾ ਦਿਲ ਮਹਾਰਾਜ ਤੋਂ ਵਿਛੜਨ ਲਈ, ਅਲਹਿਦਾ ਹੋਣ ਲਈ, ਮੁੜ ਹੇਠਲੀ ਛੱਤ ਵਿਚ ਆਉਣ ਲਈ ਕਰਦਾ ਹੀ ਨਹੀਂ।

ਹੁਣ ਗੁਰਮੁਖ ਨੂੰ ਮਹਾਰਾਜ ਕੋਲ ਜਾ ਕੇ ਕੁਝ ਮੰਗਣ ਦੀ ਲੋੜ ਹੀ ਨਹੀਂ ਸੀ ਪੈਂਦੀ। ਗੁਰਮੁਖ ਦੇ ਦਿਲ ਵਿਚ ਜਦ ਕਿਸੇ ਚੀਜ਼ ਦੀ, ਕਿਸੇ ਪਦਾਰਥ ਦੀ ਇਛਿਆ ਉਪਜਦੀ, ਉਸ ਦੇ, ਕਿਸੇ ਨੂੰ ਕਹੇ ਬਗੈਰ ਹੀ ਉਹ ਇਛਿਆ ਆਪੇ ਪੂਰੀ ਹੋ ਜਾਂਦੀ।

ਹੌਲੀ ਹੌਲੀ ਗੁਰਮੁਖ ਦੇ ਦਿਲ ਵਿਚ ਇਹ ਇਛਿਆ ਜ਼ੋਰ ਪਕੜਦੀ ਗਈ ਕਿ ਉਸਦਾ ਰਾਜਾ ਜੀ ਕਿਵੇਂ ਪਿਤਾ ਹੈ ਅਤੇ ਉਸ ਦੀ ਮਾਤਾ ਜੀ ਉਸ ਦੇ ਕਿਸ ਤਰ੍ਹਾਂ ਮਾਤਾ ਜੀ ਹਨ ਅਤੇ ਉਹ ਆਪਣੇ ਪਿਤਾ ਮਹਾਰਾਜ ਪਾਸ ਕਿਸ ਤਰ੍ਹਾਂ ਹਰ ਵੇਲੇ ਉਤਲੀ ਛੱਤ ਵਿਚ ਹੀ ਰਹਿ ਸਕਦਾ ਹੈ?. ਜਦ ਇਹ ਇਛਿਆ ਕਾਫੀ ਜ਼ੋਰ ਪਕੜ ਗਈ ਤਾਂ ਇਕ ਦਿਨ ਮਾਤਾ ਜੀ ਨੇ ਗੁਰਮੁਖ ਨੂੰ ਆਪਣੇ ਕੋਲ ਬਿਠਾ ਕੇ ਪਿਆਰ ਨਾਲ ਆਖਿਆ ਪੁੱਤਰ! ਮੈਂ ਤੇਰੇ ਦਿਲ ਦੀ ਇਛਿਆ ਤੋਂ ਜਾਣੂੰ ਹਾਂ ਅਤੇ ਅੱਜ ਤੈਨੂੰ ਸਭ ਕੁਝ ਦੱਸਣ ਦੇ ਯੋਗ ਸਮਝ ਕੇ ਸਭ ਕੁਝ ਦਸਦੀ ਹਾਂ। ਜਿਹੜਾ ਤੂੰ ਸੁਫਨਾ ਵੇਖਿਆ ਸੀ ਤੇ ਮੈਨੂੰ ਦੱਸਿਆ ਸੀ, ਉਸ ਵਿਚੋਂ ਕਈ ਗੱਲਾਂ ਦਾ ਤੈਨੂੰ ਪਤਾ ਨਹੀਂ ਸੀ ਲੱਗਾ। ਸਭ ਤੋਂ ਪਹਿਲੇ ਬੱਦਲਾਂ ਵਿਚ ਜੋ ਤੂੰ ਬਿਜਲੀ ਲਿਸ਼ਕੀ ਵੇਖੀ ਸੀ, ਉਹ ਆਤਮ-ਤੱਤ ਸੀ। ਉਸ ਆਤਮ-ਤੱਤ ਤੋਂ ਹੀ ਤੇਰੇ ਪਿਤਾ ਮਹਾਰਾਜ ਉਪਜੇ ਅਤੇ ਮਹਾਰਾਜ ਤੋਂ ਤੂੰ ਉਸੇ ਤਰ੍ਹਾਂ ਉਪਜਿਆ ਜਿਵੇਂ ਕਿਰਨ ਸੂਰਜ ਤੋਂ ਉਤਪੰਨ ਹੁੰਦੀ ਹੈ। ਮਹਾਰਾਜ ਤੋਂ ਇਕ ਪਾਸੇ ਤੂੰ ਉਪਜਿਆ ਤੇ ਦੂਜੇ ਪਾਸੇ ਮੈਂ ਉਪਜੀ। ਇਹ ਤਾਂ ਤੈਨੂੰ ਪਤਾ ਹੈ ਕਿ ਮਹਾਰਾਜ ਨੇ ਤੈਨੂੰ ਮੇਰੇ ਹਵਾਲੇ ਕਰ ਕੇ ਕਿਹਾ ਕਿ ਇਹ ਮੇਰਾ ਪਿਆਰਾ ਤੇ ਲਾਡਲਾ ਪੁਤਰ ਹੈ....। ਧਾਰਮਕ ਬੋਲੀ ਵਿਚ ਮਹਾਰਾਜ ਨੂੰ 'ਵਾਹਿਗੁਰੂ ਜੀ' ਆਖਦੇ ਹਨ ਅਤੇ ਮੈਨੂੰ 'ਗੁਰਬਾਣੀ' ਜਾਂ 'ਗੁਰ-ਉਪਦੇਸ਼' ਆਖਦੇ

ਹਨ ਅਤੇ ਤੈਨੂੰ ਪਹਿਲੀ ਅਵਸਥਾ ਵਿਚ 'ਸਿੱਖ' ਆਖਦੇ ਹਨ ਅਤੇ ਦੂਸਰੀ ਅਵਸਥਾ ਵਿਚ 'ਗੁਰਮੁਖ' ਆਖਦੇ ਹਨ ਅਤੇ ਤੀਸਰੀ ਅਵਸਥਾ ਵਿਚ ਸੱਚ ਦਾ ਜਾਂ ਵਾਹਿਗੁਰੂ ਜੀ ਦਾ 'ਰੂਪ' ਆਖਦੇ ਹਨ। ਹੁਣ ਤੇਰੇ ਉਤੇ ਇਹ ਤੀਸਰੀ ਅਵਸਥਾ ਆਵੇਗੀ ਅਤੇ ਤੂੰ ਹੁਣ ਆਪਣੇ ਆਪ ਵਿਚੋਂ ਆਪਣੇ ਅਪਣੱਤ ਜਾਂ ਹਉਮੈਂ ਨੂੰ ਤਿਆਗ ਕੇ ਆਪਣੀ ਹਉਮੈਂ ਜਾਂ ਅਪਣੱਤ ਦੇ ਪਿਛੇ, ਆਪਣੇ ਸੋਮੇ, ਆਪਣੇ ਪਿਤਾ, ਮਹਾਰਾਜ ਨੂੰ ਜਾਂ ਸ੍ਰੀ ਵਾਹਿਗੁਰੂ ਜੀ ਨੂੰ ਪਰਤੱਖ ਦੇਖ ਸਕਿਆ ਕਰੇਂਗਾ ਅਤੇ ਹੌਲੀ ਹੌਲੀ ਆਪਣੇ ਪਿਤਾ ਦਾ ਰੂਪ ਹੁੰਦਾ ਹੁੰਦਾ ਉਸ ਵਿਚ ਲੀਨ ਹੋ ਜਾਵੇਂਗਾ ਅਤੇ ਫੇਰ ਪਿਤਾ ਰਹਿ ਜਾਵੇਗਾ। ਏਥੇ ਤੂੰ ਗਾਇਬ ਜਾਂ ਨੇਸਤ ਨਹੀਂ ਹੋਵੇਂਗਾ। ਸਗੋਂ ਜਿਸ ਤਰ੍ਹਾਂ ਪਾਣੀ ਦੀ ਬੂੰਦ ਸਾਗਰ ਵਿਚ ਮਿਲਣ ਨਾਲ ਖੁਦ ਸਾਗਰ ਹੋ ਜਾਂਦੀ ਹੈ, ਉਸੇ ਤਰ੍ਹਾਂ ਤੂੰ ਖੁਦ ਪਿਤਾ ਰੂਪ ਹੋ ਜਾਵੇਂਗਾ। ਉਸ ਵਕਤ ਜੇ ਕੋਈ ਤੈਨੂੰ ਪੁਛੇਗਾ ਕਿ ਤੂੰ ਕੀ ਹੈਂ? ਤਾਂ ਤੇਰੇ ਲੂੰ ਲੂੰ ਵਿਚੋਂ ਪਹਿਲੋਂ ਇਹ ਆਵਾਜ਼ ਆਵੇਗੀ-

*ਹਮ ਕਿਛੁ ਨਾਹੀ ਏਕੈ ਓਹੀ॥ ਆਗੈ ਪਾਛੈ ਏਕੋ ਸੋਈ॥*

*ਅੰਕ - 392*

ਪਰ ਜੇ ਪੁਛਣ ਵਾਲਾ ਫੇਰ ਘੋਖ ਕੇ ਤੈਥੋਂ ਪੁਛੇਗਾ ਕਿ ਕੀ ਇਸ ਦਾ ਮਤਲਬ ਇਹ ਹੈ ਕਿ ਤੂੰ ਨੇਸਤ ਜਾਂ ਬਰਬਾਦ ਹੋ ਗਿਆ ਏਂ, ਤੇ ਉਹੀ ਉਹ ਰਹਿ ਗਿਆ ਏ, ਜਿਸ ਪਿਛੇ, ਜਿਸ ਵਾਸਤੇ ਤੂੰ ਨੇਸਤੀ ਤੇ ਬਰਬਾਦੀ ਕਬੂਲ ਕੀਤੀ? ਤਾਂ ਫਿਰ ਤੇਰਾ ਅਸਲ ਆਪਾ ਤੈਨੂੰ ਸਚਾਈ ਦੀ ਆਖਰੀ ਅਵਸਥਾ ਬਿਆਨ ਕਰਨ ਉਤੇ ਮਜਬੂਰ ਕਰੇਗਾ ਅਤੇ ਤੂੰ ਬੋਲ ਉਠੇਂਗਾ -

*ਕਹੁ ਨਾਨਕ ਗੁਰਿ ਖੋਏ ਭਰਮ॥*
*ਏਕੋ ਅਲਹੁ ਪਾਰਬ੍ਰਹਮ॥* *ਅੰਕ - 897*

ਹੁਣ ਗੁਰਮੁਖ ਆਪਣੇ ਪਿਤਾ ਸ੍ਰੀ ਵਾਹਿਗੁਰੂ ਜੀ ਦੇ ਕੋਲ ਤੇ ਉਹਨਾਂ ਦੇ ਨਾਲ ਹੀ ਉਤਲੀ ਛੱਤ ਵਿਚ ਰਹਿੰਦਾ ਪਰ ਸ੍ਰੀ ਵਾਹਿਗੁਰੂ ਦੇ ਇਸ਼ਾਰੇ ਉਤੇ ਹੇਠਲੀਆਂ ਛੱਤਾਂ ਵਿਚ ਵੀ ਕਦੀ ਕਦੀ ਆਉਂਦਾ ਅਤੇ ਆਪਣੇ ਦੁਨਿਆਵੀ ਸਭ ਫਰਜ਼ ਪੂਰੇ ਕਰਦਾ। ਹੁਣ ਗੁਰਮੁਖ ਦਾ ਜੀਵਨ ਸੀ-'ਹਰਿ ਕਉ ਨਾਮ ਜਪ ਨਿਰਮਲ ਕਰਮ' ਅਤੇ ਗੁਰਮੁਖ ਦਾ ਦੇਸ਼ ਵਾਸੀਆਂ ਦੇ ਨਾਮ ਸੰਦੇਸ਼ ਇਹ ਸੀ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*

*ਅੰਕ - 982*